ਦੰਦਾਂ ਦੇ ਤੁਹਾਡੇ ਆਪਣੇ ਪੰਜਾਬੀ ਡਾਕਟਰ
AV DENTAL
ਏ ਵੀ ਡੈਂਟਲ ਕਲੀਨਿਕ
Dr. Vuppala has 12 years experience
Dr. Aulakh is UoP San Francisco Graduate
Call us today at 408-295-1100 to book your Appointment
FREE ORAL B Smart Kit (valued at $175) details in our ad page 21
OPEN late evenings, Saturday and Sunday
2195 Monterey Road, Suite 30, San Jose, CA

Hardeep S. Rai Attorney-at-Law
ਇੰਮੀਗਰੇਸ਼ਨ ਵਕੀਲ
ਨੌਂਵੀਂ ਸਰਕਟ ਕੋਰਟ ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
ਇਮੀਗ੍ਰੇਸ਼ਨ ਕੋਰਟ ਦੇ ਕੇਸ ਫੈਮਿਲੀ ਪਟੀਸ਼ਨਾਂ ਲੇਬਰ ਦੇ ਕੇਸ
ਡਿਪੋਰਟੇਸ਼ਨ ਦੇ ਕੇਸ ਅਮੈਰਿਕਨ ਅੰਬੈਸੀ ਦੇ ਕੇਸ ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 29, July 17, 2010 | 20451 N Plum Grove Rd. Palatine, IL 60074 | Ph:847-359-0746, Fax:847-705-9388

## ਪੰਜਾਬ-ਹਰਿਆਣਾ ਦੇ ਕਈ ਜ਼ਿਲਿਆਂ 'ਚ ਹੜ੍ਹ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ ਆਉਣ ਵਿਚ ਮੁਸ਼ਕਿਲ ਹੋਈ ਪਈ ਹੈ। ਪਹਾੜੀ ਇਲਾਕਿਆਂ ਵਿਚ ਲਗਾਤਾਰ ਦਰਮਿਆਨੀ ਬਾਰਿਸ਼ ਹੋਣ ਅਤੇ ਰਾਜ ਵਿਚ ਬੀਤੇ ਦੋ ਹਫਤਿਆਂ ਦੌਰਾਨ ਹਲਕਾ ਤੋਂ ਦਰਮਿਆਨਾ ਮੀਂਹ ਪੈਣ ਕਾਰਨ ਨਦੀਆਂ, ਨਾਲਿਆਂ ਅਤੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਕਾਫੀ ਉੱਚਾ ਹੈ। ਪਹਿਲਾਂ ਤੋਂ ਹੜ੍ਹ ਵਾਲੀਆਂ ਨਦੀਆਂ ਦੇ ਪਾੜ ਪੂਰੇ ਜਾ ਰਹੇ ਹਨ। ਸਰਕਾਰੀ ਤੌਰ 'ਤੇ ਇਥੇ ਦੱਸਿਆ ਗਿਆ ਕਿ ਸਾਗਰ ਪਾੜਾ, ਮਾਰਕੰਡਾ ਅਤੇ ਘੱਗਰ ਵਿਚ ਪਏ ਨਵੇਂ 26 ਪਾੜਾਂ ਕਾਰਨ ਪਟਿਆਲਾ ਜ਼ਿਲ੍ਹੇ ਦੇ ਦੇਵੀਗੜ੍ਹ ਹਲਕੇ ਦਾ ਵੱਡਾ ਇਲਾਕਾ ਪਾਣੀ ਦੀ ਮਾਰ ਹੇਠ ਆ ਗਿਆ ਹੈ। ਬੀਤੇ ਹਫਤੇ ਘੱਗਰ

*(ਬਾਕੀ ਸਫਾ 20 'ਤੇ)*



*ਨੀਦਰਲੈਂਡ ਨੂੰ ਹਰਾ ਕੇ ਫੁਟਬਾਲ ਵਿਸ਼ਵ ਚੈਂਪੀਅਨ ਬਣੀ ਸਪੇਨ ਦੀ ਮਾਣਮੱਤੀ ਟੀਮ ਫੀਫਾ ਦੀ ਸੁਨਹਿਰੀ ਟਰਾਫੀ ਨਾਲ*

## ਸਪੇਨ ਨੇ ਰਚਿਆ ਇਤਿਹਾਸ

## ਨੀਦਰਲੈਂਡ ਨੂੰ ਹਰਾ ਕੇ ਬਣਿਆ ਵਿਸ਼ਵ ਚੈਂਪੀਅਨ

**ਜੌਨਸਬਰਗ (ਪੰਜਾਬ ਟਾਈਮਜ਼ ਬਿਊਰੋ):** ਸਪੇਨ ਨੇ ਪਹਿਲੀ ਵਾਰ ਫੀਫਾ ਵਿਸ਼ਵ ਕੱਪ ਫੁਟਬਾਲ ਕੱਪ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ। ਦਿਲਚਸਪ ਗੱਲ ਇਹ ਰਹੀ ਹੈ ਕਿ ਨੀਦਰਲੈਂਡ ਦੀ ਫਾਈਨਲ ਵਿਚ ਪੁੱਜਣ ਤੋਂ ਬਾਅਦ ਇਹ ਤੀਜੀ ਹਾਰ ਹੈ ਪਰ ਸਪੇਨ ਪਹਿਲੀ ਵਾਰ ਫਾਈਨਲ ਵਿਚ ਪਹੁੰਚਿਆ ਅਤੇ ਮੈਚ ਜਿੱਤ ਕੇ ਇਤਿਹਾਸ ਸਿਰਜਿਆ। ਨੀਦਰਲੈਂਡ ਇਸ ਤੋਂ ਪਹਿਲਾਂ 1974, 1978 ਵਿਚ ਵੀ ਫਾਈਨਲ ਵਿਚ ਪੁੱਜਣ ਤੋਂ ਬਾਅਦ ਹਾਰ ਚੁੱਕਾ ਹੈ।

ਸਾਕਰ ਸਿਟੀ ਸਟੇਡੀਅਮ ਵਿਚ ਖੇਡੇ ਗਏ ਇਸ ਬਹੁਤ ਹੀ ਫਸਵੇਂ ਫਾਈਨਲ ਮੈਚ ਵਿਚ 90 ਮਿੰਟ ਦਾ ਸਮਾਂ ਬਿਨਾਂ ਕਿਸੇ ਗੋਲ 'ਤੇ ਪੂਰਾ ਹੋਣ ਤੋਂ ਬਾਅਦ ਦਿੱਤੇ ਗਏ ਵਾਧੂ ਸਮੇਂ ਦੌਰਾਨ 28ਵੇਂ ਮਿੰਟ 'ਤੇ ਸਪੇਨ ਨੇ ਨੀਦਰਲੈਂਡ ਖ਼ਿਲਾਫ਼ ਗੋਲ ਦਾਗ਼ ਕੇ ਜਿੱਤ ਦੇ ਝੰਡੇ ਗੱਡ ਦਿੱਤੇ। ਭਾਵੇਂ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਪੂਰੇ ਜੋਸ਼ ਨਾਲ ਗੋਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਮੈਚ ਦੇ 60 ਮਿੰਟ ਬੀਤਣ ਤੋਂ ਬਾਅਦ ਵੀ ਕਿਸੇ ਟੀਮ ਨੂੰ ਗੋਲ ਕਰਨ ਵਿਚ ਸਫ਼ਲਤਾ ਨਹੀਂ ਮਿਲ ਸਕੀ। ਮੈਚ ਦੇ 69ਵੇਂ ਮਿੰਟ 'ਤੇ ਸਪੇਨ ਨੂੰ ਗੋਲ ਕਰਨ ਦੇ ਦੋ ਚੰਗੇ ਮੌਕੇ ਮਿਲੇ ਪਰ ਇਨ੍ਹਾਂ ਨੂੰ ਗੋਲ ਵਿਚ ਨਾ ਬਦਲਿਆ ਜਾ ਸਕਿਆ। ਮੈਚ

*(ਬਾਕੀ ਸਫਾ 26 'ਤੇ)*

# ਗਡਕਰੀ ਦੇ ਪੁਆੜੇ ਹੱਥੇ ਬਿਆਨ ਵਿਵਾਦ ਬਣੇ

**ਕੰਵਰਜੀਤ ਸਿੰਘ**

ਸੰਸਦ ਉਤੇ ਹਮਲਾ ਕਰਨ ਦੇ ਦੋਸ਼ੀ ਕਰਾਰ ਦਿੱਤੇ ਗਏ ਅਫਜ਼ਲ ਗੁਰੂ ਨੂੰ ਫਾਂਸੀ ਲਾਉਣ ਦਾ ਮੁੱਦਾ ਇਕ ਵਾਰ ਫੇਰ ਭਖਦਾ ਨਜ਼ਰ ਆ ਰਿਹਾ ਹੈ। ਜਿੱਥੇ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਅਫਜ਼ਲ ਨੂੰ ਫਾਂਸੀ ਲਾਉਣ ਵਿਚ ਦੇਰੀ ਕੀਤੇ ਜਾਣ 'ਤੇ ਉਸ ਨੂੰ ਕਾਂਗਰਸ ਦਾ ਜਵਾਈ ਦਸਦਿਆਂ, ਕਾਂਗਰਸ ਪ੍ਰਤੀ ਤਿੱਖੀ ਅਤੇ ਗਾਲ੍ਹਾਂ ਭਰੀ ਸ਼ਬਦਾਵਲੀ ਵਰਤੀ ਹੈ, ਉਥੇ ਕਾਂਗਰਸ ਨੇ ਇਸ 'ਤੇ ਸਖ਼ਤ ਪ੍ਰਤੀਕਰਮ ਪ੍ਰਗਟ ਕੀਤਾ ਹੈ। ਇਸ ਤੋਂ ਇਲਾਵਾ ਹੋਰ ਰਾਜਨੀਤਿਕ ਆਗੂਆਂ ਨੇ ਵੀ ਇਸ ਸਬੰਧੀ ਭਾਜਪਾ ਪ੍ਰਧਾਨ ਦੀ ਤਿੱਖੀ ਆਲੋਚਨਾ ਕੀਤੀ ਹੈ। ਜਦਕਿ ਭਾਜਪਾ ਆਗੂਆਂ ਵਲੋਂ ਸ੍ਰੀ ਗਡਕਰੀ ਦੇ ਬਿਆਨ ਦੀ ਪੂਰੀ ਹਮਾਇਤ ਕੀਤੀ ਜਾ ਰਹੀ ਹੈ। ਗਡਕਰੀ ਵੀ ਇਸ ਬਿਆਨ ਨੂੰ ਪੂਰੀ ਤਰ੍ਹਾਂ ਸਹੀ ਦੱਸ ਰਿਹਾ ਹੈ। ਯਾਦ ਰਹੇ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਪਿਛਲੇ ਦਿਨੀਂ ਦੇਹਰਾਦੂਨ ਵਿਖੇ ਇਕ ਰੈਲੀ 'ਚ ਇਹ ਕਹਿ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ ਕਿ ਕਾਂਗਰਸ ਸੰਸਦ 'ਤੇ ਹਮਲੇ ਦੇ ਦੋਸ਼ 'ਚ ਮੌਤ ਦੀ ਸਜ਼ਾ ਪ੍ਰਾਪਤ ਅਫਜ਼ਲ ਗੁਰੂ ਨਾਲ ਵਿਸ਼ੇਸ਼ ਵਿਹਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਲੋਕ (ਕਾਂਗਰਸੀ) ਅਫਜ਼ਲ ਗੁਰੂ ਨੂੰ ਫਾਂਸੀ 'ਤੇ ਕਿਉਂ ਨਹੀਂ ਲਟਕਾਉਂਦੇ? ਕੀ ਉਹ ਤੁਹਾਡਾ ਜਵਾਈ ਹੈ, ਕੀ ਤੁਸੀਂ ਆਪਣੀ ਧੀ ਦਾ ਵਿਆਹ ਉਸ ਨਾਲ ਕੀਤਾ ਹੋਇਆ ਹੈ?




ਸ੍ਰੀ ਗਡਕਰੀ ਦੇ ਇਸ ਬਿਆਨ 'ਤੇ ਕਾਂਗਰਸ 'ਚ ਤਿੱਖੀ ਪ੍ਰਤੀਕਿਰਿਆ ਹੋਈ ਹੈ ਤੇ ਪਾਰਟੀ ਦੇ ਬੁਲਾਰੇ ਮੁਨੀਸ਼ ਤਿਵਾੜੀ ਨੇ ਇਸ 'ਤੇ ਟਿੱਪਣੀ ਕਰਦਿਆਂ ਕਿਹਾ, "ਲਗਦਾ ਹੈ ਕਿ ਭਾਜਪਾ ਪ੍ਰਧਾਨ ਆਪਣਾ ਸੰਜਮ ਗੁਆ ਬੈਠੇ ਹਨ ਤੇ ਉਨ੍ਹਾਂ ਨੂੰ ਆਪਣੇ ਵੱਕਾਰ ਅਤੇ ਹੱਦ ਦਾ ਖਿਆਲ ਨਹੀਂ ਹੈ। ਉਨ੍ਹਾਂ ਦੀ ਪਾਰਟੀ ਨੂੰ ਇਸ 'ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ

*(ਬਾਕੀ ਸਫਾ 6 'ਤੇ)*

Delo
Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO PILOT
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਿਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 Bedrooms, 2 Full Bath, 2 Car Garage
1464 sq ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ !




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ:

*ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜ਼ਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ:

***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ...

ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ।

ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ, ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ।

ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲੀਫ ਹੈ ਤਾਂ ਇਲਾਜ ਕਰਵਾਓ, ਤਕਲੀਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।


*-ਮਨਜੀਤ ਸਿੰਘ*
*ਟਰੱਕ ਡਰਾਈਵਰ*
*(ਉਮਰ 37 ਸਾਲ)*

ਕੁਝ ਵਰ੍ਹੇ ਪਹਿਲਾਂ ਮੇਰੀ ਕਾਰ ਦਾ ਐਕਸੀਡੈਂਟ ਹੋ ਗਿਆ ਅਤੇ ਮੇਰੀ ਹੇਠਲੀ ਕਮਰ ਨੂੰ ਜਰਬ ਆ ਗਈ। ਮੇਰੇ ਡਾਕਟਰ ਨੇ ਮੈਨੂੰ ਸਰਜਰੀ ਕਰਵਾਉਣ ਅਤੇ ਸਟੀਰਾਇਡ ਦੇ ਇੰਜੈਕਸ਼ਨ ਲਵਾਉਣ ਦਾ ਮਸ਼ਵਰਾ ਦਿੱਤਾ। ਮੈਨੂੰ ਹੋਰ ਕਿਸੇ ਇਲਾਜ ਬਾਰੇ ਪਤਾ ਨਹੀਂ ਸੀ, ਪਰ ਮੈਂ ਡਾ. ਸਿਹੋਤਾ ਨੂੰ ਸਲਾਹ ਮਸ਼ਵਰੇ ਲਈ ਮਿਲਿਆ ਜਿਨ੍ਹਾਂ ਨੇ ਮੈਨੂੰ ਬੜੇ ਵੇਰਵੇ ਨਾਲ ਦੱਸਿਆ ਕਿ ਮੇਰੀ ਕਮਰ ਵਿਚ ਕੀ ਤਕਲੀਫ ਹੈ। ਮੈਂ ਉਨ੍ਹਾਂ ਦੀ ਪੇਸ਼ੇਵਰਾਨਾ ਪਹੁੰਚ ਅਤੇ ਉਨ੍ਹਾਂ ਦੇ ਸਟਾਫ ਦੀ ਹਲੀਮੀ ਤੋਂ ਬਹੁਤ ਪ੍ਰਭਾਵਿਤ ਹੋਇਆ। ਜਦੋਂ ਮੇਰਾ ਇਲਾਜ ਸ਼ੁਰੂ ਹੋਇਆ ਤਾਂ ਦਰਦ ਦੇ ਪੈਮਾਨੇ ਵਿਚ ਮੇਰਾ ਦਰਦ ਦਸਾਂ 'ਚੋਂ ਅੱਠ ਸੀ ਪਰ ਹੁਣ 13 ਟਰੀਟਮੈਂਟਾਂ ਪਿਛੋਂ ਮੇਰਾ ਦਰਦ ਘਟ ਕੇ ਦਸਾਂ ਵਿਚੋਂ ਤਿੰਨ ਰਹਿ ਗਿਆ ਹੈ। ਕਮਰ ਦੀ ਹਿੱਲਜੁਲ ਵੀ 85 ਫੀਸਦ ਤੱਕ ਬਹਾਲ ਹੋ ਗਈ ਹੈ। ਮੈਂ ਇਸ ਇਲਾਜ ਤੋਂ ਬੇਹੱਦ ਸੰਤੁਸ਼ਟ ਹਾਂ ਅਤੇ ਜਿਸ ਕਿਸੇ ਮਰੀਜ਼ ਨੂੰ ਵੀ ਹੇਠਲੀ ਕਮਰ ਦੇ ਸਖਤ ਦਰਦ ਦੀ ਸ਼ਿਕਾਇਤ ਹੈ, ਮੈਂ ਉਸ ਨੂੰ ਇਸ ਇਲਾਜ ਲਈ ਜ਼ੋਰਦਾਰ ਸਿਫਾਰਿਸ਼ ਕਰਾਂਗਾ।


*-ਹਰਦੀਪ ਸਿੰਘ*
*ਟਰੱਕ ਡਰਾਈਵਰ*
*(ਉਮਰ 25 ਸਾਲ)*

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

# ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ।

**ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 3 ਅਗਸਤ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)।

*ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਗਦਰੀ ਬਾਬਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਯਤਨ ਗਦਰ ਯਾਦਗਾਰੀ ਕਾਨਫਰੰਸ

**ਸੈਂਕਰਾਮੈਂਟੋ (ਐਸ਼.ਅਸ਼ੋਕ ਭੌਰਾ):** ਗਦਰ ਮੈਮੋਰੀਅਲ ਫਾਉਂਡੇਸ਼ਨ ਵਲੋਂ ਇਥੇ ਸ਼ੈਲਡਨ ਸਕੂਲ ਦੇ ਪਰਫਾਰਮੈਂਸ ਆਰਟ ਸੈਂਟਰ ਵਿਖੇ ਕਰਵਾਈ ਗਈ ਦਸਵੀਂ ਕਾਨਫਰੰਸ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਜਾਂਦੇ ਆਮ ਮੇਲਿਆਂ ਤੋਂ ਇਸ ਦੇ ਦੋ ਸੂਤਰਧਾਰਾਂ ਚਰਨ ਸਿੰਘ ਜੱਜ ਤੇ ਕੁਲਦੀਪ ਧਾਲੀਵਾਲ ਦੇ ਯਤਨਾਂ ਸਦਕਾ ਬਿਲਕੁਲ ਭਿੰਨ ਸੀ। ਕਿਉਂਕਿ ਗੱਲ ਜੇ ਸਿਰਫ ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ ਦੇ ਪਰਚੇ 'ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਤੇ ਪੰਜਾਬ' ਤੱਕ ਰਹਿ ਜਾਂਦੀ ਤਾਂ ਇਉਂ ਲੱਗਣਾ ਸੀ ਕਿ ਇਹ ਹਿੰਦੋਸਤਾਨ ਦੀ ਆਰਥਿਕ ਵਿਵਸਥਾ 'ਤੇ ਇਕ ਸੈਮੀਨਾਰ ਹੋ ਰਿਹਾ ਹੈ। ਜਗਤ ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ ਜੇ ਆਖਰ ਵਿਚ ਗਦਰ ਲਹਿਰ ਦੇ ਕੁਝ ਨੁਕਤਿਆਂ ਨੂੰ ਨਾ ਛੋਂਹਦੇ ਤਾਂ ਇਹ ਹਿੰਦੋਸਤਾਨ ਦੀ ਰਾਜਨੀਤਕ ਦਸ਼ਾ ਤੇ ਭਾਸ਼ਣ ਹੀ ਲੱਗਣਾ ਸੀ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ. ਹਰਭਜਨ ਗਿੱਲ ਨੇ ਗਦਰੀ ਬਾਬਿਆਂ ਤੇ ਗਦਰੀ ਲਹਿਰ ਦੇ ਗਹਿਰ-ਗੰਭੀਰ ਨੁਕਤਿਆਂ ਨੂੰ ਸਲਾਹਿਆ ਤੇ ਵਡਿਆਇਆ।

ਪੱਤਰਕਾਰ ਕੁਲਦੀਪ ਨਈਅਰ ਨੇ ਕਿਹਾ ਕਿ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਤੇ ਪੰਜਾਬ ਉਸਾਰਨ ਲਈ ਪਹਿਲਾਂ ਪੰਜਾਬੀ ਹੋਣ ਦਾ ਮਾਣ ਹਾਸਲ ਕਰਨਾ ਹੋਵੇਗਾ। ਉਨ੍ਹਾਂ ਤੱਥਾਂ ਦੇ ਹਵਾਲੇ ਨਾਲ ਕਿਹਾ ਕਿ ਦੁਨੀਆਂ ਵਿਚ 14 ਕਰੋੜ ਪੰਜਾਬੀ ਵਸਦੇ ਹਨ ਜਿਨ੍ਹਾਂ ਵਿਚੋਂ ਅੱਧੇ ਭਾਰਤ ਵਿਚ ਹਨ। ਉਨ੍ਹਾਂ ਕਿਹਾ ਕਿ ਗਦਰੀ ਬਾਬਿਆਂ ਦੀ ਸੋਚ ਤੇ ਵਿਰਾਸਤ ਬਚਾਉਣ ਲਈ ਗਦਰ ਮੈਮੋਰੀਅਲ ਫਾਉਂਡੇਸ਼ਨ ਦਾ ਉਦਮ ਸਲਾਹੁਣਯੋਗ ਹੈ ਤੇ ਉਹ ਇਸ ਕਾਨਫਰੰਸ ਵਿਚ ਆਪਣਾ ਯੋਗਦਾਨ ਪਾਉਣ ਤੇ ਭਾਰਤ ਸਰਕਾਰ ਤੋਂ ਲੋੜੀਂਦੀ ਇਮਦਾਦ ਦਿਵਾਉਣ ਲਈ ਵੀ ਯਤਨਸ਼ੀਲ ਰਹਿਣਗੇ। ਫਾਉਂਡੇਸ਼ਨ ਦੇ ਮਤਿਆਂ ਦੀ ਤਾਈਦ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਅਮਲ ਅਤੇ ਸਾਕਾਰਤਮਕ ਰੂਪ ਦੇਣ ਲਈ ਵੀ ਉਹ ਸਿਰਤੋੜ ਯਤਨ ਕਰਨਗੇ। ਉਨ੍ਹਾਂ ਆਪਣੇ ਵਿਸ਼ੇ ਤੋਂ ਬਾਹਰ ਹੁੰਦਿਆਂ ਇਹ ਵੀ ਆਖਿਆ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 1984 ਦੇ ਸਿੱਖ ਕਤਲੇਆਮ ਦੀ ਮਾਫੀ ਮੰਗ ਕੇ ਚੰਗਾ ਹੀ ਨਹੀਂ ਕੀਤਾ, ਜ਼ਖਮਾਂ 'ਤੇ ਮਲ੍ਹਮ ਵੀ ਲਗਾਈ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ 3000 ਸਿੱਖਾਂ ਤੇ ਪੰਜਾਬੀਆਂ ਦਾ ਕਤਲ ਹੋਇਆ ਹੋਵੇ ਤੇ ਫਾਹੇ ਇਕ ਵੀ ਨਾ ਲੱਗੇ। ਉਨ੍ਹਾਂ ਪੰਜਾਬੀਆਂ ਤੇ ਭਾਰਤੀਆਂ ਦੀਆਂ ਪਾਸਪੋਰਟ ਤੇ ਵੀਜ਼ਾ ਸਮੱਸਿਆਵਾਂ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਹੱਲ ਕਰਵਾਉਣ ਦੇ ਭਰੋਸਾ ਵੀ ਦਿੱਤਾ।

ਪੰਜਾਬੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਸ੍ਰੀ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਤੇ ਪੰਜਾਬ ਉਸਾਰਨ ਲਈ ਯੋਜਨਾਕਾਰਾਂ ਨੂੰ ਅਜਿਹਾ ਉਦਮ ਕਰਨਾ ਚਾਹੀਦੈ ਜਿਸ ਨਾਲ ਹਰ ਭਾਰਤੀ ਨੂੰ ਸਮਾਂਤਰ ਲਾਭ ਪਹੁੰਚੇ। ਦੇਸ਼ ਦੇ ਕੁਝ ਲੋਕਾਂ ਦੀ ਸਾਲਾਨਾ ਆਮਦਨ 50 ਲੱਖ ਤੋਂ ਵਧ ਹੈ, ਕਈਆਂ ਨੂੰ ਹਾਲੇ ਵੀ ਸਿਰਫ ਰੋਟੀ ਜੁੜ ਰਹੀ ਹੈ ਤੇ 78 ਪ੍ਰਤੀਸ਼ਤ ਲੋਕਾਂ ਨੂੰ ਰੋਟੀ ਦੇ ਲਾਲੇ ਪਏ ਰਹਿੰਦੇ ਹਨ। ਉਨ੍ਹਾਂ ਵਿਕਾਸ ਤੇ ਖੇਤੀ ਦੇ ਨਵੇਂ ਮਾਪਦੰਡਾਂ ਦੀ ਉਸਾਰੀ ਲਈ ਨਵਾਂ ਭਾਰਤ ਸਿਰਜਣ 'ਤੇ ਵੀ ਜ਼ੋਰ ਦਿੱਤਾ।



ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕੁਲਦੀਪ ਨਈਅਰ, ਸੁੱਚਾ ਸਿੰਘ ਗਿੱਲ, ਮਨਜੀਤ ਸਿੰਘ ਕੰਗ, ਗੁਰਭਜਨ ਗਿੱਲ, ਤੇਜਵੰਤ ਗਿੱਲ, ਡਾ. ਗੁਰਦੇਵ ਖੁਸ਼, ਕੁਲਦੀਪ ਧਾਲੀਵਾਲ, ਕੈਸ਼ ਗਿੱਲ, ਸੁੱਖ ਧਾਲੀਵਾਲ, ਦੀਦਾਰ ਸਿੰਘ ਬੈਂਸ, ਚਰਨ ਜੱਜ, ਡਾ. ਹਰਮੇਸ਼ ਕੁਮਾਰ, ਸਤਨਾਮ ਸਿੰਘ ਚਾਹਲ ਤੇ ਗੁਲਿੰਦਰ ਸਿੰਘ ਗਿੱਲ

ਡਾ. ਤੇਜਵੰਤ ਗਿੱਲ ਨੇ ਵੀ ਆਪਣਾ ਸਾਹਿਤਕ ਮੁਲੰਕਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਪੱਲੇ ਕਿਸੇ ਦੇ ਕੁਝ ਵੀ ਨਹੀਂ ਪੈ ਸਕਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਨਜੀਤ ਸਿੰਘ ਕੰਗ ਨੇ ਗਦਰੀ ਬਾਬਿਆਂ ਦੀ ਗੱਲ ਕਰਨ ਨਾਲੋਂ ਗਿਆਨ-ਵਿਗਿਆਨ ਦੇ ਖੇਤਰ ਵਿਚ ਦਾਖਲ ਹੋ ਕੇ ਪ੍ਰਗਤੀਸ਼ੀਲ ਭਾਰਤ ਉਸਾਰਨ ਦੀ ਗੱਲ ਤੋਰੀ।

ਗਦਰ ਮੈਮੋਰੀਅਲ ਫਾਉਂਡੇਸ਼ਨ ਦੇ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਰਵਾਇਤੀ ਗਦਰੀ ਮੇਲਿਆਂ ਤੋਂ ਹਟ ਕੇ ਅਜਿਹਾ ਕੁਝ ਕਰਨ ਦਾ ਉਪਰਾਲਾ ਕੀਤਾ ਜਿਸ ਨਾਲ ਸਹੀ ਅਰਥਾਂ ਵਿਚ ਗਦਰੀ ਬਾਬਿਆਂ ਦੀ ਸੋਚ ਨੂੰ ਨਵੀਂ ਪੀੜ੍ਹੀ ਤੱਕ ਲਿਜਾਣ ਤੇ ਇਸ ਦਾ ਅਕਾਦਮਿਕ ਮੁਲਾਂਕਣ ਹੋ ਸਕੇ। ਉਨ੍ਹਾਂ ਆਏ ਵਰ੍ਹੇ ਭਾਰਤ ਤੋਂ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਬੁਲਾ ਕੇ ਇਸ ਪੈੜ ਵਿਚ ਨਵੀਂ ਲੀਹ ਪਾਉਣ ਦਾ ਸਫਲ ਯਤਨ ਕੀਤਾ ਹੈ। ਉਨ੍ਹਾਂ ਹੋਰ ਕਿਹਾ ਕਿ ਗਦਰ ਲਹਿਰ ਦੇ 2013 ਵਿਚਲੇ ਸ਼ਤਾਬਦੀ ਸਮਾਰੋਹਾਂ ਮੌਕੇ ਗਦਰ ਲਹਿਰ ਤੇ ਭਾਰਤ ਸਰਕਾਰ ਨਾਲ ਮਿਲ ਕੇ ਨਵੀਂ ਪੀੜ੍ਹੀ ਨੂੰ ਇਸ ਲਹਿਰ ਨਾਲ ਜੋੜਨ 'ਤੇ ਨਾਲ ਤੋਰਨ ਲਈ ਡਾਕੂਮੈਂਟਰੀਆਂ ਵੀ ਤਿਆਰ ਕੀਤੀਆਂ ਜਾਣਗੀਆਂ।

ਇਸ ਮੌਕੇ ਫਾਊਂਡੇਸ਼ਨ ਵਲੋਂ ਪੇਸ਼ ਮਤਿਆਂ ਨੂੰ ਸਮੂਹ ਪੰਜਾਬੀਆਂ ਨੇ ਹੱਥ ਖੜੇ ਕਰਕੇ ਹਮਾਇਤ ਵੀ ਦਿੱਤੀ। ਫਾਊਂਡੇਸ਼ਨ ਵਲੋਂ ਪੇਸ਼ ਮਤਿਆਂ ਵਿਚ ਮੰਗ ਕੀਤੀ ਗਈ ਕਿ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵਲੋਂ ਗਦਰ ਲਹਿਰ ਤੇ ਇਸ ਦੇ ਇਤਿਹਾਸ ਨੂੰ ਸਕੂਲਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਤੀਕਰ ਸਾਰੀਆਂ ਪਾਠ ਪੁਸਤਕਾਂ ਵਿਚ ਸ਼ਾਮਿਲ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਗਦਰ ਲਹਿਰ ਦੇ ਇਤਿਹਾਸ ਤੋਂ ਜਾਣੂ ਹੋ ਕੇ, ਇਸ ਤੋਂ ਦੇਸ਼ ਪਿਆਰ ਅਤੇ ਦੇਸ਼ ਭਗਤੀ ਦੀ ਪ੍ਰੇਰਨਾ ਲੈ ਸਕਣ। ਗਦਰ ਲਹਿਰ ਦੇ ਸਾਰੇ ਦੇਸ਼ ਭਗਤਾਂ ਦੇ ਪਿੰਡਾਂ ਦੇ ਨਾਂ ਉਨ੍ਹਾਂ ਦੇ ਨਾਂ 'ਤੇ ਰੱਖੇ ਜਾਣ। ਇਨ੍ਹਾਂ ਪਿੰਡਾਂ ਨੂੰ ਜਾਣ ਵਾਲੇ ਸਾਰੇ ਮਾਰਗਾਂ ਦੇ ਨਾਂ ਵੀ ਉਨ੍ਹਾਂ ਨਾਲ ਜੁੜਨ ਅਤੇ ਇਨ੍ਹਾਂ ਦੇ ਪਿੰਡਾਂ ਵਿਚ ਲਾਇਬਰੇਰੀਆਂ ਖੋਲ੍ਹ ਕੇ ਗਦਰ ਸਾਹਿਤ ਮੁਹੱਈਆ ਕੀਤਾ ਜਾਵੇ। ਹੋਰਨਾਂ ਮਤਿਆਂ ਵਿਚ ਗਦਰ ਲਹਿਰ ਦੇ ਸਾਰੇ ਦੇਸ਼ ਭਗਤਾਂ ਦੇ ਪਿੰਡਾਂ ਨੂੰ ਦੇਸ਼ ਭਗਤ ਪਿੰਡ ਐਲਾਨਣ, ਗਦਰ ਲਹਿਰ ਦੀ ਆ ਰਹੀ ਸ਼ਤਾਬਦੀ ਮੌਕੇ ਵਿਸ਼ੇਸ਼ ਡਾਕ ਟਿਕਟ ਵੀ ਜਾਰੀ ਕਰਨ, ਗਦਰ ਲਹਿਰ ਦੇ ਇਤਿਹਾਸ ਨੂੰ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਨ ਦੀ ਮੰਗ ਵੀ ਕੀਤੀ ਗਈ। ਇਕ ਹੋਰ ਮਤੇ ਵਿਚ ਸੈਨ ਫਰਾਂਸਿਸਕੋ ਵਿਚ ਗਦਰ ਪਾਰਟੀ ਅਤੇ ਗਦਰ ਅਖ਼ਬਾਰ ਦੇ ਮੁੱਖ ਦਫਤਰ 'ਯੁਗਾਂਤਰ ਆਸ਼ਰਮ' ਵਿਚ ਅਜਾਇਬ-ਘਰ ਅਤੇ ਲਾਇਬਰੇਰੀ ਸਥਾਪਤ ਕਰਨ ਅਤੇ ਸੈਂਕਰਾਮੈਂਟੋ 'ਚ ਦੇਸ਼ ਭਗਤ ਮੌਲਵੀ ਬਰਕਤ ਉਲਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਦੀ ਮੰਗ ਕੀਤੀ ਗਈ। ਕੈਲੀਫੋਰਨੀਆ ਸਰਕਾਰ ਤੇ ਸੈਨ ਫਰਾਂਸਿਸਕੋ ਸਿਟੀ 'ਯੁਗਾਂਤਰ ਆਸ਼ਰਮ' ਨੂੰ ਜਾਂਦੀ ਵੁੱਡ ਸਟਰੀਟ ਦਾ ਨਾਂ ਬਦਲ ਕੇ ਗਦਰ ਮੈਮੋਰੀਅਲ ਸਟਰੀਟ ਰੱਖਣ ਦੀ ਮੰਗ ਵੀ ਕੀਤੀ ਗਈ।

ਯੂ.ਐਨ.ਓ. ਨੂੰ ਬੇਨਤੀ ਕੀਤੀ ਗਈ ਕਿ ਗਦਰ ਲਹਿਰ ਦੀ ਸੌ ਸਾਲਾ ਸ਼ਤਾਬਦੀ ਨੂੰ, ਯਾਨਿ ਕਿ ਸਾਲ 2013 ਵਿਸ਼ਵ ਲੋਕ ਆਜ਼ਾਦੀ ਸ਼ਤਾਬਦੀ ਵਜੋਂ ਐਲਾਨਿਆ ਜਾਵੇ ਤਾਂ ਜੋ ਦੁਨੀਆਂ ਭਰ ਦੇ ਮਨੁੱਖੀ ਆਜ਼ਾਦੀ ਲਈ ਲੜਨ ਵਾਲੇ ਲੋਕ ਇਸ ਤੋਂ ਪ੍ਰੇਰਨਾ ਲੈ ਸਕਣ। ਇਕ ਵੱਖਰੇ ਮਤੇ ਰਾਹੀਂ ਵਕਾਲਤ ਕੀਤੀ ਗਈ ਕਿ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਵਿਚ ਪਰਵਾਸੀਆਂ ਨੂੰ ਭਾਰਤੀ ਸਫਾਰਤਖਾਨਿਆਂ ਵਿਚ ਪਾਸਪੋਰਟ ਅਤੇ ਵੀਜ਼ਿਆਂ ਲਈ ਆ ਰਹੀਆਂ ਸਮੱਸਿਆਵਾਂ ਦਾ ਸਾਰਥਿਕ ਹੱਲ ਲੱਭਿਆ ਜਾਵੇ।

ਇਸ ਕਾਨਫਰੰਸ 'ਤੇ ਹੋਰਨਾਂ ਬੁਲਾਰਿਆਂ 'ਚ ਭਾਰਤੀ ਮੂਲ ਦੇ ਅੰਤਰਰਾਸ਼ਟਰੀ ਵਿਗਿਆਨੀ ਗੁਰਦੇਵ ਸਿੰਘ ਖੁਸ਼, ਅਮਰੀਕਾ ਦੇ ਉਘੇ ਸਿੱਖ ਆਗੂ ਦੀਦਾਰ ਸਿੰਘ ਬੈਂਸ, ਸਬ ਫਾਊਂਡੇਸ਼ਨ ਦੇ ਡਾ. ਹਰਮੇਸ਼ ਕੁਮਾਰ, ਯੂਬਾ ਸਿਟੀ ਦੇ ਮੇਅਰ ਕੈਸ਼ ਗਿੱਲ, ਲੈਥਰਪ ਦੇ ਡਿਪਟੀ ਮੇਅਰ ਸੁਖਜਿੰਦਰ ਧਾਲੀਵਾਲ, ਡਾ. ਉਂਕਾਰ ਬਿੰਦਰਾ, ਜੱਸੀ ਬੰਗਾ ਅਤੇ ਨਿਊ ਜਰਸੀ ਤੋਂ ਆਏ ਆਰ.ਕੇ. ਸ਼ਰਮਾ ਵੀ ਸ਼ਾਮਿਲ ਸਨ। ਹੋਰ ਉਘੀਆਂ ਹਸਤੀਆਂ ਵਿਚ ਪੰਜਾਬੀ ਸੱਥ ਦੇ ਚੇਅਰਮੈਨ ਜਸਮੇਰ ਢੱਟ, ਅਜੀਤ ਸਿੰਘ ਭੱਠਲ, ਲਾਲੀ ਧਨੋਆ, ਪਰਮਜੀਤ ਦੁਸਾਂਝ, ਦਲਵਿੰਦਰ ਸਿੰਘ, ਡਾ. ਗੁਰੂਮੇਲ, ਚਰਨਜੀਤ ਬਾਠ, ਲਖਵਿੰਦਰ ਰੰਧਾਵਾ, ਹਰਬੰਸ ਸਿੰਘ ਜਗਿਆਸੂ, ਮੱਖਣ ਲੁਹਾਰ, ਕਾਬਲ ਲੜੋਆ, ਸੁਰਿੰਦਰ ਸਿੰਘ ਧਨੋਆ ਤੇ ਫਾਉਂਡੇਸ਼ਨ ਦੇ ਆਗੂਆਂ ਦੀ ਟੀਮ ਵਿਚ ਸੁਰਿੰਦਰ ਗਿੱਲ, ਗੁਰਦੀਪ ਸਿੰਘ ਗਿੱਲ, ਬਲਵਿੰਦਰ ਡੁਲਕੂ, ਜਗਜੀਤ ਸਿੰਘ ਕੰਦੋਲਾ, ਜਰਨੈਲ ਸਿੰਘ, ਕੁਲਦੀਪ ਅਟਵਾਲ, ਜਨਕ ਰਾਜ ਨੇ ਭਰਪੂਰ ਸਹਿਯੋਗ ਦਿੱਤਾ।

ਦਿਲਚਸਪੀ ਵਾਲੀ ਗੱਲ ਇਹ ਸੀ ਕਿ ਰਵਾਇਤੀ ਢੰਗ ਨਾਲ ਉਸਤਾਦ ਯਮਲਾ ਜੱਟ ਨੂੰ ਯਾਦ ਰੱਖਣ ਵਾਲੇ ਗਾਇਕ ਰਾਜ ਬਰਾੜ ਨੂੰ ਨੀਝ ਤੇ ਰੀਝ ਨਾਲ ਸੁਣਿਆ ਗਿਆ, ਅਕਾਸ਼ਦੀਪ ਨੂੰ। ਗਾਇਕ ਸਰਬਜੀਤ ਚੀਮਾ ਨੇ ਜਦੋਂ ਗਾਉਣਾ ਅਰੰਭਿਆ ਤਾਂ ਹਾਲ ਕਾਫੀ ਭਰਿਆ ਸੀ। ਪਰ ਇਕ ਦੋ ਗੀਤਾਂ ਪਿੱਛੋਂ ਇਹ ਖਾਲੀ ਵਰਗਾ ਜਾਪਣ ਲੱਗ ਪਿਆ। ਦੋ ਅਹਿਮ ਕਾਰਨ ਸਨ ਕਿ ਕਾਨਫਰੰਸ ਨਾਲ ਅਜਿਹੀ ਗਾਇਕੀ ਮੇਲ ਹੀ ਨਹੀਂ ਖਾਂਦੀ ਤੇ ਦੂਜਾ ਗਾਇਕ ਸਤਿੰਦਰ ਸਰਤਾਜ ਵਲੋਂ ਸਿਰਜਿਆ ਗਿਆ ਸਾਫ ਸੁਥਰੀ ਗਾਇਕੀ ਤੇ ਗੰਭੀਰ ਸ਼ਾਇਰੀ ਦਾ ਮਾਹੌਲ ਹਮਾਤੜ ਗਾਇਕਾਂ ਲਈ ਅੱਗੇ ਤੋਰਨਾ ਔਖਾ ਹੋ ਗਿਆ ਹੈ। ਲੰਗਰ ਦੀ ਸੇਵਾ ਅਟਵਾਲ ਬ੍ਰਦਰਜ਼ ਮਰਸਡ ਵਾਲਿਆਂ ਵਲੋਂ ਲਗਾਈ ਗਈ।



ਮੌਲਵੀ ਬਰਕਤ ਉਲਾ ਦੀ ਮਜ਼ਾਰ 'ਤੇ ਫੁੱਲ ਭੇਟ ਕਰਦੇ ਹੋਏ ਕੁਲਦੀਪ ਨਈਅਰ ਤੇ ਹੋਰ,





ਗੀਤ ਪੇਸ਼ ਕਰਦਾ ਹੋਇਆ ਸਰਬਜੀਤ ਚੀਮਾ ਅਤੇ ਦਰਸ਼ਕ

# ਗਤਕਾ ਦਲ ਨੇ 4 ਜੁਲਾਈ ਦੀ ਪਰੇਡ 'ਚ ਲਿਆ ਪਹਿਲਾ ਸਥਾਨ

**ਮਨਟੀਕਾ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਕੈਲੀਫੋਰਨੀਆ ਗਤਕਾ ਦਲ ਨੇ ਮਨਟੀਕਾ ਸ਼ਹਿਰ ਦੀ 4 ਜੁਲਾਈ ਦੀ ਆਜ਼ਾਦੀ ਦਿਨ ਪਰੇਡ ਵਿਚ ਸ਼ਾਮਲ ਹੋ ਕੇ ਨਾ ਸਿਰਫ ਸਿੱਖ ਭਾਈਚਾਰੇ ਦੇ ਮਾਰਸ਼ਲ ਕਿਰਦਾਰ ਦੀ ਹੀ ਨੁਮਾਇੰਦਗੀ ਕੀਤੀ ਸਗੋਂ ਪਹਿਲਾ ਸਥਾਨ ਹਾਸਲ ਕਰਕੇ ਸਿੱਖ ਭਾਈਚਾਰੇ ਦਾ ਨਾਮ ਵੀ ਚਮਕਾਇਆ। ਵਰਨਣਯੋਗ ਹੈ ਕੈਲੀਫੋਰਨੀਆ ਗਤਕਾ ਦਲ ਪਹਿਲਾਂ ਵੀ ਕਈ ਪਰੇਡਾਂ ਵਿਚ ਇਨਾਮ ਜਿੱਤ ਚੁੱਕਾ ਹੈ।

ਗਤਕਾ ਦਲ ਨੇ ਸੋਟੀ, ਫਰੀ-ਸੋਟੀ, ਕ੍ਰਿਪਾਨ/ਢਾਲ, ਗੰਡਾਸੀ, ਕਟਾਰਾ, ਕੰਡਿਆਂ ਵਾਲੇ ਗੋਲੇ, ਜਾਲੇ, ਆਰੇ ਤੇ ਕਈ ਹੋਰ ਸ਼ਸਤਰਾਂ ਦੀ ਵਰਤੋਂ ਕਰਦਿਆਂ ਗਤਕੇ ਦੇ ਕਰਤਬ ਦਿਖਾਏ ਜਿਨ੍ਹਾਂ ਨੂੰ ਵੇਖ ਕੇ ਅਮਰੀਕਨ ਭਾਈਚਾਰੇ ਦੇ ਲੋਕ ਹੈਰਾਨ ਰਹਿ ਗਏ ਅਤੇ ਕਈ ਹੈਰਾਨੀ ਵਿਚ "ਵਾਓ, ਵਾਓ" ਕਹਿੰਦੇ ਸੁਣੇ ਗਏ। ਪਰੇਡ ਵਿਚ ਦਲ ਦੇ ਭਾਈ ਜਸਪ੍ਰੀਤ ਸਿੰਘ, ਰਣਜੀਤ ਸਿੰਘ, ਮੰਗਾ ਸਿੰਘ, ਜੁਗਰਾਜ ਸਿੰਘ, ਜਗਮੀਤ ਸਿੰਘ, ਅਜੇਪਾਲ ਸਿੰਘ, ਤੇਜਪਾਲ ਸਿੰਘ, ਕੁਲਬੀਰ ਕੌਰ, ਜਸਬੀਰ ਕੌਰ, ਗੁਰਜੰਟ ਸਿੰਘ, ਅਜੈ ਸਿੰਘ ਫਰੀਮਾਂਟ, ਮਨਪਾਲ ਸਿੰਘ, ਗੁਰਨੇਕ ਸਿੰਘ, ਕਰਮਣ ਸਿੰਘ, ਜਗਵਿੰਦਰ ਸਿੰਘ, ਜਸਮੀਤ ਕੌਰ, ਜਰਨੈਲ ਸਿੰਘ, ਯੁਗਰਾਜ ਸਿੰਘ, ਅਮਰੀਕ ਸਿੰਘ ਬੈਨੀਵਾਲ ਪਰਿਵਾਰ, ਤੀਰਥ ਸਿੰਘ ਪਰਿਵਾਰ, ਜਰਨੈਲ ਸਿੰਘ ਟੁੱਟ ਪਰਿਵਾਰ, ਭਾਈ ਇਕਬਾਲ ਸਿੰਘ, ਸੋਭਾ ਸਿੰਘ, ਇੰਦਰਬੀਰ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਤੇ ਹੋਰ ਕਈ ਸਿੰਘਾਂ, ਸਿੰਘਣੀਆਂ ਤੇ ਭੁਜੰਗੀਆਂ ਨੇ ਹਿੱਸਾ ਲਿਆ।

ਭਾਈ ਦਲਜੀਤ ਸਿੰਘ, ਭਾਈ ਗੁਰਲਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਰਵਿੰਦਰ ਸਿੰਘ ਰਿੰਪੀ, ਭਾਈ ਵਰਿੰਦਰ ਸਿੰਘ ਪ੍ਰਧਾਨ ਮਨਟੀਕਾ ਗੁਰੂਘਰ, ਬਾਬਾ ਸਮਸੇਰ ਸਿੰਘ, ਅੰਮ੍ਰਿਤ ਸਿੰਘ, ਮਨਜੀਤ ਸਿੰਘ, ਮਨਮੋਹਨ ਸਿੰਘ, ਸਾਹੀ ਸਾਹਿਬ, ਭਾਈ ਲਖਵੀਰ ਸਿੰਘ ਫਰੀਮਾਂਟ ਤੇ ਪਰਿਵਾਰ, ਪਰਮਜੀਤ ਸਿੰਘ, ਰਮਨ ਸਿੰਘ, ਬੀਬੀ ਪ੍ਰਸਿੰਨ ਕੌਰ, ਬੀਬੀ ਗੁਰਬਖਸ ਕੌਰ, ਲਵਨੀਤ ਕੌਰ, ਮਨਜੀਤ ਕੌਰ, ਗੁਰਿੰਦਰ ਕੌਰ ਤੇ ਹੋਰ ਕਈਆਂ ਨੇ ਗਰਮੀ ਵਿਚ ਪਾਣੀ ਦੀ ਸੇਵਾ ਕੀਤੀ। ਵਾਲੰਟੀਅਰਾਂ ਨੇ ਅਮਰੀਕਨਾਂ ਨੂੰ ਸਿੱਖ ਕੌਮ ਦੇ ਸੇਵਾ ਭਾਵ ਅਤੇ ਮਾਰਸ਼ਲ ਕਿਰਦਾਰ ਬਾਰੇ ਵੀ ਜਾਣਕਾਰੀ ਦਿੱਤੀ।



# ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦਾ ਗਠਨ

**ਫਰੀਮਾਂਟ (ਮਹਿੰਦਰ ਕੰਡਾ):** ਕੈਲੀਫੋਰਨੀਆ ਦੇ ਖੇਡ ਕਲੱਬਾਂ ਵਲੋਂ ਇਕ ਕਬੱਡੀ ਫੈਡਰੇਸ਼ਨ ਦਾ ਗਠਨ ਕੀਤਾ ਗਿਆ ਹੈ ਜਿਸ ਦਾ ਨਾਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਰਖਿਆ ਗਿਆ ਹੈ, ਇਸ ਸਬੰਧੀ ਫੈਸਲਾ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ ਕਲੱਬਾਂ ਅਤੇ ਖਿਡਾਰੀਆਂ ਦੀ ਇਕ ਸਾਂਝੀ ਮੀਟਿੰਗ ਵਿਚ ਲਿਆ ਗਿਆ। ਇਹ ਮੀਟਿੰਗ ਉਘੇ ਕਬੱਡੀ ਪ੍ਰਮੋਟਰ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਦੇ ਯਤਨਾਂ ਅਤੇ ਉਦਮ ਨਾਲ ਸੱਦੀ ਗਈ ਸੀ। ਮੀਟਿੰਗ ਦੇ ਸ਼ੁਰੂ ਵਿਚ ਸ੍ਰੀ ਗਾਖਲ ਨੇ ਬਣ ਰਹੀ ਕਬੱਡੀ ਫੈਡਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਫੈਡਰੇਸ਼ਨ ਵਿਚ ਸਮੂਹ ਕਲੱਬਾਂ ਨੂੰ ਬਰਾਬਰ ਦਾ ਸਤਿਕਾਰ ਮਿਲੇਗਾ।

ਇਸ ਮੀਟਿੰਗ ਵਿਚ ਫੈਡਰੇਸ਼ਨ ਦਾ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਅਟਵਾਲ, ਚੇਅਰਮੈਨ ਬਲਜੀਤ ਸਿੰਘ ਸੰਧੂ, ਜਨਰਲ ਸੈਕਟਰੀ ਗੁਰਦਾਵਰ ਸਿੰਘ ਮਹੇੜੂ ਤੇ ਨਾਜਰ ਸਿੰਘ ਸਹੋਤਾ, ਮੀਤ ਪ੍ਰਧਾਨ ਅਮਰਜੀਤ ਸਿੰਘ ਸੰਘਾ, ਖਜਾਨਚੀ ਜਸਵਿੰਦਰ ਸਿੰਘ ਸੋਹਲ ਤੇ ਦਿਲਬਾਗ ਸਿੰਘ ਸੰਧੂ, ਸਹਾਇਕ ਖਜਾਨਚੀ ਰਾਣਾ ਕਾਹਲੋਂ ਤੇ ਸੁਖਰਾਜ ਸਿੰਘ ਯੂਬਾ ਸਿਟੀ ਨੂੰ ਚੁਣਿਆ ਗਿਆ।

ਇਹ ਵੀ ਫੈਸਲਾ ਹੋਇਆ ਕਿ ਇਹ ਚੋਣ ਇਕ ਸਾਲ ਲਈ ਹੋਵੇਗੀ ਅਤੇ ਅਗਲੇ ਸਾਲ ਚੋਣ ਲਾਟਰੀ ਸਿਸਟਮ ਰਾਹੀਂ ਹੋਵੇਗੀ। ਹਰ ਇਕ ਰਜਿਸਟਰਸ਼ੁਦਾ ਕਲੱਬ ਵਿਚੋਂ 3 ਮੈਂਬਰ ਲਏ ਜਾਣਗੇ ਅਤੇ ਮੈਂਬਰਸ਼ਿਪ ਫੀਸ 3000 ਡਾਲਰ ਹੋਵੇਗੀ।

ਇਸ ਮੀਟਿੰਗ ਵਿਚ ਜਿਹੜੀਆਂ ਕਲੱਬਾਂ ਨੇ ਹਿੱਸਾ ਲਿਆ ਉਨ੍ਹਾਂ ਵਿਚ ਸੈਂਟਾ ਕਲਾਰਾ ਸਪੋਰਟਸ ਕਲੱਬ, ਬੇ-ਏਰੀਆ ਸਪੋਰਟਸ ਕਲੱਬ, ਸੈਲਮਾ ਸਪੋਰਟਸ ਕਲੱਬ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ-ਫਰਿਜ਼ਨੋ, ਮਾਡੈਸਟੋ-ਸੈਨ ਹੋਜੇ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਕਲੱਬ, ਫਤਿਹ ਸਿੰਘ ਸਪੋਰਟਸ ਕਲੱਬ, ਸੋਲਾਨੋ ਕਾਉਂਟੀ ਸਪੋਰਟਸ ਕਲੱਬ, ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਮੋਟਰ, ਸੁਪੋਰਟਰ ਅਤੇ ਖਿਡਾਰੀ ਸ਼ਾਮਲ ਹੋਏ।

# ਲਾਈਵ ਓਕ ਵਿਚ ਤੀਆਂ ਦਾ ਪਹਿਲਾ ਮੇਲਾ

**ਯੂਬਾ ਸਿਟੀ:** ਇਥੋਂ ਨਜ਼ਦੀਕੀ ਕਸਬੇ ਲਾਈਵ ਓਕ ਵਿਚ ਤੀਆਂ ਦਾ ਪਹਿਲਾ ਮੇਲਾ ਲਾਇਆ ਗਿਆ ਜਿਸ ਵਿਚ ਬੀਬੀਆਂ ਨੇ ਤਿਆਰ ਕੀਤੀਆਂ ਵੱਖ ਵੱਖ ਆਈਟਮਾਂ ਪੇਸ਼ ਕੀਤੀਆਂ। ਸੁਖਵੰਤ ਸੁੱਖੀ ਨੇ ਆਪਣੇ ਗੀਤਾਂ ਨਾਲ ਹੋਰ ਵੀ ਰੰਗ ਬੰਨ੍ਹ ਦਿੱਤਾ। ਮੇਲ ਵਿਚ ਭਾਂਤ ਸੁਭਾਂਤੇ ਪਹਿਰਾਵਿਆਂ 'ਚ ਸਜੀਆਂ ਪੰਜ ਸੌ ਤੋਂ ਵੱਧ ਮੁਟਿਆਰਾਂ, ਸਵਾਣੀਆਂ ਅਤੇ ਬੱਚੀਆਂ ਨੇ ਹਿੱਸਾ ਲਿਆ। ਮਹਿੰਦਰਜੀਤ ਕੌਰ ਖਿਆੜਾ ਨੇ ਆਪਣੇ ਲਿਖੇ ਗੀਤ ਪੇਸ਼ ਕੀਤੇ। ਮਨਪ੍ਰੀਤ ਕੌਰ ਧਾਮੀ, ਹਰਪ੍ਰੀਤ ਕੌਰ ਧਾਮੀ ਅਤੇ ਬਲਪ੍ਰੀਤ ਕੌਰ ਧਾਮੀ ਨੇ ਬਹੁਤ ਹੀ ਸੁੰਦਰ ਆਈਟਮਾਂ ਪੇਸ਼ ਕਰਕੇ ਵਾਹ ਵਾਹ ਖੱਟੀ।

ਮੇਲੇ ਵਿਚ ਚਾਹ ਪੂੜੀਆਂ, ਛੋਲਿਆਂ ਦਾ ਖੁੱਲ੍ਹਾ ਪ੍ਰਬੰਧ ਸੀ। ਸੂਟਾਂ ਦੇ ਸਟਾਲ ਵੀ ਲਾਏ ਗਏ ਸਨ।



ਲਾਈਵ ਓਕ ਦੀਆਂ ਤੀਆਂ 'ਚ ਗਿੱਧਾ ਪੇਸ਼ ਪਾ ਰਹੀਆਂ ਕੁੜੀਆਂ

# ਅਦਾਲਤੀ ਲੜਾਈ ਪਿਛੋਂ ਮਾਪਿਆਂ ਨੂੰ ਮਿਲੀ ਅਮਨਦੀਪ

## ਚੌਦਾਂ ਸਾਲਾਂ ਦੀ ਧੀ ਦੇ ਖੁੱਸਣ 'ਤੇ ਦੁਖੀ ਹੈ ਪਾਲਣਹਾਰ ਮਾਂ

**ਮੁਕਤਸਰ:** ਕਰੀਬ ਦੋ ਸਾਲ ਲੰਬੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਪਿੰਡ ਭੁੱਲਰ ਦੇ ਗੁਰਤੇਜ ਸਿੰਘ ਤੇ ਬਲਜੀਤ ਕੌਰ ਆਪਣੀ 14 ਸਾਲਾਂ ਦੀ ਧੀ ਨੂੰ ਹਾਸਲ ਕਰਨ ਵਿਚ ਸਫਲ ਹੋ ਗਏ ਹਨ। ਦੂਜੇ ਪਾਸੇ ਅਮਨਦੀਪ ਕੌਰ ਨੂੰ ਉਸਦੇ ਕੁਦਰਤੀ ਮਾਪਿਆਂ ਵਲੋਂ ਲੈ ਜਾਣ 'ਤੇ ਉਸਨੂੰ 14 ਸਾਲ ਤੱਕ ਪਾਲਣ ਵਾਲਾ ਪਰਿਵਾਰ ਪ੍ਰੇਸ਼ਾਨ ਹੈ। ਜਾਣਕਾਰੀ ਅਨੁਸਾਰ ਇਥੋਂ ਦੇ ਬਾਂਸਲ ਨਰਸਿੰਗ ਹੋਮ ਵਿਖੇ 9 ਜਨਵਰੀ 1996 ਨੂੰ ਬਲਜੀਤ ਕੌਰ ਨੇ ਜੌੜੀਆਂ ਕੁੜੀਆਂ ਨੂੰ ਜਨਮ ਦਿੱਤਾ ਸੀ, ਜਿਸ ਬਾਰੇ ਇਕ ਦਿਨ ਬਾਅਦ ਨਰਸਿੰਗ ਹੋਮ ਦੀਆਂ ਨਰਸਾਂ ਨੇ ਉਸ ਨੂੰ ਦੱਸਿਆ ਕਿ ਉਸ ਦੀ ਇਕ ਧੀ ਮਰ ਗਈ ਹੈ ਤੇ ਉਸ ਨੂੰ ਦੱਬ ਦਿੱਤਾ ਗਿਆ ਹੈ।

ਇਸ ਤਰ੍ਹਾਂ ਉਸ ਕੁੜੀ ਦੇ ਜਨਮ ਲੈਣ ਦੀ ਗੱਲ ਉਥੇ ਹੀ ਖਤਮ ਹੋ ਗਈ ਪਰ ਕਰੀਬ 13 ਸਾਲ ਬਾਅਦ ਬਲਜੀਤ ਕੌਰ ਦੀ ਨਣਦ ਰੁਪਿੰਦਰ ਕੌਰ ਨੇ ਜਦੋਂ ਬਾਜ਼ਾਰ ਵਿਚ ਫਿਰਦੀ ਆਪਣੀ ਭਤੀਜੀ ਸੁਖਦੀਪ ਕੌਰ ਨੂੰ ਆਵਾਜ਼ ਮਾਰੀ ਤਾਂ ਉਸ ਲੜਕੀ ਨੇ ਦੱਸਿਆ ਕਿ ਉਹ ਸੁਖਦੀਪ ਕੌਰ ਨਹੀਂ, ਅਮਨਦੀਪ ਹੈ ਅਤੇ ਉਸ ਦੀ ਮਾਂ ਕਸ਼ਮੀਰ ਕੌਰ ਹੈ, ਜੋ ਤਿਲਕ ਨਗਰ ਮੁਕਤਸਰ ਵਿਖੇ ਰਹਿੰਦੀ ਹੈ ਪਰ ਸੁਖਦੀਪ ਕੌਰ ਤੇ ਅਮਨਦੀਪ ਕੌਰ ਦੀ ਹੂ-ਬਹੂ ਮਿਲਦੀ ਸ਼ਕਲ ਨੇ ਨਰਸਿੰਗ ਹੋਮ ਵਿਚ ਮਰੀ ਲੜਕੀ ਦੇ ਭੇਤ ਦੀਆਂ ਪਰਤਾਂ ਖੋਲ੍ਹ ਦਿੱਤੀਆਂ। ਗੁਰਤੇਜ ਸਿੰਘ ਹੋਰਾਂ ਵਲੋਂ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਉਨ੍ਹਾਂ ਦੀ ਲੜਕੀ ਮਰੀ ਨਹੀਂ ਸੀ, ਸਗੋਂ ਨਰਸਿੰਗ ਹੋਮ ਦੀ ਮਿਲੀਭੁਗਤ ਨਾਲ ਉਸ ਲੜਕੀ ਨੂੰ ਕਸ਼ਮੀਰ ਕੌਰ ਕੋਲ ਵੇਚ ਦਿੱਤਾ ਗਿਆ ਸੀ। ਗੁਰਤੇਜ ਸਿੰਘ ਦੀ ਸ਼ਿਕਾਇਤ 'ਤੇ ਬਾਂਸਲ ਨਰਸਿੰਗ ਹੋਮ ਦੇ ਡਾਕਟਰ ਤਰਸੇਮ ਚੰਦ ਬਾਂਸਲ, ਡਾਕਟਰ ਊਸ਼ਾ ਗੁਪਤਾ ਅਤੇ ਪੰਜ ਨਰਸਾਂ ਖਿਲਾਫ ਕੇਸ ਵੀ ਦਰਜ ਕੀਤਾ ਗਿਆ। ਮਾਮਲਾ ਅਦਾਲਤ ਵਿਚ ਆ ਗਿਆ। ਇਥੋਂ ਦੀ ਅਦਾਲਤ ਨੇ ਪੁਲੀਸ ਨੂੰ ਅਮਨਦੀਪ ਕੌਰ ਨੂੰ ਉਸ ਦੇ ਕੁਦਰਤੀ ਮਾਪਿਆਂ ਦੇ ਹਵਾਲੇ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਪਰ ਨਾ ਤਾਂ ਪੁਲੀਸ ਨੇ ਅਮਨਦੀਪ ਕੌਰ ਨੂੰ ਉਸ ਦੇ ਮਾਪਿਆਂ ਹਵਾਲੇ ਕੀਤਾ ਤੇ ਨਾ ਹੀ ਕਸ਼ਮੀਰ ਕੌਰ ਨੇ ਅਮਨਦੀਪ ਕੌਰ ਨੂੰ ਜਾਣ ਦਿੱਤਾ। ਇਸ ਤੇ ਗੁਰਤੇਜ ਸਿੰਘ ਦੇ ਵਕੀਲ ਕਮਲਜੀਤ ਸਿੰਘ ਹੇਅਰ ਨੇ ਅਦਾਲਤ ਨੂੰ ਜਾਣੂੰ ਕਰਵਾਇਆ ਤਾਂ ਅਮਨਦੀਪ ਕੌਰ ਨੂੰ ਅਦਾਲਤ ਵਿਚ ਬੁਲਾ ਕੇ ਉਸ ਦੇ ਕੁਦਰਤੀ ਮਾਪਿਆਂ ਦੇ ਹਵਾਲੇ ਕਰ ਦਿੱਤਾ ਗਿਆ।

ਆਪਣੇ ਮਾਪਿਆਂ ਅਤੇ ਭੈਣ ਭਾਈਆਂ ਕੋਲ ਪਹੁੰਚ ਕੇ ਅਮਨਦੀਪ ਕੌਰ ਜਿਥੇ ਬਹੁਤ ਖੁਸ਼ ਸੀ, ਉਥੇ ਆਪਣੀ ਪਹਿਲੀ ਮਾਂ ਕਸ਼ਮੀਰ ਕੌਰ ਤੋਂ ਵਿਛੜਨ 'ਤੇ ਉਸ ਦੀਆਂ ਅੱਖਾਂ 'ਚ ਨਮੀ ਵੀ ਤੈਰ ਰਹੀ ਸੀ। ਉਸ ਨੇ ਕਿਹਾ ਕਿ ਕਸ਼ਮੀਰ ਕੌਰ ਉਸ ਦੀ ਪਹਿਲੀ ਮਾਂ ਹੈ ਤੇ ਉਸ ਦੀ ਇੱਛਾ ਹੈ ਕਿ ਉਸ ਦੇ ਵਿਆਹ ਮੌਕੇ ਉਹ ਜ਼ਰੂਰ ਸ਼ਾਮਲ ਹੋਵੇ। ਇਸ ਦੌਰਾਨ ਐਡਵੋਕੇਟ ਸ੍ਰੀ ਹੇਅਰ ਨੇ ਦੱਸਿਆ ਕਿ ਨਰਸਿੰਗ ਹੋਮ ਦੇ ਡਾਕਟਰਾਂ ਤੇ ਨਰਸਾਂ ਖਿਲਾਫ ਦਰਜ ਕੇਸ ਨੂੰ ਪੁਲੀਸ ਨੇ ਖਾਰਜ ਕਰ ਦਿੱਤਾ ਸੀ, ਜਿਸ ਸਬੰਧੀ ਹੁਣ ਮੁਦੱਈਆ ਵਲੋਂ ਅਦਾਲਤ ਵਿਚ ਇਸਤਗਾਸਾ ਦਾਇਰ ਕੀਤਾ ਗਿਆ ਹੈ। ਜਦਕਿ ਲੜਕੀ ਦੀ ਪਾਲਣਹਾਰ ਮਾਂ ਕਸ਼ਮੀਰ ਕੌਰ ਦਾ ਕਹਿਣਾ ਹੈ ਕਿ ਉਸਨੇ 14 ਸਾਲ ਪਹਿਲਾਂ ਦੋ ਕੁ ਦਿਨਾਂ ਦੀ ਇਕ ਬੱਚੀ ਨੂੰ ਗੋਦ ਲੈ ਕੇ ਚੂੰਘਣੀ ਨਾਲ ਦੁੱਧ ਪਿਆ ਕੇ ਪਾਲਿਆ। ਉਸ ਦਾ ਨਾਮ ਅਮਨਦੀਪ ਕੌਰ ਰੱਖਿਆ ਪਰ ਲਾਡ ਨਾਲ ਸਾਰੇ ਉਸ ਨੂੰ ਕਾਕੂ ਕਹਿੰਦੇ। ਆਪਣੀ ਬੀਮਾ ਪਾਲਸੀ ਦਾ 'ਨੌਮਿਨੀ' ਕਾਕੂ ਨੂੰ ਬਣਾਇਆ ਅਤੇ ਸਕੂਲ ਪੜ੍ਹਨ ਲਾਇਆ। ਤੇ ਹੁਣ ਜਦੋਂ ਉਹ ਅੱਠਵੀਂ ਕਲਾਸ ਵਿਚ ਪੜ੍ਹ ਰਹੀ ਸੀ ਤਾਂ ਅਚਾਨਕ ਉਸ ਦੇ ਅਸਲੀ ਮਾਪੇ 'ਪ੍ਰਗਟ' ਹੋ ਗਏ। ਥਾਣੇ ਤੇ ਫਿਰ ਕਚਹਿਰੀ ਕੇਸ ਪਹੁੰਚਿਆ। ਅਖੀਰ ਅਦਾਲਤ ਦੇ ਹੁਕਮਾਂ ਨਾਲ ਅਸਲੀ ਮਾਪੇ ਕਾਕੂ ਨੂੰ ਆਪਣੇ ਨਾਲ ਲੈ ਗਏ।

ਧੀ ਦੀ ਵਾਪਸੀ ਲਈ ਹਰ ਜਣੇ-ਖਣੇ ਦੇ ਹਾੜੇ ਕੱਢਦੀ ਕਸ਼ਮੀਰ ਕੌਰ ਨੇ ਦੱਸਿਆ ਕਿ ਕਰੀਬ 14 ਸਾਲ ਪਹਿਲਾਂ ਉਸ ਦੀ 12 ਕੁ ਵਰ੍ਹਿਆਂ ਦੀ ਧੀ ਦੀ ਮੌਤ ਹੋ ਗਈ ਸੀ। ਉਸ ਦਾ ਪਤੀ ਬਲਵਿੰਦਰ ਸਿੰਘ ਧੀ ਦੇ ਵਿਯੋਗ ਵਿਚ ਦਿਨ ਰਾਤ ਸਿਵਿਆਂ ਨੂੰ ਤੁਰਿਆ ਰਹਿੰਦਾ ਸੀ। ਇਸ ਲਈ ਉਸ ਨੇ ਪਿੰਡ ਭੁੱਲਰ ਦੇ ਗੁਰਤੇਜ ਸਿੰਘ ਤੇ ਬਲਜੀਤ ਕੌਰ ਦੇ ਜੰਮੀਆਂ ਜੌੜੀਆਂ ਕੁੜੀਆਂ 'ਚੋਂ ਇਕ ਲੜਕੀ ਗੋਦ ਲੈ ਲਈ। ਪਰ ਹੁਣ ਅਦਾਲਤ ਨੇ ਉਸ ਨੂੰ ਇਸ ਧੀ ਤੋਂ ਵਿਰਵਾ ਕਰ ਦਿੱਤਾ ਹੈ। ਕਸ਼ਮੀਰ ਕੌਰ ਨੇ ਦੱਸਿਆ ਕਿ ਕਾਕੂ ਬਿਨਾਂ ਉਸਨੂੰ ਕੁਝ ਚੰਗਾ ਨਹੀਂ ਲੱਗਦਾ। ਸਾਰਾ ਟੱਬਰ ਰੋ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਕਾਕੂ ਕਿਸੇ ਹਾਲ ਵਿਚ ਵੀ 'ਭੁੱਲਰ ਵਾਲਿਆਂ' ਕੋਲ ਰਹਿਣ ਵਾਸਤੇ ਤਿਆਰ ਨਹੀਂ। ਕਸ਼ਮੀਰ ਕੌਰ ਤੇ ਉਸ ਦੇ ਪੁੱਤਰ ਜਸਪਾਲ ਸਿੰਘ ਨੇ ਕਿਹਾ ਕਿ ਉਹ ਉਚ ਅਦਾਲਤ ਤੇ ਫਿਰ ਉਸ ਤੋਂ ਬਾਅਦ ਸੁਪਰੀਮ ਕੋਰਟ 'ਚ ਵੀ ਜਾਣਗੇ।

*Visit us on the web:*
***punjabtimesusa.com***


**BIG RIG TIRE & SERVICE**

954 Glenwood Ave, Turlock, CA 95380

**Ph 209-669-6989, 209-678-6176**

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ। ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ।



**24 Hours Road Service**

**NEW & USED TIRE SALE & SERVICE**

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

**CENTRAL VALLET TRUCK SCHOOL**

Re-Opens

SCHOOL @ SAME PLACE

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਘੱਗਰ ਦੀ ਤਬਾਹੀ ਪੰਜਾਬ ਹਰਿਆਣਾ ਗਲਤ ਹੱਦਬੰਦੀ ਦਾ ਸਿੱਟਾ

**ਜਸਵੀਰ ਸਿੰਘ**

**ਜਲੰਧਰ:** ਪੰਜਾਬ ਅਤੇ ਹਰਿਆਣਾ ਦੇ ਕੁਝ ਜ਼ਿਲ੍ਹਿਆਂ ਵਿਚ ਹੜ੍ਹਾਂ ਨੇ ਪਿਛਲੇ ਦਿਨਾਂ ਵਿਚ ਵਿਆਪਕ ਤਬਾਹੀ ਮਚਾਈ ਹੈ। ਇਸ ਦੇ ਸਿੱਟੇ ਵਜੋਂ ਦੋਵਾਂ ਰਾਜਾਂ ਨੇ ਇਕ ਦੂਜੇ ਨੂੰ ਦੋਸ਼ੀ ਵੀ ਠਹਿਰਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਲੁਧਿਆਣਾ ਦੇ ਸਮਰਾਲਾ-ਖੰਨਾ ਖੇਤਰ ਤੋਂ ਇਲਾਵਾ ਮੁਹਾਲੀ, ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਹੜ੍ਹਾਂ ਨੇ ਉਦੋਂ ਤਬਾਹੀ ਮਚਾਈ ਜਦੋਂ ਤਕਰੀਬਨ ਪੌਣਾ ਪੰਜਾਬ ਗਰਮੀ ਨਾਲ ਸੜ ਰਿਹਾ ਸੀ। ਇਕ ਪਾਸੇ ਜਲੰਧਰ, ਅੰਮ੍ਰਿਤਸਰ ਅਤੇ ਮੁਕਤਸਰ, ਹੁਸ਼ਿਆਰਪੁਰ ਆਦਿ ਜ਼ਿਲ੍ਹਿਆਂ ਵਿਚ ਚਮੜੀ ਲੂਹਣ ਵਾਲੀ ਗਰਮੀ ਦੀਆਂ ਖਬਰਾਂ ਆ ਰਹੀਆਂ ਸਨ, ਦੂਜੇ ਪਾਸੇ ਹਰਿਆਣਾ ਦੇ ਪੱਛਮੀ ਜ਼ਿਲ੍ਹਿਆਂ ਕੁਰੂਕਸ਼ੇਤਰ, ਅੰਬਾਲਾ, ਕੈਥਲ ਆਦਿ ਵਿਚ ਭਿਆਨਕ ਹੜ੍ਹਾਂ ਦੀਆਂ ਖਬਰਾਂ ਛਪ ਰਹੀਆਂ ਸਨ। ਅਸਲ ਵਿਚ ਇਹ ਇਸ ਕਰਕੇ ਵਾਪਰਿਆ ਕਿ ਪਿਛਲੇ ਹਫਤੇ ਹਿਮਾਚਲ ਦੇ ਉਸ ਪਹਾੜੀ ਖੇਤਰ ਵਿਚ ਭਾਰੀ ਬਾਰਿਸ਼ ਹੋਈ ਜਿੱਥੋਂ ਦਾ ਪਾਣੀ ਨੁੱਚੜ ਕੇ ਘੱਗਰ ਦਰਿਆ ਵਿਚ ਅਤੇ ਇਸ ਦੀਆਂ ਸਹਾਇਕ ਨਦੀਆਂ ਵਿਚ ਆਣ ਪੈਂਦਾ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੇ ਘੱਗਰ ਨਾਲ ਸੰਬੰਧਿਤ ਕੈਚਮੈਂਟ ਖੇਤਰ ਵਿਚ ਵੀ ਭਰਵੀਂ ਬਾਰਿਸ਼ ਹੋ ਗਈ। ਇਸ ਨੇ ਪੰਜਾਬ ਅਤੇ ਹਰਿਆਣਾ ਦੇ ਘੱਗਰ ਦਰਿਆ ਦੇ ਨਾਲ ਨਾਲ ਪੈਂਦੇ ਖੇਤਰਾਂ ਵਿਚ ਭਿਆਨਕ ਹੜ੍ਹਾਂ ਵਾਲੀ ਸਥਿਤੀ ਪੈਦਾ ਕਰ ਦਿੱਤੀ। ਇਸ ਦੇ ਸਿੱਟੇ ਵਜੋਂ ਨਾ ਕੇਵਲ ਪੰਜਾਬ ਵਿਚ ਹੀ 25 ਮੌਤਾਂ ਹੋ ਜਾਣ ਦੀਆਂ ਖਬਰਾਂ ਹਨ ਸਗੋਂ ਹਰਿਆਣਾ 'ਚ ਵੀ 11 ਮੌਤਾਂ ਹੋਣ ਦੀਆਂ ਖਬਰਾਂ ਪ੍ਰਾਪਤ ਹੋਈਆਂ।



*ਸਰਦੂਲਗੜ੍ਹ ਨੇੜੇ ਘੱਗਰ ਵਿਚ ਪਏ ਪਾੜ ਨੂੰ ਭਰਨ ਲਈ ਮੰਗਲਵਾਰ ਨੂੰ ਜੁਟੇ ਹੋਏ ਪਿੰਡ ਵਾਸੀ ਅਤੇ ਰਾਹਤ ਕਰਮਚਾਰੀ*

ਯਾਦ ਰਹੇ ਦੋਵਾਂ ਰਾਜਾਂ ਵਿਚ ਪੈਦਾ ਹੋਈ ਹੜ੍ਹਾਂ ਵਾਲੀ ਸਥਿਤੀ ਨੂੰ ਲੈ ਕੇ ਖਿੱਚੋਤਾਣ ਵਾਲੀ ਹਾਲਤ ਵੀ ਪੈਦਾ ਹੋ ਗਈ ਹੈ। ਇਕ ਪਾਸੇ ਹਰਿਆਣਾ ਦਾ ਆਖਣਾ ਹੈ ਕਿ ਪੰਜਾਬ ਨੇ ਘੱਗਰ ਦਰਿਆ ਦਾ ਪਾਣੀ ਐਸ ਵਾਈ ਐਲ ਨਹਿਰ ਵਿਚ ਪਾ ਦਿੱਤਾ, ਜਿਹੜਾ ਹਰਿਆਣਾ ਦੇ ਖੇਤਰ ਵਿਚ ਹੜ੍ਹਾਂ ਦਾ ਕਾਰਨ ਬਣਿਆ ਅਤੇ ਦੂਜੇ ਪਾਸੇ ਪੰਜਾਬ ਦਾ ਆਖਣਾ ਹੈ ਕਿ ਹਰਿਆਣਾ ਵਲੋਂ ਭਾਖੜਾ ਨਹਿਰ ਵਿਚੋਂ ਪਾਣੀ ਹਾਸਲ ਕਰਨ ਲਈ ਬਣਾਈ ਗਈ ਹਾਂਸੀ-ਬੁਟਾਣਾ ਨਹਿਰ ਪੰਜਾਬ ਦੇ ਡੇਢ ਸੌ ਤੋਂ ਉਪਰ ਪਿੰਡਾਂ ਵਿਚ ਹੜ੍ਹਾਂ ਦਾ ਕਾਰਨ ਬਣੀ। ਮੀਡੀਆ ਦੇ ਇਕ ਹਿੱਸੇ ਵਲੋਂ ਤਾਂ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਦੇ ਸੰਗਰੂਰ ਅਤੇ ਪਟਿਆਲਾ ਦੇ ਬਹੁਤੇ ਹਿੱਸਿਆਂ ਵਿਚ ਹੜ੍ਹਾਂ ਦਾ ਕਾਰਨ ਕੇਵਲ ਹਾਂਸੀ-ਬੁਟਾਣਾ ਨਹਿਰ ਹੀ ਬਣੀ ਹੈ।

ਪਰ ਦੋਵਾਂ ਰਾਜਾਂ ਦੇ ਘੱਗਰ ਨਾਲ ਸੰਬੰਧਿਤ ਖੇਤਰ ਵਿਚ ਹੜ੍ਹਾਂ ਦੀ ਮਾਰ ਦੇ ਸਬੰਧ ਵਿਚ ਮਾਹਿਰਾਂ ਦਾ ਕੁਝ ਹੋਰ ਵੀ ਕਹਿਣਾ ਹੈ। ਮਸਲੇ ਦੇ ਜਾਣਕਾਰਾਂ ਦਾ ਆਖਣਾ ਹੈ ਕਿ ਇਸ ਖੇਤਰ ਵਿਚ ਪੈਣ ਵਾਲੀ ਬਹੁਤੀ ਮਾਰ ਪ੍ਰਸ਼ਾਸਨਿਕ ਘਾਟਾਂ ਅਤੇ ਦੋਵਾਂ ਰਾਜਾਂ ਦੀ ਗੈਰਕੁਦਰਤੀ ਵੰਡ ਦਾ ਸਿੱਟਾ ਹੈ। ਅਸਲ ਵਿਚ ਹਰਿਆਣਾ ਦੇ ਪੱਛਮ ਵਲ ਦੇ ਜ਼ਿਲ੍ਹੇ, ਜਿਨ੍ਹਾਂ ਦੇ ਪਾਣੀ ਦਾ ਕੁਦਰਤੀ ਵਹਿਣ ਘੱਗਰ ਦਰਿਆ ਵਲ ਹੈ। ਉਹ ਖੇਤਰ ਭਾਸ਼ਾਈ ਅਤੇ ਸੱਭਿਆਚਾਰਕ ਤੌਰ 'ਤੇ ਵੀ ਪੰਜਾਬ ਦਾ ਹਿੱਸਾ ਹੈ। ਅੰਬਾਲੇ ਦਾ ਤਾਂ ਦੋਵਾਂ ਰਾਜਾਂ ਦੀ ਵੰਡ ਵੇਲੇ ਵੀ ਵੱਡਾ ਰੌਲਾ ਪੈਂਦਾ ਰਿਹਾ ਹੈ। ਹਰਿਆਣਾ ਦੇ ਪੂਰਬੀ ਹਿੱਸੇ ਦੇ ਪਾਣੀ ਦੀ ਢਲਾਣ ਬੰਗਾਲ ਦੀ ਖਾੜੀ ਵਲ ਹੈ ਅਤੇ ਉਰ੍ਹਾਂ ਵਾਲੇ ਹਿੱਸੇ ਦੀ ਸਿੰਧ ਵਾਦੀ ਅਤੇ ਅਰਬ ਸਾਗਰ ਵਲ। ਇੰਜ ਕੁਦਰਤੀ ਤੌਰ 'ਤੇ ਹਰਿਆਣਾ ਦੇ ਪੱਛਮੀ ਜ਼ਿਲ੍ਹੇ ਪ੍ਰਸ਼ਾਸਨਿਕ ਤੇ ਰਾਜਸੀ ਤੌਰ 'ਤੇ ਵੀ ਪੰਜਾਬ ਦਾ ਹੀ ਹਿੱਸਾ ਹੋਣੇ ਚਾਹੀਦੇ ਸਨ। ਅਸਲ ਵਿਚ ਘੱਗਰ ਦਰਿਆ ਦੀ ਕੈਚਮੈਂਟ ਵਾਲਾ ਸਮੁੱਚਾ ਖੇਤਰ ਸਿੰਧ ਵਾਦੀ ਦਾ ਹਿੱਸਾ ਬਣਦਾ ਹੈ ਅਤੇ ਇਹ ਪ੍ਰਸ਼ਾਸਨਿਕ ਤੌਰ 'ਤੇ ਵੀ ਪੰਜਾਬ ਵਿਚ ਹੋਣਾ ਚਾਹੀਦਾ ਸੀ। ਇਸ ਹਿੱਸੇ ਦੀ ਸੱਭਿਆਚਾਰਕ ਅਤੇ ਭਾਸ਼ਾਈ ਨੇੜਤਾ ਵੀ ਪੰਜਾਬ ਨਾਲ ਹੀ ਹੈ। ਜੇ ਇਹ ਹਿੱਸਾ ਪੰਜਾਬ ਵਿਚ ਹੁੰਦਾ ਤਾਂ ਇਸ ਖੇਤਰ ਵਿਚ ਹੜ੍ਹਾਂ ਦੀ ਮੈਨੇਜਮੈਂਟ ਦੀ ਜ਼ਿੰਮੇਵਾਰੀ ਵੀ ਇਕ ਰਾਜ ਦੇ ਹਿੱਸੇ ਹੀ ਹੋਣੀ ਸੀ ਇੰਜ ਇਨ੍ਹਾਂ ਉਪਰ ਕਾਬੂ ਪਾਉਣਾ ਵੀ ਸੌਖਾ ਸੀ। ਦੋਵਾਂ ਰਾਜਾਂ ਵਲੋਂ ਹੜ੍ਹਾਂ ਲਈ ਇਕ ਦੂਜੇ ਨੂੰ ਮਿਹਣੇ ਮਾਰਨ ਵਾਲੀ ਮੌਜੂਦਾ ਨੌਬਤ ਵੀ ਨਹੀਂ ਸੀ ਖੜ੍ਹੀ ਹੋਣੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਲੋਂ ਇਹ ਲਗਾਤਾਰ ਕਿਹਾ ਜਾ ਰਿਹਾ ਹੈ ਕਿ ਹਰਿਆਣਾ ਪੰਜਾਬ ਦੇ ਦਰਿਆਵਾਂ ਦਾ ਰਿਪੇਰੀਅਨ ਖੇਤਰ ਨਹੀਂ ਹੈ ਇਸ ਲਈ ਉਸ ਨੂੰ ਬਿਆਸ ਅਤੇ ਸਤਲੁਜ ਦਰਿਆਵਾਂ ਵਿਚੋਂ ਹਾਸਲ ਕੀਤੇ ਪਾਣੀ ਦੀ ਰਾਇਲਟੀ ਦੇਣੀ ਚਾਹੀਦੀ ਹੈ। ਅਸਲ ਸਥਿਤੀ ਇਹ ਹੈ ਕਿ ਹਰਿਆਣਾ ਦਾ ਪੱਛਮੀ ਖੇਤਰ ਘੱਗਰ ਦਰਿਆ ਦਾ ਰਿਪੇਰੀਅਨ ਖੇਤਰ ਬਣਦਾ ਹੈ ਅਤੇ ਇਹੋ ਜ਼ਿਲ੍ਹੇ ਇਸ ਦਰਿਆ ਵਿਚੋਂ ਪਾਣੀ ਲੈਣ ਦੇ ਹੱਕਦਾਰ ਹਨ। ਦੋਵਾਂ ਰਾਜਾਂ ਦੇ ਕੁਝ ਖੇਤਰਾਂ ਵਿਚ ਘੱਗਰ ਦੇ ਜ਼ਰੀਏ ਆਏ ਹੜ੍ਹ ਇਹ ਵੀ ਦਰਸਾਉਂਦੇ ਹਨ ਕਿ ਦਰਿਆ ਕਿਸੇ ਰਾਜ ਲਈ ਸਿਰਫ ਨਿਆਮਤ ਨਹੀਂ ਹੁੰਦੇ, ਸਗੋਂ ਇਹ ਜਦੋਂ ਹੜ੍ਹ ਲਿਆਉਂਦੇ ਹਨ ਤਾਂ ਭਿਆਨਕ ਤਬਾਹੀ ਵੀ ਮਚਾਉਂਦੇ ਹਨ। ਅਜਿਹੀ ਸਥਿਤੀ ਅਸੀਂ ਹੁਣ ਪੰਜਾਬ ਦੇ ਪੂਰਬੀ ਅਤੇ ਹਰਿਆਣਾ ਦੇ ਪੱਛਮੀ ਜ਼ਿਲ੍ਹਿਆਂ ਵਿਚ ਘੱਗਰ ਦਰਿਆ ਦੇ ਸਿੱਟੇ ਵਜੋਂ ਵੇਖ ਵੀ ਰਹੇ ਹਾਂ।

## ਲੌਕੀ ਦਾ ਜੂਸ ਪੀਣ ਨਾਲ ਵਿਗਿਆਨੀ ਦੀ ਮੌਤ

**ਨਵੀਂ ਦਿੱਲੀ :** ਜੇ ਲੌਕੀ ਖਾਣ ਦੇ ਸ਼ੌਕੀਨ ਹੋ ਤਾਂ ਧਿਆਨ ਦੇਵੋ ਕਿ ਲੌਕੀ ਦੀ ਸਬਜ਼ੀ ਬਣਾਉਣ ਜਾਂ ਇਸ ਦਾ ਜੂਸ ਪੀਣ ਸਮੇਂ ਚੌਕਸੀ ਜ਼ਰੂਰ ਵਰਤੋ। ਇਹ ਇਸ ਲਈ ਕਿਹਾ ਜਾ ਰਿਹਾ ਹੈ, ਕਿਉਂਕਿ ਅੱਜ ਕੱਲ੍ਹ ਲੌਕੀ ਵਿਚ ਜ਼ਹਿਰ ਆ ਰਿਹਾ ਹੈ। ਇਹ ਜ਼ਹਿਰ ਤੁਹਾਨੂੰ ਲਾਭ ਪਹੁੰਚਾਉਣ ਦੀ ਥਾਂ ਹਮੇਸ਼ਾ ਲਈ ਸੁਆ ਵੀ ਸਕਦੀ ਹੈ। ਵਾਰ-ਵਾਰ ਮੌਸਮ ਬਦਲਣ ਕਾਰਨ ਲੌਕੀ ਵੀ ਆਪਣਾ ਸਵਾਦ ਬਦਲ ਰਹੀ ਹੈ। ਦਿੱਲੀ ਵਿਚ ਸੀ. ਐਸ. ਆਈ. ਆਰ. ਦੇ ਇਕ ਵਿਗਿਆਨੀ ਸੁਸ਼ੀਲ ਸ਼ਰਮਾ ਦੀ ਲੌਕੀ ਦਾ ਜੂਸ ਪੀਣ ਨਾਲ ਮੌਤ ਹੋ ਗਈ।

ਡਾਕਟਰਾਂ ਮੁਤਾਬਕ ਸੁਸ਼ੀਲ ਅਤੇ ਉਸ ਦੀ ਪਤਨੀ ਨੇ ਲੌਕੀ ਅਤੇ ਕਰੇਲੇ ਨੂੰ ਮਿਲਾ ਕੇ ਜੂਸ ਬਣਾ ਕੇ ਪੀਤਾ, ਇਸ ਪਿੱਛੋਂ ਉਨ੍ਹਾਂ ਦੀ ਹਾਲਤ ਵਿਗੜ ਗਈ। ਦੋਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਸੁਸ਼ੀਲ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪਤਨੀ ਦੀ ਹਾਲਤ ਸ਼ੁੱਕਰਵਾਰ ਸ਼ਾਮ ਤਕ ਖਤਰੇ ਤੋਂ ਬਾਹਰ ਦੱਸੀ ਗਈ ਸੀ।

## ਭਾਰਤ ਦੇ ਦਰਿਆਈ ਜਾਲ 'ਤੇ ਇਕ ਝਾਤ

**ਜਲੰਧਰ:** ਭਾਰਤ ਦੇ ਕੁਦਰਤੀ ਦਰਿਆਈ ਵਹਿਣਾਂ ਉਪਰ ਜੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਦੱਖਣ ਭਾਰਤ ਦੇ ਦਰਿਆਵਾਂ ਮਹਾਨਦੀ, ਗੁਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ ਦਾ ਵਹਾਅ ਪੱਛਮ ਤੋਂ ਪੂਰਬ ਵਲ ਹੈ। ਵੈਸੇ ਵੀ ਇਹ ਬਰਸਾਤੀ ਦਰਿਆ ਹਨ ਇਹ ਸਾਰਾ ਸਾਲ ਨਹੀਂ ਵਗਦੇ। ਪੱਛਮੀ ਭਾਰਤ ਦੇ ਦਰਿਆ ਨਰਬਦਾ ਅਤੇ ਤਾਪਤੀ ਹਨ ਇਨ੍ਹਾਂ ਦਾ ਵਹਾਅ ਪੂਰਬ ਤੋਂ ਪੱਛਮ ਵਲ ਹੈ। ਇਹ ਵੀ ਮੌਸਮੀ ਦਰਿਆ ਹਨ ਜੋ ਸਾਰਾ ਸਾਲ ਨਹੀਂ ਵਗਦੇ। ਉਤਰ-ਪੱਛਮੀ ਭਾਰਤ ਦੇ ਦਰਿਆਈ ਪ੍ਰਬੰਧ ਵਿਚ ਸਤਲੁਜ ਅਤੇ ਇਸ ਦੀਆਂ ਸਹਾਇਕ ਨਦੀਆਂ ਜਿਵੇਂ ਘੱਗਰ, ਬਿਆਸ, ਰਾਵੀ, (ਕਸ਼ਮੀਰ ਅਤੇ ਹਿਮਾਚਲ ਵਿਚ ਝਨਾ ਜੇਹਲਮ ਅਤੇ ਸਿੰਧ) ਮੁੱਖ ਤੌਰ 'ਤੇ ਆਉਂਦੀਆਂ ਹਨ। ਇਨ੍ਹਾਂ ਦਾ ਕੁਦਰਤੀ ਵਹਾਅ ਪੱਛਮ ਵਲ ਹੈ ਤੇ ਅਖੀਰ ਨੂੰ ਇਹ ਦਰਿਆ ਅਰਬ ਸਾਗਰ ਵਿਚ ਜਾ ਡਿਗਦੇ ਹਨ। ਪੂਰਬੀ ਭਾਰਤ ਦੇ ਦਰਿਆਵਾਂ ਵਿਚ ਬ੍ਰਹਮਪੁੱਤਰ ਅਤੇ ਇਸ ਦੀਆਂ ਸਹਾਇਕ ਨਦੀਆਂ ਵੀ ਆਉਂਦੀਆਂ ਹਨ ਜਿਨ੍ਹਾਂ ਦਾ ਕੁਦਰਤੀ ਵਹਾਅ ਬੰਗਾਲ ਦੀ ਖਾੜੀ ਵਲ ਹੈ।

# ਗਡਕਰੀ ਦੇ ਪੁਆੜੇ ਹੱਥੇ ਬਿਆਨ ਵਿਵਾਦ ਬਣੇ

ਮਨੋਰੋਗ ਸੰਬੰਧੀ ਕਿਸੇ ਹਸਪਤਾਲ 'ਚ ਲਿਜਾਣਾ ਚਾਹੀਦਾ ਹੈ।" ਕਾਂਗਰਸ ਦੇ ਇਕ ਹੋਰ ਬੁਲਾਰੇ ਸ਼ਕੀਲ ਅਹਿਮਦ ਨੇ ਵੀ ਕਹਿ ਦਿੱਤਾ ਕਿ ਗਡਕਰੀ ਦਾ ਉਪਰੋਕਤ ਬਿਆਨ ਬਹੁਤ ਜਿਆਦਾ ਭੱਦਾ ਹੈ ਤੇ ਇਸ ਨੇ ਸਿੱਧ ਕਰ ਦਿੱਤਾ ਹੈ ਕਿ ਗਡਕਰੀ ਇਕ ਕੌਮੀ ਪਾਰਟੀ ਦੇ ਪ੍ਰਧਾਨਗੀ ਅਹੁਦੇ ਦੇ ਯੋਗ ਨਹੀਂ ਹਨ। ਉਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਭਾਜਪਾ ਮੁਖੀ ਦੀਆਂ ਟਿੱਪਣੀਆਂ 'ਤੇ ਪਰਤਵਾਂ ਵਾਰ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਨੇ ਗਡਕਰੀ ਨੂੰ ਪੁੱਛਿਆ ਕਿ ਉਹ ਅਫਜ਼ਲ ਗੁਰੂ ਦਾ ਕੇਸ ਲੜਨ ਵਾਲੇ ਤੇ ਪਾਰਟੀ ਦੇ ਸੰਸਦ ਮੈਂਬਰ ਰਾਮ ਜੇਠਮਲਾਨੀ ਨਾਲ ਆਪਣੇ ਸਬੰਧਾਂ ਬਾਰੇ ਸਪੱਸ਼ਟ ਕਰਨ। ਉਨ੍ਹਾਂ ਕਿਹਾ ਕਿ ਅਫਜ਼ਲ ਗੁਰੂ ਦਾ ਕੇਸ ਲੜਨ ਵਾਲੇ ਰਾਮ ਜੇਠਮਲਾਨੀ, ਨਿਤਿਨ ਗਡਕਰੀ ਦੀ ਮਿਹਰਬਾਨੀ ਸਦਕਾ ਭਾਜਪਾ ਦੇ ਸੰਸਦ ਮੈਂਬਰ ਬਣ ਗਏ ਹਨ। ਉਨ੍ਹਾਂ ਕਿਹਾ ਕਿ ਗਡਕਰੀ ਇਸ ਕਾਨੂੰਨਦਾਨ ਨਾਲ ਆਪਣੇ ਸਬੰਧਾਂ ਬਾਰੇ ਖੁਲਾਸਾ ਕਰਨ। ਦਿਗਵਿਜੈ ਸਿੰਘ ਨੇ ਹੋਰ ਕਿਹਾ ਕਿ ਉਹ ਅਜਿਹੀਆਂ "ਗੈਰ-ਗੰਭੀਰ ਅਤੇ ਹੌਲੀਆਂ" ਟਿੱਪਣੀਆਂ ਕਰਨ ਵਾਲੇ ਕਿਸੇ ਬੰਦੇ ਨੂੰ ਵਧੇਰੇ ਮਹੱਤਵ ਨਹੀਂ ਦੇਣਾ ਚਾਹੁੰਦੇ। ਇਸ ਤੋਂ ਇਲਾਵਾ ਕਾਂਗਰਸ ਦੀ ਸੀਨੀਅਰ ਆਗੂ ਸ੍ਰੀਮਤੀ ਰਜਿੰਦਰ ਕੌਰ ਭੱਠਲ ਨੇ ਵੀ ਕਿਹਾ, "ਗਡਕਰੀ ਆਪਣੀ ਭਾਸ਼ਾ ਸੁਧਾਰਨ ਅਤੇ ਗੱਲ-ਗੱਲ 'ਤੇ ਘਟੀਆਪਣ ਨਾ ਦਿਖਾਉਣ। ਉਹ ਇਕ ਕੌਮੀ ਪਾਰਟੀ ਦੇ ਪ੍ਰਧਾਨ ਹਨ ਤੇ ਉਨ੍ਹਾਂ ਨੂੰ ਜ਼ਿੰਮੇਵਾਰ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਕੁਝ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ।"

ਇਨ੍ਹਾਂ ਤੋਂ ਇਲਾਵਾ ਮੁਲਾਇਮ ਸਿੰਘ ਦੀ ਸਮਾਜਵਾਦੀ ਪਾਰਟੀ ਦੇ ਬੁਲਾਰੇ ਮੋਹਨ ਸਿੰਘ ਨੇ ਵੀ ਗਡਕਰੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇਹ ਸ਼ੋਭਾ ਨਹੀਂ ਦਿੰਦਾ। ਦੂਜੇ ਪਾਸੇ ਗਡਕਰੀ ਦੇ ਹੱਕ ਵਿਚ ਖੜ੍ਹਦੇ ਹੋਏ ਭਾਜਪਾ ਆਗੂਆਂ ਨੇ ਵੀ ਕਾਂਗਰਸੀ ਬੁਲਾਰਿਆਂ ਦੀਆਂ ਟਿੱਪਣੀਆਂ 'ਤੇ ਨਾਰਾਜ਼ਗੀ ਪ੍ਰਗਟਾਈ ਹੈ ਤੇ ਉਨ੍ਹਾਂ ਨੂੰ ਮੁਆਫੀ ਮੰਗਣ ਲਈ ਕਿਹਾ ਹੈ। ਖੁਦ ਸ੍ਰੀ ਗਡਕਰੀ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਨੇ ਕੋਈ ਅਜਿਹੀ ਗੱਲ ਨਹੀਂ ਕਹੀ ਹੈ, ਜਿਸ ਦੇ ਲਈ ਉਹ ਮੁਆਫੀ ਮੰਗਣ।

ਯਾਦ ਰਹੇ 13 ਦਸੰਬਰ 2001 ਨੂੰ ਸੰਸਦ 'ਤੇ ਹੋਏ ਅਤਿਵਾਦੀ ਹਮਲੇ ਦੇ ਦੋਸ਼ੀ ਕਰਾਰ ਦਿੱਤੇ ਗਏ ਅਫਜ਼ਲ ਗੁਰੂ ਨੂੰ 18 ਸਤੰਬਰ 2002 ਨੂੰ ਦਿੱਲੀ ਦੀ ਸੈਸ਼ਨ ਕੋਰਟ ਵਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ। ਦਿੱਲੀ ਹਾਈਕੋਰਟ ਨੇ 29 ਅਕਤੂਬਰ 2003 ਅਤੇ ਸੁਪਰੀਮ ਕੋਰਟ ਨੇ 4 ਅਗਸਤ 2005 ਨੂੰ ਉਸ ਦੀ ਫਾਂਸੀ ਦੀ ਸਜ਼ਾ ਨੂੰ ਬਹਾਲ ਰੱਖਿਆ। ਇਸ 'ਤੇ ਸੈਸ਼ਨ ਕੋਰਟ ਨੇ 20 ਅਕਤੂਬਰ 2006 ਨੂੰ ਅਫਜ਼ਲ ਗੁਰੂ ਨੂੰ ਫਾਂਸੀ ਦੇਣ ਦੀ ਤਰੀਕ ਤੈਅ ਕਰ ਦਿੱਤੀ। ਇਸੇ ਦੌਰਾਨ ਉਸ ਦੀ ਪਤਨੀ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਰਜ਼ੀ ਪੇਸ਼ ਕਰ ਦਿੱਤੀ ਤੇ ਰਾਸ਼ਟਰਪਤੀ ਨੇ ਇਸ ਨੂੰ ਗ੍ਰਹਿ ਮੰਤਰਾਲੇ ਕੋਲ ਭੇਜਿਆ ਤੇ ਉਥੋਂ ਉਹ ਫਾਈਲ ਦਿੱਲੀ ਸਰਕਾਰ ਕੋਲ ਰਾਏ ਲੈਣ ਲਈ ਭੇਜ ਦਿੱਤੀ ਗਈ।

ਇਹ ਅਰਜ਼ੀ ਦਿੱਲੀ ਸਰਕਾਰ ਕੋਲ ਲਗਭਗ 4 ਸਾਲਾਂ ਤੱਕ ਦੱਬੀ ਪਈ ਰਹੀ। ਇਸ ਬਾਰੇ ਮੀਡੀਆ ਵਿਚ ਖਬਰਾਂ ਆਉਣ ਤੋਂ ਬਾਅਦ ਦਿੱਲੀ ਦੇ ਉਪ-ਰਾਜਪਾਲ ਨੇ ਅਰਜ਼ੀ ਖਾਰਿਜ਼ ਕਰਨ ਦੀ ਸਿਫਾਰਿਸ਼ ਕਰਦਿਆਂ ਫਾਈਲ ਗ੍ਰਹਿ ਮੰਤਰਾਲੇ ਨੂੰ ਵਾਪਸ ਕਰ ਦਿੱਤੀ ਤੇ 16 ਜੂਨ ਨੂੰ ਗ੍ਰਹਿ ਮੰਤਰਾਲੇ ਨੇ ਰਾਸ਼ਟਰਪਤੀ ਨੂੰ ਸੌਂਪ ਦਿੱਤੀ। ਅਫਜ਼ਲ ਗੁਰੂ ਦੀ ਫਾਈਲ ਗ੍ਰਹਿ ਮੰਤਰਾਲੇ ਵਲੋਂ 16 ਰੀਮਾਈਂਡਰ ਭੇਜੇ ਜਾਣ ਤੋਂ ਬਾਅਦ ਵੀ ਵਾਪਿਸ ਨਾ ਭੇਜੇ ਜਾਣ 'ਤੇ ਹੋਈਆਂ ਆਲੋਚਨਾਵਾਂ ਦੇ ਜਵਾਬ 'ਚ ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਸ਼ੀਲਾ ਦੀਕਸ਼ਿਤ ਨੇ ਮੀਡੀਆ ਸਾਹਮਣੇ ਇਹ ਖੁਲਾਸਾ ਕੀਤਾ ਕਿ ਸਾਬਕਾ ਗ੍ਰਹਿ ਮੰਤਰੀ ਸ੍ਰੀ ਸ਼ਿਵਰਾਜ ਪਾਟਿਲ ਨੇ ਇਸ ਰਹਿਮ ਦੀ ਅਰਜ਼ੀ ਵਾਲੀ ਫਾਈਲ ਨੂੰ ਰੋਕੀ ਰੱਖਣ ਲਈ ਕਿਹਾ ਸੀ। ਜ਼ਿਕਰਯੋਗ ਹੈ ਕਿ 13 ਦਸੰਬਰ 2001 ਨੂੰ ਸੀ ਆਰ.ਪੀ.ਐਫ. ਦੇ ਜਵਾਨਾਂ ਨੇ ਸੰਸਦ 'ਤੇ ਹਮਲਾ ਕਰਨ ਵਾਲੇ ਹਮਲਾਵਰਾਂ ਨੂੰ ਮੁਕਾਬਲੇ 'ਚ ਮਾਰ ਦਿੱਤਾ ਸੀ। ਇਸ ਦੌਰਾਨ ਸੀ.ਆਰ.ਪੀ.ਐਫ. ਦੇ 13 ਜਵਾਨ ਵੀ ਮਾਰੇ ਗਏ ਸਨ।

ਯਾਦ ਰਹੇ ਇਕ ਵਾਰ ਇਸ ਤੋਂ ਪਹਿਲਾਂ ਵੀ ਭਾਜਪਾ ਪ੍ਰਧਾਨ ਸ੍ਰੀ ਗਡਕਰੀ ਉਸ ਸਮੇਂ ਤਿੱਖੀ ਆਲੋਚਨਾ ਦਾ ਸ਼ਿਕਾਰ ਬਣੇ ਸਨ ਜਦੋਂ ਉਨ੍ਹਾਂ ਨੇ ਰਾਸ਼ਟਰੀ ਜਨਤਾ ਦਲ ਦੇ ਆਗੂ ਸ੍ਰੀ ਲਾਲੂ ਪ੍ਰਸ਼ਾਦ ਯਾਦਵ ਨੂੰ 'ਕੁੱਤਾ' ਕਹਿ ਦਿੱਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਬੇਕਰਜ਼ਫੀਲਡ ਵਿਚ ਮਾਨ ਦੇ ਸ਼ੋਅ ਦੀਆਂ ਤਿਆਰੀਆਂ ਮੁਕੰਮਲ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੇ 7 ਅਗਸਤ ਨੂੰ ਹੋ ਰਹੇ ਗੁਰਦਾਸ ਮਾਨ ਦੇ ਸ਼ੋਅ ਲਈ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਪਿਛਲੇ ਤੀਹ ਸਾਲ ਤੋਂ ਗਾਇਕੀ ਦੇ ਸਿਖਰ 'ਤੇ ਬੈਠੇ ਇਸ ਗਾਇਕ ਨੂੰ ਸੁਣਨ ਲਈ ਸਰੋਤੇ ਬੇਸਬਰੀ ਨਾਲ ਉਡੀਕ ਰਹੇ ਹਨ, ਵੇਖੀਏ ਪੰਜਾਬੀਆਂ ਦਾ ਸਭ ਤੋਂ ਵਧ ਮਕਬੂਲ ਇਹ 'ਮਰਜਾਣਾ ਮਾਨ' ਇਸ ਵਾਰ ਆਪਣੀ ਪਟਾਰੀ ਵਿਚੋਂ ਕੀ ਕੱਢਦਾ ਹੈ।



ਬੇਕਰਜ਼ਫੀਲਡ ਤੋਂ ਬਿਨਾਂ ਗੁਰਦਾਸ ਮਾਨ ਦਾ ਇਕ ਸ਼ੋਅ ਪਹਿਲੀ ਅਗਸਤ ਨੂੰ ਡੈਲਸ ਅਤੇ ਇਕ ਹੋਰ ਸ਼ੋਅ 8 ਅਗਸਤ ਨੂੰ ਐਲ ਏ ਵਿਚ ਕਰਵਾਇਆ ਜਾਏਗਾ। ਇਨ੍ਹਾਂ ਤਿੰਨਾਂ ਸ਼ੋਆਂ ਬਾਰੇ ਹੋਰ ਜਾਣਕਾਰੀ ਬੱਬੂ ਗੁਰਪਾਲ ਫੋਨ 510-557-9670 ਜਾਂ ਨਿੰਦੀ ਦੁਸਾਂਝ ਫੋਨ 661-333-3530 ਨਾਲ ਸੰਪਰਕ ਕਰਕੇ ਹਾਸਲ ਕੀਤੀ ਜਾ ਸਕਦੀ ਹੈ।

## ਨਾਟਕ 'ਧੀਆਂ ਮਰਜਾਣੀਆਂ' 24 ਜੁਲਾਈ ਨੂੰ

**ਫਰੀਮਾਂਟ:** ਪੰਜਾਬੀਆਂ ਦੇ ਧੀਆਂ ਪ੍ਰਤੀ ਰਵਾਇਤੀ ਰਵੱਈਏ ਅਤੇ ਮਾਦਾ ਭਰੂਣ ਹੱਤਿਆ ਦੇ ਵਿਸ਼ੇ ਨੂੰ ਲੈ ਕੇ ਲਿਖਿਆ ਗਿਆ ਇਕ ਨਾਟਕ 'ਧੀਆਂ ਮਰਜਾਣੀਆਂ' ਸਨਿਚਰਵਾਰ 24 ਜੁਲਾਈ ਨੂੰ ਚਬੋਟ ਕਾਲਜ ਪਰਫਾਰਮਿੰਗ ਆਰਟਸ ਥੀਏਟਰ (25555 ਹਿਸਪੇਰੀਅਨ ਬੁਲੇਵਾਰਡ, ਹੇਵਰਡ) ਵਿਚ ਸ਼ਾਮੀ 7.30 ਵਜੇ ਖੇਡਿਆ ਜਾ ਰਿਹਾ ਹੈ। ਨਿਰਦੇਸ਼ਕ ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਖੇਡਿਆ ਜਾ ਰਿਹਾ ਇਹ ਨਾਟਕ ਪੰਜਾਬ ਵਿਚ ਅਨਾਥਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਕੰਮ ਕਰ ਰਹੀ ਜਥੇਬੰਦੀ 'ਸਹਾਇਤਾ ਇੰਕ' ਦੇ ਲਾਭ ਲਈ ਹੋਵੇਗਾ। ਨਾਟਕ ਵਾਸਤੇ ਟਿਕਟ ਵੀ ਆਈ ਪੀ 100 ਡਾਲਰ, 200 ਡਾਲਰ ਤੋਂ ਇਲਾਵਾ ਆਮ ਦਾਖਲਾ 20 ਡਾਲਰ ਹੋਵੇਗੀ।

ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਦੱਸਿਆ ਕਿ ਇਹ ਨਾਟਕ ਪੰਜਾਬ ਦੇ ਬਹੁਤ ਹੀ ਚਰਚਿਤ ਨਾਟਕਕਾਰ ਡਾ. ਅਜਮੇਰ ਸਿੰਘ ਔਲਖ ਦੇ ਲਿਖੇ ਨਾਟਕ "ਨਿਉਂ-ਜੜ੍ਹ" ਉਤੇ ਆਧਾਰਤ ਹੈ। ਡਾ. ਔਲਖ ਨੇ ਇਹ ਨਾਟਕ 2006 ਵਿਚ ਲਿਖਿਆ ਸੀ ਅਤੇ ਹੁਣ ਤਕ ਪੰਜਾਬੀ ਯੂਨੀਵਰਸਿਟੀ ਦੇ ਡਰਾਮਾ ਵਿਭਾਗ ਵਲੋਂ 150 ਤੋਂ ਵਧ ਵਾਰ ਕਾਮਯਾਬੀ ਨਾਲ ਖੇਡਿਆ ਜਾ ਚੁਕਾ ਹੈ। ਡਾ. ਔਲਖ ਦੇ ਲਿਖੇ ਅਤੇ ਨਿਰਦੇਸ਼ਿਤ ਨਾਟਕ 'ਅਰਬਦ ਨਰਬਦ ਧੁੰਦੂਕਾਰਾ' (1978), 'ਬੇਗਾਨੇ ਬੋਹੜ ਦੀ ਛਾਂ' (1981), 'ਇਕ ਹੋਰ ਰਮਾਇਣ' (1981), 'ਅੰਨ੍ਹੇ ਨਿਸ਼ਾਨਚੀ' (1983) ਅਤੇ 'ਭਜੀਆਂ ਬਾਹੀਂ' (1988) ਬੇਹੱਦ ਚਰਚਿਤ ਰਹੇ ਹਨ।

ਨਾਟਕ ਦੇ ਨਿਰਦੇਸ਼ਕ ਸ੍ਰੀ ਟਾਂਗਰੀ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਥੀਏਟਰ ਦੇ ਲੇਖੇ ਲਾਈ ਰਖੀ ਹੈ। ਉਹ ਖੁਦ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਗਰੈਜੂਏਟ ਹਨ ਅਤੇ 1978 ਵਿਚ ਉਨ੍ਹਾਂ ਅਦਾਕਾਰੀ ਆਰੰਭ ਕੀਤੀ। ਉਹ ਨਾਟਕਕਾਰ ਹਰਪਾਲ ਟਿਵਾਣਾ ਦੇ ਗਰੁਪ ਪੰਜਾਬ ਕਲਾਮੰਚ ਦੇ ਮੁਖ ਕਲਾਕਾਰ ਰਹੇ ਹਨ ਅਤੇ 'ਲੌਂਗ ਦਾ ਲਿਸ਼ਕਾਰਾ' ਤੇ 'ਬਾਗੀ' ਆਦਿ ਪੰਜਾਬੀ ਫਿਲਮਾਂ ਵਿਚ ਵੀ ਕੰਮ ਕਰ ਚੁਕੇ ਹਨ। ਅਮਰੀਕਾ ਆ ਵਸਣ ਪਿਛੋਂ ਵੀ ਉਹ ਨਾਟਕ ਦੇ ਨਾਲ ਜੁੜੇ ਰਹੇ ਹਨ ਅਤੇ ਸੰਨ 2008 ਵਿਚ ਉਨ੍ਹਾਂ 'ਬੋਲ ਸ਼ਰੀਕਾਂ ਦੇ ਨਾਟਕ' ਖੇਡਿਆ ਸੀ।

ਨਾਟਕ ਦੇ ਸੰਗੀਤ ਨਿਰਦੇਸ਼ਕ ਪਰਮਿੰਦਰ ਗੁਰੀ ਖੁਦ ਵਧੀਆ ਗਾਇਕ ਹਨ ਅਤੇ ਪ੍ਰੋ. ਤਾਰਾ ਸਿੰਘ ਤੇ ਪੰਡਿਤ ਤ੍ਰਿਵੇਣੀ ਪ੍ਰਸ਼ਾਦ ਦੀ ਸ਼ਾਗਿਰਦੀ ਵਿਚ ਸਨਾਤਨੀ ਸੰਗੀਤ ਸਿੱਖਿਆ ਹਾਸਲ ਕਰ ਚੁਕੇ ਹਨ। ਉਹ ਕਈ ਪੰਜਾਬੀ ਟੀ ਵੀ ਸੀਰੀਅਲਾਂ, ਨਾਟਕਾਂ ਅਤੇ ਫਿਲਮਾਂ ਵਿਚ ਸੰਗੀਤ ਦੇ ਚੁਕੇ ਹਨ।



ਨਾਟਕ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਵਿਚ ਜਸਵਿੰਦਰ ਬੀਸਲਾ, ਰੂਬੀ ਦਿਓਲ, ਅਮ੍ਰਿਤ ਸਰਾਂ, ਕੇ ਵਾਲੀਆ, ਰੇ ਵਾਲੀਆ, ਨਰਿੰਦਰ ਸੰਘਾ, ਜਸਵੀਰ ਗਿੱਲ, ਨਿਤਿਨ ਕਪੂਰ, ਸਿਮਰਨ ਸੰਘਾ, ਰਾਣਾ ਅਟਵਾਲ, ਬਲਵਿੰਦਰ ਮਹੇ, ਅਮ੍ਰਿਤ ਧਾਲੀਵਾਲ, ਹਰਮੇਸ਼ ਸਿੱਧੂ, ਡਿੰਪਲ ਬੈਂਸ, ਦਰਸ਼ਨ ਕੇਹਲ, ਜੇ ਰੰਧਾਵਾ, ਸਤਿਵੀਰ ਕਾਹਲੋਂ, ਰਵਿੰਦਰ ਢਿਲੋਂ, ਨਿਮਰਤਾ ਗਰੇਵਾਲ, ਸੁਨੀਤਾ ਤੱਖਰ, ਪੀਨਾ ਚਾਹਲ ਅਤੇ ਦਵਿੰਦਰ ਸਰਾਂ ਦੇ ਨਾਂ ਸ਼ਾਮਲ ਹਨ।

## ਮਿਸ ਵਰਲਡ ਪੰਜਾਬਣ ਮੁਕਾਬਲਾ 17 ਜੁਲਾਈ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਦੂਸਰਾ ਮਿਸ ਵਰਲਡ ਪੰਜਾਬਣ ਯੂ ਐਸ ਏ ਮੁਕਾਬਲਾ 17 ਜੁਲਾਈ ਨੂੰ ਸਥਾਨਕ ਡੋਰ ਥਿਏਟਰ ਵਿਚ ਸ਼ਾਮ 4 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਲਈ ਪ੍ਰਬੰਧਕਾਂ ਵਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਇਕ ਮੀਟਿੰਗ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਦਫਤਰ ਵਿਚ ਸਭਿਆਚਾਰਕ ਸੱਥ, ਪੰਜਾਬ ਦੇ ਚੇਅਰਮੈਨ ਅਤੇ ਮਿਸ ਪੰਜਾਬਣ ਮੁਕਾਬਲੇ ਦੇ ਬਾਨੀ ਜਸਮੇਰ ਸਿੰਘ ਢੱਟ ਦੀ ਪ੍ਰਧਾਨਗੀ ਹੇਠ ਹੋਈ। ਸ੍ਰੀ ਢੱਟ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਇਸ ਵਾਰ ਮੁਕਾਬਲੇ ਵਿਚ ਹਿੱਸਾ ਲੈਣ ਲਈ ਮੁਟਿਆਰਾਂ ਵਿਚ ਇਨ੍ਹਾਂ ਉਤਸ਼ਾਹ ਹੈ ਕਿ ਹਿੱਸਾ ਲੈਣ ਦੀ ਆਖਰੀ ਤਾਰੀਖ ਲੰਘਣ ਤੋਂ ਬਾਅਦ ਵੀ ਐਂਟਰੀ ਫਾਰਮ ਪ੍ਰਾਪਤ ਹੋ ਰਹੇ ਹਨ।

ਸ੍ਰੀ ਢੱਟ ਨੇ ਕਿਹਾ ਕਿ ਇਸ ਮੁਕਾਬਲੇ ਵਿਚ ਪੰਜਾਬੀ ਮੁਟਿਆਰਾਂ ਦੀ ਸੂਰਤ ਨਾਲੋਂ ਸੀਰਤ ਦੀ ਸੁੰਦਰਤਾ ਨੂੰ ਵਿਰਸੇ ਅਤੇ ਸਭਿਆਚਾਰ ਦੀ ਕਸਵਟੀ ਉਤੇ ਲਾ ਕੇ ਪੰਜਾਬੀ ਮੁਟਿਆਰ ਦੀ ਸੋਚ, ਤੀਖਣ ਬੁਧੀ, ਵਿਚਾਰ ਅਤੇ ਮਨੁਖੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਪਰਖਣਾ ਹੀ ਇਸ ਮੁਕਾਬਲੇ ਦੀ ਖਾਸੀਅਤ ਹੈ।

ਪ੍ਰਬੰਧਕਾਂ ਅਨੁਸਾਰ ਇਹ ਪ੍ਰੋਗਰਾਮ ਪੂਰੀ ਤਰ੍ਹਾਂ ਇਕ ਪਰਿਵਾਰਕ ਸ਼ੋਅ ਹੋਵੇਗਾ ਅਤੇ ਹਾਲ ਵਿਚ ਦਾਖਲਾ ਸਿਰਫ ਸੱਦਾ ਪੱਤਰਾਂ ਰਾਹੀਂ ਹੀ ਹੋਵੇਗਾ। ਸਕਿਉਰਿਟੀ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਸਭਿਆਚਾਰ ਸੱਥ ਦੇ ਸਰਪ੍ਰਸਤ ਅਤੇ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਫਿਲਮ ਕਲਾਕਾਰ ਕਿੰਮੀ ਵਰਮਾ ਅਤੇ ਪਿਛਲੇ ਸਾਲ ਦੇ ਮੁਕਾਬਲੇ ਦੀ ਜੇਤੂ ਸੁਪ੍ਰੀਤ ਮੱਲ੍ਹੀ ਵੀ ਵਿਸ਼ੇਸ਼ ਮਹਿਮਾਨਾਂ ਵਿਚ ਸ਼ਾਮਲ ਹੋਣਗੇ। ਮੰਚ ਸੰਚਾਲਨ ਬੀਬੀ ਆਸ਼ਾ ਸ਼ਰਮਾ ਕਰਨਗੇ। ਸ਼ੋਅ ਦੇ ਪ੍ਰਬੰਧਕ ਬੱਬੂ ਗੁਰਪਾਲ ਨੇ ਦੱਸਿਆ ਕਿ ਜੇਤੂ "ਮਿਸ ਯੂ ਐਸ ਏ ਪੰਜਾਬਣ" ਮੁਟਿਆਰ ਨੂੰ ਇਸ ਵਰ੍ਹੇ ਦੇ ਆਖਰ ਵਿਚ ਹੋ ਰਹੇ 11ਵੇਂ "ਮਿਸ ਵਰਲਡ ਪੰਜਾਬਣ" ਮੁਕਾਬਲੇ ਵਿਚ ਹਿੱਸਾ ਲੈਣ ਲਈ ਏਅਰ ਟਿਕਟ ਮੁਫਤ ਦਿਤੀ ਜਾਏਗੀ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਤਿੰਦਰ ਗਿੱਲ, ਬੱਕ ਢੇਸੀ, ਪਲਵਿੰਦਰ ਸ਼ੇਰਗਿੱਲ ਵੀ ਹਾਜਰ ਸਨ। ਹੋਰ ਜਾਣਕਾਰੀ ਬੱਬੂ ਗੁਰਪਾਲ ਫੋਨ 510-557-9670 ਜਾਂ ਪਰਮਜੀਤ ਦੁਸਾਂਝ ਫੋਨ 661-333-2005 ਨਾਲ ਸੰਪਰਕ ਕਰਕੇ ਲਈ ਜਾ ਸਕਦੀ ਹੈ।

## ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਦਾ ਕਥਾ ਪ੍ਰੋਗਰਾਮ 16 ਤੋਂ

**ਲਾਸ ਏਂਜਲਸ:** ਗੁਰਦੁਆਰਾ ਲੰਕਰਸ਼ਿਮ ਵਿਚ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ 16 ਜੁਲਾਈ ਤੋਂ 18 ਜੁਲਾਈ ਤਕ ਵਿਸ਼ੇਸ਼ ਕਥਾ ਵਿਆਖਿਆ ਕਰਨਗੇ।

ਪ੍ਰਾਪਤ ਸੂਚਨਾ ਅਨੁਸਾਰ ਸ਼ੁਕਰਵਾਰ 16 ਜੁਲਾਈ ਨੂੰ ਸ਼ਾਮ 8 ਵਜੇ ਤੋਂ 9 ਵਜੇ, 17 ਜੁਲਾਈ ਨੂੰ 7.30 ਤੋਂ 8.30 ਅਤੇ 18 ਜੁਲਾਈ ਐਤਵਾਰ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤਕ ਸੰਤ ਰੰਧਾਵੇ ਵਾਲੇ ਕਥਾ-ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਸ. ਅਵਤਾਰ ਸਿੰਘ ਚੱਠਾ ਨਾਲ ਫੋਨ 818-468-4907 ਤੇ ਸੰਪਰਕ ਕੀਤਾ ਜਾ ਸਕਦਾ ਹੈ।

Visit us on the web: **www.punjabtimesusa.com**


# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।




**28 ਜੁਲਾਈ 2010 ਨੂੰ ਅਗਲੀਆਂ ਕਲਾਸਾਂ ਸ਼ੁਰੂ ਹੋਣੀਆਂ ਹਨ, ਸੀਟਾਂ ਭਰ ਜਾਣ ਤੋਂ ਪਹਿਲਾਂ ਦਾਖਲਾ ਲਓ।**



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

**www.bayareacollege.net**



# Real Estate & Loans Under One Roof

***Call:Sam Chahal Tel: 916-612-5773***

***For Buying and Selling Residential, Commercial property and for Loans in Sacramento area***

**Multi-Million Dollars Producer-2007-08**



**Sam (Sohanpreet)Chahal**
**CA Lic. 01504071**
**Realtor/Notary Public**
**e-mail:sam@jassigill.com**

**Reo-Bankowned Properties**
**Serving from Bay Area to Sacramento**

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

# Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਸਪੀਕਰ ਕਾਹਲੋਂ ਸਣੇ 15 ਵਿਰੁਧ ਦੋਸ਼-ਪੱਤਰ ਦਾਖ਼ਲ



**ਪਟਿਆਲਾ :** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਬੀਤੀ 9 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਅਤੇ 14 ਹੋਰਨਾਂ ਵਿਰੁਧ ਪਟਿਆਲਾ ਦੀ ਸੀ.ਬੀ.ਆਈ. ਅਦਾਲਤ ਵਿਚ ਦੋਸ਼-ਪੱਤਰ ਦਾਖ਼ਲ ਕਰ ਦਿਤਾ। ਭ੍ਰਿਸ਼ਟਾਚਾਰ ਦਾ ਇਹ ਮਾਮਲਾ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਉਸ ਵੇਲੇ ਸਾਹਮਣੇ ਆਇਆ ਜਦੋਂ ਨਿਰਮਲ ਸਿੰਘ ਕਾਹਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸਨ। ਸੀ.ਬੀ.ਆਈ. ਨੇ ਜਿਹੜੇ ਵਿਅਕਤੀਆਂ ਨੂੰ ਦੋਸ਼ੀ ਬਣਾਇਆ ਹੈ, ਉਨ੍ਹਾਂ ਵਿਚ ਆਈ.ਏ.ਐਸ. ਅਫ਼ਸਰ ਵੀ ਸ਼ਾਮਲ ਹਨ।

ਜਾਣਕਾਰੀ ਮੁਤਾਬਕ ਨਿਰਮਲ ਸਿੰਘ ਕਾਹਲੋਂ ਤੋਂ ਇਲਾਵਾ ਆਈ.ਏ.ਐਸ. ਅਫ਼ਸਰ ਮਨਦੀਪ ਸਿੰਘ ਜਿਹੜੇ ਕਿ ਉਸ ਵੇਲੇ ਪੰਚਾਇਤ ਵਿਭਾਗ ਦੇ ਸਕੱਤਰ ਸਨ ਅਤੇ ਹੁਣ ਆਵਾਜਾਈ ਵਿਭਾਗ ਦੇ ਡਾਇਰੈਕਟਰ ਹਨ, ਦਾ ਨਾਮ ਵੀ ਦੋਸ਼-ਪੱਤਰ ਵਿਚ ਦਰਜ ਕੀਤਾ ਗਿਆ ਹੈ। ਉਨ੍ਹਾਂ ਤੋਂ ਇਲਾਵਾ ਸੇਵਾ ਮੁਕਤ ਵਿੱਤ ਕਮਿਸ਼ਨਰ ਜੇ.ਐਸ. ਕੇਸਰ, ਵਿਕਾਸ ਸ਼ਰਮਾ, ਜੇ.ਪੀ. ਸਿੰਗਲਾ ਡਿਪਟੀ ਡਾਇਰੈਕਟਰ, ਸੀ.ਐਲ. ਪ੍ਰੇਮੀ, ਕੰਵਲਸ਼ੇਰ ਸਿੰਘ, ਪੂਰਨ ਚੰਦ ਬੀ.ਡੀ.ਪੀ.ਓ., ਬਲਜੀਤ ਸਿੰਘ ਬੀ.ਡੀ.ਪੀ.ਓ., ਜਗਜੀਤ ਸਿੰਘ ਬੀ.ਡੀ.ਪੀ.ਓ., ਅਜਾਇਬ ਸਿੰਘ, ਪੀ.ਐਸ. ਸੋਢੀ, ਪਿਯੂਸ਼ ਚੰਦਰ, ਪ੍ਰਦੀਪ ਸਿੰਘ ਕਾਲੇਕੇ ਅਤੇ ਰਾਕੇਸ਼ ਪਾਲ ਬੀ.ਡੀ.ਪੀ.ਓ. ਵਿਰੁਧ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਆਉਂਦੀ 17 ਅਗਸਤ ਨੂੰ ਸਪੀਕਰ ਨਿਰਮਲ ਸਿੰਘ ਕਾਹਲੋਂ ਸਣੇ 5 ਜਣੇ ਸੀ.ਬੀ.ਆਈ. ਦੀ ਅਦਾਲਤ ਵਿਚ ਪੇਸ਼ ਹੋਣਗੇ। ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਬਾਅ ਹੇਠ ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ। ਇਸ ਮਾਮਲੇ ਦੀ ਸ਼ਿਕਾਇਤ ਆਈ.ਏ.ਐਸ. ਅਧਿਕਾਰੀ ਐਸ.ਆਰ. ਲੱਧੜ ਨੇ ਕੀਤੀ ਸੀ। ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਸ. ਨਿਰਮਲ ਸਿੰਘ ਕਾਹਲੋਂ ਨੇ ਹੋਰਨਾਂ ਅਫ਼ਸਰਾਂ ਨਾਲ ਮਿਲ ਕੇ ਅਪਣੇ ਅਹੁਦੇ ਦੀ ਦੁਰਵਰਤੋਂ ਕਰ ਕੇ 1997 ਤੋਂ 2002 ਦੌਰਾਨ 909 ਪੰਚਾਇਤ ਸਕੱਤਰਾਂ ਦੀ ਭਰਤੀ ਭ੍ਰਿਸ਼ਟ ਤਰੀਕਿਆਂ ਨਾਲ ਕੀਤੀ। 26 ਜੂਨ, 2003 ਵਿਚ ਦਰਜ ਹੋਏ ਮਾਮਲੇ ਵਿਚ ਕਿਹਾ ਗਿਆ ਸੀ ਕਿ ਪੰਚਾਇਤ ਮੰਤਰੀ ਅਤੇ ਮਹਿਕਮੇ ਨਾਲ ਕਈ ਹੋਰ ਅਫ਼ਸਰਾਂ ਨੇ ਪੰਚਾਇਤ ਸਕੱਤਰਾਂ ਦੀ ਭਰਤੀ ਸਬੰਧੀ ਰਿਕਾਰਡ ਨਾਲ ਛੇੜਛਾੜ ਕੀਤੀ ਅਤੇ ਉਸ ਵਿਚ ਕਈ ਤਬਦੀਲੀਆਂ ਕੀਤੀਆਂ। ਪਤਾ ਲੱਗਾ ਹੈ ਕਿ ਦੋਸ਼ ਪੱਤਰ ਵਿਚ ਦਸਿਆ ਗਿਆ ਹੈ ਕਿ ਭਰਤੀ ਪ੍ਰਕਿਰਿਆ ਸਮੇਂ ਪੈਸੇ ਦਾ ਲੈਣ-ਦੇਣ ਹੋਇਆ ਸੀ। ਚੋਣ ਕਮੇਟੀ ਨੇ ਮਨਮਰਜ਼ੀ ਅਤੇ ਅਪਣੀ ਪਸੰਦ ਦੇ ਉਮੀਦਵਾਰਾਂ ਦੀ ਚੋਣ ਕੀਤੀ ਅਤੇ ਕੁਝ ਕਾਬਲ ਉਮੀਦਵਾਰਾਂ ਨੂੰ ਇੰਟਰਵਿਊ ਸਮੇਂ ਬਹੁਤ ਘੱਟ ਨੰਬਰ ਦਿਤੇ। ਇਸ ਦੇ ਨਾਲ ਹੀ ਸੀ.ਬੀ.ਆਈ. ਵਲੋਂ ਚਾਰਜਸ਼ੀਟ ਕੀਤੇ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਦਾ ਅਸਤੀਫਾ ਮੰਗਦਿਆਂ ਵਿਰੋਧੀ ਧਿਰ ਕਾਂਗਰਸ ਨੇ ਜ਼ੋਰ ਦੇ ਕੇ ਕਿਹਾ ਕਿ ਦਾਗੀ ਅਕਾਲੀ ਆਗੂ ਨੂੰ ਇਸ ਅਹੁਦੇ 'ਤੇ ਰਹਿਣ ਦਾ ਕੋਈ ਹੱਕ ਨਹੀਂ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਕਿਹਾ ਕਿ ਬਾਦਲ ਸਰਕਾਰ ਵਲੋਂ ਮਨਜ਼ੂਰੀ ਨਾ ਦੇਣ ਦੇ ਬਾਵਜੂਦ ਵੀ ਜਿਹੜੇ ਦੋਸ਼ ਕੇਂਦਰੀ ਜਾਂਚ ਏਜੰਸੀ ਨੇ ਪਟਿਆਲਾ ਦੀ ਵਿਸ਼ੇਸ਼ ਅਦਾਲਤ 'ਚ ਦਾਖਲ ਕੀਤੇ ਹਨ, ਉਨ੍ਹਾਂ ਦੀ ਗੰਭੀਰਤਾ ਨੂੰ ਵੇਖਦਿਆਂ ਹੋਇਆਂ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਆਪਣੇ ਅਹੁਦੇ 'ਤੇ ਰਹਿਣ ਦਾ ਇਖਲਾਕੀ ਹੱਕ ਨਹੀਂ। ਜ਼ਿਕਰਯੋਗ ਹੈ ਕਿ ਦਸੰਬਰ ਮਹੀਨੇ ਹੋਏ ਤਿੰਨ ਦਿਨਾ ਵਿਧਾਨ ਸਭਾ ਸੈਸ਼ਨ 'ਚ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਬੀਬੀ ਰਜਿੰਦਰ ਕੌਰ ਭੱਠਲ ਦੀ ਅਗਵਾਈ 'ਚ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਵਿਰੁਧ ਧਰਨਾ ਦਿੱਤਾ ਸੀ ਤੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਸੀ।ਇਸ ਦੌਰਾਨ ਖਾਲੜਾ ਮਿਸ਼ਨ ਕਮੇਟੀ ਨੇ ਵੀ ਕਾਹਲੋਂ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

# ਅਕਾਲੀਆਂ ਵਲੋਂ ਕਾਹਲੋਂ ਨੂੰ ਨੱਥ ਪਾਉਣ ਦੀ ਮੰਗ

**ਚੰਡੀਗੜ੍ਹ :** ਪੰਜਾਬ ਦੀ ਹਾਕਮ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਮਾਝੇ ਨਾਲ ਸੰਬੰਧਿਤ ਅਕਾਲੀ ਆਗੂਆਂ ਦੀ ਲੜਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਰਬਾਰ ਵਿਚ ਪਹੁੰਚ ਗਈ ਹੈ। ਵਿਧਾਨ ਸਭਾ ਹਲਕਿਆਂ ਦੀ ਨਵਾਂ ਵੰਡ ਤੋਂ ਬਾਅਦ ਪਾਰਟੀ ਅੰਦਰ ਨਵਾਂ ਰੱਫੜ ਛਿੜ ਪਿਆ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚਲੇ ਕਈ ਵਿਧਾਨ ਸਭਾ ਹਲਕਿਆਂ ਅੰਦਰ ਸ਼੍ਰੋਮਣੀ ਅਕਾਲੀ ਦਲ 'ਚ ਅੰਦਰੂਨੀ ਕਲਹਿ ਪਿਛਲੇ ਕਈ ਦਿਨਾਂ ਤੋਂ ਸੁਲਘ ਰਹੀ ਸੀ। ਇਸ ਜ਼ਿਲ੍ਹੇ ਵਿਚ ਕਈ ਪੁਰਾਣੇ ਹਲਕੇ ਖਤਮ ਹੋ ਗਏ ਹਨ ਤੇ ਪਾਰਟੀ ਆਗੂਆਂ ਨੇ ਨਵੇਂ ਹਲਕਿਆਂ 'ਤੇ ਅੱਖ ਰੱਖਣੀ ਸ਼ੁਰੂ ਕਰ ਦਿੱਤੀ ਹੈ। ਪਾਰਟੀ ਦੀ ਅੰਦਰੂਨੀ ਲੜਾਈ ਦੇ ਚਲਦਿਆਂ ਕਾਦੀਆਂ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਲਖਬੀਰ ਸਿੰਘ ਲੋਧੀਨੰਗਲ ਨੇ 12 ਜੁਲਾਈ ਨੂੰ ਇਥੇ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ 'ਤੇ ਵਿਧਾਨ ਸਭਾ ਹਲਕਾ ਕਾਦੀਆਂ ਵਿਚ ਬੇਲੋੜਾ ਦਖਲ ਦੇਣ ਦੇ ਦੋਸ਼ ਲਾਏ। ਸੂਤਰਾਂ ਦਾ ਦੱਸਣਾ ਹੈ ਕਿ ਵਿਧਾਇਕ ਦੀ ਅਗਵਾਈ ਵਿਚ ਮਿਲੇ ਇਸ ਵਫਦ ਨੇ ਸ੍ਰੀ ਕਾਹਲੋਂ 'ਤੇ ਇਹ ਵੀ ਦੋਸ਼ ਲਾਇਆ ਕਿ ਵਿਧਾਨ ਸਭਾ ਦੇ ਸਪੀਕਰ ਸਰਕਾਰੀ ਮੁਲਾਜ਼ਮਾਂ, ਅਧਿਕਾਰੀਆਂ ਨੂੰ ਵਿਧਾਨ ਸਭਾ ਵਿਚ ਤਲਬ ਕਰੀਂ ਰੱਖਦੇ ਹਨ।

ਪਾਰਟੀ ਦੇ ਇਸ ਵਫਦ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਸੈਕਟਰ-9 ਵਿਚਲੀ ਰਿਹਾਇਸ਼ 'ਤੇ ਇਕ ਘੰਟਾ ਮੁਲਾਕਾਤ ਕੀਤੀ। ਇਸ ਵਫਦ ਵਿਚ ਵਿਧਾਨ ਸਭਾ ਹਲਕੇ ਨਾਲ ਸੰਬੰਧਿਤ 3 ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਤਿੰਨ ਬਲਾਕ ਸੰਮਤੀਆਂ ਬਟਾਲਾ, ਕਾਦੀਆਂ ਅਤੇ ਫਤਿਹਗੜ੍ਹ ਚੂੜੀਆਂ ਦੇ ਚੇਅਰਮੈਨ/ਚੇਅਰਪਰਸਨਾਂ ਸਮੇਤ 19 ਅਕਾਲੀ ਆਗੂ ਸ਼ਾਮਲ ਹਨ। ਵਿਧਾਇਕ ਨੇ ਆਪਣੇ ਹਲਕੇ ਦੇ 192 ਸਰਪੰਚਾਂ ਵਲੋਂ ਦਸਤਖਤ ਕੀਤਾ ਇਕ ਮੰਗ ਪੱਤਰ ਵੀ ਸੁਖਬੀਰ ਬਾਦਲ ਨੂੰ ਸੌਂਪਿਆ ਜਿਸ ਵਿਚ ਸਰਪੰਚਾਂ ਨੇ ਪਾਰਟੀ ਪ੍ਰਧਾਨ ਨਾਲ ਮੁਲਾਕਾਤ ਕਰਨ ਦੀ ਮੰਗ ਕੀਤੀ। ਸਰਪੰਚਾਂ ਅਤੇ ਵਫਦ ਦੇ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਕਿਹਾ ਕਿ ਕਾਦੀਆਂ ਵਿਧਾਨ ਸਭਾ ਹਲਕੇ ਵਿਚ ਜਿਹੜੇ ਅਕਾਲੀ ਆਗੂ ਆਪਣੀਆਂ ਰਾਜਸੀ ਸਰਗਰਮੀਆਂ ਚਲਾ ਰਹੇ ਹਨ ਉਨ੍ਹਾਂ ਵਿਚੋਂ ਜ਼ਿਆਦਾਤਰ ਦਾ ਪਿਛੋਕੜ ਕਾਂਗਰਸ ਨਾਲ ਹੈ। ਇਸ ਲਈ ਅਕਾਲੀ ਆਗੂਆਂ ਵਲੋਂ ਕਾਂਗਰਸੀਆਂ ਨੂੰ ਥਾਪੜਾ ਦਿੱਤੇ ਜਾਣ ਕਾਰਨ ਹਲਕੇ ਵਿਚ ਰਾਜਸੀ ਮਾਹੌਲ ਹੀ ਨਹੀਂ ਵਿਗੜ ਰਿਹਾ ਸਗੋਂ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਵੀ ਹੋ ਰਿਹਾ ਹੈ ਤੇ ਭਵਿੱਖ ਵਿਚ ਪਾਰਟੀ ਨੂੰ ਸਿਆਸੀ ਨੁਕਸਾਨ ਹੋ ਸਕਦਾ ਹੈ।

ਰੌਚਕ ਤੱਥ ਇਹ ਵੀ ਹੈ ਕਿ ਲਖਬੀਰ ਸਿੰਘ ਲੋਧੀਨੰਗਲ 2007 ਵਿਚ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਸ੍ਰੀ ਲੋਧੀਨੰਗਲ ਨੇ ਪਾਰਟੀ ਪ੍ਰਧਾਨ ਨਾਲ ਹੋਈ ਮੀਟਿੰਗ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਫਦ ਨੇ ਇਹੀ ਮੰਗ ਕੀਤੀ ਹੈ ਕਿ ਜਦੋਂ ਤੱਕ ਪਾਰਟੀ ਵਲੋਂ ਨਵੇਂ ਵਿਧਾਨ ਸਭਾ ਹਲਕਿਆਂ ਮੁਤਾਬਕ ਉਮੀਦਵਾਰਾਂ ਦਾ ਫੈਸਲਾ ਨਹੀਂ ਲਿਆ ਜਾਂਦਾ ਉਦੋਂ ਤੱਕ ਕਿਸੇ ਵੀ ਪਾਰਟੀ ਆਗੂ ਨੂੰ ਦੂਸਰੇ ਵਿਧਾਨ ਸਭਾ ਹਲਕੇ ਵਿਚ ਦਖਲ ਦੇਣ ਤੋਂ ਸਖਤੀ ਨਾਲ ਵਰਜਿਆ ਜਾਵੇ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਤੋਂ ਪਹਿਲਾਂ ਸਾਰੇ ਪਾਰਟੀ ਆਗੂਆਂ ਨੂੰ ਨਿਰਦੇਸ਼ ਦੇ ਚੁੱਕਾ ਹੈ ਕਿ ਕਿਸੇ ਦੂਸਰੇ ਵਿਧਾਨ ਸਭਾ ਹਲਕੇ ਵਿਚ ਕਿਸੇ ਤਰ੍ਹਾਂ ਦੀ ਸਿਆਸੀ ਗਤੀਵਿਧੀ ਨਹੀਂ ਚਲਾਈ ਜਾਵੇਗੀ ਜਿਸ ਨਾਲ ਪਾਰਟੀ ਵਿਚ ਰਾਜਸੀ ਮਾਹੌਲ ਖਰਾਬ ਹੁੰਦਾ ਹੋਵੇ। ਉਨ੍ਹਾਂ ਦੱਸਿਆ ਕਿ ਵਫਦ ਵਿਚ ਸ਼ਾਮਲ ਕੁੱਝ ਪਾਰਟੀ ਆਗੂਆਂ ਨੇ ਪਾਰਟੀ ਪ੍ਰਧਾਨ ਦੇ ਇਹ ਵੀ ਧਿਆਨ ਵਿਚ ਲਿਆਂਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ ਸਰਕਾਰੀ ਮੁਲਾਜ਼ਮਾਂ, ਕਰਮਚਾਰੀਆਂ ਅਤੇ ਥਾਣੇਦਾਰਾਂ ਨੂੰ ਅਕਾਰਨ ਹੀ ਵਿਧਾਨ ਸਭਾ ਵਿਚ ਤਲਬ ਕਰ ਲੈਂਦੇ ਹਨ। ਸ੍ਰੀ ਕਾਹਲੋਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਖਜ਼ਾਨਾ ਖਾਲੀ, ਵਿਧਾਇਕ ਵਿਦੇਸ਼ੀ ਸੈਰਾਂ 'ਤੇ

**ਚੰਡੀਗੜ੍ਹ :** ਸਕਾਚ ਵਿਸਕੀ ਦੀ ਸਰਜ਼ਮੀਂ ਦੀ ਖਿੱਚ ਇੰਨੀ ਜ਼ਬਰਦਸਤ ਹੈ ਕਿ ਪੰਜਾਬ ਵਿਧਾਨ ਸਭਾ ਦੇ ਵਿਧਾਇਕ ਜਾਣੋਂ ਨਾ ਰਹਿ ਸਕੇ। ਵਿੱਤ ਵਿਭਾਗ ਨੇ ਪੇਸ਼ਗੀ ਵਿੱਤ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਪਰ ਫੇਰ ਵੀ ਇਹ ਵਿਧਾਇਕ ਸਕਾਟਲੈਂਡ ਦੇ ਅਧਿਐਨ ਦੌਰੇ ਲਈ ਰਵਾਨਾ ਹੋ ਗਏ। ਇਹੀ ਨਹੀਂ ਸਗੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਨੇ ਵੀ ਉਨ੍ਹਾਂ ਦੇ ਦੌਰੇ ਦੇ ਆਧਾਰ ਦੀ ਤਸਦੀਕ ਨਹੀਂ ਕੀਤੀ। ਸਕਾਟਲੈਂਡ ਵਿਚ ਸਕਾਚ ਵਿਸਕੀ ਦੀ ਨਿਰਮਾਣ ਪ੍ਰਕਿਰਿਆ ਦਾ ਅਧਿਐਨ ਕਰਨ ਦੀ ਯੋਜਨਾ ਉਦੋਂ ਬਣੀ ਸੀ ਜਦੋਂ ਵਿਧਾਨ ਸਭਾ ਦੀ ਪ੍ਰਦੂਸ਼ਣ ਕੰਟਰੋਲ ਕਮੇਟੀ (ਪੀ.ਸੀ.ਸੀ.) ਵਲੋਂ ਇਕ ਰਿਪੋਰਟ ਤਿਆਰ ਕੀਤੀ ਗਈ ਸੀ। ਹਾਲਾਂਕਿ ਇਹ ਰਿਪੋਰਟ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕਰਨ ਦੇ ਆਸਾਰ ਹਨ ਪਰ ਇਹ ਪਹਿਲਾਂ ਹੀ ਨਸ਼ਰ ਹੋ ਚੁੱਕੀ ਹੈ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਰਾਜ ਵਿਚ ਸ਼ਰਾਬ ਦੀਆਂ ਚਾਰ ਵੱਡੀਆਂ ਫੈਕਟਰੀਆਂ ਦੇ ਆਲੇ-ਦੁਆਲੇ 30 ਕਿਲੋਮੀਟਰ ਤਕ ਇਲਾਕਾ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ ਅਤੇ ਬਹੁਤ ਜ਼ਿਆਦਾ ਅਲਕੋਹਲ ਸਮਾ ਚੁੱਕੀ ਹੈ। ਪ੍ਰਦੂਸ਼ਣ ਕੰਟਰੋਲ ਕਮੇਟੀ ਵਿਚ ਭਾਜਪਾ ਤੋਂ ਤੀਕਸ਼ਣ ਸੂਦ ਤੇ ਅਮਰਜੀਤ ਸਿੰਘ ਸ਼ਾਹੀ, ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਵਿਰਸਾ ਸਿੰਘ ਵਲਟੋਹਾ, ਜਗਦੀਪ ਸਿੰਘ ਨਕਈ, ਬਲਬੀਰ ਸਿੰਘ ਬਾਠ ਅਤੇ ਕਾਂਗਰਸ ਤੋਂ ਕੇਵਲ ਸਿੰਘ ਢਿੱਲੋਂ ਸ਼ਾਮਲ ਹਨ। ਵਿਧਾਨ ਸਭਾ ਦੇ ਸਪੀਕਰ ਤੇ ਕਮੇਟੀ ਦੇ ਚੇਅਰਮੈਨ ਨਿਰਮਲ ਸਿੰਘ ਕਾਹਲੋਂ ਭਾਜਪਾ ਦੇ ਇਕ ਹੋਰ ਮੈਂਬਰ ਅਨਿਲ ਜੋਸ਼ੀ ਨਾਲ ਕਮੇਟੀ ਮੈਂਬਰਾਂ ਨੂੰ ਉਥੇ ਹੀ ਮਿਲਣਗੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਇਕ ਕਾਰਜਕਾਰੀ ਇੰਜੀਨੀਅਰ ਵੀ ਕਮੇਟੀ ਦੇ ਨਾਲ ਸਕਾਟਲੈਂਡ ਗਏ ਹਨ। ਵਿੱਤ ਵਿਭਾਗ ਦੇ ਇਕ ਅਧਿਕਾਰੀ ਅਨੁਸਾਰ ਪੀ.ਸੀ.ਸੀ. ਨੇ ਸਕਾਟਲੈਂਡ ਦੌਰੇ ਲਈ ਅਗਾਊਂ ਰੋਕ ਜਾਰੀ ਕਰਨ ਲਈ ਬੇਨਤੀ ਕੀਤੀ ਸੀ ਪਰ ਇਹ ਮੰਨੀ ਨਹੀਂ ਗਈ। ਕਮੇਟੀ ਨੂੰ ਆਪਣੀ ਸਫਰ ਮਦ ਵਿਚ ਪਿਆ ਪੈਸਾ ਇਸ ਦੌਰੇ ਲਈ ਵਰਤਣ ਵਾਸਤੇ ਕਿਹਾ ਗਿਆ ਸੀ। ਬੀਤੇ ਵਿਚ ਵਿਧਾਨ ਸਭਾ ਕਮੇਟੀ ਦੀਆਂ ਮੀਟਿੰਗਾਂ ਸ਼ਿਮਲਾ, ਸ੍ਰੀਨਗਰ, ਗੋਆ ਅਤੇ ਅੰਡੇਮਾਨ ਅਤੇ ਨਿਕੋਬਾਰ ਜਿਹੀਆਂ ਥਾਵਾਂ 'ਤੇ ਕੀਤੀਆਂ ਜਾਂਦੀਆਂ ਰਹੀਆਂ ਹਨ।

ਕਮੇਟੀ ਨੂੰ ਜਵਾਬ ਦੇਣ ਵਾਲਾ ਵਿੱਤ ਵਿਭਾਗ ਇਕੱਲਾ ਨਹੀਂ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕਿਹਾ ਹੈ ਕਿ ਕਮੇਟੀ ਦੀਆਂ 'ਸਨਸਨੀਖੇਜ਼' ਲੱਭਤਾਂ ਦੀ ਤੱਥਾਂ ਤੋਂ ਪੁਸ਼ਟੀ ਨਹੀਂ ਹੁੰਦੀ। ਪੀ.ਪੀ.ਸੀ ਬੀ. ਦੇ ਸਕੱਤਰ ਬਾਬੂ ਲਾਲ ਨਾਲ ਜਦੋਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਬੋਰਡ ਨੇ ਰਾਜ ਦੀਆਂ ਚਾਰੋਂ ਸ਼ਰਾਬ ਫੈਕਟਰੀਆਂ ਦੇ ਨੇੜੇ-ਤੇੜਿਓਂ ਨਮੂਨੇ ਲਏ ਸਨ ਜਿਨ੍ਹਾਂ ਵਿਚ ਨਾ ਪ੍ਰਦੂਸ਼ਣ ਮਿਲਿਆ ਅਤੇ ਨਾ ਹੀ ਕੋਈ ਸ਼ਰਾਬੀ ਮਾਦਾ ਸਾਹਮਣੇ ਆਇਆ। ਪੀ.ਪੀ.ਸੀ.ਬੀ. ਦੇ ਸਕੱਤਰ ਨੇ ਕਿਹਾ ਕਿ ਪੀ.ਸੀ.ਸੀ. ਦੀ ਰਿਪੋਰਟ 'ਹੈਰਾਨੀਜਨਕ' ਹੈ ਕਿਉਂਕਿ ਕਿਸੇ ਵੀ ਸ਼ਰਾਬ ਫੈਕਟਰੀ ਦੇ ਆਲੇ-ਦੁਆਲੇ 30 ਕਿਲੋਮੀਟਰ ਤੱਕ ਦਾ ਖੇਤਰ ਦਾ ਜ਼ਮੀਨ ਹੇਠਲਾ ਪਾਣੀ ਪ੍ਰਦੂਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਕੀਤੀ ਚੈਕਿੰਗ ਤੋਂ ਪਤਾ ਚੱਲਿਆ ਹੈ ਕਿ ਸਿਰਫ ਹਮੀਰਾ ਸ਼ਰਾਬ ਫੈਕਟਰੀ ਵਿਚ ਇਸ ਦੇ ਕੰਪਲੈਕਸ ਅੰਦਰ ਜ਼ਮੀਨ ਹੇਠਲਾ ਪਾਣੀ ਦੂਸ਼ਤ ਹੈ। ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਭਾਵੇਂ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਇਕ ਅਧਿਕਾਰੀ ਕਮੇਟੀ ਦੇ ਨਾਲ ਦੌਰੇ 'ਤੇ ਗਿਆ ਪਰ ਬੋਰਡ ਦਾ ਇਸ ਅਭਿਆਸ ਨਾਲ ਕੋਈ ਸਬੰਧ ਨਹੀਂ ਹੈ। ਇਸ ਦੌਰਾਨ ਪੰਜਾਬ ਵਿਚ ਪ੍ਰਦੂਸ਼ਣ ਦੇ ਪੈਟਰਨਾਂ 'ਤੇ ਨਜ਼ਰ ਰੱਖਣ ਵਾਲੇ ਖੇਤੀ ਵਿਰਾਸਤ ਮਿਸ਼ਨ ਦੇ ਮੁਖੀ ਉਮਿੰਦਰ ਦੱਤ ਨੇ ਕਿਹਾ ਕਿ ਲੋੜੀਂਦੀ ਸਾਰੀ ਪ੍ਰਸੰਗਕ ਜਾਣਕਾਰੀ ਇੰਟਰਨੈਟ 'ਤੇ ਉਪਲਬਧ ਹੈ ਅਤੇ ਮਾਹਰਾਂ ਤੋਂ ਵੀ ਲਈ ਜਾ ਸਕਦੀ ਹੈ ਅਤੇ ਇਨ੍ਹਾਂ 'ਚੋਂ ਕਈ ਮਾਹਰ ਤਾਂ ਪੰਜਾਬ ਵਿਚ ਹੀ ਹਨ। ਉਨ੍ਹਾਂ ਕਿਹਾ, "ਫੇਰ ਜੇ ਕੋਈ ਸਕਾਟਲੈਂਡ ਦੀ ਪ੍ਰਕਿਰਿਆ ਦੇਖਣਾ ਚਾਹੁੰਦਾ ਹੈ ਤਾਂ ਦੋ ਮੈਂਬਰੀ ਤਕਨੀਕੀ ਟੀਮ ਭੇਜੀ ਜਾ ਸਕਦੀ ਸੀ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਗੈਰ-ਤਕਨੀਕੀ ਵਿਅਕਤੀਆਂ ਦੀ ਇੰਨੀ ਵੱਡੀ ਟੀਮ ਵਾਪਸ ਆ ਕੇ ਕਿਹੋ ਜਿਹੀਆਂ ਸਿਫਾਰਸ਼ਾਂ ਕਰੇਗੀ।"


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Doing Short Sale is much better than Forclosure home.
RAJ SINGH
Cell:510-452-7370
RAJ SINGH
M.A., M.Ed Retd. Principal
Realtor & Financial Adviser
Lic#01776459 & OG22467
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com

ਪੰਜਾਬੀ ਟਰੱਕਰ ਵੀਰਾਂ ਨੂੰ ਬੇਨਤੀ
ਸਟਾਪ ਸਾਈਨ ਮਿਸ ਨਾ ਕਰੋ
ਸਮੂਹ ਟਰੱਕਰ ਵੀਰਾਂ ਨੂੰ ਸਾਡੀ ਬੇਨਤੀ ਹੈ ਕਿ ਸੈਨ ਜੋਨ ਜਿਥੇ ਸਾਡਾ ਟਰੱਕ ਸਟਾਪ ਹੈ, ਉਥੇ ਸਟਾਪ ਸਾਈਨ ਮਿਸ ਨਹੀਂ ਕਰਨਾ। ਸਟਾਪ ਸਾਈਨ ਮਿਸ ਕਰਨ 'ਤੇ ਟਰਾਂਸਪੋਰਟ ਵਿਭਾਗ ਵਲੋਂ ਟਿਕਟ ਦਿੱਤੀ ਜਾਂਦੀ ਹੈ। ਵਿਭਾਗ ਨੇ ਉਚੇਚੀ ਬੇਨਤੀ ਕੀਤੀ ਹੈ ਕਿ ਟਰੱਕਰ ਵੀਰ ਇਹ ਸਟਾਪ ਮਿਸ ਨਾ ਕਰਨ। ਕਾਨੂੰਨ ਦੀ ਪਾਲਣਾ ਕਰਕੇ ਤੁਸੀਂ ਆਪਣੀ ਵੀ ਅਤੇ ਸਾਡੀ ਵੀ ਮਦਦ ਕਰ ਰਹੇ ਹੋਵੋਗੇ।
Do not miss stop sign
at San Jon (New Mexico)
Dhillon Truck Stop, San Jon, NM

# ਕੁਈਨਜ਼ ਬੈਟਨ ਨੇ ਇਕੱਠੇ ਕੀਤੇ ਪੁਰਾਣੇ ਵੇਲਿਆਂ ਦੇ ਖਿਡਾਰੀ

**ਪਟਿਆਲਾ:** ਰਾਸ਼ਟਰ ਮੰਡਲ ਖੇਡਾਂ ਨੂੰ ਮੁੱਖ ਰੱਖਦਿਆਂ ਜਦੋਂ ਕੁਈਨਜ਼ ਬੈਟਨ (ਮਹਾਰਾਣੀ ਦੀ ਮਿਸ਼ਾਲ) ਇਥੇ ਪਹੁੰਚੀ ਤਾਂ ਇਸ ਮੌਕੇ ਕੀਤੇ ਗਏ ਸਮਾਗਮ ਵਿਚ ਆਪਣੇ ਜ਼ਮਾਨੇ ਦੇ ਤਕੜੇ ਖਿਡਾਰੀਆਂ ਨੂੰ ਮਿਲਣ ਦਾ ਇਕ ਵਧੀਆ ਮੌਕਾ ਮਿਲਿਆ। ਇਨ੍ਹਾਂ ਵਿਚੋਂ ਬਹੁਤੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐਨ ਆਈ ਐਸ) ਦੇ ਪੁਰਾਣੇ ਵਿਦਿਆਰਥੀ ਸਨ। ਖੇਡਾਂ ਦੇ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰਨ ਪਿਛੋਂ ਇਹ ਪੁਰਾਣੇ ਖਿਡਾਰੀ ਅੱਜ ਕੱਲ੍ਹ ਵੱਖ ਵੱਖ ਸਰਕਾਰੀ ਅਹੁਦਿਆਂ ਉਤੇ ਬਿਰਾਜਮਾਨ ਹਨ। ਇਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਖਿਡਾਰੀ ਵੀ ਸਨ ਜਿਨ੍ਹਾਂ ਨੇ 1982 ਦੀਆਂ ਦਿੱਲੀ ਏਸ਼ੀਆਈ ਖੇਡਾਂ ਵਿਚ ਹਿੱਸਾ ਲਿਆ ਸੀ ਅਤੇ ਇਨ੍ਹਾਂ ਖੇਡਾਂ ਦੀ ਤਿਆਰੀ ਲਈ ਐਨ ਆਈ ਐਸ ਵਿਚ ਕਰੀਬ ਦੋ ਸਾਲ ਇਕੱਠਿਆਂ ਟਰੇਨਿੰਗ ਲਈ ਸੀ। ਇਨ੍ਹਾਂ ਵਿਚ ਕਈ ਪੁਲਿਸ ਦੀਆਂ ਵਰਦੀਆਂ ਵਿਚ ਹਾਜ਼ਰ ਸਨ। ਸਮਾਗਮ ਦੇ ਮੁੱਖ ਮਹਿਮਾਨ ਸ. ਸੁਖਦੇਵ ਸਿੰਘ ਢੀਂਡਸਾ ਸਨ।

ਚੰਗੇ ਅਹੁਦਿਆਂ ਦਾ ਅਨੰਦ ਮਾਣ ਰਹੇ ਖਿਡਾਰੀਆਂ ਵਿਚ ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਅਤੇ ਹਾਕੀ ਖਿਡਾਰੀ ਪਰਗਟ ਸਿੰਘ, ਕ੍ਰਿਕਟਰ ਨਵਜੋਤ ਸਿੰਘ ਸਿੱਧੂ, ਸ਼ਾਟ ਪੁੱਟ ਵਾਲੇ ਬਹਾਦਰ ਸਿੰਘ ਤੇ ਜਗਰਾਜ ਸਿੰਘ, ਬਾਕਸਰ ਜੈਪਾਲ ਸਿੰਘ, ਰੈਸਲਰ ਸੁਖਚੈਨ ਸਿੰਘ ਤੋਂ ਇਲਾਵਾ ਕਿੰਨੇ ਹੀ ਐਸ ਐਸ ਪੀ, ਐਸ ਪੀ, ਡੀ ਐਸ ਪੀ ਅਤੇ ਇੰਸਪੈਕਟਰ ਰੈਂਕ ਦੇ ਪੁਲਿਸ ਅਫਸਰ ਇਸ ਮੌਕੇ ਹਾਜ਼ਰ ਸਨ। ਇਨ੍ਹਾਂ ਵਿਚੋਂ ਕਈਆਂ ਨਾਲ ਖੁਦ ਮੈਨੂੰ







ਵੀ ਕੈਂਪ ਲਾਉਣ ਦਾ ਮੌਕਾ ਮਿਲਿਆ।

ਹਾਜ਼ਰ ਖਿਡਾਰੀਆਂ ਨੇ ਪੰਜਾਬ ਵਿਚ ਖੇਡਾਂ ਦੇ ਖੇਤਰ ਵਿਚ ਆਈ ਕਮਜ਼ੋਰੀ ਉਤੇ ਦੁਖ ਪ੍ਰਗਟ ਕਰਦਿਆਂ ਇਸ ਲਈ ਸਰਕਾਰੀ ਉਤਸ਼ਾਹ ਦੀ ਕਮੀ ਨੂੰ ਜ਼ਿੰਮੇਵਾਰ ਠਹਿਰਾਇਆ। ਖਿਡਾਰੀਆਂ ਦਾ ਕਹਿਣਾ ਸੀ ਕਿ ਹਰਿਆਣਾ ਪੰਜਾਬ ਨਾਲੋਂ ਖੇਡਾਂ ਵਿਚ ਅੱਗੇ ਵਧ ਰਿਹਾ ਹੈ ਕਿਉਂਕਿ ਉਥੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵੱਧ ਯਤਨ ਕੀਤੇ ਜਾਂਦੇ ਹਨ। ਹਰਿਆਣਾ ਵਿਚ ਸਰਕਾਰ ਜੂਨੀਅਰ ਗੋਲਡ ਮੈਡਲਿਸਟ ਨੂੰ 31,000 ਅਤੇ ਸੀਨੀਅਰ ਨੂੰ 51,000 ਰੁਪਏ ਦਿੰਦੀ ਹੈ ਜਦੋਂਕਿ ਪੰਜਾਬ ਵਿਚ ਅਜਿਹਾ ਕੁਝ ਨਹੀਂ ਹੈ।

*-ਕਾਬਲ ਸਿੰਘ ਬਟਾਲਾ*
*ਫੋਨ 281-222-6951*

## ਹਰਭਜਨ ਸਿੰਘ ਲੌਂਗਮੈਨ ਨੂੰ ਸਦਮਾ

**ਸੈਕਰਾਮੈਂਟੋ:** ਵਿਸ਼ਵ ਪ੍ਰਸਿਧ ਫੋਟੋਗ੍ਰਾਫਰ ਸ. ਹਰਭਜਨ ਸਿੰਘ ਲੌਂਗਮੈਨ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਮਾ ਜੀ ਆਇਆ ਸਿੰਘ ਦਾ ਜਲੰਧਰ ਰਹਿੰਦਾ ਦਾਮਾਦ ਕੰਵਲਜੀਤ ਸਿੰਘ ਪਿੰਕੀ ਭਰ ਜਵਾਨੀ ਵਿਚ ਦਿਲ ਦਾ ਦੌਰਾ ਪੈਣ ਨਾਲ ਸਦੀਵੀ ਵਿਛੋੜਾ ਦੇ ਗਿਆ। ਕੰਵਲਜੀਤ ਸਿੰਘ ਪਿੰਕੀ ਆਪਣੇ ਪਿਛੇ ਧਰਮ ਪਤਨੀ, ਇਕ ਲੜਕਾ ਅਤੇ ਦੋ ਲੜਕੀਆਂ ਛੱਡ ਗਿਆ ਹੈ।

ਪੰਜਾਬੀ ਭਾਈਚਾਰੇ ਦੇ ਮੋਹਤਬਰ ਆਗੂਆਂ ਨੇ ਸ੍ਰੀ ਹਰਭਜਨ ਸਿੰਘ ਨਾਲ ਇਸ ਦੁਖ ਦੀ ਘੜੀ ਹਮਦਰਦੀ ਪ੍ਰਗਟਾਈ ਹੈ। ਉਨ੍ਹਾਂ ਨਾਲ ਸੰਪਰਕ ਫੋਨ 916-256-8888 ਜਾਂ 916-712-8485 'ਤੇ ਕੀਤਾ ਜਾ ਸਕਦਾ ਹੈ।

## ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਹੋਰਨਾਂ ਨੂੰ ਸਿਟੀਜ਼ਨਸ਼ਿਪ ਦੁਆਈ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ-ਹਰਜੀਤ ਕੌਰ ਅਤੇ ਗੁਰਦੀਪ ਸਿੰਘ ਨੂੰ ਸਿਟੀਜ਼ਨਸ਼ਿਪ ਦੁਆਈ ਹੈ। ਹਰਜੀਤ ਕੌਰ ਨੂੰ ਸਿਟੀਜ਼ਨਸ਼ਿਪ ਸੈਕਰਾਮੈਂਟੋ ਅਤੇ ਗੁਰਦੀਪ ਸਿੰਘ ਨੂੰ ਨਿਊ ਯਾਰਕ ਵਿਚ ਮਿਲੀ। ਇਸ ਤੋਂ ਇਲਾਵਾ ਅਟਾਰਨੀ ਜਸਪ੍ਰੀਤ ਸਿੰਘ ਨੇ ਰਾਮਜੀ ਸਿੰਘ ਨਾਂ ਦੇ ਇਕ ਵਿਅਕਤੀ ਉਤੇ ਲੱਗੀ ਡਿਪੋਰਟੇਸ਼ਨ ਵੀ ਤੁੜਵਾਈ ਹੈ। ਰਾਮਜੀ ਸਿੰਘ ਦਾ ਕੇਸ ਬੋਰਡ ਆਫ ਇੰਮੀਗਰੇਸ਼ਨ ਅਪੀਲਜ਼, ਵਰਜੀਨੀਆਂ ਵਿਚ ਲੱਗਾ ਸੀ ਅਤੇ ਜਸਪ੍ਰੀਤ ਸਿੰਘ ਨੇ ਇਹ ਕੇਸ ਇੰਮੀਗਰੇਸ਼ਨ ਕੋਰਟ ਨਿਊ ਯਾਰਕ ਵਿਚ ਵਾਪਸ ਰਿਮਾਂਡ ਕਰਵਾ ਕੇ ਰਾਮਜੀ ਸਿੰਘ ਦੀ ਡਿਪੋਰਟੇਸ਼ਨ ਤੁੜਵਾਈ।

ਇਸੇ ਦੌਰਾਨ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਐਰੀਜ਼ੋਨਾ ਸਟੇਟ ਵਲੋਂ ਪਿਛੇ ਜਿਹੇ ਪਾਸ ਕੀਤੇ ਗਏ ਸਖਤ ਇੰਮੀਗਰੇਸ਼ਨ ਕਾਨੂੰਨ ਨੂੰ ਅਮਰੀਕਾ ਦੇ ਨਿਆਂ ਵਿਭਾਗ ਨੇ ਚੁਣੌਤੀ ਦਿੱਤੀ ਹੈ। ਵਿਭਾਗ ਵਲੋਂ ਫੈਡਰਲ ਡਿਸਟ੍ਰਿਕਟ ਕੋਰਟ, ਐਰੀਜ਼ੋਨਾ ਡਿਸਟ੍ਰਿਕਟ ਵਿਚ ਦਾਇਰ ਕੀਤੀ ਗਈ ਬਰੀਫ ਵਿਚ ਆਖਿਆ ਗਿਆ ਹੈ ਕਿ ਐਰੀਜ਼ੋਨਾ ਦਾ ਕਾਨੂੰਨ ਐਸ ਬੀ 1970 ਗੈਰ ਸੰਵਿਧਾਨਕ ਹੈ ਕਿਉਂਕਿ ਇਹ ਫੈਡਰਲ ਸਰਕਾਰ ਦੀ ਇੰਮੀਗਰੇਸ਼ਨ ਕਾਨੂੰਨ ਬਣਾਉਣ ਦੇ ਅਧਿਕਾਰ ਖੇਤਰ ਵਿਚ ਦਖਲਅੰਦਾਜ਼ੀ ਕਰਦਾ ਹੈ। ਅਮਰੀਕਾ ਦੇ ਅਟਾਰਨੀ ਜਨਰਲ ਐਰਿਕ ਹੋਲਡਰ ਨੇ ਕਿਹਾ ਹੈ ਕਿ ਇੰਮੀਗਰੇਸ਼ਨ ਕਾਨੂੰਨ ਬਣਾਉਣਾ ਫੈਡਰਲ ਸਰਕਾਰ ਦਾ ਖੇਤਰ ਹੈ ਨਾ ਕਿ ਸੂਬਾ ਸਰਕਾਰਾਂ ਦਾ।

ਜ਼ਿਕਰਯੋਗ ਹੈ ਕਿ ਅਪਰੈਲ ਮਹੀਨੇ ਪਾਸ ਕੀਤੇ ਗਏ ਇਸ ਕਾਨੂੰਨ ਰਾਹੀਂ ਐਰੀਜ਼ੋਨਾ ਵਿਚ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਣ ਅਤੇ ਰਹਿਣ ਨੂੰ ਇਕ ਜੁਰਮ ਬਣਾ ਦਿੱਤਾ ਗਿਆ ਹੈ। ਸਥਾਨਕ ਪੁਲਿਸ ਗੈਰ ਕਾਨੂੰਨੀ ਪਰਵਾਸੀਆਂ ਨੂੰ ਹਿਰਾਸਤ ਵਿਚ ਲੈ ਸਕਦੀ ਹੈ।

## ਪਾਕਿ 'ਚ ਆਤਮਘਾਤੀ ਧਮਾਕੇ 'ਚ 56 ਮੌਤਾਂ

**ਇਸਲਾਮਾਬਾਦ:** ਦਹਿਸ਼ਤਗਰਦ ਹਮਲਿਆਂ ਨਾਲ ਦਹਿਲ ਰਹੇ ਪਾਕਿਸਤਾਨ ਦੇ ਕਬਾਇਲੀ ਖੇਤਰ ਮੋਹਮੰਦ ਦੇ ਭੀੜ-ਭੜੱਕੇ ਵਾਲੇ ਬਾਜ਼ਾਰ 'ਚ ਸਥਿਤ ਇਕ ਸਰਕਾਰੀ ਦਫ਼ਤਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਆਤਮਘਾਤੀ ਹਮਲੇ 'ਚ 56 ਵਿਅਕਤੀਆਂ ਦੀ ਮੌਤ ਹੋ ਗਈ। ਇਸ ਹਮਲੇ ਵਿਚ 70 ਤੋਂ ਵਧ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿਚੋਂ 8 ਦੀ ਹਾਲਤ ਚਿੰਤਾਜਨਕ ਹੈ।

## Matrimonials

**Companionship Sought**

76 years old widower Punjabi healthy, handsome, retired doctor seeks companionship with a widow lady with attraction at or near 70. Even paying guest accommodation is welcome. Call Sharma at 315-383-2008

**Bridegroom Wanted**

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734
sandhu3200@gmail.com
*107-26-4*

**ਵਰ ਦੀ ਲੋੜ**

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732
*106-22-4*

**Bride Wanted**

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com
*105-25-4*

*www.punjabtimesusa.com*


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service



100% NCLEX-PN Pass Rate!
SSF Campus January 2010 – March 2010
Hayward Campus January 2008 – March 2008
Job Placement Assistance! Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you…Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਨਵੰਬਰ 84 ਦੀ ਸਿੱਖ ਨਸਲਕੁਸ਼ੀ ਵਿਚ ਕਾਂਗਰਸ ਦੀ ਭੂਮਿਕਾ ਦੀ ਜਾਂਚ ਦੀ ਮੰਗ

**ਨਿਊ ਯਾਰਕ:** ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਲਈ ਆਖਿਰ ਕਾਂਗਰਸ ਦੇ ਆਗੂ ਤੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ ਅਦਾਲਤ ਨੇ ਕਤਲ ਅਤੇ ਕਤਲ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਦੋਸ਼ ਆਇਦ ਕਰਨ ਤੋਂ ਇਹ ਗੱਲ ਤਾਂ ਸਾਫ ਹੋ ਗਈ ਹੈ ਕਿ ਹਜ਼ਾਰਾਂ ਸਿੱਖਾਂ ਦੇ ਕਤਲ ਵਿਚ ਕਾਂਗਰਸ ਪਾਰਟੀ ਅਤੇ ਇਸ ਦੇ ਆਗੂਆਂ ਦੀ ਅਹਿਮ ਭੂਮਿਕਾ ਰਹੀ ਹੈ।

ਦਿੱਲੀ ਦੀ ਇਕ ਅਦਾਲਤ ਵਲੋਂ ਸੱਜਣ ਕੁਮਾਰ ਖਿਲਾਫ ਦੋਸ਼ ਆਇਦ ਕੀਤੇ ਜਾਣ 'ਤੇ ਟਿੱਪਣੀ ਕਰਦਿਆਂ ਅਟਾਰਨੀ ਪੰਨੂ ਨੇ ਕਿਹਾ ਕਿ ਹਜ਼ਾਰਾਂ ਸਿੱਖਾਂ ਦਾ ਕਤਲ ਇਕ ਸੋਚੀ ਸਮਝੀ ਯੋਜਨਾ ਬਣਾਉਣ ਵਿਚ ਕਾਂਗਰਸ (ਆਈ) ਪੂਰੀ ਤਰ੍ਹਾਂ ਸ਼ਾਮਲ ਸੀ।

ਇੱਥੇ ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਵੰਬਰ 84 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਆਗੂਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜਾ ਕਰਨ ਲਈ ਇਸ ਨਸਲਕੁਸ਼ੀ ਦੇ ਪੀੜਤਾਂ ਨਾਲ ਮਿਲ ਕੇ ਜਦੋਜਹਿਦ ਕਰ ਰਹੇ ਹਨ।

ਅਟਾਰਨੀ ਪੰਨੂ ਨੇ ਕਿਹਾ ਕਿ ਸੱਜਣ ਕੁਮਾਰ ਖਿਲਾਫ ਰਸਮੀ ਚਾਰਜਸ਼ੀਟ ਤਾਂ ਇਨਸਾਫ ਵੱਲ ਇਕ ਛੋਟਾ ਜਿਹਾ ਕਦਮ ਹੈ ਕਿਉਂਕਿ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ ਸੀ ਤੇ ਇਸ ਵਿਚ ਕਥਿਤ ਤੌਰ 'ਤੇ ਕਮਲ ਨਾਥ, ਜਗਦੀਸ਼ ਟਾਈਟਲਰ, ਅਮਿਤਾਭ ਬਚਨ, ਅਰੁਣ ਨਹਿਰੂ, ਭਜਨ ਲਾਲ, ਆਰ ਕੇ ਧਵਨ ਵਰਗੇ ਕਈ ਹੋਰ ਕਾਂਗਰਸੀ ਆਗੂ ਸ਼ਾਮਲ ਸਨ। ਉਨ੍ਹਾਂ ਦੇ ਖਿਲਾਫ ਕਈ ਗਵਾਹ ਅਦਾਲਤ ਵਿਚ ਗਵਾਹੀ ਦੇਣ ਲਈ ਤਿਆਰ ਹਨ। ਅਟਾਰਨੀ ਪੰਨੂ ਨੇ ਦੋਸ਼ ਲਾਇਆ ਕਿ ਸੋਨੀਆ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੋਰ ਦੋਸ਼ੀਆਂ ਨੂੰ ਲਗਾਤਾਰ ਬਚਾਉਣ ਦਾ ਯਤਨ ਕਰ ਰਹੇ ਹਨ ਤੇ ਪੀੜਤਾਂ ਦੇ ਇਨਸਾਫ ਮੰਗਣ ਦੇ ਯਤਨਾਂ ਵਿਚ ਅੜਿਕਾ ਡਾਹ ਰਹੇ ਹਨ। ਹਾਲ ਵਿਚ ਹੀ ਡਾ. ਮਨਮੋਹਨ ਸਿੰਘ ਨੇ ਪੀੜਤਾਂ ਦਾ ਸਮਰਥਨ ਕਰਨ ਵਾਲਿਆਂ ਦੇ ਹੌਂਸਲੇ ਪਸਤ ਕਰਨ ਲਈ ਉਨ੍ਹਾਂ ਨੂੰ ਵੱਖਵਾਦੀ ਗਰਦਾਨਿਆ ਸੀ।

ਅਟਾਰਨੀ ਪੰਨੂ ਨੇ ਕਿਹਾ ਕਿ ਜਿਸ ਤਰ੍ਹਾਂ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣ ਅਤੇ ਮੁਸਲਮਾਨਾਂ ਦੇ ਕਤਲੇਆਮ ਵਿਚ ਭਾਜਪਾ ਦੀ ਭੂਮਿਕਾ ਦੀ ਜਾਂਚ ਕਰਨ ਲਈ ਕਮਿਸ਼ਨ ਬਣਾਇਆ ਗਿਆ ਸੀ ਉਸੇ ਤਰ੍ਹਾਂ ਇਸ ਨਸਲਕੁਸ਼ੀ ਵਿਚ ਕਾਂਗਰਸ (ਆਈ) ਦੀ ਭੂਮਿਕਾ ਦੀ ਡੂੰਘਾਈ ਨਾਲ ਜਾਂਚ ਕਰਵਾਉਣ ਲਈ ਇਕ ਨਿਆਂਇਕ ਕਮਿਸ਼ਨ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖਸ ਫਾਰ ਜਸਟਿਸ ਕਾਂਗਰਸ (ਆਈ) ਨੂੰ ਮਾਨਵੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਨ ਵਾਲੀ ਜਥੇਬੰਦੀ ਐਲਾਨਣ ਲਈ ਸੰਯੁਕਤ ਰਾਸ਼ਟਰ ਵਿਚ ਵੀ ਇਕ ਪਟੀਸ਼ਨ ਪਾਏਗੀ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਦੇ ਕੋ ਆਰਡੀਨੇਟਰ ਅਵਤਾਰ ਸਿੰਘ ਪੰਨੂ, ਮਾਸਟਰ ਮਹਿੰਦਰ ਸਿੰਘ, ਚਰਨਜੀਤ ਸਿੰਘ ਹਰਨਾਮਪੁਰੀ, ਡਾ. ਬਖਸ਼ੀਸ਼ ਸਿੰਘ ਸੰਧੂ, ਦਿਲਵਰ ਸਿੰਘ ਸੇਖੋਂ ਤੇ ਸੁਖਵਿੰਦਰ ਸਿੰਘ ਸਿੱਧੂ ਨੇ ਸੱਜਣ ਕੁਮਾਰ ਵਿਰੁਧ ਫੈਸਲੇ ਦਾ ਸਵਾਗਤ ਕਰਦਿਆਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਬਾਕੀ ਦੋਸ਼ੀਆਂ ਵਿਰੁਧ ਮੁਕੱਦਮੇ ਚਲਾਉਣ ਦੀ ਮੰਗ ਕੀਤੀ ਹੈ।

## ਫਰਿਜ਼ਨੋ ਦੇ ਗਦਰੀ ਮੇਲੇ ਲਈ ਤਿਆਰੀ ਦਾ ਜਾਇਜ਼ਾ

**ਫਰਿਜ਼ਨੋ:** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੀ ਇੱਕ ਵਿਸ਼ੇਸ਼ ਇੱਕਤਰਤਾ ਪ੍ਰਿ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਇਥੇ ਗਿੱਲ ਫਾਰਮ ਵਿਖੇ ਹੋਈ ਜਿਸ ਵਿਚ 29 ਅਗਸਤ ਨੂੰ ਫਰਿਜ਼ਨੋ ਫੇਅਰ ਗਰਾਊਂਡ ਵਿਚ ਹੋ ਰਹੇ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ ਦੀ ਤਿਆਰੀ ਦਾ ਜਾਇਜ਼ਾ ਲਿਆ ਗਿਆ। ਇਸ ਸੰਬੰਧੀ ਸੰਸਥਾ ਦੇ ਮੈਂਬਰਾਂ ਨੇ ਆਪਣੇ ਜਿੰਮੇ ਲਾਈ ਡਿਊਟੀ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ। ਮੇਲੇ ਦੀ ਰੂਪ-ਰੇਖਾ ਨੂੰ ਅੰਤਮ ਰੂਪ ਦੇਣ ਲਈ ਗੁਰਦੀਪ ਸਿੰਘ ਨਿੱਝਰ, ਪਾਲ ਧਾਲੀਵਾਲ ਤੇ ਸ. ਆਤਮਾ ਸਿੰਘ ਚਾਹਲ ਨੇ ਕੁਝ ਸੁਝਾਅ ਪੇਸ਼ ਕੀਤੇ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਤਰਕਸ਼ੀਲ ਸੋਸਾਇਟੀ, ਪੰਜਾਬ ਦੀ ਸਰਗਰਮ ਕਾਰਕੁਨ ਮਿਸਜ਼ ਸੁਰਿੰਦਰ ਗੋਂਦਾਰਾ ਉਚੇਚੇ ਤੌਰ ਤੇ ਮੇਲੇ ਵਿਚ ਭਾਗ ਲੈਣਗੇ ਅਤੇ ਅੰਧ-ਵਿਸ਼ਵਾਸ ਤੇ ਹੋਰ ਸਮਾਜਿਕ ਕੁਰੀਤੀਆਂ ਸੰਬੰਧੀ ਆਪਣੇ ਵਿਚਾਰ ਰੱਖਣਗੇ। ਪਿਛਲੇ ਮੇਲੇ ਦੀ ਤਰ੍ਹਾਂ ਇਸ ਵਾਰ ਵੀ ਕੋਰੀਓਗ੍ਰਾਫੀ, ਸਕਿੱਟ, ਗੀਤ-ਸੰਗੀਤ, ਮਲਵਈ ਗਿੱਧਾ ਤੋਂ ਇਲਾਵਾ ਫੋਟੋ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਖਾਣ-ਪੀਣ ਅਤੇ ਕਾਰ ਪਾਰਕਿੰਗ ਦਾ ਵਿਸ਼ੇਸ਼ ਮੁਫਤ ਪ੍ਰਬੰਧ ਹੋਵੇਗਾ। ਇਸ ਮੀਟਿੰਗ ਵਿਚ ਸਾਧੂ ਸਿੰਘ ਸੰਘਾ, ਨਿਰਮਲ ਗਿੱਲ, ਰਣਜੀਤ ਗਿੱਲ, ਗੁਰਨੇਕ ਰਾਏ, ਰਜਿੰਦਰ ਬਰਾੜ ਵੈਰੋਂਕੇ, ਹਾਕਮ ਸਿੰਘ ਢਿਲੋਂ, ਸੁਲੱਖਣ ਸਿੰਘ ਗਿੱਲ, ਸਤਵੰਤ ਸਿੰਘ ਵਿਰਕ, ਅਜੀਤਪਾਲ ਸਿੰਘ, ਬਿੱਕਰਮਜੀਤ ਸਿੰਘ ਕਾਹਲੋਂ, ਅਮਰਜੀਤ ਗਿੱਲ ਅਤੇ ਸੰਸਥਾ ਦੇ ਜਰਨਲ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ।

## ਅਮਰੀਕੀ ਐਚ-1 ਬੀ ਵੀਜ਼ੇ 'ਤੇ ਭਾਰਤੀ ਕਾਬਜ਼

**ਵਾਸ਼ਿੰਗਟਨ:** ਅਮਰੀਕਾ 'ਚ ਵਿਦੇਸ਼ੀ ਸ਼ਹਿਰੀਆਂ ਨੂੰ ਅਸਥਾਈ ਤੌਰ 'ਤੇ ਅਮਰੀਕੀ ਕੰਪਨੀਆਂ 'ਚ ਨੌਕਰੀ ਕਰਨ ਲਈ ਦਿੱਤੇ ਜਾਣ ਵਾਲੇ ਵੀਜ਼ੇ ਦੀ ਸਭ ਤੋਂ ਵਧ ਵਰਤੋਂ ਭਾਰਤੀ ਪੇਸ਼ੇਵਰ ਕਰਦੇ ਹਨ। ਪਿਛਲੇ ਸਾਲ 2009 'ਚ ਦਿੱਤੇ ਗਏ ਕੁੱਲ ਵੀਜ਼ਿਆਂ ਦੀ ਇਕ ਤਿਹਾਈ ਗਿਣਤੀ ਦੀ ਵਰਤੋਂ ਇਕੱਲੇ ਭਾਰਤੀਆਂ ਨੇ ਕੀਤੀ। ਗ੍ਰਹਿ ਸੁਰੱਖਿਆ ਵਿਭਾਗ ਦਾ ਕਹਿਣਾ ਹੈ ਕਿ ਸਾਲ 2009 'ਚ ਦਿੱਤੇ ਗਏ 339243 ਵੀਜ਼ਿਆਂ 'ਚੋਂ 123000 ਵੀਜ਼ਿਆਂ 'ਤੇ ਭਾਰਤ ਨੇ ਕਬਜ਼ਾ ਕੀਤਾ।

## ਗੁਰਦੁਆਰਾ ਫੇਅਰਫੀਲਡ 'ਚ ਗੁਰਮਤਿ ਕੈਂਪ 16 ਨੂੰ

ਫੇਅਰਫੀਲਡ, ਕੈਲੀਫੋਰਨੀਆ: ਗੁਰਦੁਆਰਾ ਫੇਅਰਫੀਲਡ ਵਿਚ ਇਸ ਸਾਲ ਦਾ ਬੱਚਿਆਂ ਦਾ ਦੂਜਾ ਗੁਰਮਤਿ ਕੈਂਪ "ਕੁਐਸਟ ਫਾਰ ਨਾਲਜ਼ ਫਾਉਂਡੇਸ਼ਨ" ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ੁਕਰਵਾਰ 16 ਜੁਲਾਈ ਤੋਂ 24 ਜੁਲਾਈ ਤਕ ਸਵੇਰੇ 9.30 ਤੋਂ ਸ਼ਾਮ 5 ਵਜੇ ਤਕ ਲਾਇਆ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਗੁਰੂਘਰ ਦੇ ਪ੍ਰਧਾਨ ਸ. ਸਤਿੰਦਰਪਾਲ ਸਿੰਘ ਹੇਅਰ ਅਤੇ ਮੀਤ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕੈਂਪ ਵਿਚ ਬੱਚਿਆਂ ਨੂੰ ਗੁਰਮਤਿ ਸਿੱਖਿਆ ਭਾਈ ਸਾਹਿਬ ਭਾਈ ਜਤਿੰਦਰਪਾਲ ਸਿੰਘ (ਪਾਲ ਜੀ) ਦੇਣਗੇ। ਬੱਚਿਆਂ ਨੂੰ ਗੁਰਮਤਿ ਸਿੱਖਿਆ ਪੰਜਾਬੀ ਅਤੇ ਅੰਗਰੇਜ਼ੀ-ਦੋਵਾਂ ਭਾਸ਼ਾਵਾਂ ਵਿਚ ਦਿੱਤੀ ਜਾਏਗੀ। ਕੈਂਪ ਦਾ ਮਨੋਰਥ ਬੱਚਿਆਂ ਨੂੰ ਜ਼ਿੰਦਗੀ ਦੇ ਵਖ-ਵਖ ਪਹਿਲੂਆਂ ਪ੍ਰਤੀ ਗੁਰਮਤਿ ਪਹੁੰਚ ਅਪਣਾਉਣ, ਦੇਸ਼ ਸੇਵਾ, ਮਾਤਾ-ਪਿਤਾ ਦੇ ਸਤਿਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੀ ਸਿੱਖਿਆ ਦੇਣਾ ਹੈ। ਕੈਂਪ ਵਿਚ ਗੁਰਬਾਣੀ ਦੇ ਮਹੱਤਵ, ਸ਼ਬਦ ਕੀਰਤਨ, ਕਵੀਸ਼ਰੀ ਅਤੇ ਕਥਾ ਵਿਆਖਿਆ ਬਾਰੇ ਵੀ ਜਾਣਕਾਰੀ ਦਿਤੀ ਜਾਏਗੀ।

ਦਿੱਤੀ ਗਈ ਜਾਣਕਾਰੀ ਅਨੁਸਾਰ ਬੱਚਿਆਂ ਨੂੰ ਅਮਰੀਕਾ ਵਿਚ ਬਣਾਏ ਗਏ ਪਹਿਲੇ ਗੁਰੂਘਰ ਗੁਰਦੁਆਰਾ ਸਟਾਕਟਨ ਦੇ ਦਰਸ਼ਨ ਵੀ ਕਰਵਾਏ ਜਾਣਗੇ ਅਤੇ ਗੁਰੂਘਰ ਦੀ ਅਹਿਮੀਅਤ ਦੀ ਚਰਚਾ ਹੋਵੇਗੀ। ਕੈਂਪ ਪੂਰੀ ਗੁਰਮਰਿਆਦਾ ਨਾਲ ਲਾਇਆ ਜਾਏਗਾ। ਬੱਚਿਆਂ ਦੀ ਦਿਲਚਸਪੀ ਨੂੰ ਮੁਖ ਰਖਦਿਆਂ ਤਰ੍ਹਾਂ ਤਰ੍ਹਾਂ ਦੇ ਸਨੈਕ ਅਤੇ ਅਮਰੀਕਨ ਖਾਣਾ ਬੱਚਿਆਂ ਨੂੰ ਲੰਗਰ ਵਿਚ ਛਕਾਇਆ ਜਾਏਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਬੱਚੇ ਕੈਂਪ ਵਿਚ ਭੇਜਣ ਅਤੇ ਇਸ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਗੁਰੂਘਰ ਫੋਨ 707-421-0707, ਸਤਿੰਦਰਪਾਲ ਸਿੰਘ ਹੇਅਰ 707-290-8530 ਜਾਂ ਹਰਜਿੰਦਰ ਸਿੰਘ ਧਾਮੀ 707-315-2468 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।

# ਸ਼ਿਵ ਬਟਾਲਵੀ ਦਾ ਜਨਮ ਸੂਬਾ ਪੱਧਰ 'ਤੇ ਮਨਾਇਆ ਜਾਏਗਾ-ਸੇਖਵਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬ ਦੇ ਲੋਕ ਸੰਪਰਕ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਪੰਜਾਬੀ ਦੇ ਦੰਤ-ਕਥਾਈ ਸ਼ਾਇਰ ਮਰਹੂਮ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ ਰਾਜ ਪੱਧਰ ਉਤੇ 29 ਅਤੇ 30 ਜੁਲਾਈ ਨੂੰ ਸ਼ਿਵ ਕੁਮਾਰ ਬਟਾਲਵੀ ਦੇ ਜੱਦੀ ਸ਼ਹਿਰ ਬਟਾਲਾ ਵਿਚ ਮਨਾਇਆ ਜਾਏਗਾ।



ਪੰਜਾਬ ਟਾਈਮਜ਼ ਨਾਲ ਫੋਨ ਉਤੇ ਗੱਲ ਕਰਦਿਆਂ ਸ. ਸੇਖਵਾਂ ਨੇ ਆਖਿਆ ਕਿ ਸ਼ਿਵ ਵਰਗਾ ਸ਼ਾਇਰ ਮਾਂਵਾਂ ਕੋਈ ਨਿਤ ਨਿਤ ਨਹੀਂ ਜੰਮਦੀਆਂ ਅਤੇ ਅਜਿਹੇ ਮਹਾਨ ਸ਼ਾਇਰ ਨੂੰ ਅਸੀਂ ਹਮੇਸ਼ਾ ਆਪਣੇ ਦਿਲਾਂ ਵਿਚ ਸਾਂਭੀ ਰੱਖਾਂਗੇ। ਉਨ੍ਹਾਂ ਕਿਹਾ ਕਿ ਸ਼ਿਵ ਨੂੰ ਇਕ ਸ਼ਰਧਾਂਜਲੀ ਵਜੋਂ ਉਨ੍ਹਾਂ ਦਾ ਜਨਮ ਦਿਨ ਹਰ ਸਾਲ ਸੂਬਾ ਪੱਧਰ 'ਤੇ ਮਨਾਇਆ ਜਾਏਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸ਼ਿਵ ਦੀ ਯਾਦ ਵਿਚ ਬਣੇ ਸ਼ਿਵ ਬਟਾਲਵੀ ਆਡੀਟੋਰੀਅਮ ਨੂੰ ਮੁਰੰਮਤ ਕਰਕੇ ਆਧੁਨਿਕ ਰੂਪ ਦਿੱਤਾ ਜਾ ਰਿਹਾ ਹੈ ਜੋ ਕਿ ਜਲਦ ਹੀ ਤਿਆਰ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਆਡੀਟੋਰੀਅਮ ਸੰਭਾਲ ਦੀ ਕਮੀ ਕਰਕੇ ਕਰੀਬ ਕਰੀਬ ਖੰਡਰ ਬਣ ਚੁੱਕਾ ਸੀ।

ਜਥੇਦਾਰ ਸੇਖਵਾਂ ਅਨੁਸਾਰ ਸ਼ਿਵ ਦੀ ਯਾਦ ਵਿਚ ਮਨਾਏ ਜਾ ਰਹੇ ਪ੍ਰੋਗਰਾਮ ਵਿਚ ਪਾਕਿਸਤਾਨ ਦੇ ਪ੍ਰਸਿਧ ਗਾਇਕ ਆਲਮ ਲੁਹਾਰ ਅਤੇ ਪੰਜਾਬ ਦੇ ਰਾਜ ਗਾਇਕ ਹੰਸ ਰਾਜ ਹੰਸ ਤੋਂ ਬਿਨਾ ਗਜ਼ਲ ਗਾਇਕ ਜਗਜੀਤ ਸਿੰਘ ਸ਼ਿਵ ਦੇ ਗਾਏ ਗੀਤ ਇਸ ਮੌਕੇ ਗਾਉਣਗੇ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੰਦਿਆਂ ਆਖਿਆ ਕਿ ਜੇ ਉਨ੍ਹਾਂ ਵਿਚੋਂ ਕੋਈ ਸੱਜਣ ਇਸ ਸਮਾਗਮ ਵਿਚ ਸ਼ਾਮਲ ਹੋਣਾ ਚਾਹੇ ਤਾਂ ਉਹ ਉਨ੍ਹਾਂ ਦੇ ਦਿਲੋਂ ਧਨਵਾਦੀ ਹੋਣਗੇ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਕਦੀ ਵੀ ਸ਼ਿਵ ਦਾ ਜਨਮ ਦਿਨ ਸੂਬਾ ਪੱਧਰ 'ਤੇ ਨਹੀਂ ਮਨਾਇਆ। ਹੋਰ ਜਾਣਕਾਰੀ ਲਈ ਜਥੇਦਾਰ ਸੇਖਵਾਂ ਨਾਲ ਫੋਨ 91-97797-55552 'ਤੇ ਸਿੱਧੀ ਗੱਲਬਾਤ ਕੀਤੀ ਜਾ ਸਕਦੀ ਹੈ।

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States



5 PIECE BEDROOM SET
INCLUDES: • FULL/QUEEN HEADBOARD • 2 NIGHT STANDS • DRESSER • MIRROR
$199.99 +TAX $299.99 +TAX $399.99 +TAX $599.99 +TAX
Why Pay Retail!
Liquidation Outlet
Only 15 Minutes From Manteca
Wholesale • Retail
7 PC. FARMHOUSE 60" TABLE $199.99 +TAX
DINING SETS 7 PC CHERRY $299.99 +TAX
3 PC. OAK COFFEE TABLE $69.99 +TAX
3 PC. CHERRY COFFEE TABLE $69.99 +TAX
BUNKBED (MATTRESS INCLUDED) $269.99 +TAX
6 PC. Breakfast Nook with table $599.99 +tax
$399.99 +tax Pub Table with 6 Chairs
IRON CANOPY BED COMPLETE $279.00 +TAX
SOFA TURNS INTO SECTIONAL $699.99 +TAX
Area Rugs 5'x8' Different styles $59.99 +TAX
CHESTS 4 DRAWER $49.99 +TAX 5 DRAWER $59.99 +TAX 6 DRAWER $69.99 +TAX 24" WIDE
SOFA & LOVESEAT With 4 Recliners $899.99 +tax
SOFA SECTIONAL W/FREE OTTOMAN $549.99 +tax
Free area rug with purchase of any sofa
ROLL AWAY BED WITH MATTRESS & PAD $119.99 +TAX
FUTON & MATTRESS $139.00 +TAX
SOFA & LOVESEAT With 3 Tables, 2 Lamps & Rugs $499.99 +TAX $599.99 +TAX
SOFA, LOVESEAT, 3 TABLES, 2 LAMPS 8 way hand tied 100% leather $999.00
SLEIGH BED 5 Pc. Set 2 Night Stands, Bed, Dresser/mirror $599.99
Quality Bedding at Low Prices! - Mattresses for less
Rebuilt Set
Twin Set..........$99.99 +TAX
Full..............$129.99 +TAX
Queen..........$159.99 +TAX
King.............$199.99 +TAX
Best Rest Sets
Pillow Top Rebuilt
Full..............$199.99 +TAX
Queen..........$239.99 +TAX
King.............$299.99 +TAX
Ultra Plush 20 Yr. Manufacturer Warranty
Full..............$299.99 +TAX
Queen..........$399.99 +TAX
King.............$499.99 +TAX
MUST PRESENT AD AT TIME OF PURCHASE. CURRENT SALE ITEMS NOT VALID ON PRIOR PURCHASES.
$SAdKey
209-581-9606
1557 Whitmore Ave. Next to Ceres Drive-In
Open Mon-Sat 11-7pm, Sun 10-5pm
www.liquidation-outlet.com
Morgan Road
Rockefeller Dr.
Fairview Dr.
S. Blaker Road
Hwy 99
*ਨਿਸ਼ਚਿਤ ਕੀਮਤਾਂ, ਕੋਈ ਸੌਦੇਬਾਜ਼ੀ ਨਹੀਂ *ਸੇਲਜ਼ ਟੈਕਸ ਵੱਖਰਾ ਹੋਵੇਗਾ, ਇਸ ਵਿਚ ਕੋਈ ਛੋਟ ਨਹੀਂ

# ਕੈਨੇਡਾ ਜਾਣ ਲਈ ਕਰਵਾਇਆ ਬਾਪ-ਬੇਟੇ ਨਾਲ ਵਿਆਹ

## ਪੋਲ ਖੁੱਲ੍ਹਣ ਤੋਂ ਬਾਅਦ ਫਰਾਰ

**ਚੰਡੀਗੜ੍ਹ:** ਵਿਦੇਸ਼ ਜਾਣ ਦੇ ਚੱਕਰ ਵਿਚ ਕੋਈ ਇਨਸਾਨ ਕਿਸ ਤਰ੍ਹਾਂ ਰਿਸ਼ਤਿਆਂ ਨੂੰ ਤਾਰ-ਤਾਰ ਕਰ ਸਕਦਾ ਹੈ, ਇਸ ਦੀ ਮਿਸਾਲ ਉਸ ਸਮੇਂ ਮਿਲੀ ਜਦੋਂ ਦੋਆਬਾ ਖੇਤਰ ਦੀ ਮੂਲ ਵਾਸੀ 40 ਸਾਲ ਦੀ ਪ੍ਰਿਯਾ ਇੰਦਰ ਕੌਰ ਨੇ 10 ਸਾਲ ਪਹਿਲਾਂ ਸੈਕਟਰ-11 ਦੇ ਵਸਨੀਕ ਇੱਕ ਐਨ ਆਰ ਆਈ ਰਜਿੰਦਰ ਸਿੰਘ ਮਾਨ ਨੂੰ ਆਪਣੇ ਜਾਲ ਵਿਚ ਫਸਾ ਲਿਆ ਤੇ ਤਲਾਕਸ਼ੁਦਾ ਦੱਸ ਕੇ ਉਸ ਨਾਲ ਵਿਆਹ ਕਰਵਾ ਲਿਆ। ਜਦੋਂ ਉਸ ਦਾ ਵਿਦੇਸ਼ ਜਾਣ ਦਾ ਸੁਪਨਾ ਪੂਰਾ ਨਾ ਹੋਇਆ ਤਾਂ ਉਸ ਨੇ ਇਸ ਐਨ ਆਰ ਆਈ ਮਾਨ ਦੇ ਪੁੱਤਰ ਰਾਜ ਮਾਨ, ਜੋ ਕੈਨੇਡਾ ਦਾ ਵਸਨੀਕ ਹੈ, ਨੂੰ ਚੰਡੀਗੜ੍ਹ ਆਉਣ 'ਤੇ ਆਪਣੇ ਜਾਲ ਵਿਚ ਫਸਾ ਲਿਆ।

ਇਸ ਔਰਤ ਨੇ ਫ਼ਿਰ ਰਾਜ ਮਾਨ ਨਾਲ ਵਿਆਹ ਕਰਵਾ ਕੇ ਜ਼ਿਲ੍ਹਾ ਮੈਜਿਸਟਰੇਟ, ਚੰਡੀਗੜ੍ਹ ਦੇ ਦਫ਼ਤਰ ਵਿਚੋਂ ਵਿਆਹ ਦਾ ਸਰਟੀਫਿਕੇਟ ਹਾਸਲ ਕਰਨ ਦੀ ਵੀ ਕੋਸ਼ਿਸ਼ ਕੀਤੀ, ਪਰ ਨਾਕਾਮ ਹੋ ਗਈ। ਦੱਸਿਆ ਜਾਂਦਾ ਹੈ ਕਿ ਦੋਆਬਾ ਖੇਤਰ ਦੀ ਪ੍ਰਿਯਾ ਇੰਦਰ ਕੌਰ ਆਪਣੀ ਮਾਸੀ ਜਸਪਾਲ ਕੌਰ, ਜੋ ਸੈਕਟਰ-11 ਦੇ ਲੜਕਿਆਂ ਦੇ ਕਾਲਜ ਵਿਚ ਬਤੌਰ ਲਾਈਬਰੇਰੀਅਨ ਹੈ, ਕੋਲ ਆਈ ਸੀ ਤੇ ਪੀ ਸੀ ਐਲ ਵਿਚ ਨੌਕਰੀ ਕਰਨ ਲੱਗੀ। ਇਸ ਤੋਂ ਬਾਅਦ ਉਹ ਮੋਹਾਲੀ ਦੇ ਵੱਖ-ਵੱਖ ਮਕਾਨਾਂ ਵਿਚ ਰਹੀ। ਜਦੋਂ ਉਹ ਰਜਿੰਦਰ ਸਿੰਘ ਮਾਨ ਦੇ ਸੈਕਟਰ-11 ਸਥਿਤ ਮਕਾਨ 'ਚ ਕਮਰਾ ਕਿਰਾਏ 'ਤੇ ਲੈਣ ਲਈ ਆਈ ਤਾਂ ਪੁਲਿਸ ਵੈਰੀਫਿਕੇਸ਼ਨ ਨਾ ਹੋਣ ਕਰਕੇ ਤਿੰਨ ਦਿਨ ਬਾਅਦ ਉਸ ਨੂੰ ਘਰੋਂ ਬਾਹਰ ਕਰ ਦਿੱਤਾ ਗਿਆ। ਇਸ ਔਰਤ ਨੇ ਕਸੌਲੀ ਵਿਚ ਅੰਬਾਲਾ ਦੇ ਇਕ ਵਿਅਕਤੀ ਨਾਲ ਵਿਆਹ ਵੀ ਕੀਤਾ ਸੀ। ਕੁਝ ਅਰਸੇ ਬਾਅਦ ਜਦੋਂ ਇਹ ਔਰਤ ਫ਼ਿਰ ਰਜਿੰਦਰ ਸਿੰਘ ਮਾਨ ਦੇ ਘਰ ਕੰਮ ਮੰਗਣ ਚਲੀ ਗਈ ਤਾਂ ਮਾਨ ਨੇ ਉਸ ਨੂੰ ਘਰ ਦੇ ਕੰਮ ਲਈ 1500 ਰੁਪਏ ਮਹੀਨੇ 'ਤੇ ਰੱਖ ਲਿਆ। ਇਸ ਉਪਰੰਤ ਇਸ ਔਰਤ ਨੇ ਮਾਨ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਆਖ਼ਰ ਇਹ ਔਰਤ ਸ. ਮਾਨ ਨਾਲ ਕਸੌਲੀ ਦੇ ਇੱਕ ਮੰਦਰ ਵਿਚ ਵਿਆਹ ਕਰਵਾਉਣ ਵਿਚ ਸਫ਼ਲ ਹੋ ਗਈ ਤੇ ਇਹ ਦੋਵੇਂ ਪਤੀ-ਪਤਨੀ ਵਜੋਂ ਰਹਿਣ ਲੱਗੇ।

ਜਦੋਂ ਸ. ਮਾਨ ਇਸ ਔਰਤ ਨੂੰ ਆਪਣੇ ਨਾਲ ਵਿਦੇਸ਼ ਨਾ ਲੈ ਗਿਆ ਤਾਂ ਉਸ ਨੇ ਰਜਿੰਦਰ ਸਿੰਘ ਮਾਨ ਤੋਂ ਘਰ ਵਿਚ ਲਿਖਾ-ਪੜ੍ਹੀ ਕਰਕੇ ਤਲਾਕ ਲੈ ਲਿਆ ਤੇ ਉਸ ਦੇ ਪੁੱਤਰ ਰਾਜ ਮਾਨ, ਜੋ ਕੈਨੇਡਾ ਤੋਂ ਇਲਾਜ ਕਰਵਾਉਣ ਲਈ ਪੀ ਜੀ ਆਈ ਆਇਆ ਸੀ, ਨੂੰ ਆਪਣੇ ਜਾਲ ਵਿਚ ਫਸਾ ਲਿਆ। ਫ਼ਿਰ ਪ੍ਰਿਯਾ ਨੇ ਰਾਜ ਮਾਨ ਨਾਲ 18 ਮਈ 2006 ਨੂੰ ਸੈਕਟਰ-32 ਦੇ ਗੁਰਦਵਾਰਾ ਸਾਹਿਬ ਵਿਚ ਵਿਆਹ ਕਰਵਾ ਲਿਆ।

ਜ਼ਿਕਰਯੋਗ ਹੈ ਕਿ ਸ. ਮਾਨ ਦਾ ਪੁੱਤਰ ਪ੍ਰਿਯਾ ਦੀ ਕਰਤੂਤ ਤੋਂ ਜਾਣੂੰ ਨਹੀਂ ਸੀ ਕਿ ਉਹ ਤਾਂ ਪਹਿਲਾਂ ਹੀ ਉਸ ਦੇ ਪਿਤਾ ਨਾਲ ਵਿਆਹ ਕਰਵਾ ਚੁੱਕੀ ਹੈ। ਆਖਰ ਮਾਨ ਦਾ ਪੁੱਤਰ ਤੇ ਪ੍ਰਿਯਾ ਪਤੀ-ਪਤਨੀ ਵਜੋਂ ਰਹਿਣ ਲੱਗੇ। ਜਦੋਂ ਇਸ ਦਾ ਪਤਾ ਸ. ਮਾਨ ਨੂੰ ਲੱਗਾ ਤਾਂ ਉਸ ਨੇ ਵਿਆਹ ਦਾ ਸਰਟੀਫੀਕੇਟ ਲੈਣ ਲਈ ਜਿਹੜਾ ਬੇਨਤੀ ਪੱਤਰ ਜ਼ਿਲ੍ਹਾ ਮਜਿਸਟਰੇਟ ਅੱਗੇ ਦਿੱਤਾ ਸੀ, ਨੂੰ ਰੱਦ ਕਰਵਾ ਦਿੱਤਾ, ਕਿਉਂਕਿ ਪ੍ਰਿਯਾ ਨੇ ਅਦਾਲਤ ਵਿਚ ਇਹ ਹਲਫਨਾਮਾ ਦਿੱਤਾ ਸੀ ਕਿ ਉਸ ਦਾ ਪਹਿਲਾਂ ਕੋਈ ਵਿਆਹ ਨਹੀਂ ਹੋਇਆ ਅਤੇ ਉਹ ਕੁਆਰੀ ਹੈ।

ਜਦੋਂ ਇਸ ਕਹਾਣੀ ਦਾ ਪਤਾ ਸ. ਮਾਨ ਦੇ ਪੁੱਤਰ ਨੂੰ ਲੱਗਾ ਤਾਂ ਦੋਵੇਂ ਪਿਉ-ਪੁੱਤਰਾਂ ਨੇ ਪ੍ਰਿਯਾ ਦੇ ਖਿਲਾਫ ਸੈਕਟਰ-11 ਦੇ ਥਾਣੇ ਵਿਚ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ। ਇਹ ਵੀ ਪਤਾ ਲੱਗਾ ਕਿ ਪ੍ਰਿਯਾ ਕੈਨੇਡਾ ਦੇ ਰਾਜਦੂਤ ਦੇ ਦਫ਼ਤਰ ਵਿਚ ਚੱਕਰ ਮਾਰ ਰਹੀ ਸੀ।

ਸ. ਮਾਨ ਨੇ ਦੱਸਿਆ ਕਿ ਜਦੋਂ ਦਿੱਲੀ ਪੁਲਿਸ ਨੂੰ ਇਤਲਾਹ ਕੀਤੀ ਗਈ ਤਾਂ ਦਿੱਲੀ ਪੁਲਿਸ ਨੇ ਛਾਪਾ ਮਾਰਿਆ ਪਰ ਪ੍ਰਿਯਾ ਉਥੋਂ ਭੱਜਣ ਵਿਚ ਸਫਲ ਹੋ ਗਈ। ਚੰਡੀਗੜ੍ਹ ਪੁਲਿਸ ਦੇ ਓਪਰੇਸ਼ਨ ਸੈਲ ਦੇ ਇੰਸਪੈਕਟਰ ਮਲਕੀਤ ਸਿੰਘ ਵੀ ਮੰਨਦੇ ਹਨ ਕਿ ਇਹ ਔਰਤ ਜਿਹੜੇ ਪਤਿਆਂ 'ਤੇ ਰਹਿੰਦੀ ਸੀ, ਉਥੋਂ ਗਾਇਬ ਹੈ। ਪੁਲਿਸ ਉਸਦੀ ਭਾਲ ਕਰ ਰਹੀ ਹੈ।

ਪੁਲਿਸ ਨੂੰ ਖਦਸ਼ਾ ਹੈ ਕਿ ਉਹ ਜਾਅਲੀ ਪਾਸੋਪਰਟ 'ਤੇ ਵਿਦੇਸ਼ ਖਿਸਕ ਗਈ ਹੈ। ਮਾਨ ਅਨੁਸਾਰ ਇਸ ਔਰਤ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਪਾਸਪੋਰਟ ਵੀ ਬਣਵਾਇਆ।

ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੀ ਪੁਲਿਸ ਇਸ ਔਰਤ ਅਤੇ ਉਸਦੇ ਪਹਿਲੇ ਪਤੀ ਦੀ ਆਗਰਾ ਦੀ ਇਕ ਔਰਤ ਦੇ ਸਾਲ 2000 ਵਿਚ ਹੋਏ ਕਤਲ ਕੇਸ ਵਿਚ ਭਾਲ ਕਰ ਰਹੀ ਹੈ।

# ਐਸ ਸੀ ਪਰਿਵਾਰਾਂ ਲਈ ਆਈ ਰਕਮ ਵਾਪਿਸ

**ਸੰਗਰੂਰ:** ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਲਈ ਭਲਾਈ ਸਕੀਮਾਂ ਚਲਾਉਣ ਦੀਆਂ ਗੱਲਾਂ ਕਰਦੀ ਹੈ, ਪਰ ਸਰਕਾਰ ਕੇਂਦਰ ਦੀਆਂ ਸਕੀਮਾਂ ਨੂੰ ਵੀ ਲਾਗੂ ਕਰਨ 'ਚ ਨਾਕਾਮ ਹੋ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਐਸ ਸੀ ਮਰਦ/ਔਰਤਾਂ, ਜੋ ਬੀ ਪੀ ਐਲ ਕਾਰਡ ਧਾਰਕ ਹਨ, ਨੂੰ 6 ਮਹੀਨੇ ਤੋਂ 9 ਮਹੀਨੇ ਤੱਕ 3 ਕੱਟੀਆਂ ਪਾਲਣ ਲਈ 10 ਹਜ਼ਾਰ ਰੁਪਏ 100 ਫ਼ੀਸਦੀ ਸਬਸਿਡੀ 'ਤੇ ਦਿੱਤੇ ਜਾਣੇ ਸਨ। ਇਸ ਰਕਮ ਨਾਲ ਇਹ ਐਸ ਸੀ ਪਰਿਵਾਰ ਕੱਟੀਆਂ ਪਾਲ ਕੇ ਦੁੱਧ ਵੇਚਣ ਦਾ ਜਾਂ ਹੋਰ ਕੰਮ ਕਰ ਸਕਦੇ ਸਨ। ਪਰ ਇਸ ਸਕੀਮ ਤਹਿਤ ਕੇਂਦਰ ਵਲੋਂ ਆਈ ਰਕਮ ਪੰਜਾਬ ਸਰਕਾਰ ਲਾਭਪਾਤਰੀਆਂ ਨੂੰ ਨਹੀਂ ਵੰਡ ਸਕੀ ਅਤੇ ਇਹ ਮਿਆਦ ਲੰਘਣ ਕਾਰਨ ਰੱਦ ਹੋ ਗਈ। ਪੰਜਾਬ ਸਰਕਾਰ ਦੀ ਲਾਪ੍ਰਵਾਹੀ ਕਾਰਨ ਘੱਟੋ-ਘੱਟ 10 ਹਜ਼ਾਰ ਐਸ ਸੀ ਪਰਿਵਾਰਾਂ ਨੂੰ ਇਹ ਲਾਭ ਨਹੀਂ ਮਿਲ ਸਕਿਆ। ਇਸ ਸਬੰਧੀ ਜਦੋਂ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਸਕੀਮ ਖ਼ੁਦ ਉਨ੍ਹਾਂ ਨੇ ਤਿਆਰ ਕਰਵਾਈ ਸੀ, ਪਰ 31 ਮਾਰਚ 2010 ਨੂੰ ਜ਼ਿਲ੍ਹਾ ਖ਼ਜ਼ਾਨਾ ਅਫਸਰਾਂ ਨੇ ਇਨ੍ਹਾਂ ਬਿਲਾਂ 'ਤੇ ਇਤਰਾਜ਼ ਲਗਾ ਦਿੱਤੇ ਸਨ, ਜਿਸ ਕਾਰਨ ਲਾਭਪਾਤਰੀਆਂ ਨੂੰ ਸਕੀਮ ਦਾ ਕੋਈ ਲਾਭ ਨਹੀਂ ਮਿਲ ਸਕਿਆ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,

For Emergency Call anytime at
India $545
EARLY BIRD SALE!!!!

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

# ਹੜ੍ਹਾਂ ਦੇ ਮੁੱਦੇ 'ਤੇ ਪੰਜਾਬ ਤੇ ਹਰਿਆਣਾ ਹੋਏ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਆਏ ਹੜ੍ਹਾਂ ਨੂੰ ਲੈ ਕੇ ਦੋਹਾਂ ਰਾਜਾਂ ਦੀ ਪਾਣੀ ਦੀ ਰਾਜਨੀਤੀ ਪੂਰੀ ਤਰ੍ਹਾਂ ਗਰਮਾ ਗਈ ਹੈ। ਜਿੱਥੇ ਹਰਿਆਣਾ ਨੇ ਪੰਜਾਬ ਉਪਰ ਇਹ ਸਿੱਧੇ ਦੋਸ਼ ਲਗਾਏ ਕਿ ਹਰਿਆਣਾ ਵਿਚ ਆਏ ਹੜ੍ਹਾਂ ਦਾ ਮੁੱਖ ਕਾਰਨ ਪੰਜਾਬ ਵਲੋਂ ਸਤਲੁਜ ਯਮੁਨਾ ਲਿੰਕ ਨਹਿਰ ਤੇ ਹਾਂਸੀ ਬੁਟਾਣਾ ਵਿਚ ਪਾੜ੍ਹ ਪਾ ਕੇ ਹਰਿਆਣਾ ਵਲ ਪਾਣੀ ਛੱਡਣਾ ਹੈ, ਉਥੇ ਪੰਜਾਬ ਨੇ ਹਰਿਆਣੇ ਦੇ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਹਾਂਸੀ-ਬੁਟਾਣਾ ਤੇ ਘੱਗਰ ਕਰਕੇ ਪੰਜਾਬ ਦੇ 167 ਪਿੰਡਾਂ ਹੜ੍ਹਾਂ ਦੀ ਮਾਰ ਹੇਠ ਆ ਗਏ ਹਨ।

ਪੰਜਾਬ ਦੇ ਮੁੱਖ ਇੰਜੀਨੀਅਰ ਨਹਿਰਾਂ ਅਮਰਜੀਤ ਸਿੰਘ ਦੁਲੱਟ ਨੇ ਕਿਹਾ ਕਿ ਹਾਂਸੀ ਬੁਟਾਣਾ ਦੀ ਸਾਰੀ ਉਸਾਰੀ ਹਰਿਆਣਾ ਵਿਚ ਹੋਈ ਹੈ ਤੇ ਉਸ ਕਰਕੇ ਪੰਜਾਬ ਵਿਚ ਪਾਣੀ ਨੇ ਵਧ ਮਾਰ ਕੀਤੀ ਹੈ। ਉਨ੍ਹਾਂ ਪੰਜਾਬ ਸਰਕਾਰ ਵਲੋਂ ਹਾਂਸੀ ਬੁਟਾਣਾ ਨਹਿਰ ਦੀ ਮਾਰ ਦੇ ਕਰਵਾਏ ਗਏ ਹਵਾਈ ਸਰਵੇਖਣ ਨੂੰ ਦਿਖਾਉਂਦੇ ਹੋਏ ਉਹ ਤਸਵੀਰਾਂ ਦਿਖਾਈਆਂ, ਜਿਨ੍ਹਾਂ ਵਿਚ ਹਾਂਸੀ ਬੁਟਾਣਾ ਦੇ ਜਿਸ ਪਾਸੇ ਹਰਿਆਣਾ ਹੈ, ਉਸ ਪਾਸੇ ਮਾਮੂਲੀ ਨੁਕਸਾਨ ਹੋਇਆ, ਜਦੋਂ ਕਿ ਹਾਂਸੀ-ਬੁਟਾਣਾ ਦੇ ਨਾਲ ਪੰਜਾਬ ਦਾ ਸਾਰਾ ਖੇਤਰ ਕਈ-ਕਈ ਫੁੱਟ ਪਾਣੀ ਵਿਚ ਡੁੱਬਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਰਿਆਣੇ ਵਲੋਂ ਗੈਰ ਕਾਨੂੰਨੀ ਢੰਗ ਨਾਲ ਹਾਂਸੀ ਬੁਟਾਣਾ ਦੀ ਉਸਾਰੀ ਕੀਤੀ ਗਈ ਹੈ ਤੇ ਇਹ ਨਹਿਰ ਕੁਦਰਤੀ ਢਲਾਨ ਦੇ ਉਲਟ ਉਸਾਰੀ ਗਈ ਹੈ, ਜਿਸ ਕਰਕੇ ਬਾਰਿਸ਼ ਦਾ ਕੁਦਰਤੀ ਵਹਾਅ ਰੁਕ ਜਾਂਦਾ ਹੈ। ਇਹ ਨਹਿਰ ਘੱਗਰ ਦਰਿਆ ਦੀਆਂ ਟ੍ਰੀਬਿਊਟਰੀਆਂ (ਛੋਟੀਆਂ ਨਦੀਆਂ) ਵਿਚੋਂ ਬਾਰਿਸ਼ ਦੇ ਪਾਣੀ ਨੂੰ ਘੱਗਰ ਦਰਿਆ ਵਿਚ ਪੈਣ ਤੋਂ ਰੋਕਦੀ ਹੈ, ਕਿਉਂਕਿ ਘੱਗਰ ਦਰਿਆ ਹੜ੍ਹਾਂ ਦੌਰਾਨ ਹੁਣ ਆਪਣੀਆਂ ਟ੍ਰਬਿਊਟਰੀਆਂ ਵਿਚ ਪਾਣੀ ਦੇ ਪੱਧਰ ਤੋਂ ਕੁਝ ਉਚੇ ਪੱਧਰ 'ਤੇ ਚੱਲ ਰਿਹਾ ਹੁੰਦਾ ਹੈ। ਹਾਂਸੀ ਬੁਟਾਣਾ ਕਰਕੇ 32 ਪਿੰਡਾਂ ਵਿਚ 5 ਤੋਂ 6 ਫੁੱਟ ਪਾਣੀ ਜਮ੍ਹਾਂ ਹੈ, ਜਦੋਂਕਿ 80 ਹਜ਼ਾਰ ਏਕੜ ਤੋਂ ਵਧ ਝੋਨਾ ਰੁੜ ਗਿਆ ਹੈ। ਇਸ ਤੋਂ ਇਲਾਵਾ ਘੱਗਰ ਤੇ ਹਾਂਸੀ ਬੁਟਾਣਾ ਕਰਕੇ ਹੋਰ 150 ਪਿੰਡਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਹਾਂਸੀ ਬੁਟਾਣਾ ਦੇ ਚਲਦੇ ਪੰਜਾਬ ਦੇ ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ ਤੇ ਮੁਹਾਲੀ ਜ਼ਿਲ੍ਹਿਆਂ 'ਚ ਝੋਨੇ ਦਾ ਨੁਕਸਾਨ ਹੋਇਆ ਹੈ ਤੇ ਹੁਣ ਇਨ੍ਹਾਂ ਜ਼ਿਲ੍ਹਿਆਂ ਵਿਚ ਸਾਰੀ ਉਮਰ ਲਈ ਖੇਤੀਬਾੜੀ ਕਰਨੀ ਔਖੀ ਹੋ ਜਾਵੇਗੀ। ਦੁੱਲਟ ਨੇ ਕਿਹਾ ਕਿ ਇਹ ਨੁਕਸਾਨ ਹਰਿਆਣਾ ਵਲੋਂ ਗੈਰਕਾਨੂੰਨੀ ਢੰਗ ਨਾਲ ਉਸਾਰੀ ਗਈ ਹਾਂਸੀ ਬੁਟਾਣਾ ਕਰਕੇ ਹੋ ਰਿਹਾ ਹੈ। ਇਸੇ ਤਰ੍ਹਾਂ ਐਸ ਵਾਈ ਐਲ ਦੀ ਉਸਾਰੀ ਵੀ ਕੁਦਰਤੀ ਢਲਾਨ ਦੇ ਉਲਟ ਕੀਤੀ ਗਈ ਹੈ, ਜੋ ਕਿ ਬਾਰਿਸ਼ ਦੇ ਕੁਦਰਤੀ ਵਹਾਅ ਨੂੰ ਰੋਕਦੀ ਹੈ। ਪਹਿਲਾਂ ਜੋ ਪਾਣੀ ਫੈਲ ਕੇ ਨਿਕਲ ਜਾਂਦਾ ਸੀ, ਹੁਣ ਇਕੱਠਾ ਹੋ ਕੇ ਉਪਰਲੇ ਪਿੰਡਾਂ ਦਾ ਨੁਕਸਾਨ ਕਰਦੇ ਹੋਏ ਨਿਕਲਦਾ ਹੈ।







ਮੁੱਖ ਇੰਜੀਨੀਅਰ ਦਾ ਕਹਿਣਾ ਹੈ ਕਿ ਪੰਜਾਬ ਦੇ ਨੁਕਸਾਨ ਨੂੰ ਬਚਾਉਣ ਲਈ ਹਾਂਸੀ ਬੁਟਾਣਾ ਨੂੰ ਤੋੜੇ ਜਾਣਾ ਹੀ ਇਕ ਰਾਹ ਹੈ। ਜ਼ਿਕਰਯੋਗ ਹੈ ਕਿ ਹਾਂਸੀ ਬੁਟਾਣਾ ਨੂੰ ਲੈ ਕੇ ਬੀਤੇ ਸ਼ੁੱਕਰਵਾਰ 9 ਜੁਲਾਈ ਨੂੰ ਪੰਜਾਬ ਦੇ ਮੁੱਖ ਸਕੱਤਰ ਨੇ ਕੇਂਦਰੀ ਜਲ ਸਰੋਤ ਮੰਤਰਾਲੇ ਦੇ ਸਕੱਤਰ ਯੂ.ਐਨ. ਪੰਜੀਆਰ ਤੇ ਹਰਿਆਣਾ ਦੀ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ 4 ਜ਼ਿਲ੍ਹਿਆਂ ਵਿਚ ਹਾਂਸੀ ਬੁਟਾਣਾ ਦੀ ਗੈਰ ਕਾਨੂੰਨੀ ਉਸਾਰੀ ਕਰਕੇ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਹਰਿਆਣਾ ਅਤੇ ਕੇਂਦਰ ਸਰਕਾਰ ਤੋਂ ਹਾਂਸੀ ਬੁਟਾਣਾ ਨਹਿਰ ਨੂੰ ਤੋੜਨ ਦੀ ਮੰਗ ਕੀਤੀ ਤਾਂ ਕਿ ਅੱਗੇ ਤੋਂ ਇਹ ਨੁਕਸਾਨ ਨਾ ਹੋਵੇ। ਦੁੱਲਟ ਨੇ ਕਿਹਾ ਕਿ ਪੰਜਾਬ ਨੂੰ ਐਸ ਵਾਈ ਐਲ ਨਹਿਰ ਵਿਚ ਪਾੜ੍ਹ ਪਾਉਣ ਦਾ ਕੋਈ ਲਾਭ ਨਹੀਂ, ਕਿਉਂਕਿ ਇਸ ਨਾਲ ਪੰਜਾਬ ਦਾ ਹੀ ਨੁਕਸਾਨ ਹੋਵੇਗਾ। ਮੁੱਖ ਇੰਜੀਨੀਅਰ ਨੇ ਕਿਹਾ ਕਿ ਜਦੋਂ ਪਾਣੀ ਦਾ ਪੱਧਰ ਹਰਿਆਣਾ ਵਲ ਘੱਗਰ 'ਤੇ ਬੰਨ੍ਹ ਲਾਏ ਜਾਣ ਕਰਕੇ ਕਾਫੀ ਉਚਾ ਹੋ ਗਿਆ, ਉਦੋਂ ਇਹ ਪਾਣੀ ਪੰਜਾਬ ਨੂੰ ਵਾਪਸ ਆਉਣ ਲੱਗ ਗਿਆ ਅਤੇ ਇਸ ਨੇ ਪੰਜਾਬ ਦੇ ਪਿੰਡਾਂ 'ਤੇ ਮਾਰ ਕੀਤੀ।

ਯਾਦ ਰਹੇ ਹਰਿਆਣਾ ਦੀ ਹਾਂਸੀ ਬੁਟਾਣਾ ਨਹਿਰ ਦੀ ਡਾਫ ਕਾਰਨ ਘੱਗਰ ਦਰਿਆ ਦੇ ਹੜ੍ਹ ਨੇ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਪਿੰਡਾਂ 'ਚ ਵਿਆਪਕ ਤਬਾਹੀ ਮਚਾਈ ਹੈ। ਦਰਜਨਾਂ ਪਿੰਡ ਪਾਣੀ ਵਿਚ ਘਿਰ ਗਏ ਹਨ ਅਤੇ ਹਜ਼ਾਰਾ ਏਕੜ ਫਸਲ ਬਰਬਾਦ ਹੋ ਚੁੱਕੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਘੱਗਰ ਦਰਿਆ ਨੂੰ ਦੋਹਾਂ ਪਾਸਿਉਂ ਤੋਂ ਪੱਕਾ ਕਰਨ ਦੇ ਪ੍ਰਾਜੈਕਟ ਦੀ ਘੱਗਰ ਕਮੇਟੀ ਨੇ ਪ੍ਰਵਾਨਗੀ ਦਿੱਤੀ ਸੀ। ਇਸ ਤੋਂ ਬਾਅਦ ਪਹਿਲੇ ਪੜਾਅ ਵਿਚ ਖਨੌਰੀ ਤੋ ਮਕੋਰੜ ਸਾਹਿਬ ਤੱਕ 22.5 ਕਿਲੋਮੀਟਰ ਘੱਗਰ ਦਰਿਆ ਦੇ ਦੋਵੇਂ ਬੰਨ੍ਹ ਪੱਕੇ ਕਰ ਦਿੱਤੇ ਗਏ ਸਨ। ਇਸ ਨਾਲ ਇਲਾਕੇ ਦੇ ਦਰਜਨਾਂ ਪਿੰਡ ਇਸ ਵਾਰ ਹੜ੍ਹ ਦੀ ਤਬਾਹੀ ਤੋਂ ਬਚ ਗਏ । ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਘੱਗਰ ਦੇ ਬੰਨ੍ਹ ਨੂੰ ਪੱਕੇ ਕਰਨ 'ਤੇ ਇਤਰਾਜ਼ ਕੀਤਾ ਸੀ, ਸਿੱਟੇ ਵਜੋਂ ਮਕੋਰੜ ਸਾਹਿਬ ਤੋਂ ਅੱਗੇ ਦੂਜੇ ਪੜਾਅ ਵਿਚ 17.5 ਕਿਲੋਮੀਟਰ ਬੰਨ੍ਹ ਪੱਕੇ ਕਰਨ ਦਾ ਪ੍ਰਾਜੈਕਟ ਵਿਚਕਾਰ ਹੀ ਠੱਪ ਹੋ ਗਿਆ। ਇਸ ਕਾਰਨ ਹੜ੍ਹ ਨੇ ਤਬਾਹੀ ਮਚਾਈ।

**ਹਰਿਆਣਾ ਨੇ ਦੋਸ਼ ਨਕਾਰੇ :** ਹਰਿਆਣਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਹੜ੍ਹ ਲਿਆਉਣ ਵਿਚ ਉਸ ਦਾ ਕੋਈ ਹੱਥ ਨਹੀਂ। ਉਨ੍ਹਾਂ ਨੇ ਇਸ ਨੂੰ ਗੁਮਰਾਹ ਕਰਨ ਵਾਲਾ ਪ੍ਰਚਾਰ ਦੱਸਿਆ। ਹਰਿਆਣਾ ਦੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਆਰ.ਐਨ. ਪ੍ਰਾਸ਼ਰ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਦੋਹਾਂ ਰਾਜਾਂ ਦੇ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ, ਅਜਿਹਾ ਪ੍ਰਚਾਰ ਬਹੁਤ ਹੀ ਅਫ਼ਸੋਸਨਾਕ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦੀ ਜਿਵੇਂ ਹਰਿਆਣਾ ਦੇ ਲੋਕਾਂ ਨਾਲ ਹਮਦਰਦੀ ਹੈ, ਉਸ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਨਾਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਸਮੱਸਿਆ ਪੰਜਾਬ ਤੋਂ ਸ਼ੁਰੂ ਹੁੰਦੀ ਹੈ ਕਿਉਂਕਿ ਘੱਗਰ ਦੇ ਪਾਣੀ ਨੂੰ ਐਸ.ਵਾਈ.ਐਲ ਨਹਿਰ ਵਿਚ ਪਾ ਦਿਤਾ ਗਿਆ ਹੈ। ਨਹਿਰ ਦੀ ਸਮੱਰਥਾ ਬਹੁਤ ਘੱਟ ਹੋਣ ਕਾਰਨ, ਪਾਣੀ ਦੀ ਬਹੁਤਾਤ ਨੇ ਇਸ ਦੇ ਕੰਢਿਆਂ ਨੂੰ ਤੋੜ ਦਿਤਾ, ਜਿਸ ਕਾਰਨ ਅੰਬਾਲਾ ਤੇ ਕੁਰੂਕਸ਼ੇਤਰ ਜ਼ਿਲ੍ਹਿਆਂ ਵਿਚ ਨੁਕਸਾਨ ਹੋਇਆ। ਪੰਜਾਬ ਵਲੋਂ ਅਜਿਹਾ ਕੀਤੇ ਜਾਣ ਕਾਰਨ ਹਰਿਆਣਾ ਦੇ ਲੋਕਾਂ ਨੂੰ ਤਰਾਸਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ੍ਰੀ ਪ੍ਰਾਸ਼ਰ ਨੇ ਕਿਹਾ ਕਿ ਇਹ ਗੱਲ ਤੱਥਾਂ ਤੋਂ ਉਲਟ ਹੈ ਕਿ ਹਾਂਸੀ-ਬੁਟਾਣਾ ਨਹਿਰ ਕਾਨੂੰਨ ਦੀ ਉਲੰਘਣਾ ਕਰ ਕੇ ਬਣਾਈ ਗਈ ਹੈ। ਇਹ ਤੱਥ ਵੀ ਸਹੀ ਨਹੀਂ ਕਿ ਇਹ ਨਹਿਰ ਪਾਣੀ ਦੇ ਵਹਾਅ ਨੂੰ ਰੋਕਦੀ ਹੈ ਜਦਕਿ ਇਹ ਕੇਂਦਰੀ ਪਾਣੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਘੱਗਰ ਤੇ ਪਟਿਆਲਾ ਨਦੀ ਦੇ ਦੋ ਲੱਖ ਕਿਊਸਕ ਪਾਣੀ ਨੂੰ ਲੰਘਣ ਲਈ ਰਾਹ ਦਿੰਦੀ ਹੈ। ਇਸ ਦੇ ਉਲਟ ਘੱਗਰ ਦੇ ਪਾਣੀ ਨੂੰ ਐਸ.ਵਾਈ.ਐਲ 'ਚ ਪਾ ਕੇ ਹਰਿਆਣਾ ਦੇ ਪਿੰਡਾਂ ਨੂੰ ਖਤਰਾ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਵਰਗੇ ਹਾਲਾਤਾਂ ਤੋਂ ਬਚਣ ਲਈ ਪੰਜਾਬ ਤੇ ਹਰਿਆਣਾ ਵਲੋਂ ਸਾਂਝੀ ਪੈਟਰੋਲਿੰਗ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਵਿਚ ਪੰਜਾਬ ਨੂੰ ਪੂਰਾ ਸਹਿਯੋਗ ਦੇਣ ਲਈ ਤਿਆਰ ਹਨ ਪਰ ਬਦਲੇ ਵਿਚ ਪੰਜਾਬ ਤੋਂ ਵੀ ਅਜਿਹਾ ਹੀ ਚਾਹੁੰਦੇ ਹਨ। ਸ੍ਰੀ ਪ੍ਰਾਸ਼ਰ ਨੇ ਕਿਹਾ ਕਿ ਹਾਂਸੀ ਬੁਟਾਣਾ ਨਹਿਰ ਨੇੜਲਾ ਪੰਜਾਬ ਦਾ ਇਲਾਕਾ ਇਸ ਨਹਿਰ ਦੇ ਬਣਨ ਤੋਂ ਪਹਿਲਾਂ ਵੀ ਹੜ੍ਹ ਪੀੜਤ ਰਿਹਾ ਹੈ।

## ਪ੍ਰਧਾਨ ਮੰਤਰੀ ਤੇ ਸੋਨੀਆ ਦੀ ਪੰਜਾਬ ਬਾਰੇ ਖਾਮੋਸ਼ੀ

**ਚੰਡੀਗੜ੍ਹ :** ਹਰਿਆਣਾ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਕੁਝ ਦਿਨਾਂ ਦੇ ਦੌਰਾਨ ਦੇਸ਼ ਦੀ ਰਾਜਧਾਨੀ ਦਿੱਲੀ ਦੀ ਬੁੱਕਲ ਵਿਚ ਸਥਿਤ ਇਸ ਰਾਜ ਵਿਚ ਹੜ੍ਹਾਂ ਨਾਲ ਜੋ ਜ਼ਬਰਦਸਤ ਤਬਾਹੀ ਹੋਈ ਹੈ, ਉਸ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਂਗਰਸ ਦੀ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਚਿੰਤਾ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੋਂ ਜਾਣਕਾਰੀ ਪ੍ਰਾਪਤ ਕੀਤੀ ਹੈ। ਪ੍ਰਧਾਨ ਮੰਤਰੀ ਨੇ 2 ਦਿਨ ਪਹਿਲਾਂ ਤੇ ਕਾਂਗਰਸ ਪ੍ਰਧਾਨ ਨੇ ਬੀਤੀ 9 ਜੁਲਾਈ ਨੂੰ ਸ੍ਰੀ ਹੁੱਡਾ ਨਾਲ ਟੈਲੀਫੋਨ 'ਤੇ ਸੰਪਰਕ ਕਰਕੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਪੇਸ਼ ਆ ਰਹੀਆਂ ਔਕੜਾਂ ਬਾਰੇ ਪੁੱਛਿਆ। ਕੇਂਦਰੀ ਸਰਕਾਰ ਨੇ ਹੜ੍ਹਾਂ ਤੋਂ ਪ੍ਰਭਾਵਿਤ ਪੰਜਾਬ ਦੀ ਜਨਤਾ ਬਾਰੇ ਰਾਜ ਸਰਕਾਰ ਨਾਲ ਸੰਪਰਕ ਕਰਕੇ ਹੁਣ ਤੱਕ ਕਿਸੇ ਤਰ੍ਹਾਂ ਦੀ ਨਾ ਤਾਂ ਹਮਦਰਦੀ ਪ੍ਰਗਟ ਕੀਤੀ ਹੈ ਤੇ ਨਾ ਹੀ ਜਾਣਕਾਰੀ ਹਾਸਲ ਕੀਤੀ ਹੈ।

## ਬਰਸਾਤੀ ਨਦੀਆਂ ਦੇ ਵਹਾਅ ਨੂੰ ਰੋਕਦੇ ਨਜਾਇਜ਼ ਕਬਜ਼ੇ ਹਟਾਉਣ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਕਰੜੇ ਨਿਰਦੇਸ਼ ਦਿੱਤੇ ਹਨ ਕਿ ਬਰਸਾਤੀ ਨਦੀਆਂ, ਚੋਆਂ ਅਤੇ ਡਰੇਨਾਂ ਦੇ ਕੁਦਰਤੀ ਵਹਾਅ ਨੂੰ ਰੋਕਦੇ ਗੈਰ ਕਾਨੂੰਨੀ ਉਸਾਰੀ, ਅਣਅਧਿਕਾਰਤ ਬੰਨ੍ਹ ਸਮੇਤ ਕਿਸੇ ਵੀ ਤਰ੍ਹਾਂ ਦੇ ਨਜਾਇਜ਼ ਕਬਜ਼ੇ ਇਕ ਮਹੀਨੇ ਦੇ ਅੰਦਰ-ਅੰਦਰ ਖਤਮ ਕਰਵਾਏ ਜਾਣ। ਇਥੇ ਪਿਛਲੇ 24 ਘੰਟਿਆਂ ਦੌਰਾਨ 144 ਮਿਲੀਮੀਟਰ ਰਿਕਾਰਡ ਬਾਰਿਸ਼ ਅਤੇ ਅਗਲੇ 24 ਘੰਟਿਆਂ ਦੌਰਾਨ 100 ਮਿਲੀਮੀਟਰ ਬਾਰਿਸ਼ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਹੜ੍ਹ ਰੋਕੂ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਸ. ਸੁਖਬੀਰ ਸਿੰਘ ਬਾਦਲ ਨੇ ਮੁੱਖ ਸਕੱਤਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸਖਤ ਹਦਾਇਤਾਂ ਜਾਰੀ ਕਰਕੇ ਬਰਸਾਤੀ ਨਦੀਆਂ, ਚੋਆਂ ਅਤੇ ਡਰੇਨਾਂ ਦੇ ਕੁਦਰਤੀ ਵਹਾਅ ਵਿਚ ਅੜਿੱਕਾ ਬਣ ਰਹੇ ਸਮੂਹ ਨਜਾਇਜ਼ ਕਬਜ਼ਿਆਂ ਨੂੰ ਅਗਲੇ 30 ਦਿਨਾਂ ਅੰਦਰ ਹਰ ਹਾਲਤ ਵਿਚ ਖਤਮ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਸੰਬੰਧਿਤ ਡਿਪਟੀ ਕਮਿਸ਼ਨਰ ਨੂੰ ਹੁਕਮਾਂ ਦੀ ਇੰਨ-ਬਿਨ ਪਾਲਣਾ ਨਾ ਹੋਣ ਦਾ ਜ਼ਿੰਮੇਵਾਰ ਸਮਝਿਆ ਜਾਵੇਗਾ ਅਤੇ ਉਹ ਆਪਣੇ ਜ਼ਿਲ੍ਹੇ ਅੰਦਰ ਖਤਮ ਕੀਤੇ ਗਏ ਅਜਿਹੇ ਕਬਜ਼ਿਆਂ ਦੀ ਵਿਸਤ੍ਰਿਤ ਰਿਪੋਰਟ ਮੁੱਖ ਸਕੱਤਰ ਨੂੰ ਸੌਂਪਣ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਰਿਕਾਰਡ ਬਾਰਿਸ਼ ਦੇ ਇਲਾਵਾ ਹੜ੍ਹ ਦਾ ਕਾਰਨ ਮਨੁੱਖੀ ਗਲਤੀਆਂ ਹਨ ਅਤੇ ਅਸੀਂ ਬਰਸਾਤੀ ਪਾਣੀ ਦੇ ਕੁਦਰਤੀ ਵਹਾਅ ਨੂੰ ਬਰਕਰਾਰ ਰੱਖਣ ਵਿਚ ਨਾਕਾਮ ਰਹੇ ਹਾਂ।

## ਪੰਜਾਬ ਦੇ ਵੱਡੇ ਸ਼ਹਿਰਾਂ ਨੂੰ ਹੜ੍ਹਾਂ ਦਾ ਖਤਰਾ ਬਰਕਰਾਰ

**ਚੰਡੀਗੜ੍ਹ:** ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਹੜ੍ਹਾਂ ਦੀ ਤਬਾਹੀ ਦਾ ਖਤਰਾ ਪੈਦਾ ਹੋ ਗਿਆ ਹੈ। ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਸ਼ਹਿਰਾਂ ਵਿਚਲੇ ਨਿਕਾਸੀ ਨਾਲਿਆਂ ਦੀ ਜ਼ਮੀਨ ਬਾਰਸੂਖ ਵਿਅਕਤੀਆਂ ਦੇ ਕਬਜ਼ੇ ਹੇਠ ਹੈ। ਰਾਜ ਦੇ ਸਿੰਜਾਈ ਵਿਭਾਗ ਵਲੋਂ ਇਕੱਤਰ ਕੀਤੇ ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਭਰ ਵਿਚ ਬਰਸਾਤੀ ਨਾਲਿਆਂ, ਨਿਕਾਸੀ ਨਾਲਿਆਂ, ਨਦੀਆਂ, ਦਰਿਆਵਾਂ, ਨਹਿਰਾਂ ਅਤੇ ਰਜਵਾਹਿਆਂ ਦੀ ਤਕਰੀਬਨ 1500 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਇਹ ਕਬਜ਼ੇ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਅਫਸਰਾਂ ਅਤੇ ਰਾਜਸੀ ਵਿਅਕਤੀਆਂ ਨੇ ਕੀਤੇ ਹੋਏ ਹਨ।

ਜਾਣਕਾਰੀ ਮੁਤਾਬਕ ਪਟਿਆਲਾ ਦੀ ਮਾਡਲ ਟਾਊਨ ਡਰੇਨ, ਪਟਿਆਲਾ ਨਦੀ, ਛੋਟੀ ਨਦੀ, ਸਿੰਘ ਵਾਲਾ ਚੋਅ ਚਾਰੇ ਵੱਡੇ ਨਿਕਾਸੀ ਨਾਲਿਆਂ ਦੀ 158 ਏਕੜ ਜ਼ਮੀਨ ਨਜਾਇਜ਼ ਕਾਬਜ਼ਕਾਰਾਂ ਦੇ ਕਬਜ਼ੇ ਹੇਠ ਹੈ। ਜਲੰਧਰ ਦੀ ਕਾਲਾ ਸੰਘਿਆ ਡਰੇਨ ਦੀ 115 ਏਕੜ, ਲੁਧਿਆਣਾ ਦੀ ਬਾੜੇਵਾਲਾ ਡਰੇਨ, ਮਾੜੀ ਚਮਕੌਰ ਮਾਛੀਵਾੜਾ (ਲੋਅਰ) ਡਰੇਨ ਤੇ ਬੁੱਢੇ ਨਾਲੇ ਦੀ ਜ਼ਮੀਨ 'ਤੇ ਹੋਏ ਕਬਜ਼ੇ ਇਨ੍ਹਾਂ ਸ਼ਹਿਰਾਂ ਨੂੰ ਮੀਂਹ ਦੇ ਪਾਣੀ ਵਿਚ ਡੋਬਣ ਦਾ ਆਧਾਰ ਬਣ ਰਹੇ ਹਨ। ਸਿੰਜਾਈ ਵਿਭਾਗ ਦੀ ਇਸ ਰਿਪੋਰਟ ਮੁਤਾਬਕ ਬਰਸਾਤੀ ਨਾਲਿਆਂ ਅਤੇ ਡਰੇਨਾਂ ਦੀ ਤਕਰੀਬਨ 600 ਏਕੜ ਜ਼ਮੀਨ 'ਤੇ ਕਬਜ਼ਾ ਹੋ ਚੁੱਕਾ ਹੈ। ਪੰਜਾਬ ਸਰਕਾਰ ਨੂੰ ਖ਼ਦਸ਼ਾ ਹੈ ਕਿ ਡਰੇਨੇਜ਼ ਵਿਭਾਗ ਦੀਆਂ ਜ਼ਮੀਨਾਂ 'ਤੇ ਹੋਏ ਕਬਜ਼ੇ ਸ਼ਹਿਰਾਂ ਵਿਚ ਬਰਸਾਤੀ ਪਾਣੀ ਦੇ ਨਿਕਾਸ ਵਿਚ ਵੱਡਾ ਅੜਿੱਕਾ ਬਨਣਗੇ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਸਕੱਤਰ ਐਸ.ਸੀ., ਅਗਰਵਾਲ ਨੂੰ ਦਿੱਤੇ ਨਿਰਦੇਸ਼ਾਂ ਵਿਚ ਡਰੇਨਾਂ 'ਤੇ ਹੋਏ ਕਬਜ਼ੇ 30 ਦਿਨਾਂ ਦੇ ਅੰਦਰ-ਅੰਦਰ ਖਾਲ੍ਹੀ ਕਰਾਉਣ ਲਈ ਕਿਹਾ ਹੈ। ਉਧਰ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਇਹ ਕਬਜ਼ੇ ਖਾਲ੍ਹੀ ਕਰਾਉਣੇ ਔਖੇ ਹੀ ਨਹੀਂ ਸਗੋਂ ਅਸੰਭਵ ਹਨ ਕਿਉਂਕਿ ਬਹੁਤੇ ਥਾਈਂ ਨਾਜਾਇਜ਼ ਕਾਬਜ਼ਕਾਰਾਂ ਨੇ ਉਸਾਰੀਆਂ ਤੱਕ ਕਰ ਲਈਆਂ ਹਨ। ਸਿੰਜਾਈ ਵਿਭਾਗ ਮੁਤਾਬਕ ਅੰਮ੍ਰਿਤਸਰ ਸਰਕਲ ਵਿਚ ਕੋਈ ਡਰੇਨ ਅਜਿਹੀ ਨਹੀਂ ਬਚੀ ਜਿਸ ਉਪਰ ਨਜਾਇਜ਼ ਕਬਜ਼ਾ ਨਾ ਕੀਤਾ ਗਿਆ ਹੋਵੇ ਬਲਕਿ ਕਈ ਡਰੇਨਾਂ ਅਜਿਹੀਆਂ ਹਨ ਜਿਨ੍ਹਾਂ ਦਾ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ ਹੈ।

ਮਿਸਾਲ ਦੇ ਤੌਰ 'ਤੇ ਝਬਾਲ ਡਰੇਨ 'ਤੇ ਕਬਜ਼ੇ ਕਰਕੇ ਲੋਕਾਂ ਨੇ ਉਸਾਰੀਆਂ ਵੀ ਕਰ ਲਈਆਂ ਹਨ। ਇਹੀ ਹਾਲ ਕੈਰੋਂ, ਦੋਦਾ ਅਤੇ ਐਕਸਟੈਸ਼ਨ ਆਫ ਜੋੜਾ, ਤਿੰਨਾਂ ਡਰੇਨਾਂ ਦਾ ਹੈ। ਇਨ੍ਹਾਂ ਤਿੰਨਾਂ ਡਰੇਨਾਂ ਦੀ 100 ਏਕੜ ਤੋਂ ਵੱਧ ਜ਼ਮੀਨ 'ਤੇ ਨਜਾਇਜ਼ ਕਬਜ਼ਾ ਹੋ ਚੁੱਕਾ ਹੈ। ਅੰਮ੍ਰਿਤਸਰ ਦੇ ਬਾਰੀ ਜਲ ਨਿਕਾਸ ਮੰਡਲ ਅਧੀਨ ਆਉਂਦੀਆਂ ਡਰੇਨਾਂ ਦਾ ਹਾਲ ਵੀ ਕੁਝ ਇਸੇ ਤਰ੍ਹਾਂ ਦਾ ਹੈ। ਗੋਲੇਵਾਲਾ ਡਰੇਨੇਜ ਡਿਵੀਜ਼ਨ ਫਿਰੋਜ਼ਪੁਰ ਦੀ 18.28 ਏਕੜ, ਫਰੀਦਕੋਟ ਜਲ ਨਿਕਾਸ ਉਸਾਰੀ ਮੰਡਲ ਦੀ 20 ਕਨਾਲ ਜ਼ਮੀਨ ਕਬਜ਼ੇ ਹੇਠ ਹੈ। ਲੁਧਿਆਣਾ ਵਿਚ ਤਾਂ ਇਕ ਵੱਡੇ ਸਨਅਤੀ ਘਰਾਣੇ ਨੇ 100 ਏਕੜ ਤੋਂ ਵਧ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਚੰਡੀਗੜ੍ਹ ਦੇ ਨਾਲ ਲਗਦੇ ਪੰਜਾਬ ਦੇ ਪਿੰਡਾਂ ਦੀਆਂ ਨਦੀਆਂ 'ਤੇ ਕਬਜ਼ੇ ਤਾਂ ਅਕਸਰ ਚਰਚਾ ਵਿਚ ਹੀ ਰਹਿੰਦੇ ਹਨ ਪਰ ਅੱਜ ਤੱਕ ਇਹ ਕਬਜ਼ੇ ਛੁਡਾਏ ਨਹੀਂ ਜਾ ਸਕੇ। ਪੰਜਾਬ ਦੀਆਂ ਵੱਡੀਆਂ ਨਹਿਰਾਂ ਦੀਆਂ ਜ਼ਮੀਨਾਂ 'ਤੇ ਕਬਜ਼ਿਆਂ ਵਿਚ ਤਾਂ ਬੜੇ ਹੀ ਹੈਰਾਨੀਜਕਨ ਤੱਥ ਸਾਹਮਏ ਆਏ ਹਨ। ਇਸ ਰਿਪੋਰਟ ਮੁਤਾਬਕ ਰਾਜ ਵਿਚਲੀਆਂ ਮਹੱਤਵਪੂਰਨ ਨਹਿਰਾਂ ਦੇ ਨਾਲ ਲਗਦੀ 898.32 ਏਕੜ ਜ਼ਮੀਨ 'ਤੇ ਕਬਜ਼ੇ ਹੋ ਚੁੱਕੇ ਹਨ। ਇਨ੍ਹਾਂ ਵਿਚ ਸਭ ਤੋਂ ਵੱਡਾ ਕਬਜ਼ਾ ਭਾਖੜਾ ਮੁੱਖ ਨਹਿਰ ਦੇ ਨਾਲ ਹੈ। ਭਾਖੜਾ ਨਹਿਰ ਦੀ 476.35 ਏਕੜ ਜ਼ਮੀਨ ਨਜ਼ਾਇਜ਼ ਕਾਬਜ਼ਕਾਰਾਂ ਨੇ ਮੱਲੀ ਹੋਈ ਹੈ। ਰੋਪੜ ਹੈੱਡ ਵਰਕਸ ਦੀ 157.35 ਏਕੜ, ਫਰੀਦਕੋਟ ਕੈਨਾਲ ਡਿਵੀਜ਼ਨ ਦੀ 30.55 ਏਕੜ, ਸਿੱਧਵਾਂ ਨਹਿਰ ਦੀ ਲੁਧਿਆਣਾ ਡਿਵੀਜ਼ਨ ਵਿਚ ਪੈਂਦੀ 25.69 ਏਕੜ ਜ਼ਮੀਨ, ਲਹਿਲ ਡਿਵੀਜ਼ਨ ਦੀ 64.03 ਏਕੜ, ਹਰੀਕੇ ਕੈਨਾਲ ਡਿਵੀਜ਼ਨ ਦੀ 49.64 ਏਕੜ ਜ਼ਮੀਨ ਕਬਜ਼ਿਆਂ ਦੀ ਮਾਰ ਥੱਲੇ ਹੈ।

ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਵੱਡੇ ਅਤੇ ਛੋਟੇ ਸ਼ਹਿਰਾਂ ਵਿਚ ਜੋ ਰਜਬਾਹੇ ਵਗਦੇ ਸਨ, ਉਨ੍ਹਾਂ ਦੇ ਨਾਲ ਲਗਦੀਆਂ ਜ਼ਮੀਨਾਂ ਤਾਂ ਉਸਾਰੀ ਅਧੀਨ ਆ ਗਈਆਂ ਤੇ ਲੋਕਾਂ ਨੇ ਰਜਵਾਹਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਲਏ ਜੇਕਰ ਇਨ੍ਹਾਂ ਜਮੀਨਾਂ 'ਤੇ ਕਬਜ਼ੇ ਨਾ ਹੁੰਦੇ ਤਾਂ ਇਨ੍ਹਾਂ ਨੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਵੱਡਾ ਸਾਧਨ ਸਾਬਤ ਹੋਣਾ ਸੀ ਤੇ ਸ਼ਹਿਰੀ ਖੇਤਰ ਦੇ ਲੋਕਾਂ ਨੂੰ ਕੋਈ ਸਮੱਸਿਆ ਪੇਸ਼ ਨਹੀਂ ਸੀ ਆਉਣੀ। ਹੋਰ ਜਾਣਕਾਰੀ ਮੁਤਾਬਕ ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਵਲੋਂ ਸਿੰਜਾਈ ਵਿਭਾਗ ਤੋਂ ਨਾਜਾਇਜ਼ ਕਬਜ਼ਿਆਂ ਦਾ ਵੇਰਵਾ ਅਤੇ ਕਬਜ਼ੇ ਖਾਲ੍ਹੀ ਕਰਾਉਣ ਲਈ ਕੀਤੀ ਗਈ ਕਾਰਵਾਈ ਦੀ ਰਿਪੋਰਟ ਤਲਬ ਕੀਤੀ ਗਈ ਸੀ।

## ਦੁਕਾਨਦਾਰਾਂ ਵਲੋਂ ਅੰਨ੍ਹੀ ਲੁੱਟ

**ਸਮਾਣਾ :** ਸਰਕਾਰ ਵਲੋਂ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ ਦੀ ਮਦਦ ਕਰਨ ਦੇ ਦਾਅਵੇ ਉਸ ਵੇਲੇ ਖੋਖਲੇ ਸਾਬਤ ਹੋਏ, ਜਦੋਂ ਘੱਗਰ ਦੇ ਪਾਣੀ ਦੀ ਮਾਰ ਹੇਠ ਆਈਆਂ ਫਸਲਾਂ ਦੀ ਦੁਬਾਰਾ ਬਿਜਾਈ ਲਈ ਕਿਸਾਨਾਂ ਨੂੰ ਝੋਨੇ ਦਾ ਬੀਜ ਪਹਿਲਾਂ ਨਾਲੋਂ ਚੌਗੁਣੇ ਭਾਅ 'ਤੇ ਖਰੀਦਣ ਲਈ ਮਜ਼ਬੂਰ ਹੋਣਾ ਪਿਆ। ਪਿੰਡ ਨਨਹੇੜਾ ਦੇ ਕਿਸਾਨ ਕਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਪਾਣੀ ਦੀ ਮਾਰ ਤੋਂ ਪਹਿਲਾਂ ਝੋਨੇ ਦੀ ਗੋਬਿੰਦ ਕੰਪਨੀ (ਮਾਡਰਨ ਸੀਡਜ਼) ਦੀ 30 ਕਿਲੋ ਬੀਜਾਂ ਵਾਲੀ ਥੈਲੀ 8 ਸੌ ਰੁਪਏ 'ਚ ਖਰੀਦੀ ਸੀ ਅਤੇ ਹੁਣ ਦੁਬਾਰਾ ਝੋਨਾ ਬੀਜਣ ਲਈ ਉਸੇ ਕੰਪਨੀ ਦੇ ਬੀਜਾਂ ਵਾਲੀ ਥੈਲੀ ਚੌਗੁਣੇ ਭਾਅ 33 ਸੌ ਰੁਪਏ ਦੀ ਖਰੀਦਣੀ ਪਈ। ਦੁਕਾਨਦਾਰ ਵਲੋਂ ਉਸ ਨੂੰ ਬੀਜ ਦਾ ਬਿਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਕਿਸਾਨਾਂ ਨੇ ਮੰਗ ਕੀਤੀ ਕਿ ਦੁਕਾਨਦਾਰਾਂ ਵਲੋਂ ਕੀਤੀ ਜਾ ਰਹੀ ਅੰਨ੍ਹੀ ਲੁੱਟ ਖਿਲਾਫ ਸਰਕਾਰ ਵਲੋਂ ਕਾਰਵਾਈ ਕਰਨੀ ਚਾਹੀਦੀ ਹੈ।

## ਅੱਠ ਬਾਲ ਕੈਦੀ ਫਰਾਰ ਹੋਏ

**ਲੁਧਿਆਣਾ :** ਲੁਧਿਆਣੇ ਦੇ ਇਲਾਕੇ ਸ਼ਿਮਲਾਪੁਰੀ ਸਥਿਤ ਬੱਚਿਆਂ ਦੀ ਜੇਲ੍ਹ ਵਿਚੋਂ ਵੱਖ-ਵੱਖ ਕੇਸਾਂ ਅਧੀਨ ਬੰਦ ਅੱਠ ਬੱਚਿਆਂ ਦੇ ਫਰਾਰ ਹੋਣ ਦੀ ਸੂਚਨਾ ਮਿਲੀ ਹੈ। ਕਤਲ, ਡਾਕੇ ਅਤੇ ਚੋਰੀਆਂ ਦੇ ਮਾਮਲੇ ਵਿਚ ਪਕੜੇ ਗਏ ਇਨ੍ਹਾਂ ਬੱਚਿਆਂ ਦੇ ਫਰਾਰ ਹੋਣ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਬੀਤੀ 11 ਜੁਲਾਈ ਨੂੰ ਉਸ ਸਮੇਂ ਪਤਾ ਲੱਗਾ ਜਦੋਂ ਉਨ੍ਹਾਂ ਦੀ ਹਾਜ਼ਰੀ ਲਗਾਈ ਜਾ ਰਹੀ ਸੀ।

ਜੇਲ੍ਹ ਅਧਿਕਾਰੀਆਂ ਅਨੁਸਾਰ ਇਕ ਮੁਲਜ਼ਮ ਨੇ ਜੇਲ੍ਹ ਦੀ ਪਿਛਲੀ ਦੀਵਾਰ ਵਿਚਲੇ ਲੋਹੇ ਦੇ ਜੰਗਲੇ ਨੂੰ ਭੰਨਿਆ ਅਤੇ ਸਾਥੀਆਂ ਸਮੇਤ ਫਰਾਰ ਹੋ ਗਿਆ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਇਸ ਸਾਰੀ ਕਾਰਵਾਈ ਵਿਚ ਇਕ ਪੱਗ ਅਤੇ ਮੇਜ਼ ਦੀ ਵਰਤੋਂ ਕੀਤੀ ਜਿਸ ਨਾਲ ਉਹ 15 ਫੁੱਟ ਉਚੀ ਦੀਵਾਰ ਟੱਪ ਕੇ ਭੱਜ ਗਏ। ਇਕ ਲੋਹੇ ਦੀ ਆਰੀ ਵੀ ਬਰਾਮਦ ਹੋਈ ਹੈ ਜਿਸ ਨਾਲ ਲੋਹੇ ਦੀ ਗਰਿੱਲ ਨੂੰ ਕੱਟਿਆ ਗਿਆ। ਇਹ ਆਰੀ ਜੇਲ੍ਹ ਅੰਦਰ ਕਿਵੇਂ ਪੁੱਜੀ ਇਹ ਗੱਲ ਅਜੇ ਭੇਤ ਬਣੀ ਹੋਈ ਹੈ।

ਅਧਿਕਾਰੀਆਂ ਅਨੁਸਾਰ ਭਗੌੜਿਆਂ ਦੀ ਪਛਾਣ ਹਰਮਨਪ੍ਰੀਤ ਸਿੰਘ, ਸੰਦੀਪ ਕੁਮਾਰ, ਨਰਿੰਦਰ ਸਿੰਘ, ਰਾਜਵਿੰਦਰ ਸਿੰਘ, ਵਿਪਨ ਸਿੰਘ, ਜੀਵਨ ਸਿੰਘ, ਵਿਪਨ ਕੁਮਾਰ ਅਤੇ ਸੰਜੀਵ ਕੁਮਾਰ ਵਜੋਂ ਕੀਤੀ ਗਈ ਹੈ। ਇਹ ਸਾਰੇ ਬੱਚੇ 16 ਤੋਂ 17 ਸਾਲ ਦੇ ਕਰੀਬ ਹਨ। ਜ਼ੀਰਕਪੁਰ ਵਾਸੀ ਹਰਮਨਪ੍ਰੀਤ ਸਿੰਘ ਅਪਰਾਧਕ ਮਾਮਲਿਆਂ, ਜਿਨ੍ਹਾਂ ਵਿਚ ਡਾਕੇ ਅਤੇ ਕਤਲ ਵੀ ਸ਼ਾਮਲ ਹਨ, ਅਧੀਨ ਪਕੜਿਆ ਗਿਆ ਸੀ। ਬਾਅਦ ਵਿਚ ਇਕ ਬੱਚੇ ਨੂੰ ਪੁਲਿਸ ਨੇ ਗ੍ਰਿਫਤਾਰ ਕਾਰ ਲਿਆ। ਪੁਲੀਸ ਨੇ ਮਾਮਲੇ ਸਬੰਧੀ ਕੇਸ ਦਰਜ ਕਰ ਲਿਆ।

# ਹੜ੍ਹਾਂ ਨੂੰ ਲੈ ਕੇ ਅਕਾਲੀ-ਕਾਂਗਰਸੀ ਉਲਝੇ, ਕੇਂਦਰ ਚੁੱਪ

**ਸਮਰਾਲਾ :** "ਇਹ ਪਹਿਲੀ ਵਾਰ ਹੈ ਕਿ ਦੋ ਦਿਨਾਂ ਦੇ ਮੀਂਹ ਨਾਲ ਹੜ੍ਹਾਂ ਵਾਂਗ ਤਬਾਹੀ ਹੋ ਜਾਵੇ, ਪ੍ਰੰਤੂ ਇਹ ਸਾਰਾ ਦੋਸ਼ ਪੰਜਾਬ ਸਰਕਾਰ ਦਾ ਹੈ, ਜਿਸ ਨੇ ਕੇਂਦਰ ਸਰਕਾਰ ਵਲੋਂ ਕੁਦਰਤੀ ਆਫਤ ਫੰਡ 'ਚੋਂ ਭੇਜੇ 200 ਕਰੋੜ ਰੁਪਏ ਦੀ ਢੁਕਵੇਂ ਢੰਗ ਨਾਲ ਵਰਤੋਂ ਹੀ ਨਹੀਂ ਕੀਤੀ, ਜਦਕਿ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਹਰ ਸੂਬਾ ਸਰਕਾਰ ਵਲੋਂ ਕੁਦਰਤੀ ਆਫ਼ਤਾਂ ਬਾਰੇ ਮੀਟਿੰਗਾਂ ਸੱਦ ਕੇ ਮਸ਼ੀਨਰੀ ਨੂੰ ਚੁਸਤ-ਦਰੁਸਤ ਰੱਖਿਆ ਜਾਂਦਾ ਹੈ।" ਇਹ ਦੋਸ਼ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਪਿੰਡ ਗੜ੍ਹੀ ਤਰਖਾਣਾਂ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਲਾਏ। ਬੀਬੀ ਭੱਠਲ ਨੇ ਕਿਹਾ ਕਿ ਜੇਕਰ ਪੰਜਾਬ ਦੇ ਸਿੰਚਾਈ ਵਿਭਾਗ ਨੇ ਸਮੇਂ ਸਿਰ ਡਰੇਨਾਂ, ਰਜਬਾਹਿਆਂ, ਨਾਲਿਆਂ ਤੇ ਸਾਈਫਨਾਂ ਆਦਿ ਦੀ ਸਫ਼ਾਈ ਕਰਵਾਈ ਹੁੰਦੀ ਤਾਂ ਲੋਕਾਂ ਨੂੰ ਇਹ ਮੁਸਬੀਤਾਂ ਨਹੀਂ ਸਨ ਝੱਲਣੀਆਂ ਪੈਣੀਆਂ। ਉਨ੍ਹਾਂ ਕਿਹਾ ਕਿ ਹੁਣ ਵੀ ਪੰਜਾਬ ਸਰਕਾਰ ਕੋਲ ਹੜ੍ਹ ਪੀੜਤਾਂ, ਕਿਸਾਨਾਂ ਤੇ ਮਜ਼ਦੂਰਾਂ ਆਦਿ ਦੀ ਸਹਾਇਤਾ ਲਈ ਕੋਈ ਢੁਕਵਾਂ ਫੰਡ ਨਹੀਂ ਹੈ ਅਤੇ ਜੋ ਵਿਖਾਵਾ ਕੀਤਾ ਜਾ ਰਿਹਾ ਹੈ, ਉਹ ਕੇਵਲ ਕਾਗਜ਼ੀ ਖਾਨਾਪੂਰਤੀ ਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਿਚ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਅਤੇ ਜੋ ਵੀ ਕੇਂਦਰ ਤੋਂ ਫੰਡ ਆਉਂਦੇ ਹਨ, ਢੁਕਵੀਂ ਥਾਂ 'ਤੇ ਵਰਤਣ ਦੀ ਬਜਾਏ ਲਾਲ-ਫੀਤਾਸ਼ਾਹੀ ਨਾਲ ਮਿਲ-ਮਿਲਾ ਕੇ ਹਜਮ ਕਰ ਲਏ ਜਾਂਦੇ ਹਨ ਤੇ ਕੁਦਰਤੀ ਆਫ਼ਤ ਲਈ ਕੇਂਦਰ ਸਰਕਾਰ ਵਲੋਂ ਭੇਜਿਆ 200 ਕਰੋੜ ਰੁਪਏ ਦਾ ਫੰਡ ਇਸ ਤਰ੍ਹਾਂ ਭੇਟ ਚੜ੍ਹ ਗਿਆ। ਉਨ੍ਹਾਂ ਕਿਹਾ ਕਿ ਉਹ ਉਕਤ 200 ਕਰੋੜ ਰੁਪਏ ਦੇ ਫੰਡ ਦੀ ਵਰਤੋਂ ਸਬੰਧੀ ਜਾਂਚ ਦੀ ਮੰਗ ਕਰਨਗੇ।

ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਛੋਟੇ ਕਿਸਾਨਾਂ ਦਾ ਬੀਮਾ ਸਰਕਾਰ ਆਪ ਕਰੇ ਅਤੇ ਉਨ੍ਹਾਂ ਲਈ ਫਸਲਾਂ ਦੀ ਤਬਾਹੀ ਦੇ ਮੁਆਵਜੇ ਦਾ ਪ੍ਰਬੰਧ ਕਰੇ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ 'ਹੜ੍ਹਾਂ ਦੀ ਸਥਿਤੀ' ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਵਿਧਾਨ ਸਭਾ ਦਾ ਐਮਰਜੈਂਸੀ ਸੈਸ਼ਨ ਸੱਦਣ ਦੀ ਮੰਗ ਕੀਤੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਇਆ ਕਿ ਉਹ ਹੜ੍ਹਾਂ ਕਾਰਨ ਅਪਣੀਆਂ ਫ਼ਸਲਾਂ ਗੁਆ ਬੈਠੇ ਕਿਸਾਨਾਂ ਦੀ ਮਦਦ ਕਰਨ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਿੰਡਾਂ ਦੇ ਵਿਕਾਸ ਲਈ 800 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਦੇ ਚੁਕੀ ਹੈ। ਜੇ ਇਹ ਰਕਮ ਸਹੀ ਢੰਗ ਨਾਲ ਪਿੰਡਾਂ ਉਤੇ ਖ਼ਰਚ ਕਰ ਦਿੱਤੀ ਜਾਵੇ ਤਾਂ ਇਸ ਨਾਲ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਕ ਹਿੱਸੇ ਵਿਚ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਕੁਦਰਤੀ ਆਫ਼ਤ ਨਹੀਂ ਸਗੋਂ ਸਰਕਾਰੀ ਆਫ਼ਤ ਦਾ ਨਾਮ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਬਚਾਉਣ ਲਈ ਜਿਹੜੀਆਂ ਕਿਸ਼ਤੀਆਂ ਭੇਜੀਆਂ ਗਈਆਂ, ਉਨ੍ਹਾਂ ਦੇ ਚਾਲਕਾਂ ਨੇ ਪੀੜਤਾਂ ਤੋਂ 45 ਹਜ਼ਾਰ ਰੁਪਏ ਇਕੱਠੇ ਕੀਤੇ ਹਨ ਜਿਨ੍ਹਾਂ ਨੂੰ ਤੁਰਤ ਵਾਪਸ ਕੀਤਾ ਜਾਣਾ ਚਾਹੀਦਾ ਹੈ। ਉਧਰ ਪੰਜਾਬ ਦੇ ਉੱਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕਾਂਗਰਸ ਹੜ੍ਹਾਂ ਨੂੰ ਸਿਆਸੀ ਮੁੱਦਾ ਨਾ ਬਣਾਵੇ ਸਗੋਂ ਲੋਕਾਂ ਦੇ ਦੁੱਖ ਹਰਨ ਲਈ ਸਰਕਾਰ ਦਾ ਸਾਥ ਦੇਵੇ। ਸ. ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰੀ ਟੀਮ ਭੇਜਣ ਦੀ ਅਪੀਲ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਦੱਸਿਆ ਕਿ ਘੱਗਰ ਦੇ ਉਪਰਲੇ ਇਲਾਕਿਆਂ 'ਚ ਪਏ ਭਾਰੀ ਮੀਂਹ ਨਾਲ ਘੱਗਰ ਦਰਿਆ 'ਚ ਅੱਧਾ ਸੈਂਕੜਾ ਦੇ ਕਰੀਬ ਥਾਵਾਂ 'ਤੇ ਪਾੜ ਪਿਆ ਜੋ ਤਬਾਹੀ ਦਾ ਕਾਰਨ ਬਣਿਆ।


**Wraich Transport LLC**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorney At Law

***Law Offices Of Jaspreet Singh***

*37-18, 73 Street, Suite 401 (Near Subzi Mandi) Jackson Hts, NY-11372*
**Ph:718-533-8444**
*Fax: 718-533-8460*

*44790 S. Grimmer Blvd. #204 Fremont CA-94538*
**Ph:510-657-6444**
*Fax: 510-657-6443*

*2945 W. Capitol Ave, Sacramento CA-95691*
**Ph: 916-372-4448**
*Fax: 916-372-4440*



ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਸੈਨ ਫਰਾਂਸਿਸਕੋ ਬੇ ਏਰੀਏ
ਵਿਚ ਆ ਰਿਹਾ ਹੈ

ਬਹੁਤ ਹੀ ਜਲਦ

**24 ਘੰਟੇ ਚਲਣ ਵਾਲਾ**

**ਪੰਜਾਬੀ ਰੇਡੀਓ**

ਜਿਹੜੇ ਸੱਜਣਾਂ ਪਾਸ 'ਆਪਣਾ ਪੰਜਾਬ' ਦੀ ਖਾਸ ਚਿਪ ਵਾਲਾ ਰੇਡੀਓ ਸੀ ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ। ਰੇਡੀਓ ਦਾ ਮੁਖ ਸੈਂਟਰ ਸੈਨ ਹੋਜੇ ਵਿਚ ਹੋਵੇਗਾ।

ਹੋਰ ਜਾਣਕਾਰੀ ਲਈ ਈ-ਮੇਲ ਕਰੋ:
**punjabradiousa@yahoo.com**






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

**ਮੈਡੀਕਲ ਇੰਸ਼ੋਰੈਂਸ**
ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ
**ਮੇਜਰ ਸਿੰਘ ਚੌਹਾਨ**

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell:916-337-1683
Off :661-369-4865
Off :916-983-4890
Fax :916-984-0110
Fax :888-327-6115

NEW YORK LIFE

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP

# ਹੁਣ ਗਾਲ ਦੁੱਪੜ ਤੱਕ ਜਾ ਪਹੁੰਚੀ ਹੈ ਭਾਰਤ ਦੀ ਭ੍ਰਿਸ਼ਟ ਰਾਜਨੀਤੀ

**-ਜਤਿੰਦਰ ਪਨੂੰ**

ਨਿਘਾਰ ਦੇ ਰਾਹ ਪਈ ਹੋਈ ਭਾਰਤੀ ਰਾਜਨੀਤੀ ਇਸ ਹਫਤੇ ਇਕ ਪੌੜੀ ਹੋਰ ਹੇਠਾਂ ਉਤਰ ਗਈ ਹੈ। ਇਸ ਵਾਰੀ ਮਾਮਲਾ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਦੇ ਪ੍ਰਧਾਨ ਦੇ ਭਾਸ਼ਣ ਦਾ ਹੈ। ਭਾਸ਼ਣ ਰਾਜਸੀ ਸੀ, ਪਰ ਸ਼ਬਦਾਵਲੀ ਗਾਲ੍ਹਾਂ ਭਰੀ। ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਦੇਹਰਾਦੂਨ ਵਿਚ ਬੋਲਦੇ ਹੋਏ ਗੱਲ ਛੋਹੀ ਸੀ ਪਾਰਲੀਮੈਂਟ ਉਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਦੀ, ਜਿਸ ਨੂੰ ਫਾਂਸੀ ਦਾ ਹੁਕਮ ਹੋਇਆ ਹੈ। ਇਹੋ ਜਿਹੇ ਹੁਕਮ ਕਈ ਵਾਰੀ ਵਰ੍ਹਿਆਂ ਬੱਧੀ ਰਹਿਮ ਦੀਆਂ ਅਪੀਲਾਂ ਕਾਰਨ ਲਟਕਦੇ ਰਹਿੰਦੇ ਹਨ ਤੇ ਅਫ਼ਜ਼ਲ ਗੁਰੂ ਦਾ ਮਾਮਲਾ ਵੀ ਲਟਕਿਆ ਹੋਇਆ ਹੈ। ਭਾਜਪਾ ਜ਼ੋਰ ਦੇਂਦੀ ਹੈ ਕਿ ਉਸ ਨੂੰ ਬਿਨਾਂ ਦੇਰੀ ਤੋਂ ਫਾਂਸੀ ਟੰਗ ਦਿੱਤਾ ਜਾਵੇ, ਭਾਵੇਂ ਕਿ ਉਸ ਤੋਂ ਪਹਿਲਾਂ ਦੇ ਫਾਂਸੀ ਦੇ ਹੁਕਮ ਵਾਲੇ ਕਈ ਹੋਰ ਵੀ ਹਨ। ਦੇਹਰਾਦੂਨ ਦੇ ਭਾਸ਼ਣ ਵਿਚ ਬੋਲਦਾ ਹੋਇਆ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਇਸ ਦੇਰੀ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਦੱਸਦਾ ਏਥੋਂ ਤੱਕ ਕਹਿ ਗਿਆ ਕਿ 'ਮੈਂ ਕਾਂਗਰਸ ਸੇ ਪੂਛਨਾ ਚਾਹਤਾ ਹੂੰ ਕਿ ਅਫਜ਼ਲ ਗੁਰੂ ਆਪ ਕਾ ਜਮਾਈ ਲਗਤਾ ਹੈ ਕਿਆ? ਕਿਆ ਆਪ ਨੇ ਉਸ ਕੋ ਅਪਨੀ ਬੇਟੀ ਦੇ ਰਖੀ ਹੈ?' ਸਚਮੁੱਚ ਸਿਰੇ ਦੀ ਘਟੀਆ ਬੋਲੀ ਸੀ ਇਹ, ਸਿਰੇ ਦੀ ਇਕ ਸਿਆਸੀ ਪਦਵੀ ਦੇ ਸਵਾਮੀ ਦੇ ਮੂੰਹੋਂ ਨਿਕਲੀ ਹੋਈ।

ਗ਼ਲਤ ਹੈ ਇਹ ਬੋਲੀ, ਪਰ ਇਹ ਕੋਈ ਨਵੀਂ ਸ਼ੁਰੂਆਤ ਨਹੀਂ। ਇਸ ਤੋਂ ਪਹਿਲਾਂ ਵੀ ਕਈ ਵਾਰ ਅਸੀਂ ਗ਼ਲਤ ਬੋਲੀ ਲੀਡਰਾਂ ਦੇ ਮੂੰਹੋਂ ਸੁਣੀ ਹੋਈ ਹੈ। ਲੀਡਰ ਉਹ ਵੀ ਛੋਟੇ ਨਹੀਂ ਸਨ, ਬੋਲੀ ਹੀ ਛੋਟੇ ਪੱਧਰ ਦੀ ਸੀ। ਹੁਣ ਵੀ ਇਹੋ ਹੋਇਆ ਹੈ, ਸ਼ਾਇਦ ਅੱਗੋਂ ਹੋਰ ਹੋਵੇਗਾ।

ਚਾਰ ਦਹਾਕੇ ਤੋਂ ਵਧ ਸਮਾਂ ਪਹਿਲਾਂ ਪੰਜਾਬ ਵਿਚ ਅਕਾਲੀ ਪਾਰਟੀ ਦਾ ਮੁੱਖ ਮੰਤਰੀ ਆਪਣੇ ਪਾਰਟੀ ਪ੍ਰਧਾਨ ਦੇ ਖਿਲਾਫ ਪੁੱਠਾ-ਸਿੱਧਾ ਕਹਿ ਗਿਆ, ਪਰ ਗਾਲ੍ਹ ਨਹੀਂ ਸੀ ਕੱਢੀ। ਪਾਰਟੀ ਪ੍ਰਧਾਨ ਇਕ ਸੰਤ ਹੁੰਦਾ ਸੀ, ਜਿਸ ਨੇ ਕਹਿ ਦਿੱਤਾ, 'ਹਾਥੀ ਤੁਰਿਆ ਜਾਂਦਾ ਹੈ, ਕੁੱਤੇ ਭੌਂਕਦੇ ਰਹਿੰਦੇ ਹਨ।' ਮੁੱਖ ਮੰਤਰੀ ਤੋਂ ਸਾਬਕਾ ਮੁੱਖ ਮੰਤਰੀ ਹੋ ਚੁੱਕੇ ਆਗੂ ਨੇ ਜਵਾਬ ਵਿਚ ਕਹਿ ਦਿੱਤਾ, 'ਭਾਵੇਂ ਹਾਥੀ ਆਖਿਆ, ਪਰ ਆਖਿਆ ਤਾਂ ਸਾਡੇ ਪ੍ਰਧਾਨ ਨੇ ਖੁਦ ਨੂੰ ਵੀ ਜਾਨਵਰ ਹੀ ਹੈ।' ਉਸ ਪਿੱਛੋਂ ਕਈ ਦਿਨ ਅਖਬਾਰਾਂ ਵਿਚ ਇਸ ਗੱਲ ਬਾਰੇ ਬਹਿਸ ਹੁੰਦੀ ਰਹੀ ਸੀ ਕਿ ਕੁੱਤਾ ਚੰਗਾ ਜਾਨਵਰ ਹੁੰਦਾ ਹੈ ਜਾਂ ਹਾਥੀ, ਪਰ ਕੁਝ ਦੇਰ ਬਾਅਦ ਦੋਵੇਂ ਧਿਰਾਂ ਵਾਲੇ ਆਗੂ ਫਿਰ ਇਕੱਠੇ ਹੋ ਗਏ ਸਨ।

ਪੈਂਤੀ ਕੁ ਸਾਲ ਬਾਅਦ 1994 ਵਿਚ ਪੰਜਾਬ ਵਿਚ ਇਕ ਵਾਰੀ ਫਿਰ ਇਹ ਰਸ ਵੇਖਣ ਨੂੰ ਮਿਲਿਆ ਸੀ। ਲੁਧਿਆਣੇ ਵਿਚ ਇਕ ਅਕਾਲੀ ਰੈਲੀ ਮੌਕੇ ਪੁਲਸ ਨੇ ਡਾਂਗ ਵਰ੍ਹਾ ਦਿੱਤੀ ਤੇ ਅਕਾਲੀ ਲੀਡਰ ਮੌਕੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਵਿਰੁਧ ਭੜਕ ਪਏ। ਭਰੇ ਜਲਸੇ ਵਿਚ ਲੁਧਿਆਣੇ ਦਾ ਇਕ ਬਜ਼ੁਰਗ ਅਕਾਲੀ ਲੀਡਰ ਬੋਲਣ ਲੱਗਾ ਤਾਂ ਪੰਜਾਬ ਦੇ ਪਿੰਡਾਂ ਵਿਚ ਮਜ਼ਬੀ ਸਿੱਖ ਜਾਤੀ ਲਈ ਜਿਹੜਾ ਸ਼ਬਦ ਹੰਕਾਰੇ ਹੋਏ ਜ਼ਿਮੀਦਾਰ ਵਰਤਦੇ ਹਨ, ਉਹੋ ਵਰਤ ਕੇ ਬੇਅੰਤ ਸਿੰਘ ਬਾਰੇ ਕਹਿ ਦਿੱਤਾ, 'ਇਹ ਤਾਂ ਕਿਸੇ ਫਲਾਣੇ ਦਾ ਪੁੱਤ ਹੈ।' ਅਕਾਲੀਆਂ ਨੇ ਹੀ ਨਹੀਂ, ਕਾਂਗਰਸੀ ਜੱਟ ਆਗੂਆਂ ਨੇ ਵੀ ਇਸ ਨੂੰ ਹੱਸ ਕੇ ਟਾਲ ਦਿੱਤਾ ਸੀ, ਪਰ ਇਕ ਰਿਜ਼ਰਵ ਸੀਟ ਤੋਂ ਜਿੱਤੇ ਹੋਏ ਵਿਧਾਇਕ ਨੇ ਅਖਬਾਰਾਂ ਵਿਚ ਲੇਖ ਛਪਵਾ ਕੇ ਪੰਜਾਬ ਦੇ ਸਾਰੇ ਚਸਕੇਬਾਜ਼ ਲੀਡਰਾਂ ਨੂੰ ਲਾਹਨਤ ਪਾਈ ਸੀ।

ਗੱਲ ਥੋੜ੍ਹੀ ਜਿਹੀ ਅੱਗੇ ਵਧੀ। ਜਦੋਂ ਹਰਚਰਨ ਸਿੰਘ ਬਰਾੜ ਪਿੱਛੋਂ ਬੀਬੀ ਰਜਿੰਦਰ ਕੌਰ ਭੱਠਲ ਦਾ ਤਿੰਨ ਕੁ ਮਹੀਨਿਆਂ ਦਾ ਰਾਜ ਆਇਆ, ਅਗਲੀ ਚੋਣ ਦਾ ਮੋਰਚਾ ਬੰਨ੍ਹਣ ਵੇਲੇ ਲੁਧਿਆਣੇ ਦੇ ਜਲਸੇ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ 'ਗਾਂ ਵਾਂਗ ਭੂਤਰੀ ਫਿਰਦੀ' ਆਖ ਕੇ ਸਨਸਨੀ ਫੈਲਾ ਦਿੱਤੀ ਸੀ। ਬੀਬੀ ਨੇ ਤਾਂ ਮੋੜਵਾਂ ਉਤਰ ਨਾ ਦਿੱਤਾ, ਪਰ ਜਦੋਂ ਕੈਪਟਨ ਅਮਰਿੰਦਰ ਸਿੰਘ ਚੜ੍ਹਤ ਵਿਚ ਆਇਆ, ਉਸ ਨੇ ਸੁਖਬੀਰ ਸਿੰਘ ਬਾਦਲ ਨੂੰ 'ਬਲੂੰਗੜਾ' ਕਹਿ ਦਿੱਤਾ ਸੀ। ਅਸੀਂ ਇਨ੍ਹਾਂ ਵਿਚੋਂ ਕਿਸੇ ਦੀ ਬਾਹਲੀ ਚਰਚਾ ਨਹੀਂ ਕਰਦੇ, ਕਿਉਂਕਿ ਇਹ ਵੀ ਰਾਜ ਪੱਧਰ ਦੇ ਲੀਡਰ ਹਨ ਤੇ ਇਨ੍ਹਾਂ ਦਾ ਰਿਕਾਰਡ ਵੀ ਹਾਲੇ ਓਨਾ ਨੀਵਾਂ ਨਹੀਂ, ਜਿੰਨਾ ਕੇਂਦਰ ਵਾਲਿਆਂ ਦਾ ਹੋ ਚੁੱਕਾ ਹੈ।

ਕੋਈ ਪੰਦਰਾਂ ਕੁ ਸਾਲ ਪਹਿਲਾਂ ਦੂਰਦਰਸ਼ਨ ਦੇ ਇਕ ਸਿੱਧੇ ਚਲ ਰਹੇ ਪ੍ਰੋਗਰਾਮ ਵਿਚ ਬਹੁਜਨ ਸਮਾਜ ਪਾਰਟੀ ਦੀ ਬੀਬੀ ਮਾਇਆਵਤੀ ਅਤੇ ਸਮਾਜਵਾਦੀ ਪਾਰਟੀ ਦਾ ਅਮਰ ਸਿੰਘ ਬੈਠੇ ਸਨ। ਭਖਵੀਂ ਬਹਿਸ ਵਿਚ ਬੀਬੀ ਨੇ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੂੰ 'ਗੁੰਡਾ' ਕਹਿ ਦਿੱਤਾ। ਜਵਾਬ ਵਿਚ ਅਮਰ ਸਿੰਘ ਨੇ ਮਾਇਆਵਤੀ ਨੂੰ 'ਸਭ ਸੇ ਬੜੀ ਗੁੰਡੀ' ਆਖ ਦਿੱਤਾ। ਉਹ ਦਿਨ ਤੇ ਆਹ ਦਿਨ, ਉਤਰ ਪ੍ਰਦੇਸ਼ ਦੀ ਰਾਜਨੀਤੀ ਨੇ ਜਿਹੜੀਆਂ ਨਿਵਾਣਾਂ ਉਸ ਤੋਂ ਪਹਿਲਾਂ ਕਦੇ ਨਹੀਂ ਸਨ ਵੇਖੀਆਂ, ਉਹ ਲਗਾਤਾਰ ਵੇਖਣ ਲੱਗ ਪਈ ਤੇ ਸਿਰਫ ਇਨ੍ਹਾਂ ਦੋਵਾਂ ਪਾਰਟੀਆਂ ਦੇ ਲੀਡਰ ਹੀ ਨਹੀਂ, ਇਸ ਵਿਚ ਕਾਂਗਰਸੀ ਵੀ ਸ਼ਾਮਲ ਹੋਣ ਲੱਗ ਪਏ। ਉਤਰ ਪ੍ਰਦੇਸ਼ ਦਾ ਇਹ



ਕਿਰਦਾਰ ਪਿਛਲੇ ਸਾਲ ਹੋਰ ਵੀ ਪ੍ਰਤੱਖ ਹੋ ਗਿਆ, ਜਦੋਂ ਉਥੋਂ ਦੀ ਕਾਂਗਰਸ ਦੀ ਪ੍ਰਧਾਨ ਰੀਟਾ ਬਹੁਗੁਣਾ ਜੋਸ਼ੀ ਨੇ ਮਾਇਆਵਤੀ ਬੀਬੀ ਨੂੰ ਇਹ ਕਹਿ ਦਿੱਤਾ, 'ਹੋ ਜਾਏ ਤੇਰਾ ਬਲਾਤਕਾਰ, ਮੈਂ ਏਕ ਕਰੋੜ ਰੁਪਏ ਤੁਮਹੇਂ ਦੂੰਗੀ।'

ਬੜੀ ਦੁਹਾਈ ਪਈ ਸੀ ਇਸ ਬਿਆਨ ਤੋਂ। ਰਾਤੋ-ਰਾਤ ਰੀਟਾ ਬੀਬੀ ਦਾ ਘਰ ਵੀ ਸਾੜ ਦਿੱਤਾ ਗਿਆ, ਉਸ ਦੀ ਗ੍ਰਿਫਤਾਰੀ ਵੀ ਹੋ ਗਈ ਤੇ ਉਸ ਨੂੰ ਮੁਆਫੀ ਵੀ ਮੰਗਣੀ ਪੈ ਗਈ, ਕੇਸ ਹਾਲੇ ਤੱਕ ਚਲਦਾ ਹੈ। ਤਸਵੀਰ ਦਾ ਦੂਜਾ ਪਾਸਾ ਇਹ ਕਿ ਮਾਇਆਵਤੀ ਬੀਬੀ ਨੇ ਵੀ ਘੱਟ ਨਹੀਂ ਸੀ ਕੀਤੀ ਹੋਈ। ਵਿਰੋਧੀ ਧਿਰ ਦੀ ਆਗੂ ਹੁੰਦਿਆਂ ਉਸ ਨੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੂੰ ਕਿਹਾ ਹੋਇਆ ਸੀ, 'ਤੂੰ ਅਪਨੀ ਕਿਸੀ ਭਾਨਜੀ ਜਾਂ ਭਤੀਜੀ ਸੇ ਬਲਾਤਕਾਰ ਕਰਵਾ ਲੇ।' ਉਹ ਪੁਰਾਣੀ ਰਿਕਾਰਡਿੰਗ ਵੀ ਟੈਲੀਵਿਜ਼ਨ ਚੈਨਲਾਂ ਨੇ ਝੱਟ ਚਲਾ ਦਿੱਤੀ ਸੀ, ਪਰ ਇਸ ਨਾਲ ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ।

ਅਸੀਂ ਇਹ ਕਹਾਣੀ ਨਹੀਂ ਪਾਉਣੀ ਚਾਹੁੰਦੇ ਕਿ ਕਿਹੜੀ-ਕਿਹੜੀ ਵਿਧਾਨ ਸਭਾ ਜਾਂ ਹੋਰ ਅਦਾਰੇ ਵਿਚ ਕੀ ਗਾਲ੍ਹਾਂ ਕੱਢੀਆਂ ਜਾ ਚੁੱਕੀਆਂ ਹਨ, ਸਗੋਂ ਇਹ ਚੇਤਾ ਕਰਾਵਾਂਗੇ ਕਿ ਵਰੁਣ ਗਾਂਧੀ ਨੇ ਕੀ ਕਿਹਾ ਸੀ? ਨਹਿਰੂ-ਗਾਂਧੀ ਵਿਰਾਸਤ ਤੋਂ ਵੱਖਰੀ ਹੋਈ ਸ਼ਾਖ ਨੂੰ ਜਦੋਂ ਆਰ ਐਸ ਐਸ ਦੀ ਹਿੰਦੁਤਵ ਵਾਲੀ ਪਾਣ ਚੜ੍ਹੀ, ਉਸ ਨੇ ਮੁਸਲਮਾਨਾਂ ਤੇ ਸਿੱਖਾਂ ਦੋਵਾਂ ਬਾਰੇ ਹੀ ਅੰਤ ਦੇ ਨੀਵੇਂ ਪੱਧਰ ਦੀ ਬਦ-ਜ਼ਬਾਨੀ ਕਰ ਦਿੱਤੀ ਸੀ। ਭਾਜਪਾ ਦੇ ਲੀਡਰ ਬਾਕੀ ਤਾਂ ਹੱਸ ਕੇ ਟਾਲਦੇ ਰਹੇ, ਪਰ ਉਨ੍ਹਾਂ ਦੀ ਕੇਂਦਰੀ ਕਮਾਨ ਦੇ ਮੁਸਲਮਾਨ ਆਗੂ ਅਤੇ ਚੋਣ ਲੜ ਰਹੇ ਉਮੀਦਵਾਰ ਸ਼ਾਹਨਵਾਜ਼ ਹੁਸੈਨ ਨੂੰ ਆਪਣੇ ਹਲਕੇ ਅੰਦਰ ਮੁਸਲਮਾਨਾਂ ਦਾ ਸਾਹਮਣਾ ਕਰਨਾ ਔਖਾ ਹੋ ਗਿਆ। ਉਸ ਨੇ ਇਸ ਬਾਰੇ ਜਨਤਕ ਪੱਧਰ ਉਤੇ ਆਪਣੀ ਨਾਰਾਜ਼ਗੀ ਜ਼ਾਹਰ ਕਰ ਦਿੱਤੀ ਤਾਂ ਭਾਜਪਾ ਦੇ ਕੇਂਦਰੀ ਆਗੂਆਂ ਨੂੰ ਵੀ ਇਹ ਕਹਿਣਾ ਪੈ ਗਿਆ ਕਿ ਇਹ ਵਰੁਣ ਗਾਂਧੀ ਦੇ ਨਿੱਜੀ ਵਿਚਾਰ ਹਨ, ਪਾਰਟੀ ਦੇ ਨਹੀਂ। ਇਹ ਗੱਲ ਭਾਜਪਾ ਨੇ ਫਿਰ ਵੀ ਸਪੱਸ਼ਟ ਨਾ ਕੀਤੀ ਕਿ ਨਿੱਜੀ ਪੱਧਰ ਉਤੇ ਕਿਸੇ ਭਾਈਚਾਰੇ ਬਾਰੇ ਏਦਾਂ ਦੀ ਨਫਰਤ ਪ੍ਰਗਟ ਕਰਨਾ ਉਹ ਜਾਇਜ਼ ਸਮਝਦੀ ਹੈ ਜਾਂ ਨਹੀਂ। ਕਰਨੀ ਵੀ ਨਹੀਂ ਸੀ, ਕਿਉਂਕਿ ਜੇ ਕਰਦੇ ਤਾਂ ਨਰਿੰਦਰ ਮੋਦੀ ਦਾ ਮੁੱਦਾ ਵੀ ਉਠਣਾ ਸੀ, ਜਿਸ ਨੇ ਦੰਗਾ ਪੀੜਤ ਮੁਸਲਮਾਨਾਂ ਦੇ ਕੈਂਪਾਂ ਨੂੰ 'ਜਵਾਕ ਜੰਮਣ ਦੀਆਂ ਫੈਕਟਰੀਆਂ' ਕਿਹਾ ਹੋਇਆ ਸੀ।

ਜਿਸ ਰਾਜ ਵਿਚ ਨਰਿੰਦਰ ਮੋਦੀ ਮੁੱਖ ਮੰਤਰੀ ਹੈ ਤੇ ਜਿਸ ਬੋਲ-ਬਾਣੀ ਦਾ ਉਹ ਮਾਲਕ ਹੈ, ਉਸੇ ਬੋਲ-ਬਾਣੀ ਦੇ ਮਾਲਕ ਪ੍ਰਵੀਨ ਤੋਗੜੀਆ ਨੇ ਉਸੇ ਰਾਜ ਵਿਚ ਜਾ ਕੇ ਸਿਖਰਾਂ ਦੀ ਬਦਜ਼ਬਾਨੀ ਕੀਤੀ ਹੋਈ ਸੀ। ਮੁਸਲਮਾਨਾਂ ਵਿਰੁਧ ਹੋਏ ਦੰਗਿਆਂ ਬਾਰੇ ਉਸ ਨੇ ਕਾਂਗਰਸ ਦੇ ਆਗੂਆਂ ਨੂੰ ਨਿਸ਼ਾਨੇ ਉਤੇ ਰੱਖ ਕੇ ਕਿਹਾ ਸੀ, ''ਪਹਿਲਾਂ ਸਥਾਨਕ ਕਤੂਰੇ ਭੌਂਕਦੇ ਸਨ, ਫੇਰ ਸਾਰੇ ਦੇਸ਼ ਦੀ ਕਤ੍ਹੀੜ ਭੌਂਕਣ ਲੱਗੀ ਤੇ ਹੁਣ 'ਇਟਲੀ ਕੀ ਕੁਤਰੀ' ਆਣ ਰਲੀ ਹੈ।'' ਦੇਸ਼ ਦੀ ਪਾਰਲੀਮੈਂਟ ਦੀ ਵਿਰੋਧੀ ਧਿਰ ਦੀ ਓਦੋਂ ਦੀ ਮੁੱਖ ਆਗੂ ਵਿਰੁਧ ਏਨੀ ਗੰਦੀ ਗਾਲ੍ਹ ਸੁਣ ਕੇ ਮੌਕੇ ਦਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤਿੰਨ ਦਿਨ ਚੁੱਪ ਕੀਤਾ ਰਿਹਾ। ਤੀਜੇ ਦਿਨ ਜਦੋਂ ਪਾਰਟੀ ਅੰਦਰੋਂ ਦਬਾਅ ਪਿਆ ਤਾਂ ਸਿਰਫ ਏਨਾ ਕਹਿ ਸਕਿਆ ਸੀ, 'ਯੇ ਸ਼ਬਦ ਠੀਕ ਨਹੀਂ ਹੈਂ।' ਹੁਣ ਮਾਮਲਾ ਹੈ ਦੇਸ਼ ਦੀ ਰਾਜਨੀਤੀ ਦੀ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਦੇ ਮੁਖੀ ਦਾ। ਇਸ ਨੂੰ ਕੇਂਦਰ ਦਾ ਆਗੂ ਬਣਨ ਤੱਕ ਮਹਾਰਾਸ਼ਟਰ ਤੋਂ ਬਾਹਰ ਕੋਈ ਜਾਣਦਾ ਤੱਕ ਨਹੀਂ ਸੀ। ਕੇਂਦਰ ਦੀ ਭਾਜਪਾ ਦੇ ਸਾਰੇ ਵੱਡੇ ਆਗੂ ਇਕ ਦੂਜੇ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਾ ਹੋਣ ਕਰ ਕੇ ਇਸ ਨੂੰ ਇਸ ਲਈ ਅੱਗੇ ਲਿਆਂਦਾ ਸੀ ਕਿ ਕਿਸੇ ਦਾ ਪੈਰ ਨਹੀਂ ਮਿੱਧੇਗਾ। ਆਪਣੀ ਔਕਾਤ ਨਾਲੋਂ ਵੱਡੀ ਪਦਵੀ ਮਿਲਦੇ ਸਾਰ ਉਸ ਦੀ ਹਾਲਤ ਛੋਟੇ ਭਾਂਡੇ ਦੇ ਛੇਤੀ ਉਬਾਲਾ ਮਾਰ ਜਾਣ ਵਾਲੀ ਹੋ ਗਈ। ਉਹ ਇਕਦਮ ਸੱਤਵੇਂ ਅਸਮਾਨ ਉਤੇ ਜਾ ਚੜ੍ਹਿਆ ਤੇ ਨਤੀਜੇ ਵਜੋਂ ਹਰ ਮਹੀਨੇ ਇਕ ਮੁਆਫੀ ਮੰਗਦਾ ਲੱਭਦਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੰਦਰ-ਮਸਜਿਦ ਮਾਮਲੇ ਉਤੇ ਝਗਿਓਂ ਬਾਹਰ ਆ ਕੇ ਉਸ ਨੂੰ ਪਹਿਲੀ ਮੁਆਫੀ ਸੰਘ ਪਰਿਵਾਰ ਤੋਂ ਮੰਗਣੀ ਪਈ ਸੀ, ਜਿਸ ਨੇ ਉਸ ਨੂੰ ਰਾਜ ਦੀ ਰਾਜਨੀਤੀ ਤੋਂ ਰਾਸ਼ਟਰ ਦੇ ਪੱਧਰ ਤੱਕ ਪੁਚਾਇਆ ਸੀ। ਉਸ ਪਿੱਛੋਂ ਮੁਆਫੀਆਂ ਦਾ ਸਿਲਸਿਲਾ ਰੁਕ ਹੀ ਨਹੀਂ ਰਿਹਾ।

ਹਾਲੇ ਪਿਛਲੇ ਮਹੀਨੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਚੰਡੀਗੜ੍ਹ ਵਿਚ ਭਾਸ਼ਣ ਕਰਦੇ ਸਮੇਂ ਵਿਰੋਧੀ ਧਿਰ ਦੇ ਕਈ ਲੀਡਰਾਂ ਨੂੰ 'ਕੁੱਤੇ ਵਾਂਗ ਸੋਨੀਆ ਗਾਂਧੀ ਦੀਆਂ ਤਲੀਆਂ ਚੱਟਦੇ' ਕਹਿ ਦਿੱਤਾ ਸੀ। ਓਦੋਂ ਵੀ ਕਾਫੀ ਰੌਲਾ ਪਿਆ ਸੀ। ਖੁਦ ਭਾਜਪਾ ਦੇ ਅੰਦਰੋਂ ਕਿਹਾ ਗਿਆ ਸੀ ਕਿ ਜਿਸ ਤਰ੍ਹਾਂ ਦੀ ਬੋਲੀ ਉਨ੍ਹਾਂ ਦੇ ਪ੍ਰਧਾਨ ਨੇ ਬੋਲੀ ਹੈ, ਉਸ ਤੋਂ ਪ੍ਰਹੇਜ਼ ਹੀ ਕੀਤਾ ਜਾਣਾ ਚਾਹੀਦਾ ਹੈ। ਲਗਾਤਾਰ ਚਾਰ ਦਿਨ ਮੁਆਫੀਆਂ ਮੰਗੀਆਂ ਸਨ ਨਿਤਿਨ ਗਡਕਰੀ ਸਾਹਿਬ ਨੇ ਓਦੋਂ ਵੀ।

ਇਸ ਵਾਰੀ ਗਡਕਰੀ ਸਾਹਿਬ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਕਾਂਗਰਸ ਪਾਰਟੀ ਨੇ ਸਿਰਫ ਇਹੋ ਕਹਿ ਕੇ ਗੱਲ ਮੁਕਾ ਦਿੱਤੀ ਹੈ ਕਿ ਭਾਜਪਾ ਦੇ ਪ੍ਰਧਾਨ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਹੈ। ਭਾਜਪਾ ਨੂੰ ਇਹ ਟਿੱਪਣੀ ਵੀ ਰਾਸ ਨਹੀਂ ਆਈ ਤੇ ਉਸ ਨੇ ਆਪਣੇ ਪ੍ਰਧਾਨ ਨੂੰ ਨਹੀਂ ਕਿਹਾ ਕਿ ਉਹ ਕੁਝ ਸੰਭਲ ਕੇ ਬੋਲਿਆ ਕਰੇ, ਕਾਂਗਰਸ ਪਾਰਟੀ ਨੂੰ ਕਿਹਾ ਹੈ ਕਿ ਉਹ ਏਦਾਂ ਦੀ ਟਿੱਪਣੀ ਲਈ ਅਫਸੋਸ ਜ਼ਾਹਰ ਕਰੇ।

ਇਹ ਖਿੱਚੋਤਾਣ ਉਨ੍ਹਾਂ ਵਿਚਾਲੇ ਹੁੰਦੀ ਆਈ ਹੈ, ਹੁੰਦੀ ਰਹੇਗੀ, ਆਮ ਲੋਕਾਂ ਨੂੰ ਉਨ੍ਹਾਂ ਦੀ ਖਿੱਚੋਤਾਣ ਤੋਂ ਪਾਸੇ ਹਟ ਕੇ ਸੋਚਣਾ ਚਾਹੀਦਾ ਹੈ। ਬੜਬੋਲੇਪਣ ਨੂੰ ਆਮ ਤੌਰ 'ਤੇ ਚਾਰ ਜਮਾਤਾਂ ਵਿਚ ਵੰਡਿਆ ਜਾਂਦਾ ਹੈ। ਮਾੜੀ-ਮੋਟੀ ਗੱਲ ਹੋਵੇ ਤਾਂ ਏਨਾ ਕਹਿ ਦਿੱਤਾ ਜਾਂਦਾ ਹੈ ਕਿ ਸੰਬੰਧਤ ਬੰਦਾ ਸੋਚ ਕੇ ਨਹੀਂ ਬੋਲਦਾ। ਥੋੜ੍ਹਾ ਵੱਡਾ ਮਾਮਲਾ ਹੋਵੇ ਤਾਂ ਉਸ ਨੂੰ 'ਮੂੰਹ-ਫੱਟ' ਕਹਿ ਦਿੱਤਾ ਜਾਂਦਾ ਹੈ। ਜੇ ਇਸ ਤੋਂ ਵੀ ਉਹ ਅੱਗੇ ਲੰਘ ਜਾਵੇ ਤਾਂ ਲੋਕ ਕਹਿੰਦੇ ਹਨ ਕਿ ਇਸ ਦੀ ਜ਼ਬਾਨ ਗਿੱਠ ਲੰਮੀ ਜਾਪਦੀ ਹੈ। ਮਾਮਲਾ 'ਮੌਕਿਓਂ ਪਰ੍ਹੇ ਉਜਾੜ' ਦੀ ਹੱਦ ਤੱਕ ਜਾਂਦਾ ਹੋਵੇ ਤਾਂ ਕਿਸੇ ਦੇ ਮੂੰਹੋਂ ਇਹ ਵੀ ਨਿਕਲ ਸਕਦਾ ਹੈ ਕਿ ਇਸ ਬੰਦੇ ਦਾ ਮੂੰਹ ਕੰਨਾਂ ਤੱਕ ਪਾਟਾ ਜਾਪਦਾ ਹੈ। ਭਾਰਤ ਦੀ ਰਾਜਨੀਤੀ ਜਿਵੇਂ ਦਿਨੋ-ਦਿਨ, ਹੋਰ ਤੋਂ ਹੋਰ ਨੀਵੇਂ ਪੱਧਰ ਨੂੰ ਪਹੁੰਚ ਰਹੀ ਹੈ, ਜੇ ਗੱਲ ਏਦੂੰ ਵੀ ਅੱਗੇ ਲੰਘ ਗਈ, ਤਾਂ ਲੋਕਾਂ ਨੂੰ ਛੇਤੀ ਹੀ ਕੋਈ ਪੰਜਵੀਂ ਪੱਧਰ ਦਾ ਸ਼ਬਦ ਵੀ ਲੱਭਣਾ ਜਾਂ ਘੜਨਾ ਪੈ ਸਕਦਾ ਹੈ।

## ਕਾਂਗਰਸ ਬਾਰੇ ਗਡਕਰੀ ਦੀ ਬੋਲਬਾਣੀ 'ਤੇ ਵਿਵਾਦ ਜਾਰੀ

**-ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਕੁਝ ਸਮਾਂ ਪਹਿਲਾਂ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ ਨੂੰ 'ਕੁੱਤਾ' ਕਹਿਣ ਵਾਲੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਵਲੋਂ ਸੰਸਦ 'ਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਨੂੰ ਕਾਂਗਰਸ ਦਾ ਜਵਾਈ ਦੱਸਣ ਤੋਂ ਬਾਅਦ ਸਿਆਸਤ ਗਰਮਾਉਣ ਦੀ ਸੰਭਾਵਨਾ ਬਣ ਗਈ ਹੈ। ਇਸ ਮਾਮਲੇ 'ਚ ਜਿੱਥੇ ਗਡਕਰੀ ਆਪਣੇ ਬਿਆਨ 'ਤੇ ਕਾਇਮ ਹਨ, ਉਥੇ ਭਾਜਪਾ ਨੇ ਵੀ ਉਨ੍ਹਾਂ ਦੀ ਪਿੱਠ ਥਾਪੜੀ ਹੈ।

ਜ਼ਿਕਰਯੋਗ ਹੈ ਕਿ ਬੀਤੀ 8 ਜੁਲਾਈ ਨੂੰ ਸ੍ਰੀ ਗਡਕਰੀ ਨੇ ਦੇਹਰਾਦੂਨ 'ਚ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਫ਼ਜ਼ਲ ਨੂੰ ਫਾਂਸੀ ਨਾ ਦਿੱਤੇ ਜਾਣ 'ਤੇ ਕਾਂਗਰਸ ਅਤੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਕਿਹਾ ਸੀ, "ਕੀ ਅਫ਼ਜ਼ਲ ਗੁਰੂ ਕਾਂਗਰਸ ਦਾ ਜਵਾਈ ਹੈ? ਜਿਸ ਕਰਕੇ ਉਸ ਨੂੰ ਫਾਂਸੀ ਨਹੀਂ ਦਿੱਤੀ ਜਾ ਰਹੀ।" ਉਨ੍ਹਾਂ ਇਹ ਵੀ ਕਿਹਾ ਸੀ, "ਕੀ ਕਾਂਗਰਸ ਨੇ ਅਫ਼ਜ਼ਲ ਗੁਰੂ ਨੂੰ ਆਪਣੀ ਬੇਟੀ ਦਿੱਤੀ ਹੋਈ ਹੈ।" ਗਡਕਰੀ ਦੇ ਇਸ ਬਿਆਨ ਸਬੰਧੀ ਜਦੋਂ ਅਗਲੇ ਦਿਨ ਮੁੜ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਆਪਣੇ ਪਹਿਲਾਂ ਵਾਲੇ ਬਿਆਨ 'ਤੇ ਕਾਇਮ ਹਨ ਤੇ ਉਨ੍ਹਾਂ ਨੇ ਕੁਝ ਵੀ ਗ਼ਲਤ ਨਹੀਂ ਆਖਿਆ।

ਦੂਜੇ ਪਾਸੇ ਕਾਂਗਰਸੀ ਆਗੂ ਮੁਨੀਸ਼ ਤਿਵਾੜੀ ਨੇ ਗਡਕਰੀ ਦੇ ਬਿਆਨ ਨੂੰ ਗ਼ੈਰ-ਜ਼ਿੰਮੇਵਾਰਾਨਾ ਤੇ ਬੇਤੁਕਾ ਦਸਦਿਆਂ ਕਿਹਾ ਕਿ ਕਾਂਗਰਸ ਬਾਰੇ ਅਜਿਹਾ ਬਿਆਨ ਦੇਣ ਵਾਲੇ ਭਾਜਪਾ ਪ੍ਰਧਾਨ ਨੂੰ ਮਨੋਚਕਿਤਸਕ ਦੀ ਲੋੜ ਹੈ ਤੇ ਖੁਦ ਭਾਜਪਾ ਨੂੰ ਆਪਣੇ ਪ੍ਰਧਾਨ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਭਾਜਪਾ ਦੇ ਬੁਲਾਰੇ ਰਵੀਸ਼ੰਕਰ ਪ੍ਰਸਾਦ ਨੇ ਗਡਕਰੀ ਦਾ ਬਚਾਅ ਕਰਦਿਆਂ ਕਿਹਾ, "ਅਫ਼ਜ਼ਲ ਗੁਰੂ ਦੀ ਫਾਂਸੀ ਨੂੰ ਲੰਮੇ ਸਮੇਂ ਤੱਕ ਟਾਲਣ ਲਈ ਸਰਕਾਰੀ ਰੁਖ਼ ਦੇ ਸੰਦਰਭ 'ਚ ਇਸ ਬਿਆਨ ਨੂੰ ਰਚਨਾਤਮਕ ਆਲੋਚਨਾ ਵਜੋਂ ਲੈਣਾ ਚਾਹੀਦਾ ਹੈ।" ਸ੍ਰੀ ਤਿਵਾੜੀ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਕਾਂਗਰਸ ਨੂੰ ਸਾਡੇ ਕੌਮੀ ਪ੍ਰਧਾਨ ਖ਼ਿਲਾਫ਼ ਅਸ਼ੋਭਿਕ ਭਾਸ਼ਾ ਦੀ ਵਰਤੋਂ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ।

ਇਸੇ ਤਰ੍ਹਾਂ ਸਮਾਜਵਾਦੀ ਪਾਰਟੀ ਦੇ ਕੌਮੀ ਬੁਲਾਰੇ ਮੋਹਨ ਸਿੰਘ ਨੇ ਕਿਹਾ ਕਿ ਭਾਜਪਾ ਤੇ ਆਰ ਐਸ ਐਸ ਗਡਕਰੀ ਨੂੰ ਅਜਿਹੇ ਬਿਆਨ ਦੇਣ ਤੋਂ ਰੋਕੇ। ਇਸੇ ਤਰ੍ਹਾਂ ਭਾਜਪਾ ਦੀ ਭਾਈਵਾਲ ਪਾਰਟੀ ਜਨਤਾ ਦਲ (ਯੂ) ਦੇ ਆਗੂ ਸ਼ਰਦ ਯਾਦਵ ਨੇ ਕਿਹਾ ਕਿ ਭਾਵੇਂ ਗਡਕਰੀ ਨੇ ਸੱਚ ਬੋਲਿਆ ਹੈ ਪਰ ਇਹ ਵੀ ਮਰਿਆਦਾ 'ਚ ਰਹਿ ਕੇ ਹੀ ਬੋਲਣਾ ਚਾਹੀਦਾ ਸੀ।

## ਗਡਕਰੀ ਨਹੀਂ ਛਾ ਸਕਦੇ ਅਡਵਾਨੀ ਉਪਰ

**ਨਵੀਂ ਦਿੱਲੀ:** ਰਾਸ਼ਟਰ ਸਵੈਮ ਸੇਵਕ ਸੰਘ ਦੇ ਚੀਫ ਮੋਹਨ ਭਾਗਵਤ ਦੇ ਜ਼ੋਰ ਦੇਣ 'ਤੇ 7 ਮਹੀਨੇ ਪਹਿਲਾਂ ਭਾਜਪਾ ਦੇ ਪ੍ਰਧਾਨ ਦੇ ਤੌਰ 'ਤੇ ਸ੍ਰੀ ਨਿਤਿਨ ਗਡਕਰੀ ਨੂੰ ਮਹਾਰਾਸ਼ਟਰ ਤੋਂ ਕੇਂਦਰੀ ਸਿਆਸਤ ਵਿਚ ਲਿਆਂਦਾ ਗਿਆ ਪਰ ਇਸ ਅਰਸੇ ਦੌਰਾਨ ਜੋ ਵਿਰੋਧਤਾ ਦੇ ਤਜਰਬੇ ਹੋਏ ਹਨ, ਉਸ ਤੋਂ ਇਕ ਹੀ ਨਤੀਜਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦਾ ਪ੍ਰਛਾਵਾਂ ਪਹਿਲਾਂ ਤੋਂ ਵੀ ਜ਼ਿਆਦਾ ਪਾਰਟੀ 'ਤੇ ਮੰਡਰਾਅ ਰਿਹਾ ਹੈ। ਤਾਜ਼ਾ ਮਿਸਾਲ ਭਾਜਪਾ ਵਲੋਂ ਖੱਬੇ-ਪੱਖੀ ਪਾਰਟੀਆਂ ਨਾਲ ਸੋਮਵਾਰ ਦੇ ਬੰਦ ਵਿਚ ਕੀਤੇ ਗਏ ਤਾਲਮੇਲ ਤੋਂ ਮਿਲਦੀ ਹੈ। ਪਾਰਟੀ ਦੇ ਸੀਨੀਅਰ ਲੀਡਰ ਨੇ ਭਾਜਪਾ ਵਰਕਰਾਂ ਨੂੰ ਇਸ ਗੱਲ ਨਾਲ ਕਾਇਲ ਕਰ ਲਿਆ ਕਿ ਉਹ ਇਸ ਬੰਦ ਵਿਚ ਸ਼ਾਮਲ ਹੋਣ। ਇਸ ਤੋਂ ਇਲਾਵਾ ਕਰਨਾਟਕ ਦੇ ਲੋਕ ਆਯੁਕਤ ਸੰਤੋਸ਼ ਹਗੜੇ ਵਲੋਂ ਦਿੱਤੇ ਗਏ ਅਸਤੀਫੇ ਦੇ ਫੈਸਲੇ ਨੂੰ ਵਾਪਸ ਕਰਵਾਉਣ ਅਤੇ ਜਸਵੰਤ ਸਿੰਘ ਦੀ ਘਰ ਵਾਪਸੀ ਦੀਆਂ ਘਟਨਾਵਾਂ ਅਜਿਹੀਆਂ ਹਨ, ਜਿਸ ਤੋਂ ਸ੍ਰੀ ਅਡਵਾਨੀ ਲਗਾਤਾਰ ਉਭਰਦੇ ਅਤੇ ਫਿਰ ਉਪਰ ਆਉਂਦੇ ਦਿਖਾਈ ਦੇ ਰਹੇ ਹਨ।



ਹਾਲਾਤ ਇਹ ਹਨ ਕਿ ਜਿੱਥੇ ਭਾਜਪਾ ਦੇ ਨਵੇਂ ਪ੍ਰਧਾਨ ਲੜਖੜਾਉਂਦੇ ਨਜ਼ਰ ਆ ਰਹੇ ਹਨ, ਉਥੇ ਹੀ ਅਡਵਾਨੀ ਮਜ਼ਬੂਤੀ ਨਾਲ ਸਾਹਮਣੇ ਆ ਰਹੇ ਹਨ ਅਤੇ ਇਕ ਅਹਿਮ ਮਾਮਲੇ 'ਚ ਗਡਕਰੀ ਨੂੰ ਇਕ ਤਰ੍ਹਾਂ ਨਾਲ ਗ੍ਰਹਿਣ ਲਗਾ ਰਹੇ ਹਨ। ਇਸ ਸਿਲਸਿਲੇ ਵਿਚ ਭਾਜਪਾ ਦੇ ਇਕ ਨੇਤਾ ਨੇ ਆਪਣਾ ਨਾਂ ਜ਼ਾਹਿਰ ਨਾ ਕਰਦੇ ਹੋਏ ਦੱਸਿਆ ਕਿ ਅਡਵਾਨੀ ਨੂੰ ਫਿਰ ਤੋਂ ਭਾਰਤੀ ਸਿਆਸਤ ਦੀ ਮੁੱਖ ਧਾਰਾ ਵਿਚ ਲੈ ਆਂਦਾ ਹੈ। ਗਡਕਰੀ ਵਰਗੇ ਵਿਅਕਤੀ ਜਿਸ ਦਾ ਪਹਿਲਾਂ ਕੋਈ ਸਿਆਸੀ ਵਜੂਦ ਨਹੀਂ ਸੀ, ਉਹ ਅਡਵਾਨੀ 'ਤੇ ਛਾ ਨਹੀਂ ਸਕਦੇ।

## ਰੋਹਤਾਂਗ ਸੁਰੰਗ 'ਤੇ ਕਾਂਗਰਸ-ਭਾਜਪਾ ਵਿਵਾਦ

**-ਪੰਜਾਬ ਟਾਈਮਜ਼ ਬਿਊਰੋ**

**ਜਲੰਧਰ :** ਬੀਤੇ ਦਿਨੀਂ ਕਾਂਗਰਸ ਪਾਰਟੀ ਦੀ ਮੁਖੀ ਬੀਬੀ ਸੋਨੀਆ ਗਾਂਧੀ ਨੇ ਰੋਹਤਾਂਗ ਚੋਟੀ ਹੇਠਾਂ ਬਣਨ ਵਾਲੀ 8.8 ਕਿਲੋਮੀਟਰ ਸੁਰੰਗ ਨੂੰ ਹਰੀ ਝੰਡੀ ਦਿੱਤੀ ਅਤੇ ਇਸ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ। 8.8 ਕਿਲੋਮੀਟਰ ਲੰਮੀ ਇਸ ਸੁਰੰਗ ਉਪਰ 15 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ।

ਕਾਂਗਰਸ ਪਾਰਟੀ ਅਨੁਸਾਰ ਇਸ ਸੁਰੰਗ ਦੇ ਬਣਨ ਨਾਲ ਜੰਮੂ ਕਸ਼ਮੀਰ ਦਾ ਲੱਦਾਖ ਖੇਤਰ ਅਤੇ ਮਨਾਲੀ ਵਿਚਕਾਰ ਬਾਰਾਂ ਮਹੀਨੇ ਤੀਹ ਦਿਨ ਦੀ ਆਵਾਜਾਈ ਸ਼ੁਰੂ ਹੋ ਜਾਵੇਗੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਸੁਰੰਗ ਦੇ ਬਣਨ ਨਾਲ ਲਾਹੌਲ ਸਪਿਤੀ ਘਾਟੀ ਨੂੰ ਤਕਰੀਬਨ ਹਰ ਮੌਸਮ ਵਿਚ ਆਵਾਜਾਈ ਸ਼ੁਰੂ ਹੋ ਜਾਵੇਗੀ ਜਿਥੇ ਸਰਦੀਆਂ ਦੇ ਮੌਸਮ ਵਿਚ ਇਹ ਘਾਟੀ ਹੁਣ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਕੱਟ ਕੇ ਰਹਿ ਜਾਂਦੀ ਹੈ। ਰਿਪੋਰਟਾਂ ਅਨੁਸਾਰ ਬੋਧੀ, ਈਸਾਈ, ਹਿੰਦੂ ਅਤੇ ਮੁਸਲਮਾਨ ਪੁਜਾਰੀਆਂ ਨੇ ਇਸ ਸੁਰੰਗ ਦੇ ਉਦਘਾਟਨੀ ਸਮਾਗਮ ਮੌਕੇ ਅਰਦਾਸ ਕੀਤੀ।

ਸੋਨੀਆ ਗਾਂਧੀ ਨੇ ਇਸ ਸੁਰੰਗ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਸ ਦਾ ਸੁਫਨਾ ਉਨ੍ਹਾਂ ਦੇ ਪਤੀ ਸ੍ਰੀ ਰਾਜੀਵ ਗਾਂਧੀ ਨੇ 26 ਸਾਲ ਪਹਿਲਾਂ ਲਿਆ ਸੀ। ਕਿਹਾ ਜਾ ਰਿਹਾ ਹੈ ਕਿ ਇਸ ਸੁਰੰਗ ਦਾ ਲਾਹੌਲ ਸਪਿਤੀ ਖੇਤਰ ਵਿਚ ਵਸਦੇ 34000 ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਉਨ੍ਹਾਂ ਨੂੰ ਆਪਣੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਸੌਖ ਹੋਵੇਗੀ। ਉਧਰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਪ੍ਰੇਮ ਕੁਮਾਰ ਧੂਮਲ ਨੇ ਕਿਹਾ ਹੈ ਕਿ ਸਰਹੱਦ ਦੇ ਦੂਜੇ ਪਾਸੇ ਚੀਨ ਵਲੋਂ ਕੀਤੇ ਜਾ ਰਹੇ ਬੁਨਿਆਦੀ ਢਾਂਚੇ ਦੇ ਤੇਜ਼ ਵਿਕਾਸ ਕਾਰਨ ਦੇਸ਼ ਦੀ ਸੁਰੱਖਿਆ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ ਇਸ ਲਈ ਇਹ ਸੁਰੰਗ ਬਣਾਉਣੀ ਬਹੁਤ ਜ਼ਰੂਰੀ ਸੀ। ਉਨ੍ਹਾਂ ਨੇ ਹੋਰ ਅੱਗੇ ਜਾਂਦਿਆਂ ਪਠਾਨਕੋਟ ਤੋਂ ਲੇਹ ਤਕ ਰੇਲਵੇ ਲਾਈਨ ਬਣਾਉਣ ਨੂੰ ਵੀ ਵਕਾਲਤ ਕੀਤੀ ਹੈ।

ਉਧਰ ਭਾਰਤੀ ਜਨਤਾ ਪਾਰਟੀ ਨੇ ਰੋਹਤਾਂਗ ਸੁਰੰਗ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕਰਦਿਆਂ ਕਿਹਾ ਹੈ ਕਿ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਪਹਿਲਾਂ ਹੀ ਸ੍ਰੀ ਅਟਲ ਬਿਹਾਰੀ ਵਾਜਪਾਈ ਵਲੋਂ ਰੱਖਿਆ ਜਾ ਚੁੱਕਿਆ ਹੈ। ਭਾਜਪਾ ਲੀਡਰ ਸ੍ਰੀ ਪ੍ਰਕਾਸ਼ ਜਾਵੇਡਕਰ ਨੇ ਇਸ ਮਸਲੇ 'ਤੇ ਬੋਲਦਿਆਂ ਕਿਹਾ ਕਿ ਸ੍ਰੀ ਵਾਜਪਾਈ ਵਲੋਂ ਇਸ ਪ੍ਰਾਜੈਕਟ ਦਾ ਐਲਾਨ 2000 ਵਿਚ ਕੀਤਾ ਗਿਆ ਸੀ ਅਤੇ 2002 ਵਿਚ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਸ੍ਰੀ ਜਾਵੇਡਕਰ ਨੇ ਕਿਹਾ ਕਿ ਭਾਜਪਾ ਇਹ ਮਸਲਾ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਵਿਚ ਉਠਾਏਗੀ।

ਉਧਰ ਵਾਤਾਵਰਣ ਨਾਲ ਸੰਬੰਧਿਤ ਕਈ ਜਥੇਬੰਦੀਆਂ ਨੇ ਉਪਰੋਕਤ ਸੁਰੰਗ ਬਣਾਉਣ ਦੇ ਪ੍ਰਾਜੈਕਟ ਨੂੰ ਹਿਮਾਚਲ ਦੀ ਕੁਦਰਤੀ ਖੂਬਸੂਰਤੀ, ਪ੍ਰਦੂਸ਼ਣ ਅਤੇ ਮਨੁੱਖੀ ਸਰਗਰਮੀ ਦੇ ਵਧਣ ਨਾਲ ਪੈਣ ਵਾਲੀ ਗੰਦਗੀ ਦੀ ਦ੍ਰਿਸ਼ਟੀ ਤੋਂ ਤਬਾਹਕੁੰਨ ਕਰਾਰ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਦਾ ਆਖਣਾ ਹੈ ਕਿ ਸੁਰੰਗ ਬਣਾਕੇ ਪਹਾੜਾਂ ਨੂੰ ਪੋਲਾ ਕਰਨਾ ਕੁਦਰਤੀ ਵਾਤਾਵਰਣ ਅਤੇ ਮਨੁੱਖ ਲਈ ਆਤਮਘਾਤੀ ਸਿੱਧ ਹੋਵੇਗਾ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਭਾਰਤ ਅਤੇ ਚੀਨ ਵਲੋਂ ਸੁਰੱਖਿਆ ਦੇ ਬਹਾਨੇ ਪਹਾੜਾਂ ਦੀ ਤਬਾਹੀ ਗਲੋਬਲ ਵਾਤਾਵਰਣ ਅਤੇ ਕੁਦਰਤ ਲਈ ਅਤੀ ਤਬਾਹਕਾਰੀ ਹੈ। ਇਸ ਦੇ ਸਿੱਟੇ ਗਰਮੀ ਵਧਣ ਅਤੇ ਬਾਰਸ਼ਾਂ ਘਟਣ ਵਿਚ ਨਿਕਲਣਗੇ।

# ਹੁਣ ਨਾ ਉਹ ਰਹੀਆਂ ਖੁਰਾਕਾਂ, ਨਾ ਉਹ ਜ਼ੋਰ ਜਵਾਨੀ ਦੇ

**ਚੰਡੀਗੜ੍ਹ :** ਨਸ਼ਿਆਂ, ਵਿਦੇਸ਼ੀ ਉਡਾਰੀਆਂ ਅਤੇ ਗਾਇਕ ਬਣਨ ਦੇ ਸ਼ੌਕੀਨ ਪੰਜਾਬੀ ਗੱਭਰੂਆਂ ਨੇ ਹੁਣ ਪੁਲੀਸ ਦੀ ਭਰਤੀ ਦੇ ਅਖਾੜਿਆਂ ਵਿਚ ਜਾਣ ਤੋਂ ਹੀ ਹੱਥ ਖੜ੍ਹੇ ਕਰ ਦਿੱਤੇ ਹਨ। ਜਿਥੇ ਪਹਿਲਾਂ ਪੁਲੀਸ ਦੀ ਭਰਤੀ ਦੌਰਾਨ ਸਰੀਰਕ ਪੱਖੋਂ ਲਿੱਸੇ ਪੈ ਚੁੱਕੇ ਪੰਜਾਬੀ ਨੌਜਵਾਨ ਸਖ਼ਤ ਸਰੀਰਕ ਟੈਸਟਾਂ ਵਿਚ ਹਰਿਆਣਾ ਤੇ ਹੋਰ ਰਾਜਾਂ ਦੇ ਗੱਭਰੂਆਂ ਅੱਗੇ ਗੋਡੇ ਟੇਕਣ ਕਾਰਨ ਖਾਕੀ ਵਰਦੀ ਪਾਉਣ ਦੇ ਸੁਪਨੇ ਸਾਕਾਰ ਕਰਨ ਤੋਂ ਅਸਮਰੱਥ ਰਹਿੰਦੇ ਸਨ, ਉਥੇ ਹੁਣ ਪੰਜਾਬੀ ਮੁੰਡਿਆਂ ਨੇ ਪੁਲੀਸ ਦੀ ਭਰਤੀ ਲਈ ਅਰਜ਼ੀਆਂ ਦੇਣ ਤੋਂ ਹੀ ਟਾਲਾ ਵੱਟ ਲਿਆ ਹੈ।

ਪਿਛਲੇ ਸਮੇਂ ਚੰਡੀਗੜ੍ਹ ਪੁਲੀਸ ਵਿਚ 157 ਸਿਪਾਹੀਆਂ ਦੀ ਹੋਈ ਭਰਤੀ ਵਿਚ ਹਰਿਆਣਾ ਦੇ 79 ਗੱਭਰੂਆਂ ਨੇ ਸਰੀਰਕ ਟੈਸਟ ਪਾਸ ਕਰਕੇ ਇਸ ਫੋਰਸ ਉਪਰ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਸੀ, ਜਦੋਂ ਕਿ ਪੰਜਾਬ ਦੇ ਕੇਵਲ 15 ਗੱਭਰੂ ਹੀ ਸਰੀਰਕ ਟੈਸਟ ਪਾਸ ਕਰ ਸਕੇ ਸਨ। ਇਸ ਭਰਤੀ ਦੌਰਾਨ ਪੰਜਾਬ ਦੀਆਂ 10 ਅਤੇ ਹਰਿਆਣਾ ਦੀਆਂ 18 ਮੁਟਿਆਰਾਂ ਨੇ ਸਰੀਰਕ ਟੈਸਟ ਵਿਚੋਂ ਸਫਲਤਾ ਹਾਸਲ ਕੀਤੀ ਸੀ।

ਚੰਡੀਗੜ੍ਹ ਪੁਲੀਸ ਹੈਡਕੁਆਰਟਰ ਤੋਂ ਹਾਸਲ ਅੰਕੜਿਆਂ ਅਨੁਸਾਰ ਹੁਣ ਭਰਤੀ ਕੀਤੇ ਜਾ ਰਹੇ 1200 ਸਿਪਾਹੀਆਂ (ਜਿਸ ਵਿਚ 370 ਸੀਟਾਂ ਔਰਤ ਸਿਪਾਹੀਆਂ ਲਈ ਹਨ) ਲਈ ਵੱਖ-ਵੱਖ ਰਾਜਾਂ ਦੇ ਗੱਭਰੂਆਂ ਦੀਆਂ ਕੁੱਲ 96,202 ਅਰਜ਼ੀਆਂ ਹਾਸਲ ਹੋਈਆਂ ਹਨ, ਜਿਨ੍ਹਾਂ ਵਿਚੋਂ ਪੰਜਾਬ ਦੇ ਮੁੰਡਿਆਂ ਦੀਆਂ ਕੇਵਲ 13,252 (13 ਫੀਸਦੀ) ਅਰਜ਼ੀਆਂ ਹੀ ਹਾਸਲ ਹੋਈਆਂ ਹਨ। ਦੂਜੇ ਪਾਸੇ ਹਰਿਆਣਾ ਦੇ ਲੜਕਿਆਂ ਦੀਆਂ 60,594 (63 ਫੀਸਦੀ) ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਕਿਸੇ ਵੇਲੇ ਚੰਡੀਗੜ੍ਹ ਦੀ ਪੁਲੀਸ ਵਿਚ ਪੰਜਾਬੀ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਪੂਰੀ ਸਰਦਾਰੀ ਸੀ, ਜਦੋਂ ਕਿ ਪਿਛਲੇ ਕਈ ਸਾਲਾਂ ਤੋਂ ਜਿਥੇ ਇਕ ਪਾਸੇ ਯੂ.ਟੀ. ਉਪਰ ਹਰਿਆਣੇ ਦੀ ਅਫਸਰਸ਼ਾਹੀ ਦਾ ਬੋਲਬਾਲਾ ਹੋਣ ਕਾਰਨ ਪੰਜਾਬ ਨਾਲ ਸਬੰਧਤ ਹਰੇਕ ਤੱਥ ਨੂੰ ਖੋਰਾ ਲੱਗ ਰਿਹਾ ਹੈ, ਉਥੇ ਖਾਸ ਕਰਕੇ ਪੁਲੀਸ ਦੀ ਭਰਤੀ ਦੌਰਾਨ ਸਰੀਰਕ ਪੱਖੋਂ ਲਿੱਸੇ ਪੰਜਾਬੀ ਮੁੰਡੇ ਸਰੀਰਕ ਟੈਸਟ ਦੌਰਾਨ, ਖਾਸ ਕਰਕੇ ਹਰਿਆਣਵੀ ਛੋਰਿਆਂ ਅੱਗੇ ਪੇਤਲੇ ਪੈ ਰਹੇ ਹਨ।

ਹੁਣ ਪੁਲੀਸ ਦੀ ਭਰਤੀ ਦੌਰਾਨ ਰਾਜਸਥਾਨ, ਉਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦੇ ਗੱਭਰੂ ਵੀ ਪੰਜਾਬ ਦੇ ਨੌਜਵਾਨਾਂ ਨੂੰ ਪਛਾੜ ਰਹੇ ਹਨ। ਚੰਡੀਗੜ੍ਹ ਪੁਲੀਸ ਦੇ ਪੰਜਾਬ ਨਾਲ ਸਬੰਧਤ ਅਧਿਕਾਰੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਭਰਤੀ ਪ੍ਰਕਿਰਿਆ ਦੌਰਾਨ ਠੋਸ ਤੇ ਗੁੰਦਵੇਂ ਜੁੱਸਿਆਂ ਵਾਲੇ ਹਰਿਆਣਵੀ ਮੁੰਡਿਆਂ ਅੱਗੇ ਪੰਜਾਬ ਦੇ ਗੱਭਰੂ ਲਿੱਸੇ ਪੈ ਗਏ ਹਨ। ਉਨ੍ਹਾਂ ਦੱਸਿਆ ਕਿ ਹਰਿਆਣਵੀ ਮੁੰਡੇ ਪੁਲੀਸ ਵਿਚ ਭਰਤੀ ਹੋਣ ਲਈ ਕਈ-ਕਈ ਮਹੀਨੇ ਪਹਿਲਾਂ ਹੀ ਪਿੰਡਾਂ ਵਿਚ ਅਖਾੜੇ ਲਾ ਕੇ ਆਪਣੇ ਜੁੱਸਿਆਂ ਨੂੰ ਸਰੀਰਕ ਟੈਸਟ ਦੇ ਹਾਣ ਦਾ ਬਣਾਉਣ ਲਈ ਵਰਜਿਸ਼ਾਂ ਕਰਦੇ ਹਨ, ਜਦੋਂ ਕਿ ਪੰਜਾਬ ਵਿਚ ਅਜਿਹਾ ਰੁਝਾਨ ਨਾਮਾਤਰ ਹੀ ਹੈ। ਇਸ ਦੀ ਤਾਜ਼ਾ ਮਿਸਾਲ ਹੈ ਕਿ ਪਿਛਲੇ ਸਮੇਂ ਚੰਡੀਗੜ੍ਹ ਪੁਲੀਸ ਵਿਚ ਹੋਈ ਭਰਤੀ ਦੌਰਾਨ ਪੰਜਾਹ ਫੀਸਦੀ ਹਰਿਆਣਵੀ ਤੇ ਮਸਾਂ 9.5 ਫੀਸਦੀ ਪੰਜਾਬੀ ਮੁੰਡੇ ਸਿਪਾਹੀ ਭਰਤੀ ਹੋਏ ਸਨ। ਇਸ ਰੁਝਾਨ ਨੇ ਸੰਕੇਤ ਦੇ ਦਿੱਤੇ ਹਨ ਕਿ ਭਵਿੱਖ ਵਿਚ ਚੰਡੀਗੜ੍ਹ ਪੁਲੀਸ ਵਿਚ ਪੰਜਾਬੀ ਨਾਮਾਤਰ ਹੀ ਦਿਸਣਗੇ ਕਿਉਂਕਿ ਪਹਿਲਾਂ ਹੀ ਚੰਡੀਗੜ੍ਹ ਦੀਆਂ ਸਿਖਰਲੀਆਂ ਆਈ.ਜੀ., ਦੋ ਐਸ.ਐਸ.ਪੀ. ਅਤੇ ਦੋ ਐਸ.ਪੀ. ਦੀਆਂ ਅਸਾਮੀਆਂ ਵਿਚੋਂ ਸਿਰਫ ਐਸ.ਐਸ.ਪੀ. ਦੀ ਇਕੋ ਅਸਾਮੀ ਪੰਜਾਬ ਕੋਟੇ ਲਈ ਰਹਿ ਗਈ ਹੈ।

# ਕੁਆਰੀ ਮਾਂ ਵਲੋਂ ਬੱਚੇ ਨੂੰ ਅਪਨਾਉਣੋਂ ਇਨਕਾਰ

**ਅੰਮ੍ਰਿਤਸਰ :** ਤੁਰਕਮੇਨਿਸਤਾਨ ਹਵਾਈ ਕੰਪਨੀ ਦੇ ਹਵਾਈ ਜਹਾਜ਼ ਵਿਚ ਜਨਮ ਲੈਣ ਵਾਲੇ ਮਾਸੂਮ ਬੱਚੇ ਨੂੰ ਉਸਦੀ ਮਾਂ ਨੇ ਆਪਣਾ ਦੁੱਧ ਦੇਣ ਤੋਂ ਨਾਂਹ ਕਰ ਦਿੱਤੀ ਹੈ ਤੇ ਪੁਲੀਸ ਪ੍ਰਸ਼ਾਸਨ ਵਲੋਂ ਇਸ ਬੱਚੇ ਦੇ ਪਾਲਣ ਪੋਸ਼ਣ ਲਈ ਇਸਨੂੰ ਰੈਡ ਕਰਾਸ ਨੂੰ ਸੌਂਪਣ ਦੀ ਤਿਆਰੀ ਹੈ।

ਇਸ ਵੇਲੇ ਜੱਚਾ ਤੇ ਬੱਚਾ ਦੋਵੇਂ ਨਿੱਜੀ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਹਸਪਤਾਲ ਦੇ ਸੂਤਰਾਂ ਅਨੁਸਾਰ ਇਸ ਬੱਚੇ ਨੂੰ ਜਨਮ ਦੇਣ ਵਾਲੀ ਅਣਵਿਆਹੀ ਕੁੜੀ ਨੇ ਆਪਣੇ ਬੱਚੇ ਨੂੰ ਮਿਲਣ ਤੇ ਆਪਣਾ ਦੁੱਧ ਦੇਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਬੱਚੇ ਨੂੰ ਮਾਂ ਦੇ ਦੁੱਧ ਦੀ ਥਾਂ ਦੂਜਾ ਦੁੱਧ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਲੜਕੀ ਨੇ ਡਾਕਟਰਾਂ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਅਜਿਹੀ ਦਵਾਈ ਦਿੱਤੀ ਜਾਵੇ ਤਾਂ ਜੋ ਬੱਚੇ ਨੂੰ ਦੇਣ ਵਾਲਾ ਦੁੱਧ ਆਉਣਾ ਬੰਦ ਹੋ ਜਾਵੇ। ਉਸ ਵਲੋਂ ਆਪਣੇ ਬੱਚੇ ਨੂੰ ਦੇਖਣ ਤੋਂ ਵੀ ਇਨਕਾਰ ਕੀਤਾ ਗਿਆ ਹੈ। ਇਸ ਦੌਰਾਨ ਪੁਲੀਸ ਕਮਿਸਨਰ ਵਰਿੰਦਰ ਕੁਮਾਰ ਨੇ ਬੀਤੀ 8 ਜੁਲਾਈ ਨੂੰ ਦੱਸਿਆ ਕਿ ਇਸ ਬੱਚੇ ਨੂੰ ਰੈਡ ਕਰਾਸ ਸੁਸਾਇਟੀ ਵਲੋਂ ਚਲਾਈ ਜਾ ਰਹੀ ਪੰਘੂੜਾ ਯੋਜਨਾ ਹੇਠ ਉਨ੍ਹਾਂ ਨੂੰ ਸੌਂਪਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਇਹ ਬੱਚਾ ਬੀਤੀ 7 ਜੁਲਾਈ ਨੂੰ ਤੁਰਕਮੇਨਿਸਤਾਨ ਹਵਾਈ ਕੰਪਨੀ ਦੀ ਅਸ਼ਕਾਬਾਦ ਤੋਂ ਅੰਮ੍ਰਿਤਸਰ ਆਈ ਹਵਾਈ ਉਡਾਣ ਦੌਰਾਨ ਪੈਦਾ ਹੋਇਆ ਸੀ। ਇਸ ਬੱਚੇ ਨੂੰ ਹੁਸ਼ਿਆਰਪੁਰ ਦੀ ਰਹਿਣ ਵਾਲੀ ਕੁੜੀ ਵਲੋਂ ਹਵਾਈ ਜਹਾਜ਼ ਦੇ ਪਖਾਨੇ ਵਿਚ ਜਨਮ ਦਿੱਤਾ ਗਿਆ ਸੀ। ਇਹ ਕੁੜੀ ਇਸ ਬੱਚੇ ਨੂੰ ਪਖਾਨੇ ਵਿਚ ਸੁੱਟ ਕੇ ਆ ਗਈ ਸੀ। ਇਹ ਬੱਚਾ ਵੱਡੀ ਕਿਸਮਤ ਕਾਰਨ ਹੀ ਬਚਿਆ ਹੈ। ਇਸ ਦਾ ਸਿਰ ਉਸ ਵੇਲੇ ਪਖਾਨੇ ਦੀ ਫਲੱਸ਼ ਵਿਚ ਫਸਿਆ ਹੋਇਆ ਸੀ ਜਿਸ ਨੂੰ ਬਾਅਦ ਵਿਚ ਇਲੈਕਟ੍ਰਿਕ ਕਟਰ ਨਾਲ ਕੱਟ ਕੇ ਕੱਢਿਆ ਗਿਆ ਅਤੇ ਤੁਰੰਤ ਬਾਅਦ ਨਿੱਜੀ ਹਸਪਤਾਲ ਵਿਖੇ ਭੇਜਿਆ ਗਿਆ ਸੀ।

ਇਸ ਕੁੜੀ ਖਿਲਾਫ ਹਵਾਈ ਅੱਡੇ 'ਤੇ ਤਾਇਨਾਤ ਸੀ.ਆਈ.ਐਸ.ਐਫ. ਦੇ ਸਹਾਇਕ ਕਮਾਂਡੈਂਟ ਸ੍ਰੀ ਐਲ.ਕੇ. ਹਉਕਿਪ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਸਨੂੰ ਹਸਪਤਾਲ ਤੋਂ ਛੁੱਟੀ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਜਾਵੇਗਾ।

# ਪਰਵਾਸੀਆਂ ਭਾਰਤੀਆਂ ਨੂੰ ਵੀ ਵੋਟ ਦਾ ਅਧਿਕਾਰ ਮਿਲੇਗਾ

**ਲੰਡਨ:** ਹੁਣ ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲੇਗਾ। ਕਾਨੂੰਨ ਅਤੇ ਨਿਆਂ ਮੰਤਰੀ ਵੀਰੱਪਾ ਮੋਇਲੀ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਇਸ ਕਾਰਵਾਈ ਨੂੰ ਅਮਲ ਵਿਚ ਲਿਆਉਣ ਲਈ ਢੁਕਵੇਂ ਕਦਮ ਚੁੱਕ ਰਹੀ ਹੈ।

ਬੀਤੀ 12 ਜੁਲਾਈ ਦੀ ਸ਼ਾਮ ਨੂੰ ਲੰਡਨ ਵਿਚ ਇੰਡੀਅਨ ਓਵਰਸੀਜ਼ ਕਾਂਗਰਸ (ਯੂ.ਕੇ.) ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮੋਇਲੀ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਯੋਜਨਾ ਉਲੀਕੀ ਗਈ ਹੈ ਜੋ ਜਲਦੀ ਹੀ ਅਮਲ ਵਿਚ ਆ ਜਾਵੇਗੀ। ਇੰਡੀਅਨ ਜਿਮਖਾਨਾ ਵਿਖੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਡੀ. ਐਬ. ਕਲਹਨ ਵਲੋਂ ਰੱਖੀ ਇਸ ਮੰਗ ਦਾ ਜਵਾਬ ਦਿੰਦਿਆਂ ਸ੍ਰੀ ਮੋਇਲੀ ਨੇ ਕਿਹਾ ਕਿ ਇਸ ਸਬੰਧੀ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਕਾਫੀ ਸਮੇਂ ਤੋਂ ਪਰਵਾਸੀ ਭਾਰਤੀ ਭਾਰਤ ਵਿਚ ਵੋਟ ਪਾਉਣ ਦਾ ਅਧਿਕਾਰ ਮੰਗਦੇ ਆ ਰਹੇ ਹਨ। ਪਰਵਾਸੀ ਭਾਰਤੀਆਂ ਵਲੋਂ ਇੱਥੇ ਕਾਨੂੰਨ ਮੰਤਰੀ ਦੇ ਸਨਮਾਨ ਵਿਚ ਪਾਰਟੀ ਰੱਖੀ ਗਈ ਸੀ।


Grocery Store For Sale

Cleveland, Lorain County City

Grocery Store, High Volume, Check Cashing, Liquor, Lotto, Automated; Cash Flow: $350K; Asking: $595K + Inventory

WIC Approved and Ready to go

Broker:216-295-1136

Elias.Ladon@EnterpriseDR.com

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ



ਫੋਨ:(510) 881-8008
ਸੈਲ:408-896-4518

Email: cctransinc@gmail.com

C and C Trans Inc.

Hayward, CA

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

ਪੰਜਾਬ ਟਾਈਮਜ਼

ਸਨਿਚਰਵਾਰ, 17 ਜੁਲਾਈ 2010

ਮਨੁੱਖੀ ਜ਼ਿੰਦਗੀ ਏਡੀ ਸਸਤੀ ਚੀਜ਼ ਨਹੀਂ ਕਿ ਜਿਸ ਨੂੰ ਕਿਸੇ ਵਲੋਂ ਕੀਤੀ ਗਈ ਜ਼ਰਾ ਜਿੰਨੀ ਜ਼ਿਆਦਤੀ ਦੇ ਬਦਲੇ ਖਤਮ ਕਰ ਦਿੱਤਾ ਜਾਵੇ। –ਨਾਨਕ ਸਿੰਘ

# ਬਿਨਾਂ ਬਾਰਸ਼ ਤੋਂ ਹੜ੍ਹ

ਪੰਜਾਬ ਅਤੇ ਹਰਿਆਣਾ ਦੇ ਤਕਰੀਬਨ 100 ਪਿੰਡ ਇਨ੍ਹੀਂ ਦਿਨੀਂ ਹੜ੍ਹਾਂ ਦੀ ਮਾਰ ਹੇਠ ਹਨ ਜਦੋਂਕਿ ਪੰਜਾਬ ਦਾ ਕਰੀਬ ਪੌਣਾ ਹਿੱਸਾ ਹਾਲੇ ਵੀ ਸੋਕੇ ਦੀ ਮਾਰ ਹੇਠ ਹੈ। ਪਟਿਆਲਾ, ਲੁਧਿਆਣਾ ਜ਼ਿਲੇ ਦਾ ਕੁਝ ਹਿੱਸਾ ਅਤੇ ਸੰਗਰੂਰ ਜ਼ਿਲਾ ਹੜ੍ਹਾਂ ਦੀ ਮਾਰ ਹੇਠ ਹੈ। ਮਾਨਸੂਨ ਦੀ ਹਾਲੇ ਪਹਿਲੀ ਬਾਰਸ਼ ਵੀ ਚੱਜ ਨਾਲ ਨਹੀਂ ਸੀ ਹੋਈ ਕਿ ਪੰਜਾਬ ਦੇ ਹਰਿਆਣਾ ਦੀ ਹੱਦ ਨਾਲ ਲੱਗਦੇ ਇਲਾਕੇ ਜ਼ਬਰਦਸਤ ਹੜ੍ਹ ਦੀ ਮਾਰ ਹੇਠ ਆ ਗਏ। ਹੜ੍ਹਾਂ ਨੇ ਹਰਿਆਣਾ ਦੇ ਅੰਬਾਲਾ, ਕੁਰੂਕਸ਼ੇਤਰ ਅਤੇ ਪੰਜਾਬ ਦੇ ਪਟਿਆਲਾ, ਸੰਗਰੂਰ ਅਤੇ ਲੁਧਿਆਣਾ ਜ਼ਿਲਿਆਂ ਨੂੰ ਪ੍ਰਭਾਵਤ ਕੀਤਾ ਹੈ।

ਹੜ੍ਹਾਂ ਦੇ ਸਿੱਟੇ ਵਜੋਂ ਪੰਜਾਬ ਅਤੇ ਹਰਿਆਣਾ ਵਿਚ ਹੁਣ ਤਕ 17 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਟਿਆਲੇ ਦੇ ਕਸਬਾ ਦੇਵੀਗੜ੍ਹ ਦੇ ਪਿੰਡ ਸਵਾਈ ਸਿੰਘ ਵਾਲਾ ਦੇ ਦੋ ਲੜਕੇ ਪਾਣੀ ਵਿਚ ਵਹਿ ਕੇ ਮਰ ਗਏ। ਹੜ੍ਹ ਮਾਰੇ ਖੇਤਰਾਂ ਵਿਚ ਬਚਾਅ ਕਾਰਜਾਂ ਲਈ ਨੈਸ਼ਨਲ ਡਿਜ਼ਾਸਟਰ ਸਕਿਓਰਿਟੀ ਫੋਰਸ ਦੀ 200 ਮੈਂਬਰੀ ਵਿਸ਼ੇਸ਼ ਟੀਮ ਭੇਜੀ ਗਈ ਹੈ। ਪੰਜਾਬ ਵਿਚ ਘੱਗਰ ਦਰਿਆ ਵਿਚ ਚਾਰ ਥਾਂਵਾਂ 'ਤੇ ਪਾੜ ਪਿਆ ਹੈ, ਜਿਸ ਨਾਲ ਹਜ਼ਾਰਾਂ ਏਕੜ ਫਸਲ ਤਬਾਹ ਹੋ ਗਈ। ਦਿੱਲੀ–ਅੰਬਾਲਾ–ਕਾਲਕਾ ਮੇਨ ਲਾਈਨ ਉਪਰ 8 ਜੁਲਾਈ ਤਕ ਵੀ ਟਰੈਫਿਕ ਚਾਲੂ ਨਹੀਂ ਸੀ ਹੋ ਸਕਿਆ। ਪਿੰਡ ਸ਼ਾਹਬਾਦ ਦੇ ਲਾਗੇ ਰੇਲਵੇ ਟਰੈਕ ਧਸਣ ਕਾਰਨ ਬੀਤੇ ਹਫਤੇ ਬੁੱਧਵਾਰ ਨੂੰ ਰੇਲ ਆਵਾਜਾਈ ਬੰਦ ਹੋ ਗਈ ਸੀ। ਇਸ ਦੌਰਾਨ ਪੰਜਾਬ, ਹਰਿਆਣਾ ਅਤੇ ਜੰਮੂ ਕਸ਼ਮੀਰ ਵਿਚ ਇਕ ਦਰਜਨ ਤੋਂ ਜ਼ਿਆਦਾ ਟਰੇਨਾਂ ਰੱਦ ਕਰਨੀਆਂ ਪਈਆਂ। ਸਤਲੁਜ–ਯਮੁਨਾ ਲਿੰਕ ਨਹਿਰ ਵਿਚ 20 ਫੁੱਟ ਦੀ ਦਰਾੜ ਪੈਣ ਨਾਲ ਕੁਰੂਕਸ਼ੇਤਰ–ਪਿਹੋਵਾ ਮਾਰਗ ਬੰਦ ਕਰਨਾ ਪਿਆ। ਜੋਤੀਸਰ ਦੇ ਲਾਗੇ ਬੀਬੀਪੁਰ ਝੀਲ ਵਿਚ ਪਾੜ ਪੈਣ ਨਾਲ ਅਤੇ ਘੱਗਰ ਨਦੀ ਵਿਚ ਸੰਗਰੂਰ ਅਤੇ ਪਟਿਆਲਾ ਵਿਚ ਦੋ ਥਾਵਾਂ ਉਪਰ ਪਾੜ ਪੈਣ ਨਾਲ ਕਰੀਬ 100 ਪਿੰਡ ਪ੍ਰਭਾਵਤ ਹੋਏ। ਇਸੇ ਤਰ੍ਹਾਂ ਭਾਖੜਾ ਮੇਨ ਲਾਈਨ ਵਿਚ ਪਾੜ ਪੈਣ ਨਾਲ ਕੈਥਲ ਵਿਚ ਫੌਜ ਬੁਲਾਉਣੀ ਪਈ।

ਇਥੇ ਇਹ ਗੱਲ ਜ਼ਰੂਰ ਚਿਤਾਰਨੀ ਬਣਦੀ ਹੈ ਕਿ ਹਰਿਆਣਾ ਦੇ ਸਮੁੱਚੇ ਅੰਬਾਲਾ ਜ਼ਿਲੇ ਵਿਚ ਟਾਂਗਰੀ ਅਤੇ ਸ਼ਾਹਬਾਦ ਮਾਰਕੰਡਾ ਦਰਿਆਵਾਂ ਦਾ ਪਾਣੀ ਘੱਗਰ ਵਿਚ ਜਾ ਕੇ ਡਿੱਗਦਾ ਹੈ। ਇਸ ਤੋਂ ਇਲਾਵਾ ਹਿਮਾਚਲ ਦੀਆਂ ਪਹਾੜੀਆਂ ਦਾ ਪਾਣੀ ਵੀ ਘੱਗਰ ਦਰਿਆ ਵਿਚ ਆਣ ਪੈਂਦਾ ਹੈ। ਪੰਜਾਬ ਸਰਕਾਰ ਵਲੋਂ ਪਿਛਲੇ ਸਮੇਂ ਵਿਚ ਪੰਜਾਬ ਵਿਚ ਪੈਂਦੇ ਘੱਗਰ ਦਰਿਆ ਦੇ ਕਿਨਾਰੇ ਪੱਕੇ ਕਰਨ ਲਈ ਇਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ ਪਰ ਹਰਿਆਣਾ ਵਲੋਂ ਇਸ ਪ੍ਰਾਜੈਕਟ 'ਤੇ ਇਤਰਾਜ਼ ਜਤਾਏ ਜਾਣ ਕਾਰਨ ਇਹ ਉਦਮ ਅੱਧ ਵਿਚਾਲੇ ਹੀ ਰਹਿ ਗਿਆ। ਇਸ ਪ੍ਰਾਜੈਕਟ ਦੇ ਵਿਚਾਲੇ ਲਟਕ ਜਾਣ ਕਾਰਨ ਜ਼ਿਲਾ ਪਟਿਆਲਾ ਅਤੇ ਸੰਗਰੂਰ ਦੇ ਸੈਂਕੜੇ ਪਿੰਡ ਅਤੇ ਹਜ਼ਾਰਾਂ ਏਕੜ ਰਕਬਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਇਸ ਪ੍ਰਾਜੈਕਟ ਤੋਂ ਰੋਕ ਹਟਾਉਣ ਲਈ ਤਿਆਰ ਨਹੀਂ ਹੋਈ। ਪਹਿਲਾਂ ਕੇਂਦਰ ਸਰਕਾਰ ਦੇ ਜਲ ਸਰੋਤ ਮੰਤਰਾਲੇ ਨੇ ਇਸ ਪ੍ਰਾਜੈਕਟ ਨੂੰ ਪ੍ਰਵਾਨ ਕਰ ਲਿਆ ਸੀ। ਸਮੁੱਚੇ ਪ੍ਰਾਜੈਕਟ 'ਤੇ 272 ਕਰੋੜ ਰੁਪਏ ਖਰਚ ਆਉਣੇ ਸਨ। ਇਸ ਮਕਸਦ ਲਈ ਦਰਿਆ ਦੇ ਦੁਆਲੇ 3 ਏਕੜ ਤਕ ਜ਼ਮੀਨ ਵੀ ਅਕਵਾਇਰ ਕੀਤੀ ਗਈ ਸੀ। ਪਹਿਲੇ ਹਿੱਸੇ ਵਜੋਂ ਲੱਗਭਗ 6 ਮਹੀਨੇ ਪਹਿਲਾਂ 137 ਕਰੋੜ ਰੁਪਏ ਦੀ ਲਾਗਤ ਨਾਲ 22 ਕਿਲੋਮੀਟਰ ਤਕ ਦਾ ਕੰਮ ਪੂਰਾ ਹੋ ਚੁੱਕਾ ਹੈ। ਪਿਛੋਂ ਜਦੋਂ ਬਾਕੀ ਬਚਦੇ 18 ਕਿਲੋਮੀਟਰ ਦੇ ਇਲਾਕੇ ਵਿਚ ਘੱਗਰ ਦਰਿਆ ਦੇ ਕਿਨਾਰੇ ਪੱਕੇ ਕਰਨ ਦਾ ਕੰਮ ਅਰੰਭਿਆ ਕੀਤਾ ਗਿਆ ਤਾਂ ਹਰਿਆਣਾ ਸਰਕਾਰ ਨੇ ਕੇਂਦਰੀ ਜਲ ਸਰੋਤ ਮੰਤਰਾਲੇ ਕੋਲ ਸ਼ਿਕਾਇਤ ਕਰਕੇ ਦੂਜੇ ਹਿੱਸੇ ਦੇ ਕੰਮ 'ਤੇ ਰੋਕ ਲਗਵਾ ਦਿੱਤੀ। ਘੱਗਰ ਦਰਿਆ ਨੂੰ ਪੱਕਾ ਕਰਨ ਦਾ ਇਹ ਪ੍ਰਾਜੈਕਟ ਪਿੰਡ ਖਨੌਰੀ ਕੋਲ ਲਟਕਿਆ ਪਿਆ ਹੈ। ਖਨੌਰੀ ਦੇ ਲਾਗਿਓਂ ਹੀ ਦਰਿਆ ਦੇ ਕਿਨਾਰੇ ਪੱਕੇ ਨਾ ਹੋਣ ਕਾਰਨ ਪਟਿਆਲਾ ਅਤੇ ਸੰਗਰੂਰ ਜ਼ਿਲੇ ਦੇ ਇਲਾਕਿਆਂ ਵਿਚ ਪਾਣੀ ਫੈਲ ਗਿਆ।

ਉਂਜ ਬਾਰਸ਼ ਕਾਰਨ ਹੜ੍ਹਾਂ ਦੀ ਮਾਰ ਨੇ ਭਾਵੇਂ ਹਰਿਆਣਾ ਦੇ ਅੰਬਾਲਾ ਅਤੇ ਕੁਰੂਕਸ਼ੇਤਰ ਇਲਾਕਿਆਂ ਨੂੰ ਵੀ ਪ੍ਰਭਾਵਤ ਕੀਤਾ ਹੈ ਪਰ ਵੱਡੀ ਮਾਰ ਪੰਜਾਬ ਦੇ ਸੰਗਰੂਰ, ਪਟਿਆਲਾ ਅਤੇ ਮੋਹਾਲੀ ਇਲਾਕਿਆਂ ਨੂੰ ਪਈ ਹੈ। ਲੁਧਿਆਣਾ ਦਾ ਖੰਨਾ ਅਤੇ ਸਮਰਾਲਾ ਇਲਾਕਾ ਵੀ ਪਾਣੀ ਤੋਂ ਪ੍ਰਭਾਵਤ ਹੋਇਆ ਹੈ। ਇਹ ਸਵਾਲ ਵੀ ਉਠੇ ਹਨ ਕਿ ਪਿਛਲੇ ਸਮੇਂ ਵਿਚ ਜ਼ਮੀਨ 'ਤੇ ਹੋਏ ਗੈਰਕਾਨੂੰਨੀ ਕਬਜ਼ਿਆਂ ਨੇ ਵੇਈਆਂ, ਨਦੀਆਂ ਅਤੇ ਦਰਿਆਵਾਂ ਦੇ ਵਹਾਅ ਵਾਲੀਆਂ ਜ਼ਮੀਨਾਂ ਮੱਲ ਲਈਆਂ ਹਨ। ਇਸ ਤੋਂ ਬਿਨਾ ਦਰਿਆਵਾਂ ਦੇ ਵਹਿਣ ਵਿਚੋਂ ਰੇਤ ਅਤੇ ਬਜਰੀ ਵੀ ਬਿਨਾ ਕਿਸੇ ਰੁਕਾਵਟ ਤੋਂ ਬੇਜਾਬਤਾ ਕੱਢੀ ਗਈ ਹੈ। ਇਨ੍ਹਾਂ ਨਾਜਾਇਜ਼ ਕਬਜ਼ਿਆਂ ਵਿਚ ਵੀ ਮੁੱਖ ਰੂਪ ਵਿਚ ਅਫਸਰਸ਼ਾਹੀ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਉਨ੍ਹਾਂ ਦੇ ਚਹੇਤੇ ਹੀ ਸ਼ਾਮਲ ਹਨ।

ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਵੀ ਇਹ ਗੱਲ ਸਵੀਕਾਰ ਕਰਦੇ ਹੋਏ ਪ੍ਰਸ਼ਾਸਨ ਅਤੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤਾ ਹੈ ਕਿ ਆਉਂਦੇ 30 ਦਿਨਾਂ ਦੇ ਅੰਦਰ–ਅੰਦਰ ਨਾਜਾਇਜ਼ ਕਬਜ਼ੇ ਖਾਲੀ ਕਰਵਾਏ ਜਾਣ। ਉਧਰ ਡਰੇਨੇਜ ਵਿਭਾਗ ਨੇ ਧੀਮੇ ਜਿਹੇ ਇਹ ਗੱਲ ਵੀ ਆਖੀ ਹੈ ਕਿ ਨਾਜਾਇਜ਼ ਕਬਜ਼ੇ ਇੰਨੀ ਜਲਦੀ ਨਹੀਂ ਚੁੱਕੇ ਜਾ ਸਕਦੇ। ਅਸਲ ਵਿਚ ਪਾਣੀ ਦੇ ਕੁਦਰਤੀ ਵਹਾਅ ਨਾਲ ਜਿੰਨੀ ਛੇੜਛਾੜ ਪਿਛਲੇ ਸਮੇਂ ਵਿਚ ਕੀਤੀ ਗਈ ਹੈ, ਉਸ ਦੇ ਸਿੱਟੇ ਕਿਸੇ ਵੀ ਸਮੇਂ ਭਿਆਨਕ ਨਿਕਲ ਸਕਦੇ ਹਨ। ਜੇ ਕਿਧਰੇ ਪੁਰਾਣੇ ਸਮਿਆਂ ਵਾਂਗ ਬਾਰਸ਼ ਦੀ ਝੜੀ ਲੱਗ ਜਾਵੇ ਤਾਂ ਇਸ ਵਿਚ ਸਮੁੱਚਾ ਪੰਜਾਬ, ਖਾਸ ਕਰਕੇ ਪੰਜਾਬ ਦੇ ਸ਼ਹਿਰ ਬੁਰੀ ਤਰ੍ਹਾਂ ਡੁੱਬ ਸਕਦੇ ਹਨ। ਰੱਬ ਖੈਰ ਕਰੇ!

## ਠਾਹ–ਸੋਟਾ

–ਚਾਚਾ ਬੇਲਿਹਾਜ਼

### *ਸ਼ੇਖ ਚਿਲੀ ਦੇ ਕਰਤਵ?*

ਗਰਮਾ–ਗਰਮ ਅਖਬਾਰੀ ਬਿਆਨ ਦੇ ਕੇ, ਸਿੱਖ–ਵੋਟਰਾਂ ਤਾਈਂ ਭਰਮਾਉਣ ਲੱਗੇ।
ਆਪੋ ਆਪਣੇ ਦਫਤਰਾਂ ਵਿਚ ਬਹਿ ਕੇ, ਬੀਨ ਏਕਤਾ ਵਾਲੀ ਵਜਾਉਣ ਲੱਗੇ।
ਥਾਂ–ਥਾਂ 'ਕੱਠ ਕਰਕੇ 'ਆਪਣੇ' ਬੰਦਿਆਂ ਦਾ, ਤਾਕਤ 'ਦੂਜਿਆਂ' ਤਾਈਂ ਦਿਖਾਉਣ ਲੱਗੇ।
ਲੀਰੋ–ਲੀਰ ਕਰ ਕੌਮ ਦੇ ਕਾਜ਼ ਤਾਈਂ, ਰਾਖੇ ਪੰਥ ਦੇ ਉਂਜ ਸਦਾਉਣ ਲੱਗੇ।
ਗਲਬਾ ਲਾਹੁਣ ਲਈ 'ਸੰਘ' ਦੇ ਮਿੱਤਰਾਂ ਦਾ, 'ਏਕਾ ਬੜਾ ਜ਼ਰੂਰੀ ਏ' ਗਾਉਣ ਲੱਗੇ।
ਸ਼ੇਖ ਚਿਲੀ ਜੀ ਜਿੱਤ ਦੀ ਆਸ ਕਰਕੇ, ਥਾਪੀ ਵਾਂਗ ਭਲਵਾਨਾਂ ਦੇ ਲਾਉਣ ਲੱਗੇ!

# ਦੂਜੀ ਖੇਤੀ ਕ੍ਰਾਂਤੀ ਪੰਜਾਬ ਨੂੰ ਕਿਹੜੀ ਨਿਆਮਤ ਦੇਵੇਗੀ?

**ਜਸਵੀਰ ਸਿੰਘ**

ਹਰੀ ਕ੍ਰਾਂਤੀ ਤੋਂ ਬਾਅਦ ਖੇਤੀ ਖੇਤਰ ਵਿਚ ਆਈ ਖੜੋਤ ਨੂੰ ਤੋੜਨ ਲਈ ਯੋਜਨਾ ਕਮਿਸ਼ਨ ਨੇ ਪੰਜਾਬ ਵਿਚ ਖੇਤੀ ਉਤਪਾਦਨ 'ਤੇ ਆਧਾਰਤ ਪ੍ਰਾਜੈਕਟ ਲਗਾ ਕੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਯੋਜਨਾ ਤਿਆਰ ਕੀਤੀ ਹੈ। ਪੰਜਾਬ ਵਿਚ ਖੇਤੀ ਉਪਜ ਦੀ ਪ੍ਰਾਸੈਸਿੰਗ ਦੇ ਪ੍ਰਾਜੈਕਟ ਲਗਾਉਣ ਲਈ ਪੰਜਾਬ ਐਗਰੋ ਇੰਡਸਟਰੀ ਅਤੇ ਮੋਹਾਲੀ ਵਿਚ ਸਥਿਤ ਨੈਸ਼ਨਲ ਫੂਡ ਅਤੇ ਐਗਰੀਕਲਚਰ ਬਾਇਓਟੈਕਨਾਲੋਜੀ ਦੇ ਡਾਇਰੈਕਟਰ ਨੂੰ 10 ਪ੍ਰਾਜੈਕਟ ਰੀਪੋਰਟਾਂ ਦੋ ਮਹੀਨਿਆਂ ਦੇ ਅੰਦਰ ਤਿਆਰ ਕਰਨ ਲਈ ਕਿਹਾ ਗਿਆ ਹੈ। ਉਪਰੋਕਤ ਫ਼ੈਸਲਾ ਬੀਤੀ 2 ਜੁਲਾਈ ਨੂੰ ਇਥੇ ਕੇਂਦਰੀ ਯੋਜਨਾ ਕਮਿਸ਼ਨ ਦੀ ਉੱਚ ਪੱਧਰੀ ਟੀਮ ਦੀ ਪੰਜਾਬ ਦੇ ਉੱਚ ਅਧਿਕਾਰੀਆਂ ਅਤੇ ਖੇਤੀ ਸਨਅਤਕਾਰਾਂ ਨਾਲ ਹੋਈ ਮੀਟਿੰਗ ਵਿਚ ਲਿਆ ਗਿਆ। ਕੇਂਦਰੀ ਟੀਮ ਦੀ ਅਗਵਾਈ ਯੋਜਨਾ ਕਮਿਸ਼ਨ ਦੇ ਖੇਤੀ ਮੈਂਬਰ ਡਾ. ਕ੍ਰਿਸ਼ਨਸਵਾਮੀ ਕਸਤੂਰੀਰੰਗਨ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਭਾਰਤੀ ਮੂਲ ਦੇ ਅਮਰੀਕੀ ਯੂਨਵਰਸਿਟੀ ਦੇ ਖੇਤੀ ਵਿਗਿਆਨੀ ਡਾ. ਵਰਮਾ ਨੇ ਇਕ ਰੀਪੋਰਟ ਤਿਆਰ ਕੀਤੀ ਹੈ ਜਿਸ ਵਿਚ ਖੇਤੀ ਉਤਪਾਦਨ ਨੂੰ ਪ੍ਰਾਸੈਸ ਕਰ ਕੇ ਆਮਦਨ ਵਿਚ 25 ਫ਼ੀਸਦੀ ਵਾਧਾ ਕਰਨ ਦਾ ਢੰਗ ਦਸਿਆ ਗਿਆ ਹੈ। ਇਹ ਰੀਪੋਰਟ ਯੋਜਨਾ ਕਮਿਸ਼ਨ ਨੂੰ 2008 ਵਿਚ ਮਿਲੀ ਪਰ ਇਸ ਉਪਰ ਹੁਣ ਤਕ ਕੋਈ ਕਾਰਵਾਈ ਨਹੀਂ ਸੀ ਹੋਈ ਅਤੇ ਹੁਣ ਇਸ ਨੂੰ ਪੰਜਾਬ ਤੋਂ ਲਾਗੂ ਕਰਨ ਦਾ ਫ਼ੈਸਲਾ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ ਪੰਜਾਬ ਨੂੰ ਇਸ ਕਰਕੇ ਚੁਣਿਆ ਗਿਆ ਕਿਉਂਕਿ ਇਥੇ ਵਿਗਿਆਨਕ ਢੰਗ ਨਾਲ ਖੇਤੀ ਹੁੰਦੀ ਹੈ ਅਤੇ ਇਹ ਰਾਜ ਖੇਤੀ ਵਿਚ ਮੋਹਰੀ ਬਣ ਚੁੱਕਾ ਹੈ। ਇਥੇ ਲੋੜੀਂਦਾ ਹਰ ਕਿਸਮ ਦਾ ਕੱਚਾ ਮਾਲ ਵੀ ਉਪਲਬਧ ਹੈ। ਮੀਟਿੰਗ ਵਿਚ ਪੰਜਾਬ ਦੇ ਸੀਨੀਅਰ ਅਧਿਕਾਰੀ, ਵਿਤ ਕਮਿਸ਼ਨਰ ਵਿਕਾਸ (ਖੇਤੀ), ਸਕੱਤਰ ਪਸ਼ੂ ਪਾਲਣ, ਸਕੱਤਰ ਮੰਡੀ ਬੋਰਡ, ਐਮ.ਡੀ. ਮਿਲਕਫ਼ੈੱਡ, ਐਮ.ਡੀ. ਪੰਜਾਬ ਐਗਰੋ ਇੰਡਸਟਰੀਜ਼, ਕਿਸਾਨ ਕਮਿਸ਼ਨ ਦੇ ਖੇਤੀ ਵਿਗਿਆਨੀ ਡਾ. ਪੀ.ਐਸ. ਰੰਗੀ, ਖੇਤੀਬਾੜੀ ਮਹਿਕਮੇ ਦੇ ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ, ਖੇਤੀ ਉਦਯੋਗ ਨਾਲ ਸਬੰਧਤ ਨੁਮਾਇੰਦੇ ਅਤੇ ਖੇਤੀ ਨਾਲ ਸਬੰਧਤ ਧੰਦਿਆਂ ਨਾਲ ਜੁੜੀਆਂ ਹੋਰ ਅਹਿਮ ਹਸਤੀਆਂ ਨੇ ਵੀ ਹਿੱਸਾ ਲਿਆ।

ਸੂਚਨਾ ਅਨੁਸਾਰ ਇਸ ਦੌਰਾਨ ਖੇਤੀ ਸਨਅਤਕਾਰਾਂ ਨੇ ਪੰਜਾਬ ਵਿਚ ਐਗਰੋ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਵਿਚ ਆ ਰਹੀਆਂ ਮੁਸ਼ਕਲਾਂ ਦਾ ਵੀ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਬਿਜਲੀ ਦੀ ਘਾਟ, ਟੈਕਸਾਂ ਦਾ ਵਧ ਬੋਝ, ਪ੍ਰਵਾਨਗੀਆਂ ਲੈਣ ਵਿਚ ਆਉਂਦੀਆਂ ਮੁਸ਼ਕਲਾਂ, ਖੋਜ ਦਾ ਪ੍ਰਬੰਧ ਨਾ ਹੋਣ ਅਤੇ ਕੱਚੇ ਮਾਲ ਦੀ ਘਾਟ ਅਤੇ ਤਿਆਰ ਕੀਤੇ ਮਾਲ ਦੀ ਵਿਕਰੀ ਆਦਿ ਦੀਆਂ ਅਨੇਕਾਂ ਸਮੱਸਿਆਵਾਂ ਕਮੇਟੀ ਸਾਹਮਣੇ ਰਖੀਆਂ ਹਨ।

ਮੀਟਿੰਗ ਵਿਚ ਵੱਖ–ਵੱਖ ਪਹਿਲੂਆਂ 'ਤੇ ਹੋਏ ਵਿਚਾਰ–ਵਟਾਂਦਰੇ ਤੋਂ ਬਾਅਦ ਇਹ ਫ਼ੈਸਲਾ ਹੋਇਆ ਕਿ ਖੇਤੀਬਾੜੀ ਮਹਿਕਮੇ ਦੇ ਅਧਿਕਾਰੀਆਂ, ਐਗਰੋ ਉਦਯੋਗਪਤੀਆਂ ਅਤੇ ਹੋਰ ਸਬੰਧਤ ਖੇਤਰਾਂ ਦੇ ਮਾਹਰਾਂ ਨਾਲ ਵਿਚਾਰ–ਵਟਾਂਦਰਾ ਕਰਨ ਉਪਰੰਤ ਵੱਖ–ਵੱਖ ਕਿਸਮ ਦੇ ਐਗਰੋ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਲਈ 10 ਪ੍ਰਾਜੈਕਟ ਰੀਪੋਰਟਾਂ ਤਿਆਰ ਕੀਤੀਆਂ ਜਾਣ। ਮੀਟਿੰਗ ਵਿਚ ਦਸਿਆ ਗਿਆ ਕਿ ਅਮਰੀਕਾ ਵਿਚ ਖੇਤੀ ਉਤਪਾਦਨ ਦੀ ਪ੍ਰਾਸੈਸਿੰਗ ਨਾਲ ਆਮਦਨ ਵਿਚ 26 ਫ਼ੀ ਸਦੀ ਦਾ ਵਾਧਾ ਕੀਤਾ ਜਾ ਚੁੱਕਾ ਹੈ ਜਦਕਿ ਭਾਰਤ ਵਿਚ ਸਿਰਫ਼ 6 ਫ਼ੀ ਸਦੀ ਹੀ ਹੈ। ਪੰਜਾਬ ਵਿਚ ਖੇਤੀ ਆਧਾਰਤ ਪ੍ਰਾਸੈਸਿੰਗ ਪ੍ਰਾਜੈਕਟ ਲਗਾਉਣ ਲਈ ਕੇਂਦਰ ਸਰਕਾਰ ਵਲੋਂ ਕਈ ਕਿਸਮ ਦੀਆਂ ਸਹੂਲਤਾਂ ਦਿਤੀਆਂ ਜਾਣੀਆਂ ਹਨ। ਸ਼ੁਰੂ ਵਿਚ ਕਣਕ, ਮੱਕੀ, ਚੌਲ, ਗੰਨੇ ਅਤੇ ਦੁੱਧ ਦੀ ਵੱਖ–ਵੱਖ ਕਿਸਮ ਦੀ ਪ੍ਰਾਸੈਸਿੰਗ ਕਰ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਦੀ ਯੋਜਨਾ ਹੈ।

ਸਾਡੀ ਸਮਝ ਅਨੁਸਾਰ ਪੰਜਾਬ ਲਈ ਖੇਤੀ ਆਧਾਰਤ ਸਨਅਤਾਂ ਦਾ ਸੰਕਲਪ ਕੋਈ ਮਾੜਾ ਨਹੀਂ ਪਰ ਸਵਾਲ ਇਹ ਹੈ ਕਿ ਇਹ ਸਨਅਤਾਂ ਪੰਜਾਬ ਦੇ ਵਾਤਾਵਰਣ, ਕੁਦਰਤੀ ਸੋਮਿਆਂ, ਮਨੁੱਖੀ ਸੋਮਿਆਂ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਕੀ ਦੇਣਗੀਆਂ। ਪੰਜਾਬ ਦੇ ਕੁਦਰਤੀ ਆਲੇ ਦੁਆਲੇ, ਇਥੋਂ ਦੀ ਮਿਹਨਤੀ ਅਤੇ ਕਾਰੋਬਾਰੀ ਮਨੁੱਖੀ ਆਬਾਦੀ ਅਤੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਬਚਾਅ ਲਈ ਅੱਜ ਸਭ ਤੋਂ



ਜ਼ਰੂਰੀ ਹੈ ਕਿ ਜਿਹੜਾ ਵੀ ਕਾਰੋਬਾਰ ਜਾਂ ਸਨਅਤ ਇਸ ਖਿਤੇ ਵਿਚ ਦਾਖਲ ਹੋਵੇ, ਉਸ ਦੇ ਸਾਹਮਣੇ ਇਹ ਸਵਾਲ ਖੜੇ ਕੀਤੇ ਜਾਣ ਕਿ ਉਹ ਪੰਜਾਬ ਦੇ ਨੌਜਵਾਨਾਂ ਨੂੰ ਕਿੰਨਾ ਰੁਜ਼ਗਾਰ ਦੇਵੇਗਾ। ਉਸ ਦੀ ਸਨਅਤ ਦਾ ਪੰਜਾਬ ਦੇ ਪਾਣੀਆਂ, ਮਿੱਟੀ ਅਤੇ ਆਬੋ–ਹਵਾ 'ਤੇ ਕੀ ਪ੍ਰਭਾਵ ਪਵੇਗਾ? ਉਹ ਆਪਣੇ ਕਾਰੋਬਾਰੀ ਅਦਾਰਿਆਂ ਵਿਚ ਪੰਜਾਬੀ ਭਾਸ਼ੀ ਲੋਕਾਂ ਅਤੇ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਕੀ ਸਥਾਨ ਦੇਵੇਗਾ? ਇਹ ਸਾਰੇ ਸਵਾਲ ਅਸੀਂ ਤਾਂ ਉਠਾ ਰਹੇ ਹਾਂ ਕਿਉਂਕਿ ਪਹਿਲੀ ਹਰੀ ਕ੍ਰਾਂਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਵੱਡੀ ਪੱਧਰ 'ਤੇ ਆਬਾਦੀ ਕੈਂਸਰ ਅਤੇ ਹੋਰ ਅਨੇਕਾਂ ਰੋਗਾਂ ਦੀ ਸ਼ਿਕਾਰ ਹੋ ਗਈ ਹੈ। ਪਿਛਲੇ ਦਿਨਾਂ ਵਿਚ ਮਾਲਵੇ ਦੇ ਪਾਣੀ ਦੇ ਸੋਮਿਆਂ ਵਿਚ ਵਧੇ ਯੂਰੇਨੀਅਮ ਦੀ ਪੁਸ਼ਟੀ ਪਹਿਲਾਂ ਹੀ ਹੋ ਚੁੱਕੀ ਹੈ। ਕੀੜੇਮਾਰ ਦਵਾਈਆਂ ਅਤੇ ਰਸਾਇਣਕ ਖਾਦਾਂ ਦੀ ਵਧਵੀਂ ਵਰਤੋਂ ਨੇ ਪੰਜਾਬ ਦੀ ਜ਼ਮੀਨ, ਧਰਤੀ ਹੇਠਲਾ ਪਾਣੀ, ਬਨਸਪਤੀ ਅਤੇ ਦਰਿਆਈ ਪਾਣੀ ਦੇ ਸੋਮੇ, ਸਾਰਾ ਕੁਝ ਪ੍ਰਦੂਸ਼ਤ ਕਰਨ ਵਲ ਤੋਰਿਆ ਹੈ। ਹਰ ਤੀਜਾ ਵਿਅਕਤੀ ਕਿਸੇ ਨੇ ਕਿਸੇ ਅਸਾਧ ਰੋਗ ਦਾ ਸ਼ਿਕਾਰ ਹੈ। ਪੰਜਾਬੀ ਬੰਦਾ ਜਿਸਮਾਨੀ ਰੂਪ ਵਿਚ ਵੀ ਮਰ ਰਿਹਾ ਹੈ ਅਤੇ ਸੱਭਿਆਚਾਰਕ ਰੂਪ ਵਿਚ ਵੀ ਉਹ ਸੋਕੇ ਦਾ ਸ਼ਿਕਾਰ ਹੈ। ਇਸੇ ਕਾਰਨ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵੀ ਮਰਨੇ ਪਏ ਹੋਏ ਹਨ।

1947 ਤੋਂ ਬਾਅਦ ਵਿਚ ਕੇਂਦਰ ਅਤੇ ਪੰਜਾਬ ਵਿਚ ਰਹੀਆਂ ਸਰਕਾਰਾਂ ਨੇ ਜਿਹੜਾ ਵਿਕਾਸ ਦਾ ਮਾਡਲ ਅਪਨਾਇਆ ਹੈ, ਉਸ ਨਾਲ ਪੰਜਾਬ ਦੀ ਜ਼ਿੰਦਗੀ ਲੰਗੜੀ ਹੋ ਕੇ ਰਹਿ ਗਈ ਹੈ। ਪੰਜਾਬ ਵਿਚਲੇ ਸਨਅਤੀ ਖੇਤਰ ਵਿਚੋਂ ਪੰਜਾਬ ਦੇ ਲੋਕ ਖਾਰਜ ਕਰ ਦਿੱਤੇ ਗਏ ਹਨ। ਇਸੇ ਲਈ ਸ਼ਹਿਰੀ ਅਤੇ ਸਨਅਤੀ ਖੇਤਰਾਂ ਵਿਚੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਨਸਲੀਕੁਸ਼ੀ ਹੋ ਗਈ ਹੈ। ਅਸਲ ਵਿਚ ਇਹ ਸੁਆਲ ਪੰਜਾਬ ਦੇ ਸਿਆਸਤਦਾਨਾਂ ਨੂੰ ਉਠਾਲਣੇ ਚਾਹੀਦੇ ਹਨ ਕਿ ਜਦੋਂ ਪਹਿਲੀ ਹਰੀ ਕਰਾਂਤੀ ਨੇ ਅਸੀਂ ਮਾਰ ਹੀ ਘੱਤੇ ਹਾਂ ਤਾਂ ਦੂਜੀ ਹਰੀ ਕਿਧਰੇ ਸਾਡਾ ਇਸ ਧਰਤੀ ਤੋਂ ਭੋਗ ਪਾਉਣ ਲਈ ਤਾਂ ਨਹੀਂ ਲਿਆਂਦੀ ਜਾ ਰਹੀ?

ਯਾਦ ਰਹੇ 60ਵਿਆਂ ਵਿਚ ਸ਼ੁਰੂ ਹੋਇਆ ਪਹਿਲਾ ਹਰਾ ਇਨਕਲਾਬ ਵੀ ਅਮਰੀਕਨਾਂ ਵਲੋਂ ਹੀ ਉਤਸ਼ਾਹਿਤ ਕੀਤਾ ਗਿਆ ਸੀ ਅਤੇ ਦੂਜਾ ਹਰਾ ਇਨਕਲਾਬ ਵੀ ਅਮਰੀਕਨਾਂ ਵਲੋਂ ਹੀ ਉਤਸ਼ਾਹਿਤ ਕੀਤੇ ਜਾਣ ਦੀ ਯੋਜਨਾ ਹੈ। ਪਹਿਲੇ ਹਰੇ ਇਨਕਲਾਬ ਦੇ ਸ਼ੁਰੂ ਹੋਣ ਤੋਂ ਸਿਰਫ 50 ਸਾਲਾਂ ਬਾਅਦ ਹੀ ਪੰਜਾਬ ਦੀ ਖੇਤੀ ਉਜੜਨ ਕਿਨਾਰੇ ਪਹੁੰਚ ਗਈ ਹੈ, ਪੰਜਾਬ ਦੀ ਜ਼ਮੀਨ ਕਿਸਾਨੀ ਦੇ ਹੱਥਾਂ 'ਚੋਂ ਕਿਰ ਕੇ ਆੜ੍ਹਤੀਆਂ, ਬਾਣੀਆਂ, ਅਫਸਰਸ਼ਾਹੀ ਅਤੇ ਮਾਫੀਆ ਦੇ ਹੱਥਾਂ ਵਿਚ ਜਾ ਰਹੀ ਹੈ।

ਪੰਜਾਬ ਦੇ ਨੌਜਵਾਨ ਕਿਸਾਨ ਜ਼ਮੀਨਾਂ ਵੇਚ ਕੇ ਜਾਂ ਤਾਂ ਪ੍ਰਦੇਸ਼ਾਂ ਨੂੰ ਭੱਜ ਰਹੇ ਹਨ, ਜਾਂ ਖੁਦਕੁਸ਼ੀਆਂ ਕਰ ਰਹੇ ਹਨ ਜਾਂ ਫਿਰ ਨਸ਼ਿਆਂ ਦੇ ਲੜ ਲੱਗ ਰਹੇ ਹਨ। ਪੰਜਾਬੀ ਭਾਸ਼ਾ ਦੀ ਮੌਤ ਦਾ ਐਲਾਨ ਯੁਨੈਸਕੋ ਪਹਿਲਾਂ ਹੀ ਕਰ ਚੁੱਕੀ ਹੈ। ਕਿਸੇ ਵੀ ਭਾਸ਼ਾ ਜਾਂ ਸੱਭਿਆਚਾਰ ਨੇ ਲੋਕਾਂ ਦੀ ਤੰਦਰੁਸਤੀ ਦੇ ਨਾਲ ਹੀ ਜੀਣਾ–ਥੀਣਾ ਹੁੰਦਾ ਹੈ, ਜਿਸ ਧਰਤੀ ਦੇ ਕੁਦਰਤੀ ਸੋਮੇ, ਮਨੁੱਖੀ ਸੋਮੇ (ਭਾਵ ਲੋਕ) ਤੇ ਸਮਾਜਿਕ ਵਿਵਸਥਾ ਮਰ ਰਹੇ ਹੋਣ, ਉਸ ਦੀ ਭਾਸ਼ਾ ਤੇ ਸਭਿਆਚਾਰ ਵਗੈਰਾ ਕਿਸ ਤਰ੍ਹਾਂ ਜਿਉਂਦੇ ਰਹਿ ਸਕਦੇ ਹਨ? ਅਸਲ ਵਿਚ ਪੰਜਾਬ ਦੇ ਲੋਕਾਂ ਨੇ ਆਪਣੇ ਸਮੂਹਿਕ ਅਤੇ ਜਾਤੀ ਰੂਪ ਵਿਚ, ਸਮੁੱਚੀ ਮਨੁੱਖਤਾ ਦੇ ਅੰਗ ਵਜੋਂ ਜੀਣ ਲਈ ਕਿਹੋ ਜਿਹਾ ਵਿਕਾਸ ਮਾਡਲ ਅਪਨਾਉਣਾ ਹੈ, ਇਹ ਉਨ੍ਹਾਂ ਨੇ ਖੁਦ ਆਪ ਸੋਚਣਾ ਹੈ। ਆਪਣੇ ਲੋਕਾਂ ਲਈ ਅਜਿਹੇ ਫੈਸਲੇ ਉਨ੍ਹਾਂ ਦੇ ਸੁਹਿਰਦ ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਨੇ ਕਰਨੇ ਹਨ। ਪੰਜਾਬ ਦੇ ਬੁੱਧੀਜੀਵੀ ਇਸ ਦ੍ਰਿਸ਼ਟੀ ਤੋਂ ਅੱਜ ਸਰਗਰਮ ਵਿਖਾਈ ਨਹੀਂ ਦਿੰਦੇ। ਸਿਆਸਤਦਾਨ ਕੇਂਦਰਵਾਦੀ/ਸਾਮਰਾਜੀ ਸਿਆਸਤ ਦੀ ਬੁਰਕੀ ਦੇ ਆਸਰੇ ਆਪਣੀ ਸਿਆਸੀ ਜੂਨ ਕੱਟ ਰਹੇ ਹਨ। ਪੰਜਾਬ ਦੇ ਕਾਂਗਰਸੀ ਆਗੂ ਆਮ ਤੌਰ 'ਤੇ, ਕਦੇ ਵੀ ਪੰਜਾਬ ਦੇ ਆਮ ਲੋਕਾਂ ਵਲੋਂ ਚੁਣੇ ਨਹੀਂ ਜਾਂਦੇ ਸਗੋਂ ਕੇਂਦਰੀ ਕਾਂਗਰਸੀ ਆਗੂਆਂ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਇਹੋ ਹਾਲ ਪੰਜਾਬ ਭਾਜਪਾ ਦਾ ਹੈ। ਅਕਾਲੀਆਂ ਅੰਦਰਲੀ ਜਮਹੂਰੀਅਤ ਮਰ ਚੁੱਕੀ ਹੈ। ਅਕਾਲੀ ਦਲ ਦੀ ਸਾਰੀ ਸਿਆਸੀ ਲੀਡਰਸ਼ਿਪ ਬਾਦਲ ਪਰਿਵਾਰ ਦੇ ਲਿਫਾਫੇ ਵਿਚ ਬੰਦ ਰਹਿੰਦੀ ਹੈ ਅਤੇ ਅਗਾਂਹ ਬਾਦਲ ਆਪਣੇ ਸਿਆਸੀ ਫੈਸਲਿਆਂ ਲਈ ਅਗਵਾਈ ਪੰਜਾਬ ਦੇ ਲੋਕਾਂ ਦੇ ਹਿੱਤਾਂ ਤੋਂ ਨਹੀਂ ਲੈਂਦਾ ਸਗੋਂ ਇਸ ਮਕਸਦ ਲਈ ਉਹ ਕੇਂਦਰਵਾਦੀ ਸਿਆਸਤ ਦੀ ਦੂਜੀ ਵੱਡੀ ਏਜੰਟ ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਵਲ ਵੇਖਦਾ ਹੈ। ਇਸ ਤੋਂ ਅਗਾਂਹ ਭਾਰਤੀ ਕੇਂਦਰਵਾਦੀ ਸਿਆਸਤ ਅੱਜ ਸਿਆਸੀ, ਰਾਜਨੀਤਕ ਅਤੇ ਆਰਥਿਕ ਵਿਕਾਸ ਮਾਡਲ ਦੀ ਦ੍ਰਿਸ਼ਟੀ ਤੋਂ ਅਮਰੀਕਾ ਦੀ ਗੁਲਾਮ ਹੋਣ ਵਲ ਵਧ ਰਹੀ ਹੈ। ਪੰਜਾਬ ਦੇ ਸਿਆਸਤਦਾਨ ਜਾਂ ਤਾਂ ਉਕਾ ਹੀ ਡਰੂ ਹਨ ਜਾਂ ਪੂਰੀ ਤਰ੍ਹਾਂ ਵਿਕਾਊ ਹੋ ਚੁੱਕੇ ਹਨ। ਪੰਜਾਬ ਦੇ ਲੋਕਾਂ ਦੀ ਸਮੂਹਿਕ ਜ਼ਿੰਦਗੀ, ਭਾਸ਼ਾ, ਸਭਿਆਚਾਰ ਅਤੇ ਕੁਦਰਤੀ ਸੋਮਿਆਂ ਨਾਲੋਂ ਉਨ੍ਹਾਂ ਨੂੰ ਸਿਆਸੀ ਮੰਡੀ ਵਿਚ ਆਪਣਾ ਮੁੱਲ ਪੁਆਉਣ ਦੀ ਵਧੇਰੇ ਫਿਕਰ ਹੈ। ਪੰਜਾਬ ਦੇ ਵਿਦਿਅਕ ਪ੍ਰਬੰਧ ਦੀ ਤਬਾਹੀ, ਪੰਜਾਬ ਦੀ ਸਿਹਤ ਅਤੇ ਸਿਹਤ ਪ੍ਰਬੰਧ ਦਾ ਉਜਾੜਾ, ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪੰਜਾਬ ਵਿਚੋਂ ਹੀ ਬੇਦਖਲੀ, ਨਾ ਤਾਂ ਉਨ੍ਹਾਂ ਨੂੰ ਚਿੰਤਤ ਕਰਦੀ ਹੈ ਅਤੇ ਨਾ ਹੀ ਦੁਖੀ ਕਰਦੀ ਹੈ। ਇਸ ਉਜਾੜੇ ਖਿਲਾਫ ਉਨ੍ਹਾਂ ਕੋਲ ਨਾ ਕੋਈ ਸਿਆਸੀ ਸਿਆਣਪ ਹੈ, ਨਾ ਹੀ ਅਜਿਹਾ ਕੋਈ ਸਿਆਸੀ ਪ੍ਰੋਗਰਾਮ ਜਾਂ ਏਜੰਡਾ ਹੈ ਅਤੇ ਨਾ ਹੀ ਅਜਿਹੇ ਮਸਲਿਆਂ ਲਈ ਲੜਨ ਦਾ ਉਨ੍ਹਾਂ ਕੋਲ ਕੋਈ ਤੰਤ ਬਚਿਆ ਹੈ।

ਅਕਾਲੀ–ਭਾਜਪਾ ਅਤੇ ਕਾਂਗਰਸ ਪੰਜਾਬ ਵਿਚ ਪ੍ਰਮੁੱਖ ਸਿਆਸੀ ਧਿਰਾਂ ਹਨ। ਇਹ ਸਾਰੀਆਂ ਪੰਜਾਬ ਦੇ ਆਮ ਲੋਕਾਂ ਦੀਆਂ ਨਹੀਂ, ਕੇਂਦਰਵਾਦੀ/ਖਪਤਵਾਦੀ ਸਾਮਰਾਜੀ ਮੰਡੀ ਦੀ ਸਿਆਸਤ ਦੀਆਂ ਏਜੰਟ ਹਨ। ਅਸੀਂ ਅਮਰੀਕਾ ਜਾਂ ਕਿਸੇ ਹੋਰ ਮੁਲਕ ਪ੍ਰਤੀ ਅੰਨ੍ਹੀ ਨਫਰਤ ਪਾਲਣ ਦੇ ਹੱਕ ਵਿਚ ਨਹੀਂ ਪਰ ਰੌਲਾ ਉਨ੍ਹਾਂ ਵਿਕਾਸ ਨੀਤੀਆਂ ਦੇ ਵਿਰੋਧ ਦਾ ਹੈ ਜਿਨ੍ਹਾਂ ਨੇ ਸਾਡੀ ਲੁਕਾਈ ਨੂੰ ਸਮੂਹਿਕ ਆਤਮਘਾਤ ਦੇ ਦਹਾਨੇ 'ਤੇ ਲਿਆ ਖੜਾ ਕੀਤਾ ਹੈ।

ਅੰਤ ਵਿਚ ਅਸੀਂ ਕਹਿਣਾ ਇਹੋ ਚਾਹਾਂਗੇ ਕਿ ਪੰਜਾਬ ਦੇ ਲੋਕਾਂ, ਬੁੱਧੀਮਾਨਾਂ ਅਤੇ ਸਿਆਸਤਦਾਨਾਂ ਨੂੰ ਦੂਜੀ ਹਰੀ ਕ੍ਰਾਂਤੀ ਦੇ ਨਾਂ ਹੇਠ ਲਿਆਂਦੀ ਜਾ ਰਹੀ ਐਗਰੋ ਇੰਡਸਟਰੀ ਦਾ ਨਾਂ ਸੁਣ ਕੇ ਹੀ ਖੁਸ਼ ਨਹੀਂ ਹੋਣਾ ਚਾਹੀਦਾ, ਸਗੋਂ ਇਸ 'ਤੇ ਵਿਸਤਾਰ ਵਿਚ ਵਿਚਾਰ ਕਰਨਾ ਚਾਹੀਦਾ ਹੈ ਕਿ ਇਹ ਪੰਜਾਬ ਦੇ ਕਿਰਤੀ ਲੋਕਾਂ, ਕਿਸਾਨਾਂ, ਨੌਜਵਾਨਾਂ, ਪੰਜਾਬ ਦੇ ਕੁਦਰਤੀ ਸੋਮਿਆਂ ਅਤੇ ਪੰਜਾਬ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਕੀ ਦੇਵੇਗੀ। ਸਾਨੂੰ ਪੰਜਾਬ ਵਿਚ ਉਸੇ ਸਨਅਤ ਨੂੰ ਆਉਣ ਦੇਣਾ ਚਾਹੀਦਾ ਹੈ, ਜਿਹੜੀ ਉਪਰੋਕਤ ਸਾਰੇ ਪੱਖਾਂ ਨੂੰ ਮਜ਼ਬੂਤ ਕਰੇ ਅਤੇ ਇਨ੍ਹਾਂ ਲਈ ਤੰਦਰੁਸਤ ਸਿੱਧ ਹੋਵੇ।

ਉਪਰੋਕਤ ਵਿਚੋਂ ਕਿਸੇ ਇਕ ਪੱਖ ਨੂੰ ਵੀ ਮਾਰਨ ਵਾਲਾ ਕਥਿਤ ਵਿਕਾਸ ਜਾਂ ਸਨਅਤੀਕਰਨ ਸਾਨੂੰ ਕਤਈ ਮਨਜ਼ੂਰ ਨਹੀਂ ਹੋਣਾ ਚਾਹੀਦਾ ਅਤੇ ਵਿਕਾਸ ਦੇ ਨਾਂ 'ਤੇ ਅਜਿਹੇ ਉਜਾੜੇ ਦਾ ਸਾਨੂੰ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

ਕੌਮਾਂਤਰੀ ਮੰਚ

# ਅਮਰੀਕਾ ਤੇ ਭਾਰਤ ਹਾਰ ਰਹੇ ਨੇ ਅਫਗਾਨਿਸਤਾਨ 'ਚ

**ਚਿਨਮਇਆ ਆਰ ਘਾਰੇਖ਼ਾਨ**

ਹੁਣ ਕਾਫੀ ਹੱਦ ਤਕ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਅਫ਼ਗਾਨ ਜੰਗ ਵਿਚ ਦੋ ਧਿਰਾਂ ਜੇਤੂ ਰਹਿਣਗੀਆਂ ਅਤੇ ਦੋ ਹਾਰਨਗੀਆਂ। ਤਾਲਿਬਾਨ ਅਤੇ ਪਾਕਿਸਤਾਨ ਲਾਭ ਵਿਚ ਰਹਿਣਗੇ। ਅਮਰੀਕਾ ਅਤੇ ਭਾਰਤ ਹਾਰ ਦਾ ਮੂੰਹ ਵੇਖਣਗੇ। ਤਾਲਿਬਾਨ ਦੀ ਜਿੱਤ ਇਸ ਕਰ ਕੇ ਨਹੀਂ ਹੋਵੇਗੀ ਕਿ ਉਹ ਹਾਰ ਨਹੀਂ ਰਹੇ, ਸਗੋਂ ਇਸ ਲਈ ਵੀ ਕਿ ਸਦਰ ਕਰਜ਼ਈ ਇਹ ਮਨ ਬਣਾ ਚੁੱਕੇ ਹਨ ਕਿ ਉਹ ਤਾਲਿਬਾਨ ਨਾਲ ਸੁਲ੍ਹਾ-ਸਫਾਈ ਦੇ ਅਮਲ ਰਾਹੀਂ ਇਕ ਸਮਝੌਤਾ ਕਰ ਲੈਣਗੇ। ਪਾਕਿਸਤਾਨ ਲਾਭ ਵਿਚ ਇਸ ਕਰ ਕੇ ਰਹੇਗਾ ਕਿ ਕਰਜ਼ਈ ਤੇ ਤਾਲਿਬਾਨ ਵਿਚਾਲੇ ਜੋ ਸਿਆਸੀ ਸਮਝੌਤਾ ਹੋਣਾ ਹੈ, ਉਸ ਲਈ ਅਫਗਾਨ ਸਦਰ ਨੂੰ ਉਸ ਦੀ ਮਦਦ ਦੀ ਲੋੜ ਹੈ।

ਅਮਰੀਕੀ ਯੁੱਧਚਾਲਕ ਵਿਸ਼ਲੇਸ਼ਣਕਾਰ ਡੇਵਿਡ ਇਬਸੀ ਨੇ ਆਪਣੀ ਨਵੀਂ ਕਿਤਾਬ 'ਅਫਗਾਨਿਸਤਾਨ-ਸਲਤਨਤਾਂ ਦਾ ਕਬਰਸਤਾਨ' ਵਿਚ ਇਕ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਅਫਗਾਨਿਸਤਾਨ ਵਿਚ ਆਪਣੇ ਲਈ ਇਕ 'ਯੁੱਧਚਾਲਕ ਪੈਂਤੜਾ' ਕਾਇਮ ਕਰਨਾ ਚਾਹੁੰਦਾ ਸੀ, ਪ੍ਰੰਤੂ ਉਹ ਇਸ 'ਯੁੱਧਚਾਲਕ ਪੈਂਤੜੇ' ਉਤੇ ਤਾਲਿਬਾਨ ਅਤੇ ਪਾਕਿਸਤਾਨ ਵਿਚਲੇ ਅਲ-ਕਾਇਦਾ ਦੇ ਸਾਹਮਣੇ ਵੀ ਹਾਰ ਚੁੱਕਾ ਹੈ। ਅਮਰੀਕੀ ਤਾਂ ਹਾਰ ਹੀ ਰਹੇ ਹਨ ਜਿੱਤ ਨਾ ਪ੍ਰਾਪਤ ਕਰ ਕੇ। ਉਹ ਅਫਗਾਨਿਸਤਾਨ ਬਾਰੇ ਇਕ ਨੀਤੀ ਲਈ ਹੱਥ-ਪੱਲਾ ਮਾਰ ਰਹੇ ਹਨ, ਜਿਸ ਨਾਲ ਓਬਾਮਾ ਨੂੰ ਆਪਣਾ ਇਹ ਵਾਅਦਾ ਪੂਰਾ ਕਰਨ ਵਿਚ ਮਦਦ ਮਿਲ ਸਕੇ ਕਿ ਅਗਲੇ ਸਾਲ ਜੁਲਾਈ ਵਿਚ ਉਹ ਫੌਜਾਂ ਵਾਪਸ ਬੁਲਾਉਣੀਆਂ ਸ਼ੁਰੂ ਕਰ ਦੇਵੇਗਾ, ਜਿਹੜੀ ਕਿ ਉਸ ਯੁੱਧਚਾਲ ਦੀ ਬਿਲਕੁਲ ਹੀ ਨਾਕਾਮੀ ਹੋਵੇਗੀ, ਜਿਸ ਵਿਚ ਉਸ ਨੂੰ ਮੌਕੇ ਦੇ ਕਮਾਂਡਰ ਜਨਰਲ ਮੈਕਕ੍ਰਿਸਟਲ ਨੇ ਧੂਹ ਕੇ ਫਸਾ ਦਿੱਤਾ ਸੀ।

ਡੈਮੋਕ੍ਰੈਟ ਅਤੇ ਰੀਪਬਲਿਕਨ ਇਕੋ ਤਰ੍ਹਾਂ ਹੀ ਨਿਰੰਤਰ ਹੋ ਰਹੀਆਂ ਅਮਰੀਕੀ ਮੌਤਾਂ ਬਾਰੇ ਵੀ ਚਿੰਤਾਤੁਰ ਹਨ ਅਤੇ ਖਜ਼ਾਨੇ ਉਤੇ ਪੈ ਰਹੇ ਭਾਰ ਬਾਰੇ ਵੀ। ਜਿਹੜਾ ਪੁਨਰ-ਵਿਚਾਰ ਸ੍ਰੀ ਓਬਾਮਾ ਨੇ ਸਾਲ ਦੇ ਅੰਤ ਤਕ ਕੀਤਾ ਹੈ, ਉਸ ਨੂੰ ਸਾਹਮਣੇ ਲਿਆਂਦਾ ਜਾਵੇਗਾ, ਜੋ ਕਿ ਅਜਿਹਾ ਤੀਜਾ ਰਿਵਿਊ ਹੋਵੇਗਾ। ਆਸ ਹੈ ਕਿ ਫੌਜ ਇਸ ਬਾਰੇ ਆਪਣੇ



ਮੁਲੰਕਣ ਦੀ ਵਿਆਖਿਆ ਕਰੇਗੀ। ਅਮਰੀਕੀ ਜਨਤਾ ਇਹ ਆਸ ਕਰੇਗੀ ਕਿ ਇਸ ਜਾਇਜ਼ੇ ਦਾ ਨਤੀਜਾ ਇਕ ਹੋਰ ਫੌਜੀ ਯਲਗਾਰ ਵਿਚ ਨਹੀਂ ਨਿਕਲੇਗਾ।

ਜਨਾਬ ਕਰਜ਼ਈ ਜਿਸਮਾਨੀ ਤੌਰ 'ਤੇ ਵੀ ਅਤੇ ਸਿਆਸੀ ਤੌਰ ਉਤੇ ਵੀ ਜ਼ਿੰਦਾ ਰਹਿਣਾ ਚਾਹੁੰਦੇ ਹਨ ਅਤੇ ਅਜਿਹਾ ਉਹ ਚਾਹੁਣ ਵੀ ਕਿਉਂ ਨਾ? ਸਪੱਸ਼ਟ ਤੌਰ 'ਤੇ ਉਹ ਇਸ ਨਤੀਜੇ ਉਤੇ ਪਹੁੰਚੇ ਹਨ ਕਿ ਅਮਰੀਕਾ ਅਤੇ ਉਸ ਦੇ ਖ਼ਿੱਤਕਵੇਂ ਗੱਠਜੋੜੀ ਭਾਈਵਾਲ ਜਿੱਤ ਨਹੀਂ ਸਕਦੇ ਅਤੇ ਉਹ ਜੁਲਾਈ 2011 ਤੋਂ ਬਹੁਤੀ ਦੇਰ ਬਾਅਦ ਤੱਕ ਇਥੇ ਸਿੰਗ ਵੀ ਫਸਾਈ ਨਹੀਂ ਰੱਖ ਸਕਦੇ। ਇਸ ਆਸ਼ੇ ਨੂੰ ਮੁੱਖ ਰੱਖਦਿਆਂ ਇਹ ਇਕ ਵਧੀਆ ਸਿਆਸੀ ਸਿਆਣਪ ਹੋਵੇਗੀ ਕਿ ਤਾਲਿਬਾਨ ਨਾਲ ਕੋਈ ਸਮਝ ਬਣਾਈ ਜਾਵੇ। ਜੇ ਇਸ ਲਈ ਉਨ੍ਹਾਂ ਨੂੰ ਪਾਕਿਸਤਾਨ ਦੀ ਮਦਦ ਵੀ ਲੈਣੀ ਪੈਂਦੀ ਹੈ ਤਾਂ ਲੈ ਲਈ ਜਾਵੇ। ਆਖ਼ਰ ਉਨ੍ਹਾਂ ਨੇ ਪਾਕਿਸਤਾਨ ਨੂੰ ਅਫਗਾਨਿਸਤਾਨ ਦਾ ਜੁੜਵਾਂ ਭਰਾ ਤਕ ਤਾਂ ਕਹਿ ਦਿੱਤਾ ਸੀ। ਇਸ ਲਈ ਸੁਲ੍ਹਾ-ਸਫ਼ਾਈ ਦਾ ਮਤਲਬ ਹੈ ਪੁਨਰ-ਇਕਮੁੱਠਤਾ, ਜਿਸ ਨੂੰ ਅਮਰੀਕੀ ਵੀ ਪਸੰਦ ਕਰਦੇ ਹਨ। ਸ਼ਾਂਤੀ ਜਿਰਗਾ ਨੇ ਉਨ੍ਹਾਂ ਨੂੰ ਇਹ ਅਧਿਕਾਰ ਦੇ ਦਿੱਤਾ ਹੈ ਕਿ ਉਹ ਆਪਣੀ ਯੁੱਧਚਾਲ ਨਾਲ ਅੱਗੇ ਵਧਣ, ਜਿਹੜੀ ਕਿ ਉਨ੍ਹਾਂ ਕੋਲ ਸਪੱਸ਼ਟ ਤੌਰ ਉਤੇ ਮੌਜੂਦ ਹੈ। ਜਿਰਗੇ ਵਿਚ ਅਮਰੀਕਾ ਨੂੰ ਕਰਜ਼ਈ ਨੇ ਇਕੋ-ਇਕ ਰਿਆਇਤ ਇਹ ਦਿੱਤੀ ਸੀ ਕਿ ਉਨ੍ਹਾਂ ਨੇ ਐਲਾਨਨਾਮੇ ਵਿਚ ਇਹ ਮੰਗ ਸ਼ਾਮਲ ਕਰਵਾ ਲਈ ਸੀ ਕਿ ਤਾਲਿਬਾਨ ਅਲ-ਕਾਇਦਾ ਨਾਲੋਂ ਸੰਬੰਧ ਤੋੜ ਲੈਣ।

ਤਾਲਿਬਾਨ ਨੇ ਕੋਈ ਇਕ ਸਾਲ ਪਹਿਲਾਂ ਇਕ ਬਿਆਨ ਜਾਰੀ ਕੀਤਾ ਸੀ ਕਿ ਪੱਛਮ ਨਾਲ ਉਨ੍ਹਾਂ ਦਾ ਕੋਈ ਝਗੜਾ ਨਹੀਂ ਹੈ। ਲੇਪਾ-ਪੋਚੀ ਦੇ ਉਹ ਕੁਝ ਹੋਰ ਇਸ਼ਾਰੇ ਵੀ ਦੇ ਸਕਦੇ ਹਨ, ਜਿਸ ਨਾਲ ਜਨਾਬ ਕਰਜ਼ਈ ਲਈ ਇਹ ਆਸਾਨ ਹੋ ਜਾਵੇ ਕਿ ਉਹ ਇਨ੍ਹਾਂ ਨਾਲ ਸ਼ਕਤੀ ਵੰਡ ਲਈ ਕਿਸੇ ਸਮਝੌਤੇ ਉਤੇ ਪਹੁੰਚ ਸਕਣ ਅਤੇ ਅਮਰੀਕਾ ਅਤੇ ਉਸ ਦੇ ਗਠਜੋੜੀ ਭਾਈਵਾਲਾਂ ਨੂੰ ਇਹ ਮਦਦ ਮਿਲ ਸਕੇ ਕਿ ਉਹ ਇਹ ਸਮਝੌਤਾ ਸਵੀਕਾਰ ਕਰ ਲੈਣ।

ਅਫਗਾਨ ਲੋਕਾਂ ਦਾ ਕੀ ਬਣੇਗਾ? ਬਹੁਤ ਸਾਰੇ ਪੱਖਾਂ ਤੋਂ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਾ ਤਾਂ ਤਾਲਿਬਾਨ ਦੀ ਵਿਚਾਰਧਾਰਾ ਪਸੰਦ ਹੈ ਅਤੇ ਨਾ ਹੀ ਉਨ੍ਹਾਂ ਦੇ ਢੰਗ ਤਰੀਕੇ। ਉਨ੍ਹਾਂ ਦੇ ਨਾਗਰਿਕ ਨਿਸ਼ਾਨਿਆਂ ਉਤੇ ਬਿਨਾਂ ਲਿਹਾਜ਼ ਹਮਲਿਆਂ ਨੇ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਮੁਸਲਮਾਨਾਂ ਦੀਆਂ ਹੀ ਮੌਤਾਂ ਹੁੰਦੀਆਂ ਹਨ, ਉਨ੍ਹਾਂ ਨੂੰ ਕਾਫੀ ਬਦਨਾਮ ਕਰ ਦਿੱਤਾ ਹੈ ਪ੍ਰੰਤੂ ਅਫਗਾਨ ਲੋਕ ਪ੍ਰਸ਼ਾਸਨ ਦੀ ਘਾਟ ਅਤੇ ਭ੍ਰਿਸ਼ਟਾਚਾਰ ਤੋਂ ਏਨੇ ਦੁਖੀ ਹਨ ਕਿ ਉਹ ਤਾਲਿਬਾਨ ਨੂੰ ਇਕ ਹੋਰ ਮੌਕਾ ਦੇ ਸਕਦੇ ਹਨ, ਜੇ ਉਹ ਸਰਕਾਰੀ ਗਠਜੋੜ ਦਾ ਇਕ ਹਿੱਸਾ ਬਣ ਜਾਣ ਤਾਂ, ਨਾ ਕਿ ਇਕੱਲੇ ਹੀ ਸਰਕਾਰ ਬਣਾਉਣ। ਇਸ ਲਈ ਅੰਤ ਨੂੰ ਜਨਾਬ ਕਰਜ਼ਈ ਵੀ ਲਾਭ ਵਿਚ ਰਹਿਣਗੇ।

ਸਭੱਬ ਦੀ ਗੱਲ ਹੈ ਕਿ ਭ੍ਰਿਸ਼ਟਾਚਾਰ ਕੇਵਲ ਅਫਗਾਨ ਪੱਖ ਵਿਚ ਹੀ ਨਹੀਂ ਹੈ, ਸਗੋਂ ਉਸ ਘੁਟਾਲੇ ਨੇ, ਜਿਸ ਵਿਚ ਅਮਰੀਕੀ ਨਿੱਜੀ ਸੁਰੱਖਿਆ ਫਰਮਾਂ ਲੱਖਾਂ ਡਾਲਰ ਬਟੋਰ ਰਹੀਆਂ ਸਨ, ਅਮਰੀਕੀ ਸਰਕਾਰ ਨੂੰ ਮਜਬੂਰ ਕਰ ਦਿੱਤਾ ਹੈ ਕਿ ਇਸ ਦੀ ਤਫਤੀਸ਼ ਕਰਨ ਲਈ ਇਕ ਵਿਸ਼ੇਸ਼ ਟਾਸਕ ਫੋਰਸ ਬਣਾਵੇ। ਸ਼ਾਇਦ ਭਾਰਤ ਦੀ ਹਾਲਤ ਅਮਰੀਕਾ ਨਾਲੋਂ ਵੀ ਭੈੜੀ ਹੋਵੇਗੀ, ਕਿਉਂਕਿ ਅਮਰੀਕੀ ਤਾਂ ਹਜ਼ਾਰਾਂ ਮੀਲ ਦੂਰ ਬੈਠੇ ਹਨ ਅਤੇ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਤਾਲਿਬਾਨ ਨਾਲ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਦੀ ਇੱਕੋ-



ਇਕ ਖਾਹਸ਼ ਅਲ-ਕਾਇਦਾ ਨੂੰ ਬੇਇੱਜ਼ਤ ਕਰਨਾ ਅਤੇ ਹਰਾਉਣਾ ਹੈ। ਅਸੀਂ ਵਾਰ-ਵਾਰ ਅਤੇ ਜਨਤਕ ਤੌਰ ਉਤੇ ਅਮਰੀਕਾ ਅਤੇ ਉਸ ਦੇ ਗਠਜੋੜੀ ਭਾਈਵਾਲਾਂ ਨੂੰ ਅਫਗਾਨਿਸਤਾਨ ਨਾ ਛੱਡਣ ਲਈ ਕਹਿ ਕੇ ਆਪਣੇ ਲਈ ਕਿਸੇ ਹੋਰ ਬਦਲ ਵਾਸਤੇ ਰਾਹ ਹੀ ਨਹੀਂ ਰਹਿਣ ਦਿੱਤਾ।

ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ 13 ਜੂਨ ਨੂੰ ਦਿੱਲੀ ਵਿਚ ਇਕ ਵਿਚਾਰਕ ਸਮੂਹ ਨੂੰ ਸੰਬੋਧਨ ਕਰਦਿਆਂ ਭਵਿੱਖੀ ਕਾਰਜਾਂ ਬਾਰੇ ਗੱਲ ਕਰਦਿਆਂ ਦੋ ਅਤਿਅੰਤ ਮਹੱਤਵਪੂਰਨ ਅਸੂਲਾਂ ਦਾ ਜ਼ਿਕਰ ਕੀਤਾ ਸੀ। ਉਸ ਨੇ ਕਿਹਾ ਸੀ ਕਿ ਗਵਾਂਢੀ ਅਤੇ ਖੇਤਰੀ ਦੇਸ਼ਾਂ ਨੂੰ ਵੀ ਇਸ ਮਾਮਲੇ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਲਾਹ ਵੀ ਲਈ ਜਾਣੀ ਚਾਹੀਦੀ ਹੈ ਅਤੇ ਅਫਗਾਨਿਸਤਾਨ ਦੇ ਗਵਾਂਢੀਆਂ ਅਤੇ ਖੇਤਰੀ ਦੇਸ਼ਾਂ ਨੂੰ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇਹ ਗੱਲ ਮਹੱਤਵਪੂਰਨ ਹੈ ਅਤੇ ਇਸ ਨੂੰ ਸਰਗਰਮੀ ਨਾਲ ਅੱਗੇ ਵਧਾਉਣ ਦੀ ਲੋੜ ਹੈ। ਮਾਹਰਾਂ ਨੇ ਇਹ ਗੱਲ ਕਹੀ ਹੈ ਕਿ ਅਫਗਾਨਿਸਤਾਨ ਦੀ ਰਵਾਇਤੀ ਨਿਰਪੱਖਤਾ ਦੀ ਸਥਿਤੀ ਇਕ ਐਲਾਨਨਾਮੇ ਰਾਹੀਂ ਬਹਾਲ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿਚ ਇਹ ਹਲਫ ਸ਼ਾਮਲ ਹੋਵੇ ਕਿ ਇਸ ਦੇ ਗਵਾਂਢੀ, ਇਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਹੀਂ ਕਰਨਗੇ। ਇਹ ਐਲਾਨਨਾਮਾ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਲੋਂ ਜਾਰੀ ਕੀਤਾ ਜਾਣਾ ਚਾਹੀਦਾ ਹੈ ਅਤੇ ਉਹ ਵੀ ਵਿਚਾਰ ਵਟਾਂਦਰੇ ਅਤੇ ਪੂਰੀ ਤਿਆਰੀ ਤੋਂ ਬਾਅਦ। ਆਖ਼ਰੀ ਪੈਕੇਜ ਵਿਚ ਅਫਗਾਨ ਅਤੇ ਪਾਕਿਸਤਾਨੀ ਸਰਹੱਦ ਦਾ ਤੈਅ ਕੀਤੇ ਜਾਣਾ ਸ਼ਾਮਲ ਹੋਵੇਗਾ। ਰਾਸ਼ਟਰਪਤੀ ਕਰਜ਼ਈ ਸ਼ਾਇਦ ਇਸ ਪਹੁੰਚ ਪ੍ਰਤੀ ਬਹੁਤੇ ਉਤਸ਼ਾਹ ਵਿਚ ਨਾ ਹੋਣ, ਕਿਉਂਕਿ ਉਹ ਇਸ ਨੂੰ ਆਪਣੇ ਆਪ ਉਤੇ ਸ਼ੱਕ ਕਰਨ ਵਜੋਂ ਸਮਝ ਸਕਦੇ ਹਨ ਅਤੇ ਇਸ ਲਈ ਵੀ ਕਿ ਇਸ ਵੇਲੇ ਉਹ ਸ਼ਾਇਦ ਸੱਤਾ ਵਿਚ ਬਣੇ ਰਹਿਣ ਦੇ ਮੌਕੇ ਨੂੰ ਸੁਲ੍ਹਾ-ਸਫਾਈ ਲਈ ਬਿਹਤਰ ਸਮਝਦੇ ਹੋਣ। ਬਿਨਾਂ ਸ਼ੱਕ ਅਮਰੀਕਾ ਅਤੇ ਭਾਰਤ ਦਰਮਿਆਨ ਹਿੱਤਾਂ ਦੀ ਕਾਫੀ ਸਾਂਝ ਹੋਵੇ, ਕਿਉਂਕਿ ਇਹ ਦੋਵੇਂ ਹੀ ਹਾਰ ਵਾਲੇ ਪਾਸੇ ਖੜ੍ਹੇ ਹਨ ਅਤੇ ਉਹ ਸ਼ਾਇਦ ਇਨ੍ਹਾਂ ਨੂੰ ਇਸ ਦਿਸ਼ਾ ਵਲ ਧੱਕ ਸਕਣ ਦੀ ਸਮਰੱਥਾ ਨਾ ਰੱਖਦੇ ਹੋਣ। ਇਹ ਆਸ ਕੀਤੀ ਜਾ ਸਕਦੀ ਹੈ ਕਿ ਰੂਸ ਅਤੇ ਅਫਗਾਨਿਸਤਾਨ ਦੇ ਦੂਜੇ ਗਵਾਂਢੀ ਸ਼ਾਇਦ ਗੈਰ ਦਖਲ-ਅੰਦਾਜ਼ੀ ਦੇ ਵਿਚਾਰ ਦੇ ਸਮਰਥਕ ਹੋ ਨਿਬੜਨ। ਦੂਜੇ ਪਾਸੇ ਪਾਕਿਸਤਾਨ ਅਤੇ ਤਾਲਿਬਾਨ ਇਸ ਦੇ ਲਈ ਸ਼ਾਇਦ ਵਧੇਰੇ ਗਰਮਜੋਸ਼ੀ ਨਾ ਹੀ ਵਿਖਾਉਣ, ਜਿਹੜੇ ਇਹ ਸਮਝਦੇ ਹਨ ਕਿ ਉਹ ਜਿੱਤ ਰਹੇ ਹਨ। ਉਹ ਇਹ ਯਕੀਨ ਕਰੀ ਬੈਠੇ ਹਨ ਕਿ ਉਹ ਆਪਣੀ ਜਿੱਤ ਜਾਰੀ ਰੱਖਣਗੇ ਅਤੇ ਉਨ੍ਹਾਂ ਦੀ ਪ੍ਰਾਪਤੀ ਸਥਾਈ ਹੋਵੇਗੀ। ਇਸ ਲਈ ਉਹ ਰਿਆਇਤਾਂ ਅਤੇ ਸਮਝੌਤਿਆਂ ਬਾਰੇ ਸਾਰੀ ਗੱਲ ਨੂੰ ਨਫਰਤ ਕਰਦੇ ਹਨ।

ਭਾਰਤ ਵਲੋਂ ਅੱਗੇ ਵਧਣ ਵਾਸਤੇ ਕਾਫੀ ਉਤਸ਼ਾਹ ਮੌਜੂਦ ਹੈ। ਅਮਰੀਕੀ ਸ਼ਾਇਦ ਅਜਿਹੀ ਕਿਸੇ ਵੀ ਪਹਿਲ-ਕਦਮੀ ਦੀ ਹਮਾਇਤ ਕਰਨ ਦੇ ਰੌਂਅ ਵਿਚ ਨਾ ਹੋਣ, ਜਿਸ ਵਿਚ ਈਰਾਨ ਨੂੰ ਸ਼ਾਮਲ ਕੀਤਾ ਜਾ ਸਕਦਾ ਹੋਵੇ। ਕੂਟਨੀਤਕ ਤੌਰ ਉਤੇ ਆਖ਼ਰੀ ਗੱਲ ਇਹ ਹੋਵੇਗੀ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਇਹ ਕਿਹਾ ਜਾਵੇ ਕਿ ਉਹ ਇਕ ਵਿਸ਼ੇਸ਼ ਦੂਤ ਨਿਯੁਕਤ ਕਰਨ ਲਈ ਕਹਿਣ, ਜਿਹੜਾ ਇਸ ਉਦੇਸ਼ ਲਈ ਸਲਾਹ-ਮਸ਼ਵਰਾ ਕਰੇ।

# ਮਹਿੰਗਾਈ ਦਾ ਕਹਿਰ ਬਹੁਕੌਮੀ ਕੰਪਨੀਆਂ ਦੀ ਹੀ ਚਾਲ ਤਾਂ ਨਹੀਂ?

**ਦੀਵਾਨ ਅਮਿਤ ਅਰੋੜਾ**

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਲੋਂ ਪਿਛਲੇ ਦਿਨੀਂ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਬੇਹਿਸਾਬਾ ਵਾਧਾ ਕੀਤੇ ਜਾਣ ਕਰਕੇ ਜਿਥੇ ਦੇਸ਼ ਦੀ ਜਨਤਾ ਵਿਚ ਤਿੱਖੀ ਪ੍ਰਤੀਕਿਰਿਆ ਹੋਈ ਹੈ, ਉਥੇ ਹੀ ਸਮੁੱਚੀ ਵਿਰੋਧੀ ਧਿਰ ਵਲੋਂ ਬੀਤੀ 5 ਜੁਲਾਈ ਨੂੰ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਮਹਿੰਗਾਈ ਦੇ ਵਿਰੋਧ ਵਿਚ ਦਿੱਤੇ ਗਏ 'ਭਾਰਤ ਬੰਦ' ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਹੋਰਨਾਂ ਕਾਂਗਰਸੀ ਨੇਤਾਵਾਂ ਨੇ ਕੁਝ ਦਿਨ ਪਹਿਲਾਂ ਹੀ ਦੇਸ਼ ਦੀ ਜਨਤਾ ਨੂੰ ਆਸ ਬੰਨ੍ਹਾਈ ਸੀ ਕਿ ਆਉਣ ਵਾਲੇ ਸਮੇਂ ਵਿਚ ਮਹਿੰਗਾਈ ਘਟੇਗੀ ਪਰ ਦੂਜੇ ਪਾਸੇ ਅਚਾਨਕ ਤੇਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਕੀਤੇ ਗਏ ਬੇਹਿਸਾਬੇ ਵਾਧੇ ਨਾਲ ਆਮ ਲੋਕ ਖੁਦ ਨੂੰ ਠੱਗੇ ਗਏ ਮਹਿਸੂਸ ਕਰਨ ਲੱਗੇ ਹਨ। ਜਦੋਂ ਤੋਂ ਯੂ.ਪੀ.ਏ.-2 ਸਰਕਾਰ ਸੱਤਾ ਵਿਚ ਆਈ ਹੈ, ਉਦੋਂ ਤੋਂ ਅਚਾਨਕ ਖੁਰਾਕੀ ਪਦਾਰਥਾਂ ਦੇ ਭਾਅ ਦੁੱਗਣੇ-ਤਿੱਗਣੇ ਹੋ ਗਏ ਹਨ। ਗਰੀਬ ਮਜ਼ਦੂਰ ਨੂੰ ਸਾਰਾ ਦਿਨ ਮਿਹਨਤ ਕਰਕੇ ਵੀ ਦੋ ਵੇਲਿਆਂ ਦੀ ਰੋਟੀ ਨਸੀਬ ਨਹੀਂ ਹੁੰਦੀ। ਹਰੇਕ ਆਦਮੀ ਜਾਣਦਾ ਹੈ ਕਿ ਪੈਟਰੋਲੀਅਮ ਪਦਾਰਥਾਂ 'ਚ ਵਾਧੇ ਨਾਲ ਹਰੇਕ ਚੀਜ਼ ਦੇ ਭਾਅ ਵੀ ਉਸੇ ਮਾਤਰਾ 'ਚ ਵਧਦੇ ਹਨ। ਇਸੇ ਦੌਰਾਨ ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਇਕ ਤਾਜ਼ਾ ਬਿਆਨ ਵਿਚ ਮਹਿੰਗਾਈ ਹੋਰ ਵਧਣ ਦਾ ਬਿਆਨ ਦੇ ਕੇ ਬਲਦੀ ਉਤੇ ਘਿਉ ਪਾਉਣ ਦਾ ਕੰਮ ਕੀਤਾ ਹੈ।

ਸਰਕਾਰ ਦੇ ਕੇਂਦਰੀ ਮੰਤਰੀ ਆਏ ਦਿਨ ਅਖ਼ਬਾਰਾਂ ਵਿਚ ਜ਼ਰੂਰੀ ਵਸਤੂਆਂ ਦੇ ਭਾਅ ਵਧਣ ਦੀ ਭਵਿੱਖਬਾਣੀ ਕਰਦੇ ਹਨ ਅਤੇ ਖੁਰਾਕੀ ਵਸਤੂਆਂ ਦੀ ਉਪਲਬਧਤਾ ਅਤੇ ਸਟਾਕ 'ਚ ਕਮੀ ਹੋਣ ਦੇ ਊਲ-ਜਲੂਲ ਬਿਆਨ ਦਿੰਦੇ ਹਨ ਤਾਂ ਕਿ ਵੱਡੀਆਂ ਕੰਪਨੀਆਂ ਨੂੰ ਭਾਰੀ ਮਾਤਰਾ ਵਿਚ ਸਟਾਕ ਜਮ੍ਹਾਂ ਕਰਨ ਅਤੇ ਭਾਰੀ ਮੁਨਾਫਾ ਕਮਾਉਣ ਦਾ ਮੌਕਾ ਮਿਲ ਸਕੇ। ਅੱਜ ਇਸ ਦੇਸ਼ ਵਿਚ ਵੱਡੀਆਂ ਤੇ ਵਿਦੇਸ਼ੀ ਕੰਪਨੀਆਂ ਦੀ ਇਜਾਰੇਦਾਰੀ ਸਥਾਪਿਤ ਹੋ ਰਹੀ ਹੈ। ਹੁਣ ਇਹੋ ਲੱਗਣ ਲੱਗਾ ਹੈ ਕਿ ਸਰਕਾਰ ਸੱਚਮੁਚ ਮਹਿੰਗਾਈ ਦੇ ਨਾਂ ਹੇਠ ਇਸ ਦੇਸ਼ ਦੇ ਸਾਰੇ ਖੇਤੀ ਖੇਤਰ, ਵਪਾਰ, ਉਦਯੋਗ ਅਤੇ ਰਿਟੇਲ ਕਾਰੋਬਾਰ ਸਿੱਧੇ ਤੌਰ 'ਤੇ ਵੱਡੀਆਂ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ।




ਜੇ ਕੱਪੜਾ ਮੰਤਰਾਲੇ ਦੀ ਗੱਲ ਕਰੀਏ ਤਾਂ ਪਿਛਲੇ ਇਕ ਸਾਲ ਵਿਚ ਅਜਿਹੀਆਂ ਨੀਤੀਆਂ ਬਣਾਈਆਂ ਗਈਆਂ ਹਨ ਕਿ ਕਪਾਹ ਦੀ ਫਸਲ ਬਰਾਮਦ ਕਰਨ ਦੇ ਵਿਦੇਸ਼ੀ ਕੰਪਨੀਆਂ ਨਾਲ ਸਿੱਧੇ ਸੌਦੇ ਕਰ ਲਏ ਗਏ। ਸਭ ਤੋਂ ਜ਼ਿਆਦਾ ਕਪਾਹ ਦੀ ਫਸਲ ਚੀਨੀ ਕੰਪਨੀਆਂ ਨੇ ਖਰੀਦੀ। ਇਸ ਤੋਂ ਇਲਾਵਾ ਪਾਕਿਸਤਾਨ, ਬੰਗਲਾਦੇਸ਼ ਅਤੇ ਸਿੰਗਾਪੁਰ ਦੀਆਂ ਕੰਪਨੀਆਂ ਦੀ ਭਾਰਤ ਤੋਂ ਕਪਾਹ ਦਰਾਮਦ ਕਰਨ 'ਚ ਮੁੱਖ ਭੂਮਿਕਾ ਰਹੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤੀ ਕੱਪੜਾ ਉਤਪਾਦਕਾਂ ਨੂੰ ਘਰੇਲੂ ਬਾਜ਼ਾਰ ਵਿਚ ਸੂਤੀ ਧਾਗਾ ਨਹੀਂ ਮਿਲ ਸਕਿਆ ਤੇ ਬਾਜ਼ਾਰ ਵਿਚ ਪਿਛਲੇ 8-10 ਮਹੀਨਿਆਂ 'ਚ ਹੀ ਇਸ ਦੇ ਭਾਅ 30 ਫੀਸਦੀ ਤਕ ਵਧ ਗਏ।

ਦੂਜੇ ਪਾਸੇ ਕੱਚੇ ਮਾਲ (ਗ੍ਰੇ ਫੈਬਰਿਕਸ) ਦੀ ਕਮੀ ਅਤੇ ਸੂਤੀ ਧਾਗੇ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਘਰੇਲੂ ਕੱਪੜਾ ਉਦਯੋਗ ਵੀ ਭਾਰੀ ਸੰਕਟ ਵਿਚ ਪੈ ਗਿਆ, ਜਿਸ ਦੇ ਸਿੱਟੇ ਵਜੋਂ ਅੱਜ ਅਸੀਂ ਕੌਮਾਂਤਰੀ ਬਾਜ਼ਾਰ ਵਿਚ ਮੁਕਾਬਲੇਬਾਜ਼ੀ ਵਿਚ ਪਿੱਛੇ ਰਹਿ ਗਏ ਹਾਂ। ਪਿਛਲੇ ਸਾਲ ਦੇ ਮੁਕਾਬਲੇ ਸਾਡੇ ਗਾਰਮੈਂਟ ਬਰਾਮਦ 'ਚ ਇਸ ਸਾਲ ਕਮੀ ਆਈ ਹੈ। ਐਕਸਪੋਰਟ ਪ੍ਰਮੋਸ਼ਨ ਕੌਂਸਲ ਤੋਂ ਮਿਲੇ ਅੰਕੜਿਆਂ ਮੁਤਾਬਿਕ ਮਾਲੀ ਵਰ੍ਹੇ 2009-10 ਦੌਰਾਨ ਰੈਡੀਮੇਡ ਕੱਪੜੇ ਦੀ ਬਰਾਮਦ 2.64 ਫੀਸਦੀ ਘਟ ਕੇ 10.64 ਬਿਲੀਅਨ ਡਾਲਰ ਰਹਿ ਗਈ ਹੈ, ਜਦਕਿ 2008-09 ਵਿਚ ਕੁਲ ਬਰਾਮਦ 10.93 ਬਿਲੀਅਨ ਡਾਲਰ ਸੀ।

ਹੁਣ ਖੇਤੀ ਖੇਤਰ ਅਤੇ ਭਾਰਤੀ ਰਿਟੇਲ ਬਾਜ਼ਾਰ ਉਤੇ ਅਮਰੀਕੀ ਕੰਪਨੀਆਂ ਦੀ ਨਜ਼ਰ ਦੇ ਚਲਦਿਆਂ ਅਮਰੀਕੀ ਦਬਾਅ ਹੇਠ ਭਾਰਤ ਸਰਕਾਰ ਵਲੋਂ ਹੋਰ ਵੀ ਦੇਸ਼ ਵਿਰੋਧੀ ਸਮਝੌਤੇ ਕੀਤੇ ਜਾ ਰਹੇ ਹਨ। ਇਕ ਤਰ੍ਹਾਂ ਨਾਲ ਅਮਰੀਕਾ ਦੇ ਦਬਾਅ ਹੇਠ ਕੇਂਦਰ ਸਰਕਾਰ ਅਮਰੀਕੀ ਬਹੁਕੌਮੀ ਕੰਪਨੀਆਂ ਅੱਗੇ ਪੂਰੀ ਤਰ੍ਹਾਂ ਸਮਰਪਣ ਕਰਨ ਲਈ ਤਿਆਰ ਬੈਠੀ ਹੈ।

ਹੁਣੇ ਹੁਣੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮਹਿੰਗਾਈ ਨੂੰ ਰੋਕਣ ਲਈ ਰਿਟੇਲ ਬਾਜ਼ਾਰ ਵਿਚ ਬਹੁਕੌਮੀ ਕੰਪਨੀਆਂ ਦੇ ਦਾਖਲੇ ਦੀ ਵਕਾਲਤ ਕੀਤੀ ਸੀ। ਇਸ ਬਿਆਨ ਤੋਂ ਤਾਂ ਇਹੋ ਲੱਗਦਾ ਹੈ ਕਿ ਸਰਕਾਰ ਦੀ ਨੀਅਤ ਵਿਚ ਖੋਟ ਹੈ ਤੇ ਮੋਨਸੈਂਟੋ ਤੇ ਵਾਲਮਾਰਟ ਵਰਗੀਆਂ ਅਮਰੀਕੀ ਬਹੁਕੌਮੀ ਕੰਪਨੀਆਂ ਦਾ ਭਾਰਤੀ ਖੇਤੀਬਾੜੀ ਅਤੇ ਰਿਟੇਲ ਬਾਜ਼ਾਰ 'ਤੇ ਕਬਜ਼ਾ ਕਰਵਾਉਣ ਲਈ ਨਕਲੀ ਮਹਿੰਗਾਈ ਦੀ ਖੇਡ ਖੇਡੀ ਜਾ ਰਹੀ ਹੈ ਤਾਂ ਕਿ ਮਹਿੰਗਾਈ ਕਾਰਨ ਅਤੇ ਜ਼ਿਆਦਾ ਲਾਗਤ ਦੇ ਚਲਦਿਆਂ ਕੋਈ ਵੀ ਘਰੇਲੂ ਉਤਪਾਦ ਇਨ੍ਹਾਂ ਕੰਪਨੀਆਂ ਦਾ ਮੁਕਾਬਲਾ ਨਾ ਕਰ ਸਕੇ।

ਜੇ ਭਾਰਤ ਵਿਚ ਅਮਰੀਕਨ ਕੰਪਨੀਆਂ ਦੇ ਕਾਰੋਬਾਰ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 1990 ਦੇ ਦਹਾਕੇ ਤੋਂ ਬਾਅਦ ਹੀ ਜਿਨ੍ਹਾਂ ਕੰਪਨੀਆਂ ਨੇ ਕਰੋੜਾਂ ਰੁਪਏ ਪੂੰਜੀ ਲਗਾ ਕੇ ਭਾਰਤ ਵਿਚ ਕੰਮ ਸ਼ੁਰੂ ਕੀਤਾ ਸੀ, ਅੱਜ ਉਨ੍ਹਾਂ ਦੀ ਜਾਇਦਾਦ ਅਰਬਾਂ ਵਿਚ ਪਹੁੰਚ ਗਈ ਹੈ। ਇਹ ਕੰਪਨੀਆਂ ਭਾਰਤੀ ਖਪਤਕਾਰ ਬਾਜ਼ਾਰ 'ਚੋਂ ਧੜੱਲੇ ਨਾਲ ਅਰਬਾਂ ਰੁਪਏ ਕਮਾ ਰਹੀਆਂ ਹਨ। ਇਕ ਤਰ੍ਹਾਂ ਨਾਲ 60 ਤੋਂ ਜ਼ਿਆਦਾ ਅਮਰੀਕੀ ਕੰਪਨੀਆਂ, ਜਿਨ੍ਹਾਂ ਦੀ ਆਈ.ਟੀ. ਖੇਤਰ, ਕੋਲਡ ਡ੍ਰਿੰਕਸ, ਆਟੋਮੋਬਾਈਲ, ਫਾਈਨਾਂਸ, ਬੈਂਕਿੰਗ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੇ ਖੇਤਰ ਵਿਚ ਇਜ਼ਾਰੇਦਾਰੀ ਕਾਇਮ ਹੋ ਚੁੱਕੀ ਹੈ, ਅਜ ਭਾਰਤੀ ਕੰਪਨੀਆਂ ਨੂੰ ਇਕਵਾਇਰ ਕਰਨ ਤੋਂ ਬਾਅਦ ਮਨਮਰਜ਼ੀ ਨਾਲ ਕੀਮਤਾਂ ਵਧਾ ਕੇ ਚੀਜ਼ਾਂ ਵੇਚ ਰਹੀਆਂ ਹਨ।

ਭਾਰਤੀ ਰਿਟੇਲ ਬਾਜ਼ਾਰ ਵਿਚ ਵਾਲਮਾਰਟ ਵਰਗੀ ਵਿਸ਼ਾਲ ਅਮਰੀਕੀ ਕੰਪਨੀ ਤਾਂ ਆਉਣ ਵਾਲੇ 4-5 ਸਾਲਾਂ ਵਿਚ ਰਿਟੇਲ ਕਾਰੋਬਾਰ ਨੂੰ ਆਪਣੇ ਕੁਲ ਕਾਰੋਬਾਰ ਦੇ 80 ਫੀਸਦੀ ਤਕ ਪਹੁੰਚਾਉਣ ਦਾ ਦਾਅਵਾ ਕਰਦੀ ਹੈ।

ਪਿਛਲੇ 2 ਸਾਲਾਂ ਦੇ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਆਰਗੇਨਾਈਜ਼ਡ ਰਿਟੇਲ ਮਾਰਕਿਟ 'ਚ 40 ਫੀਸਦੀ ਤਕ ਵਾਧਾ ਹੋਇਆ ਹੈ। ਇਨ੍ਹਾਂ ਬਹੁਕੌਮੀ ਕੰਪਨੀਆਂ ਵਲੋਂ ਭਾਰਤੀ ਰਿਟੇਲ ਬਾਜ਼ਾਰ ਵਿਚ ਏ-ਗ੍ਰੇਡ ਸ਼ਹਿਰਾਂ ਦੇ ਨਾਲ-ਨਾਲ ਬੀ ਤੇ ਸੀ ਗ੍ਰੇਡ ਦੇ ਸ਼ਹਿਰਾਂ 'ਤੇ ਵੀ ਪਕੜ ਬਣਾਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕਲਪਨਾ ਕਰੋ ਕਿ ਜਦੋਂ ਅਗਲੇ ਸਾਲਾਂ ਵਿਚ ਵੱਡੀਆਂ-ਵੱਡੀਆਂ ਬਹੁਕੌਮੀ ਕੰਪਨੀਆਂ ਦਾ ਭਾਰਤੀ ਰਿਟੇਲ ਬਾਜ਼ਾਰ 'ਤੇ ਕਬਜ਼ਾ ਹੋ ਜਾਵੇਗਾ ਤਾਂ ਮੌਜੂਦਾ ਸਥਿਤੀ ਵਿਚ ਕੰਮ ਕਰਨ ਵਾਲੇ ਮਹਿੰਗਾਈ ਦੇ ਦਾਨਵ ਤੋਂ ਪੀੜਤ ਅਤੇ ਮੁਕਾਬਲੇਬਾਜ਼ੀ ਨਾਲ ਜੂਝ ਰਹੇ ਛੋਟੇ ਨਿਰਮਾਤਾ, ਥੋਕ ਦੁਕਾਨਦਾਰ, ਆੜ੍ਹਤੀ ਤੇ ਛੋਟੇ ਦੁਕਾਨਦਾਰਾਂ ਦਾ ਭਵਿੱਖ ਕੀ ਹੋਵੇਗਾ? ਇਹ ਤਾਂ ਮੁੜ ਇਨ੍ਹਾਂ ਬਹੁਕੌਮੀ ਕੰਪਨੀਆਂ ਦੀ ਗੁਲਾਮੀ ਵਲ ਹੀ ਇਸ਼ਾਰਾ ਕਰਦਾ ਹੈ। ਸਾਡੇ ਦੇਸ਼ ਦੇ ਠੇਕੇਦਾਰ ਨੇਤਾਵਾਂ ਨੇ ਦੇਸ਼ ਦੇ ਲੋਕਾਂ ਨੂੰ ਵਿਕਾਸ ਦੀ ਰਫਤਾਰ ਦਾ ਸੁਪਨਾ ਦਿਖਾ ਕੇ ਇਨ੍ਹਾਂ ਬਹੁਕੌਮੀ ਕੰਪਨੀਆਂ ਨੂੰ ਸ਼ਰੇਆਮ ਆਰਥਿਕ ਤੌਰ 'ਤੇ ਲੋਕਾਂ ਨੂੰ ਲੁੱਟਣ ਦਾ ਲਾਇਸੈਂਸ ਦਿੱਤਾ ਹੋਇਆ ਹੈ।

# ਅਣਥੱਕ ਰਾਹੀ, ਜਿਸ ਨੇ ਦੁਨੀਆਂ ਗਾਹੀ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸ਼ਾਇਦ ਹੀ ਗੁੰਜਾਇਸ਼ ਰੱਖ ਕੇ ਗੱਲ ਕਰਨ ਨਾਲੋਂ ਇਹ ਪਹਿਲੋਂ ਹੀ ਅਣ-ਐਲਾਨੀਆ ਸਵੀਕਾਰ ਕਰ ਲਵਾਂ ਕਿ ਜਿਸ ਸ਼ਖਸੀਅਤ ਦੀ ਵਿਸ਼ਵ ਯਾਤਰਾ ਬਾਰੇ ਕੁਝ ਸਤਰਾਂ ਲਿਖਣ ਜਾ ਰਿਹਾ ਹਾਂ, ਉਸਦੇ ਨਾਲ ਨਿਆਂ ਨਹੀਂ ਕਰ ਸਕਾਂਗਾ। ਕਾਰਨ? ਨਿੱਤ ਦਿਨ ਅੰਬਰੀਂ ਉਡਾਰੀਆਂ ਮਾਰਨ ਵਾਲੇ ਸਦਾ ਸੈਲਾਨੀ ਯਾਤਰੂ ਬਾਬਤ, ਕੋਈ ਧਰਤੀ 'ਤੇ ਰੀਂਗਣ ਵਾਲਾ ਜੀਵ, ਕੀ ਬਿਆਨ ਕਰ ਸਕਦਾ ਹੈ? ਵਿਸ਼ਵ ਪੱਧਰ ਦੀ ਮਾਨਤਾ ਵਾਲੇ ਮਹਾਨ ਵਿਗਿਆਨੀ ਬਾਰੇ ਮੇਰੇ ਜਿਹਾ ਬੰਦਾ ਜੋ 'ਗਿਆਨੀ' ਵੀ ਨਹੀਂ, ਕੀ ਲਿਖ ਲਏਗਾ? ਜਿਹੜਾ ਸ਼ਖਸ, ਭਾਈ ਰਤਨ ਸਿੰਘ ਭੰਗੂ ਦੇ ਕਹਿਣ ਮੁਤਾਬਕ 'ਰਾਤ ਕਿਤੇ ਦਿਨ ਕਿਤੇ ਬਿਤੈ ਹੈਂ" ਦਾ ਧਾਰਨੀ ਬਣ ਕੇ ਧਰਤੀ ਦਾ ਚੱਪਾ-ਚੱਪਾ ਗਾਹ ਆਇਆ ਹੋਵੇ, ਉਸਦੀ ਸਮੁੰਦਰ ਜਿੱਡੀ ਸੈਰ ਨੂੰ ਕੁੱਜੇ 'ਚ ਬੰਦ ਕਰਨਾ ਬਹੁਤ ਹੀ ਬਿਖਮ ਕਾਰਜ ਹੈ। ਲੇਕਿਨ ਗੁਰੂ ਬਾਬਾ ਜੀ ਆਖਦੇ ਨੇ ਕਿ ਬਿਅੰਤ, ਅਗੰਮ ਅਤੇ ਅਥਾਹ ਪ੍ਰਭੂ ਦੀ ਸਿਫਤ ਸਲਾਹ ਦੇ ਗੀਤ 'ਅੱਖਰੀਂ' ਹੀ ਗਾਏ ਜਾਂਦੇ ਹਨ। ਇਸ ਫੁਰਮਾਨ ਦੀ ਰੌਸ਼ਨੀ ਵਿਚ ਸੰਸਾਰ ਭਰਮਣ ਦੀ ਵੱਡ-ਅਕਾਰੀ ਪੂਣੀ ਦੀਆਂ ਕੁਝ ਤੰਦਾਂ ਕੱਤਣ ਦਾ ਯਤਨ ਕਰ ਲੈਂਦੇ ਹਾਂ।

ਸੰਨ ਦੋ ਹਜ਼ਾਰ ਨੌਂ ਦੇ ਮਾਰਚ ਮਹੀਨੇ ਦੀ ਸੱਤ ਤਰੀਕ, ਸਥਾਨ ਚੰਡੀਗੜ੍ਹ ਦਾ ਆਰਟਸ ਆਡੀਟੋਰੀਅਮ। ਇਥੇ ਹੋਏ ਇਕ ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਹਾਜ਼ਰ ਵਿਦਵਾਨਾਂ ਨਾਲ ਮੈਂ ਮੇਲ-ਮੁਲਾਕਾਤਾਂ ਕਰ ਰਿਹਾ ਸਾਂ। ਸਾਹਮਣਿਓਂ ਗੱਭਰੂਆਂ ਵਾਂਗ ਮੜਕ ਨਾਲ ਤੁਰਦੇ ਆ ਰਹੇ, ਬੱਧੀ ਹੋਈ ਸਫੈਦ ਦਾਹੜੀ ਵਾਲੇ ਲੰਮ-ਸਲੰਮੇ ਇਕ ਸਰਦਾਰ ਸਾਹਿਬ ਨੇ ਆ ਫਤਿਹ ਬੁਲਾਈ। ਬੁੱਧੀਜੀਵੀਆਂ ਵਾਲੀ ਗੰਭੀਰ ਪਰ ਖਿੜੇ ਫੁੱਲਾਂ ਵਾਲੀ ਮੁਸਕਰਾਹਟ ਬਿਖੇਰਦਿਆਂ, 'ਮੇਰਾ ਨਾਂ ਹਰਦੇਵ ਸਿੰਘ ਵਿਰਕ ਐ ਜੀ' ਕਹਿ ਕੇ ਉਨ੍ਹਾਂ ਬੜੇ ਮੋਹ ਨਾਲ ਮੇਰਾ ਹੱਥ ਘੁੱਟ ਲਿਆ। ਨਾਮ ਸੁਣਦਿਆਂ ਸਾਰ ਕਿਸੇ ਗੁਆਚੀ ਹੋਈ ਕੀਮਤੀ ਚੀਜ਼ ਲੱਭ ਪੈਣ ਵਾਂਗ, ਮੇਰੇ ਜ਼ਿਹਨ ਵਿਚ ਉਨ੍ਹਾਂ ਦੀਆਂ ਲਿਖਤਾਂ ਦੇ 'ਕਲਿਪ' ਤੈਰਨ ਲੱਗ ਪਏ, ਜੋ ਮੈਂ ਕਈ ਵਰ੍ਹੇ ਪਹਿਲਾਂ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਦਾ ਰਿਹਾ ਹਾਂ। ਵਿਰਕ ਜੀ ਦੀਆਂ ਵਿਦੇਸ਼ੀ ਘੁੰਮਣਘੇਰੀਆਂ ਦੇ ਦਿਲਚਸਪ ਲੇਖ ਉਦੋਂ ਮੈਂ ਬੜੀ ਨੀਝ ਨਾਲ ਪੜ੍ਹਦਾ ਹੁੰਦਾ ਸਾਂ, ਜਦੋਂ ਮੈਂ ਆਉਣ-ਜਾਣ ਲਈ ਸਾਈਕਲ ਦੀ ਸਵਾਰੀ ਕਰਦਾ ਹੁੰਦਾ ਸਾਂ। ਰਾਤ-ਦਿਨ ਜਹਾਜ਼ਾਂ 'ਚ ਘੁੰਮਣ ਵਾਲੇ ਵੱਡੇ-ਉਚੇ ਮਰਾਤਬੇ ਵਾਲੇ ਸ. ਵਿਰਕ ਬਾਰੇ ਉਦੋਂ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਮੈਂ ਅਮਰੀਕਾ ਤੋਂ ਚੰਡੀਗੜ੍ਹ ਆਇਆ ਹੋਇਆ, ਉਨ੍ਹਾਂ ਨੂੰ ਇੰਜ ਮਿਲ ਸਕਾਂਗਾ। ਸਮਾਂ ਕਿੱਡਾ ਬਿਅੰਤ ਹੈ!!

ਉਸ ਵੇਲੇ ਵਿਅੰਗਮਈ ਅੰਦਾਜ਼ ਨਾਲ ਉਨ੍ਹਾਂ ਕੁਝ ਗੁਣਵੰਤੀਆਂ ਗੱਲਾਂ ਕਰਦਿਆਂ ਸਨੇਹ ਸਹਿਤ ਆਪਣੀਆਂ ਲਿਖੀਆਂ ਕਿਤਾਬਾਂ ਦਾ ਸੈਟ ਮੈਨੂੰ ਭੇਟ ਕੀਤਾ। ਵਿਰਕ ਜੀ ਦੀ ਲੇਖਣੀ ਤੋਂ ਤਾਂ ਮੈਂ ਪਹਿਲਾਂ ਹੀ ਮੁਤਾਸਿਰ ਸਾਂ, ਪਰ ਉਸ ਦਿਨ ਉਨ੍ਹਾਂ ਦੇ ਪੇਂਡੂਆਂ ਵਰਗੇ ਨਿਰਛਲ, ਮਿਲਾਪੜੇ ਸੁਭਾਅ ਨੂੰ ਤੱਕ ਕੇ ਮੈਂ ਉਨ੍ਹਾਂ ਦਾ ਮੁਰੀਦ ਹੀ ਬਣ ਗਿਆ।

ਰੌਲਿਆਂ ਤੋਂ ਪੰਜ ਕੁ ਸਾਲ ਪਹਿਲਾਂ ਪਾਕਿਸਤਾਨ ਦੇ ਜ਼ਿਲਾ ਲਾਇਲਪੁਰ ਵਿਚ ਜਨਮੇ ਸ. ਹਰਦੇਵ ਸਿੰਘ ਵਿਰਕ ਨੇ ਮੁੱਢਲੀ ਪੜ੍ਹਾਈ ਮਲੇਰਕੋਟਲੇ ਲਾਗੇ ਆਪਣੇ ਨਾਨਕੇ ਪਿੰਡ ਸ਼ੇਕਰਾਂ ਤੋਂ ਸ਼ੁਰੂ ਕੀਤੀ। ਸਫ਼ਰ ਕਰਦਿਆਂ ਆਲੇ-ਦੁਆਲੇ ਨੂੰ ਬਾਜ ਅੱਖਾਂ ਨਾਲ ਤਾੜਨ ਦੀ ਆਦਤ ਇਨ੍ਹਾਂ ਨੂੰ ਬਚਪਨ ਵਿਚ ਹੀ ਪੈ ਗਈ ਸੀ।

ਬਟਾਲਾ-ਅੰਮ੍ਰਿਤਸਰ ਲਾਗੇ ਰਹਿੰਦੇ ਰਿਸ਼ਤੇਦਾਰਾਂ ਵਲ ਆਉਣ-ਜਾਣ ਸਮੇਂ ਗੱਡੀ 'ਚ ਸਫ਼ਰ ਕਰਦਿਆਂ ਇਹ ਰਾਤ ਵੇਲੇ ਨੀਂਦ ਦੀ ਝਪਕੀ ਵੀ ਨਹੀਂ ਸਨ ਲੈਂਦੇ ਕਿ ਮਤੇ ਕੋਈ ਬਾਹਰ ਦਾ ਨਜ਼ਾਰਾ 'ਮਿੱਸ' ਹੋ ਜਾਵੇ। ਵਿਰਕ ਸਾਹਿਬ ਦੇ ਦੱਸਣ ਅਨੁਸਾਰ ਬਚਪਨ ਦੇ ਲੰਬੇ ਸਫਰਾਂ ਵੇਲੇ ਉਨ੍ਹਾਂ ਦੀ ਨਾਨੀ ਅਗਵਾਈ ਕਰਦੀ ਹੁੰਦੀ ਸੀ। ਉਸ ਨੇ ਘਰੇ ਆ ਕੇ ਵਿਰਕ ਦੀ ਮਾਤਾ ਨੂੰ ਉਲਾਂਭਾ ਦੇਣਾ, "ਤੇਰਾ ਮੁੰਡਾ ਤਾਂ ਸਫ਼ਰ ਦੌਰਾਨ ਮੇਰਾ ਸਿਰ ਖਾ ਲੈਂਦਾ ਹੈ। ਇਸ ਨੇ ਪਤਾ ਨਹੀਂ ਕੀ ਕਾਂ ਖਾਧੇ ਹੋਏ ਹਨ।" ਨਾਨੀ ਭੋਲੀ ਨੂੰ ਕੀ ਪਤਾ ਸੀ ਕਿ ਉਸਦੇ ਦੋਹਤੇ ਨੇ ਮਿਸਰ ਦੇ ਪਿਰਾਮਿਡਾਂ ਤੋਂ ਲੈ ਕੇ ਸਦੀਆਂ ਪਹਿਲਾਂ ਹੋ ਗੁਜ਼ਰੇ ਸ਼ਹਿਨਸ਼ਾਹਾਂ, ਦਰਵੇਸ਼ ਸੂਫੀਆਂ ਦੇ ਮਕਬਰਿਆਂ ਦੀ ਜ਼ਿਆਰਤ ਵੀ ਕਰਨੀ ਹੈ ਅਤੇ ਦੁਨੀਆਂ ਦਾ ਕੋਈ ਖੱਲ-ਖੂੰਜਾ ਐਸਾ ਨਹੀਂ ਰਹਿਣਾ, ਜਿਹਦੇ 'ਤੇ ਇਸਦੀ ਨਜ਼ਰ ਨਾ ਪਈ ਹੋਵੇ।

ਮਹਿੰਦਰਾ ਕਾਲਜ ਪਟਿਆਲੇ ਤੋਂ ਕਾਲਜ ਦੀ ਪੜ੍ਹਾਈ ਸ਼ੁਰੂ ਕਰਕੇ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਜਾ ਦਾਖਲਾ ਲਿਆ। ਜਲੰਧਰ-ਲੁਧਿਆਣੇ ਦੇ ਕਾਲਜਾਂ ਵਿਚ ਅਧਿਆਪਨ ਕਾਰਜ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੌਤਿਕ-ਵਿਗਿਆਨ ਵਿਭਾਗ ਵਿਚ ਨੌਕਰੀ ਕੀਤੀ। ਸੰਨ 1972 ਵਿਚ ਪੈਰਿਸ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਦੇ ਵਿਸ਼ੇ ਦੀ ਪੀ. ਐਚ.



ਡੀ. ਕੀਤੀ। ਵਿਗਿਆਨ ਦੇ ਖੇਤਰ ਵਿਚ 350 ਖੋਜ ਪੱਤਰ ਲਿਖਣ-ਛਾਪਣ ਤੋਂ ਇਲਾਵਾ ਸ. ਵਿਰਕ ਨੇ ਸਿੱਖ ਧਰਮ, ਸਾਹਿਤ ਆਦਿ ਵਿਸ਼ਿਆਂ 'ਤੇ ਵੀਹ ਕਿਤਾਬਾਂ ਵੀ ਲਿਖੀਆਂ। ਇਸੇ ਕਰਕੇ ਸੰਨ 1992 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਉਨ੍ਹਾਂ ਨੂੰ 'ਸ਼੍ਰੋਮਣੀ ਸਾਹਿਤਕਾਰ' ਦੇ ਐਵਾਰਡ ਨਾਲ ਸਨਮਾਨਿਆ ਗਿਆ।

ਇਥੇ ਮੈਂ ਅਗਿਆਨ ਦੇ ਹਨੇਰੇ ਨੂੰ ਗਿਆਨ ਦੀ ਲੱਪ-ਲੱਪ ਦੇ ਕੇ ਦੂਰ ਭਜਾਉਣ ਵਾਲੀਆਂ, ਸ. ਵਿਰਕ ਦੀਆਂ ਲਿਖੀਆਂ ਵੀਹ ਦਿਲਚਸਪ ਕਿਤਾਬਾਂ ਦੀ ਲੰਬੀ ਸੂਚੀ ਦੇਣ ਦੀ ਥਾਂ ਉਨ੍ਹਾਂ ਦੀ ਸ਼ਾਹਕਾਰ ਰਚਨਾ 'ਮੇਰੀ ਵਿਸ਼ਵ ਯਾਤਰਾ' ਨਾਲ ਹੀ ਪਾਠਕਾਂ ਦੀ ਸਾਂਝ ਪੁਆਉਣ ਜਾ ਰਿਹਾ ਹਾਂ। ਇਸ ਕਿਤਾਬ ਵਿਚ ਛਪੀ ਸਮੱਗਰੀ ਦੇ ਅਥਾਹ ਸਮੁੰਦਰ ਵਿਚ ਤਾਰੀਆਂ ਲਾਉਣ ਤੋਂ ਪਹਿਲਾਂ, ਇਹ ਖਾਸ ਗੱਲ ਵੀ ਦਸਦਾ ਜਾਵਾਂ ਕਿ ਆਮ ਪੰਜਾਬੀ ਲੋਕ ਪਰਵਾਸੀ ਜੀਵਨ ਦੇ ਸ਼ੁਰੂਆਤੀ ਦੌਰ ਵਿਚ ਹੀ ਸਭ ਤੋਂ ਪਹਿਲਾਂ ਆਪਣਾ ਮੂੰਹ-ਮੁਹਾਂਦਰਾ ਬਦਲਦੇ ਹਨ। "ਜੈਸਾ ਦੇਸ ਤੈਸਾ ਭੇਸ" ਵਾਲੀ ਕਹਾਵਤ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਦੇਖਿਆ ਜਾਵੇ ਤਾਂ ਇਸ ਕੁਲੱਛਣੀ ਕਹਾਵਤ ਨੇ ਸਿੱਖਾਂ ਦਾ ਬੇਹੱਦ ਨੁਕਸਾਨ ਕੀਤਾ ਹੈ। ਸਿੱਖੀ ਦੀ ਸਿਰਮੌਰ ਨਿਸ਼ਾਨੀ ਪਵਿੱਤਰ ਕੇਸ, ਇਸੇ ਮੰਦਭਾਗੀ ਪ੍ਰਵਿਰਤੀ ਦਾ ਸ਼ਿਕਾਰ ਬਣਦੇ ਆ ਰਹੇ ਹਨ ਪਰ ਸਦਕੇ ਜਾਈਏ ਹਰਦੇਵ ਸਿੰਘ ਵਿਰਕ ਦੇ, ਜਿਸ ਨੇ ਦੁਨੀਆਂ ਭਰ ਦੀਆਂ ਯੂਨੀਵਰਸਿਟੀਆਂ 'ਚ ਘੁੰਮਦਿਆਂ, ਵੱਖ-ਵੱਖ ਦੇਸ਼ਾਂ ਦੇ ਬਾਜ਼ਾਰ, ਗਲੀਆਂ-ਕੂਚੇ ਗਾਹੁੰਦਿਆਂ, ਆਪਣੇ ਦਸਤਾਰਧਾਰੀ ਲਿਬਾਸ ਵਿਚ ਰਾਈ ਜਿੰਨਾ ਫਰਕ ਨਹੀਂ ਪਾਇਆ। ਇਥੋਂ ਤਕ ਕਿ ਕਿਤੇ ਮਜਬੂਰੀ ਵੱਸ ਵੀ ਟੋਪੀ ਸਿਰ 'ਤੇ ਨਹੀਂ ਲਈ। ਆਪਣੀ ਸ਼ਾਕਾਹਾਰੀ ਖਾਣ ਪੀਣ ਦੀ ਰਵਾਇਤ ਨੂੰ, ਗੋਸ਼ਤ ਦੇ ਗੜ੍ਹ ਅਰਬ ਦੇਸ਼ਾਂ ਵਿਚ ਵੀ ਆਂਚ ਨਹੀਂ ਆਉਣ ਦਿੱਤੀ।

ਭੌਤਿਕ-ਵਿਗਿਆਨ ਦੇ ਵੱਖ-ਵੱਖ ਪਹਿਲੂਆਂ 'ਤੇ ਖੋਜ ਜਾਂ ਲੈਕਚਰ ਕਰਨ ਸ. ਵਿਰਕ ਜਿਸ ਖਿੱਤੇ ਵਿਚ ਵੀ ਗਏ, ਉਨ੍ਹਾਂ ਹਮੇਸ਼ਾ ਆਪਣਾ ਧਰਮ, ਕੌਮੀ ਪਿਆਰ ਅਤੇ ਆਪਣਾ ਸੱਭਿਆਚਾਰ ਅੱਗੇ ਰੱਖਿਆ। ਬਲਖ-ਬੁਖਾਰੇ ਦੇ ਸਵਰਗ ਵਿਚ ਪਹੁੰਚ ਕੇ ਵੀ ਉਨ੍ਹਾਂ 'ਛੱਜੂ ਦਾ ਚੁਬਾਰਾ' ਨਹੀਂ ਭੁਲਾਇਆ। ਜਪਾਨੀਆਂ ਦੇ ਤਲਵਾਰਬਾਜ਼ੀ ਦੇ ਕਰਤੱਬ ਦੇਖ ਕੇ ਉਸ ਨੂੰ ਅਠਾਰਵੀਂ ਸਦੀ ਦੇ ਸਿੰਘ ਯਾਦ ਆਉਂਦੇ ਹਨ। ਰੰਗੂਨ ਵਿਚ ਪਰਚਾ ਪੜ੍ਹਨ ਗਿਆ ਹੋਇਆ ਵਿਰਕ, ਬਾਬਾ ਰਾਮ ਸਿੰਘ ਨਾਮਧਾਰੀ ਦੀ ਯਾਦਗਾਰ ਦੋ ਦਿਨ ਲੱਭਦਾ ਫਿਰਦਾ ਰਿਹਾ। ਮਾਉ-ਜੇ-ਤੁੰਗ ਦੇ ਚੀਨ ਵਿਚ ਘੁੰਮਣ ਤੋਂ ਬਾਅਦ ਵਿਰਕ ਜੀ ਲਿਖਦੇ ਹਨ, 'ਮਾਓ ਨੇ ਗੁਰੀਲਾ ਯੁੱਧ ਅਰੰਭ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਬਰਾਬਰੀ ਦੇ ਭਾਈਚਾਰੇ ਦੀ ਨੀਂਹ ਰੱਖੀ। ਜੋ ਅਸੂਲ 'ਖਾਲਸਾਵਾਦ' ਦੀ ਬੁਨਿਆਦ ਹਨ, ਉਹ ਚੀਨ ਵਿਚ ਪ੍ਰਤੱਖ ਅਮਲੀ ਰੂਪ ਧਾਰਨ ਕਰ ਚੁੱਕੇ ਹਨ।'

ਚੀਨ ਦੇ ਹੀ ਭੂਚਾਲਗ੍ਰਸਤ ਸ਼ਹਿਰ 'ਤੰਗਸ਼ਾਨ' ਦੀ ਯਾਤਰਾ ਦੌਰਾਨ, ਮਾਉ ਵਲੋਂ ਲਿਆਂਦੀ ਗਈ ਸਮਾਜਿਕ ਬਰਾਬਰੀ ਦੇਖ ਕੇ ਉਹ ਆਪਣੇ ਦੇਸ਼ ਦੇ ਦਲਿਤਾਂ ਨਾਲ 'ਮਹਾਤਮਾ' ਗਾਂਧੀ ਵਲੋਂ ਕੀਤੇ ਗਏ ਕਪਟੀ ਵਰਤਾਓ ਨੂੰ ਯਾਦ ਕਰਦੇ ਹਨ। 'ਮੈਂ ਇਸ ਸੰਦਰਭ (ਬਰਾਬਰੀ ਲਿਆਉਣ) ਵਿਚ ਗਾਂਧੀ ਦਾ ਹਰੀਜਨ ਬਸਤੀਆਂ ਵਿਚ ਰਹਿਣਾ, ਮਹਿਜ਼ ਇਕ ਪਾਖੰਡ ਹੀ ਸਮਝਦਾ ਹਾਂ। ਇਕ ਪਾਸੇ ਟਾਟੇ ਬਿਰਲਿਆਂ ਦੀ ਪ੍ਰਾਹੁਣਚਾਰੀ ਅਤੇ ਰਾਜਕੁਮਾਰੀਆਂ ਦੀ 'ਸੰਗਤ' ਦਾ ਅਨੰਦ ਮਾਣਨ ਵਾਲਾ 'ਫਕੀਰ' ਭਲਾ ਹਰੀਜਨਾਂ ਨਾਲ ਕਿਵੇਂ ਇਕਮਿਕ ਹੋ ਸਕਦਾ ਹੈ?' ਡਾ. ਅੰਬੇਦਕਰ ਨੂੰ ਗਾਂਧੀ ਦਾ ਇਹ ਦੰਭ ਨਹੀਂ ਸੀ ਭਾਉਂਦਾ। ਹਾਰ ਕੇ ਉਨ੍ਹਾਂ ਨੇ ਹਰੀਜਨਾਂ ਨੂੰ ਬੁੱਧ ਧਰਮ ਅਪਨਾਉਣ ਦੀ ਨਸੀਹਤ ਕਰ ਦਿੱਤੀ ਕਿਉਂਕਿ ਸਾਡੇ ਸਿੱਖ ਆਗੂਆਂ ਨੇ ਉਸਨੂੰ ਮੂੰਹ ਨਾ ਲਾਇਆ ਵਰਨਾ ਅੱਜ ਤੀਹ ਕਰੋੜ ਖਾਲਸੇ ਦੀ ਭਾਰਤ ਵਿਚ ਜੈ-ਜੈ ਕਾਰ ਹੋ ਜਾਣੀ ਸੀ।

ਜਪਾਨ ਦੀ ਦੂਜੀ ਫੇਰੀ ਵਾਲੇ ਲੇਖ ਵਿਚ ਉਹ ਇਕ ਥਾਂ ਲਿਖਦੇ ਨੇ, 'ਨਿਹੰਗ ਸਿੰਘਾਂ ਵਾਂਗ ਸਫ਼ਰ ਦਾ ਸਾਮਾਨ ਵੀ ਤਿਆਰ ਕਰ ਲਿਆ। ਜਪਾਨ ਦੀ ਖੁਰਾਕ ਮੇਰੇ ਮੁਆਫ਼ਕ ਨਹੀਂ ਬੈਠਦੀ, ਸੋ ਮੇਰੀ ਘਰ ਵਾਲੀ ਨੇ ਅਲਸੀ ਦੀਆਂ ਪਿੰਨੀਆਂ, ਨਮਕੀਨ ਮੱਠੀਆਂ ਅਤੇ ਗੁੜ ਦੇ ਗੁਲਗੁਲੇ ਜਿਹੇ ਤਿਆਰ ਕਰਕੇ ਪੈਕਟ ਬੰਨ੍ਹ ਦਿੱਤਾ... ਭਾਂਤ-ਭਾਂਤ ਦੇਸ ਰਟਣ ਤੋਂ ਬਾਅਦ ਖੁਰਾਕ ਦੀ ਸਮੱਸਿਆ ਹੱਲ ਕਰਨ ਦਾ ਵਲ ਤਾਂ ਆ ਗਿਆ ਹੈ ਪਰ ਇਹ ਮੰਨਣਾ ਪਵੇਗਾ ਕਿ ਪੰਜਾਬ ਅਤੇ ਖਾਸ ਕਰਕੇ ਅੰਮ੍ਰਿਤਸਰ ਦੇ ਢਾਬਿਆਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।'

ਟੋਕੀਓ ਦੇ ਇਕ ਗਿਰਜਾਘਰ ਵਿਚ ਸ. ਵਿਰਕ ਨੂੰ ਆਪਣੇ ਸਾਥੀ ਵਿਗਿਆਨੀਆਂ ਨਾਲ ਜਾਣਾ ਪਿਆ, ਜਿਥੇ ਸ਼ਰਧਾਲੂ ਉਚੀ-ਉਚੀ ਬੋਲ ਕੇ ਪ੍ਰਾਰਥਨਾ ਕਰ ਰਹੇ ਸਨ। ਉਹ ਲਿਖਦੇ ਹਨ, 'ਮੈਨੂੰ ਵੀ ਪਾਦਰੀ ਨੇ ਮੰਤਰ ਦੀ ਇਕ ਤੁਕ ਦੱਸੀ ਅਤੇ ਉਚੀ-ਉਚੀ ਬੋਲਣ ਲੱਗਾ। ਇਹ ਰਟਣ ਸਾਡੇ ਰੈਣ-ਸਬਾਈ ਜਥੇ ਦੇ 'ਵਾਹਿਗੁਰੂ-ਵਾਹਿਗੁਰੂ' ਅਲਾਪ ਨਾਲ ਮੇਲ ਖਾਂਦਾ ਸੀ। ਮੈਨੂੰ ਜਪਾਨੀ ਮੰਤਰ ਤਾਂ ਯਾਦ ਨਾ ਹੋਇਆ, ਮੈਂ ਵਾਹਿਗੁਰੂ-ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ। ਪਾਦਰੀ ਕਹਿਣ ਲੱਗਾ ਕਿ ਤੁਸੀਂ ਆਪਣੇ ਧਰਮ ਵਿਚ ਰਹਿ ਕੇ ਵੀ ਸਾਡੀ ਪ੍ਰਾਰਥਨਾ ਵਿਚ ਸ਼ਾਮਲ ਹੋ ਸਕਦੇ ਹੋ। ਮੈਂ ਸੋਚਿਆ, ਇਹ ਹਕੀਕਤ ਤਾਂ ਕੇਵਲ ਬਾਬੇ ਨਾਨਕ ਦੇ ਸਿੱਖ ਧਰਮ ਵਿਚ ਹੀ ਪ੍ਰਵਾਨ ਸੀ, ਜਪਾਨੀਆਂ ਨੂੰ ਇਸ ਰਾਜ਼ ਦਾ ਕਿਵੇਂ ਪਤਾ ਲੱਗ ਗਿਆ?'

ਇਸੇ ਗਿਰਜਾਘਰ ਦੇ ਤਲਾਬ ਵਿਚ ਜਦੋਂ ਚੁੱਭੀ ਲਾਉਣ ਲਈ ਸਰਦਾਰ ਵਿਰਕ ਨੂੰ ਕਿਹਾ ਗਿਆ ਤਾਂ ਉਹ ਜਕ ਗਏ, 'ਭਾਵੇਂ ਮੈਂ ਐਤਵਾਰ ਨੂੰ ਕੇਸੀ ਇਸ਼ਨਾਨ ਕਰਨਾ ਹੀ ਸੀ ਪਰ ਉਥੇ ਜਪਾਨੀ ਔਰਤਾਂ ਦੀ ਹਾਜ਼ਰੀ ਵਿਚ ਮੈਂ ਝਿਜਕ ਗਿਆ ਅਤੇ ਹੋਟਲ ਵਾਪਸ ਜਾਣ ਦੀ ਤਜਵੀਜ਼ ਪੇਸ਼ ਕੀਤੀ।' ਜਪਾਨੀ ਰਹਿਣ-ਸਹਿਣ ਬਾਰੇ ਉਹ ਲਿਖਦੇ ਹਨ, 'ਜਪਾਨੀ ਘਰ ਸਵੱਛ, ਕੁਦਰਤ ਦੀ ਛੋਹ ਨਾਲ ਓਤਪੋਤ ਅਤੇ ਸਾਡੇ ਘਰਾਂ ਵਾਂਗ ਫਾਲਤੂ ਸਾਮਾਨ ਨਾਲ ਤੂੜੇ ਪਏ ਨਹੀਂ ਹੁੰਦੇ। ਸਾਰਾ ਪਰਿਵਾਰ ਛੋਟੇ ਮੇਜ਼ ਦੁਆਲੇ ਬਹਿ ਕੇ ਖਾਣਾ ਖਾਂਦਾ ਹੈ ਤੇ ਰਾਤ ਨੂੰ ਸਾਰੇ ਜ਼ਮੀਨ 'ਤੇ ਸੌਂ ਜਾਂਦੇ ਹਨ।... ਇਥੋਂ ਦੇ ਲੋਕਾਂ ਦੀ ਹਰੀ ਚਾਹ, ਮੈਨੂੰ ਤਾਂ ਬੜੀ ਬੇਸੁਆਦ ਜਾਪੀ, ਪਰ ਮੈਂ ਦਵਾਈ ਵਾਂਗ ਘੁੱਟੋ-ਵੱਟੀ ਪੀ ਗਿਆ।'

ਜਪਾਨ ਵਿਚਲੇ ਭਾਫ਼ ਵਾਲੇ ਚਸ਼ਮਿਆਂ 'ਤੇ ਜੋੜਾਂ ਦੇ ਦਰਦ ਵਾਲੇ ਮਰੀਜ਼ ਨਹਾਉਂਦੇ ਦੇਖ ਕੇ ਉਨ੍ਹਾਂ ਨੂੰ ਮਨੀਕਰਨ ਦਾ ਗੁਰਦੁਆਰਾ ਯਾਦ ਆਉਂਦਾ ਹੈ, 'ਮਨੀਕਰਨ ਗੁਰਦੁਆਰੇ ਵਿਚ ਵੀ ਬਾਬਿਆਂ ਨੇ ਇਕ ਕਮਰਾ 'ਭਾਫ਼ ਇਸ਼ਨਾਨ' ਲਈ ਰੱਖਿਆ ਹੋਇਆ ਹੈ। ਭਾਵੇਂ ਉਹ ਇਲਾਜ ਲਈ ਵਿਗਿਆਨਕ ਵਿਧੀ ਦੀ ਬਜਾਏ 'ਬਾਬੇ ਦੀ ਫੁੱਲ ਕਿਰਪਾ' ਹੀ ਦੱਸਦੇ ਹਨ। ਇਥੋਂ ਦੇ ਇਕ ਅਜਾਇਬਘਰ ਦਾ ਦੌਰਾ ਕਰਨ ਉਪਰੰਤ ਸ. ਵਿਰਕ ਦੱਸਦੇ ਹਨ, 'ਪੁਰਾਣੇ ਹਥਿਆਰ ਸਿੱਖ ਯੋਧਿਆਂ ਵਾਲੇ ਹੀ ਸਨ, ਤਲਵਾਰ, ਤੀਰ ਕਮਾਨ ਅਤੇ ਬਰਛਾ ਵਗੈਰਾ...'ਸਾਮੂਰਾਏ' ਕਬੀਲੇ ਦੇ ਲੋਕ ਤਲਵਾਰ ਦੇ ਧਨੀ ਸਨ ਅਤੇ ਖਾਲਸੇ ਵਾਗ ਕੇਸਾਧਾਰੀ ਸਨ।'

ਆਸਟ੍ਰੇਲੀਆ ਦੇ ਸ਼ਹਿਰ ਕੈਨਬਰਾ ਵਿਖੇ ਹੋਈ ਵਿਗਿਆਨੀਆਂ ਦੀ ਇਕ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋਣ ਗਏ ਉਹ ਉਥੋਂ ਦੇ ਵਿਰਾਟ ਜੰਗਲਾਂ ਨੂੰ ਗਾਹੁੰਦੇ ਰਹੇ। ਵਰਨਣ ਦੇਖੋ, 'ਆਸਟ੍ਰੇਲੀਆ ਆਬਾਦ ਹੋਏ ਨੂੰ ਅਜੇ ਦੋ ਸੌ ਸਾਲ ਹੀ ਹੋਏ ਹਨ। ਅਠ੍ਹਾਰਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਅੰਗਰੇਜ਼ ਜਹਾਜ਼ਰਾਨਾਂ ਨੇ ਇਸ ਬੰਜਰ ਧਰਤੀ ਉਪਰ ਆ ਕਦਮ ਰੱਖਿਆ। ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੰਗਰੇਜ਼ ਵਿਸ਼ਵ ਭਰ ਵਿਚ ਸਭ ਤੋਂ ਵਧ ਸ਼ਕਤੀਸ਼ਾਲੀ ਕੌਮ ਬਣ ਕੇ ਉਭਰੇ ਹਨ... ਭਲਾ ਮੁਕਾਬਲਾ ਕਰੋ ਖਾਂ ਆਪਣੇ ਭਾਰਤ ਦੀ 'ਸੱਭਿਆ ਕੌਮ' ਨਾਲ, ਜਿਸ ਨੇ ਆਜ਼ਾਦੀ ਹਾਸਲ ਕਰਕੇ ਲੁੱਟ-ਖਸੁੱਟ ਵਿਚ ਸਭ ਨੂੰ ਪਛਾੜ ਦਿੱਤਾ ਹੈ।...ਇਥੇ ਹੀ ਚਾਰਲਸ ਡਾਰਵਿਨ ਨੇ ਕਈ ਵਰ੍ਹੇ ਜੀਵ-ਜੰਤੂਆਂ 'ਤੇ ਖੋਜ ਕਰਕੇ, ਆਪਣਾ ਵਿਸ਼ਵ ਪ੍ਰਸਿੱਧ 'ਜੀਵਨ ਵਿਕਾਸ ਸਿਧਾਂਤ' ਪੇਸ਼ ਕੀਤਾ, ਜਿਸ ਵਿਚ ਬਾਈਬਲ ਦੀ ਧਾਰਨਾ ਦੇ ਉਲਟ ਇਹ ਸਿੱਧ ਕੀਤਾ ਗਿਆ ਕਿ ਮਨੁੱਖ ਦਾ ਵਿਕਾਸ ਬਾਂਦਰ ਤੋਂ ਹੋਇਆ।'

ਇਸੇ ਦੇਸ਼ ਦੀ ਸੈਰ ਦਾ ਵੇਰਵਾ ਦਿੰਦੇ ਹੋਏ ਉਹ ਇਕ ਥਾਂ ਲਿਖਦੇ ਹਨ, 'ਇਕ ਚਿੜੀਆਘਰ ਦੇ ਬਾਹਰ ਬੋਰਡ 'ਤੇ ਲਿਖਿਆ ਹੋਇਆ ਸੀ, "ਆਪਣੇ ਪੁਰਖਿਆਂ ਨੂੰ ਮਿਲੋ।" ਇਥੇ ਹੀ ਅਜੀਬ ਕਿਸਮ ਦੇ ਰੰਗਦਾਰ ਤੋਤੇ ਦੇਖੇ, ਜੋ ਸਾਨੂੰ 'ਹੈਲੋ' ਕਹਿ ਕੇ ਬੁਲਾ ਰਹੇ ਸਨ। ਗਾਈਡ ਨੇ ਦੱਸਿਆ ਕਿ ਇਨ੍ਹਾਂ ਨੂੰ ਮੱਤ ਛੇੜਨਾ। ਵਰਨਾ ਇਹ ਅੰਗਰੇਜ਼ੀ ਵਿਚ ਗਾਲ੍ਹਾਂ ਕੱਢਣੀਆਂ ਵੀ ਜਾਣਦੇ ਹਨ।' ਕੈਨਬਰਾ ਦੇ ਹਰੇ ਭਰੇ ਜੰਗਲਾਂ ਵਿਚ ਚੁੰਗੀਆਂ ਭਰਦੇ ਕੰਗਾਰੂਆਂ ਨੂੰ ਤੱਕ ਕੇ, ਵਿਰਕ ਜੀ ਪੰਜਾਬ ਨੂੰ ਚੇਤੇ ਕਰਦੇ ਹਨ, 'ਹੁਣ ਪੰਜਾਬ ਵਿਚ ਤਾਂ ਜੰਗਲ ਦਾ ਨਾਮੋ ਨਿਸ਼ਾਨ ਹੀ ਨਹੀਂ ਰਿਹਾ। 'ਹਰੇ ਇਨਕਲਾਬ' ਨੇ ਐਸਾ ਚੱਕਰਵਿਊ ਪੈਦਾ ਕਰ ਰੱਖਿਆ ਹੈ ਕਿ ਪੰਜਾਬ ਵਿਚ ਹੁਣ ਹਿਰਨਾਂ ਦੀਆਂ ਡਾਰਾਂ ਤਾਂ ਨਹੀਂ ਲੱਭਦੀਆਂ, ਹਾਂ ਯੂ.ਪੀ. ਅਤੇ ਬਿਹਾਰ ਤੋਂ ਭਈਆਂ ਦੀਆਂ ਡਾਰਾਂ ਜ਼ਰੂਰ ਆ ਜਾਂਦੀਆਂ ਹਨ।'

ਇਕ ਪ੍ਰਬੀਨ ਇਤਿਹਾਸਕਾਰ ਵਾਂਗ ਉਸਨੇ ਪੈਗੰਬਰਾਂ ਦੇ ਸ਼ਹਿਰ ਯੂਰੋਸ਼ਲਮ ਦੀ ਯਾਤਰਾ ਦਾ ਹਾਲ ਲਿਖਿਆ ਹੈ, 'ਰੋਮਨ ਬਾਦਸ਼ਾਹ ਤੋਂ ਬਾਅਦ ਇਥੇ ਅਰਬਾਂ ਦਾ ਰਾਜ ਹੋ ਗਿਆ। ਫਿਰ ਮੰਗੋਲਾਂ ਤੋਂ ਬਾਅਦ ਪੰਜ ਸੌ ਸਾਲ ਤੁਰਕਾਂ ਦਾ ਰਾਜ ਕਾਇਮ ਰਿਹਾ। ਅੰਗਰੇਜ਼ਾਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ 'ਤੇ ਕਬਜ਼ਾ ਕਰ ਲਿਆ... ਅਰਬਾਂ ਨੇ ਯਹੂਦੀਆਂ ਅਤੇ ਈਸਾਈਆਂ ਦੇ ਗਿਰਜੇ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ...ਜਿਵੇਂ ਦਿੱਲੀ ਸ਼ਹਿਰ ਵਿਚ ਕਤਲੋਗਾਰਤ ਹੁੰਦੀ ਰਹੀ, ਉਹੋ ਯੂਰੋਸ਼ਲਮ ਦੀ ਕਹਾਣੀ ਹੈ... ਅਸੀਂ ਇਥੋਂ ਦੀ ਉਸ ਇਤਿਹਾਸਕ ਗਲੀ ਵਿਚ ਵੀ ਗਏ, ਜਿਥੋਂ ਦੋ ਹਜ਼ਾਰ ਸਾਲ ਪਹਿਲਾਂ ਹਜ਼ਰਤ ਈਸਾ ਆਪਣੀ ਸਲੀਬ ਚੁੱਕ ਕੇ ਲੰਘੇ ਸਨ। ਇਸ ਗਲੀ ਦਾ ਨਾਮ 'ਦੋਲਾ ਰੋਸਾ' ਹੈ, ਭਾਵ 'ਦੁੱਖਾਂ ਦੀ ਗਲੀ'... ਹਜ਼ਰਤ ਈਸਾ ਡਿੱਗਦੇ ਢਹਿੰਦੇ ਜਾ ਰਹੇ ਸਨ ਤੇ ਉਨ੍ਹਾਂ ਦੀ ਯਾਦ ਵਿਚ ਚੌਦਾਂ ਮੁਕਾਮਾਂ 'ਤੇ ਯਾਦਾਂ ਕਾਇਮ ਕੀਤੀਆਂ ਗਈਆਂ ਹਨ।'

ਇਜ਼ਰਾਈਲ ਦੇ ਪ੍ਰਾਚੀਨ ਧਰੋਹਰ ਨਾਲ ਭਰੇ ਪਏ ਅਜਾਇਬਘਰਾਂ ਨੂੰ ਨੀਝ ਨਾਲ ਤੱਕ ਕੇ ਆਪ ਲਿਖਦੇ ਨੇ, 'ਯਹੂਦੀ ਲਿਖਾਰੀਆਂ ਨੇ ਆਪਣਾ ਇਤਿਹਾਸ, ਧਾਰਮਿਕ ਤੇ ਦਾਰਸ਼ਨਿਕ ਗ੍ਰੰਥ ਲਿਖ ਕੇ ਮਿੱਟੀ ਦੇ ਬਰਤਨਾਂ ਵਿਚ ਬੰਦ ਕਰਕੇ ਪਹਾੜਾਂ ਦੀਆਂ ਕੰਦਰਾਂ ਵਿਚ ਰੱਖ ਦਿੱਤੇ। ਵਰ੍ਹਿਆਂ ਬਾਅਦ ਕੋਈ ਆਜੜੀ ਆਪਣੀ ਗਵਾਚੀ ਹੋਈ ਭੇਡ ਲੱਭਦਾ-ਲੱਭਦਾ ਇਕ ਗੁਫਾ ਵਿਚ ਜਾ ਵੜਿਆ ਤੇ ਇਨ੍ਹਾਂ ਗ੍ਰੰਥਾਂ ਦੀ ਟੋਹ ਕੱਢ ਲਿਆਇਆ।...ਇਸ ਅਨਮੋਲ ਖਜ਼ਾਨੇ ਨੂੰ ਯੂਰੋਸ਼ਲਮ ਦੇ ਅਜਾਇਬਘਰਾਂ ਵਿਚ ਸਾਂਭਿਆ ਗਿਆ ਹੈ...ਇਨ੍ਹਾਂ ਨੂੰ ਦੇਖਦਿਆਂ ਮੈਨੂੰ ਯਾਦ ਆਇਆ ਕਿ 'ਖਾਲਸਾ ਵਿਰਾਸਤ' ਮਿਊਜ਼ੀਅਮ ਦਾ ਆਰਕੀਟੈਕਟ ਵੀ ਇਜ਼ਰਾਈਲ ਦਾ ਹੀ ਇਕ ਯਹੂਦੀ ਹੈ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜਾਇਬਘਰ ਬਣਾ ਰਿਹਾ ਹੈ।"

ਇਕ ਥਾਂ ਸ. ਵਿਰਕ ਨੇ ਆਪਣੇ ਅੜਬੰਗਪੁਣੇ ਦੀ ਝਲਕੀ ਵੀ ਦਿਖਾਈ ਹੋਈ ਹੈ। ਇਰਾਕ ਦੇ ਦੋ ਵਿਗਿਆਨੀਆਂ, ਹਾਨਾ ਹਸਨ ਤੇ ਨਾਹਿਦਾ ਜ਼ੂਮਾ ਵਲੋਂ ਦਿੱਤੇ ਗਏ ਬਗਦਾਦ ਆਉਣ ਦੇ ਸੱਦੇ ਨੂੰ ਠੁਕਰਾਉਂਦਿਆਂ ਉਨ੍ਹਾਂ ਜਵਾਬ ਦਿੱਤਾ, 'ਮੇਰੀ ਸ਼ਰਤ ਹੈ ਕਿ ਜਿੰਨਾ ਚਿਰ ਅਮਰੀਕਨ ਇਰਾਕ ਖਾਲੀ ਨਹੀਂ ਕਰਦੇ, ਮੈਂ ਬਗਦਾਦ ਨਹੀਂ ਜਾਵਾਂਗਾ।'

ਅਰੰਭਕ ਸਤਰਾਂ ਵਿਚ ਮੈਂ ਅਰਜ਼ ਕਰ ਹੀ ਚੁੱਕਿਆ ਹਾਂ ਕਿ ਵਿਸ਼ਵ ਪਰਿਕਰਮਾ ਦੀ ਅਗੰਮੀ ਗਾਥਾ ਨੂੰ ਸਮੇਟਣਾ ਮੇਰੇ ਵੱਸ ਦੀ ਗੱਲ ਨਹੀਂ। ਹਾਂ, ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਜੇ ਕਿਸੇ ਨੇ ਬਿਨਾਂ ਕੋਈ ਹਵਾਈ ਟਿਕਟ ਲਿਆਂ, ਬਿਨਾਂ ਕਿਸੇ ਖਜ਼ਾਲਤ, ਦੁਨੀਆਂ ਭਰ ਦੀ ਸੈਰ ਕਰਨੀ ਹੋਵੇ ਤਾਂ ਉਹ ਘਰੇ ਬੈਠਿਆਂ ਹੀ ਚੰਡੀਗੜ੍ਹ ਵਾਸੀ ਸ. ਹਰਦੇਵ ਸਿੰਘ ਵਿਰਕ ਦੀ ਲਿਖੀ ਹੋਈ 'ਮੇਰੀ ਵਿਸ਼ਵ ਯਾਤਰਾ' ਪੜ੍ਹ ਸਕਦਾ ਹੈ।

## .ਗਜ਼ਲ

ਰਾਜਿੰਦਰ ਜਿੰਦ, ਨਿਊ ਯਾਰਕ, ਫੋਨ:917-776-9956

ਬੰਜਰ ਧਰਤੀ ਛੱਡ ਕੇ ਬੱਦਲ ਸਾਗਰ ਉਤੇ ਵਰ ਚੱਲੇ ਨੇ।
ਦੇਖੋ ਸ਼ਹਿਰ ਵਸਾਵਣ ਵਾਲੇ ਫੁੱਟਪਾਥਾਂ ਤੇ ਮਰ ਚੱਲੇ ਨੇ।

ਕੰਡੇ ਦੀ ਇਕ ਚੋਭ ਦੇ ਨਾਲ ਹੀ ਛਾਲੇ ਵਾਂਗੂ ਫਿਸਦੇ ਜਿਹੜੇ,
ਮਰਨ ਜੀਣ ਦੇ ਕਿੰਨੇ ਈ ਵਾਅਦੇ ਉਹ ਮੇਰੇ ਨਾਲ ਕਰ ਚੱਲੇ ਨੇ।

ਪੜ੍ਹਨ ਦੀ ਰੁੱਤੇ ਬੇਰ ਵੇਚਦੇ ਉਚੀ-ਉਚੀ ਹੋਕਾ ਲਾ ਕੇ,
ਬਚਪਣ ਅਤੇ ਜਵਾਨੀ ਆਪਣੀ ਦੇਸ਼ ਦੇ ਨਾਂਵੇਂ ਕਰ ਚੱਲੇ ਨੇ।

ਢਹਿੰਦੇ ਮਨ ਨੂੰ ਸਬਰਾਂ ਦੇ ਨਾਲ ਕਿੰਨੀ ਵਾਰੀ ਬੰਨ ਲਿਆ ਏ,
ਦੁੱਖ ਦੀਆਂ ਉਠਦੀਆਂ ਤੇਜ ਛੱਲਾਂ ਨਾਲ ਉਹ ਕੰਢੇ ਵੀ ਖਰ ਚੱਲੇ ਨੇ।

ਧੀਆਂ ਭੈਣਾਂ ਦੇ ਰਖਵਾਲੇ ਦੇਸ਼ ਦੀ ਖਾਤਿਰ ਮਿਟਣੇ ਵਾਲੇ,
ਜੰਗਜੂ ਕੌਮ ਦੇ ਲਾਡਲੇ ਪੁੱਤਰ ਨਸ਼ਿਆਂ ਦੇ ਨਾਲ ਮਰ ਚੱਲੇ ਨੇ।

ਯਾਰਾਂ ਨੂੰ ਜਦ ਹੁਕਮ ਹੋ ਗਿਆ ਯਾਰਾਂ ਨੂੰ ਸੰਗਸਾਰ ਕਰਨ ਦਾ,
ਆਪਣੇ ਹਿੱਸੇ ਦਾ ਇੱਕ ਪੱਥਰ ਉਹ ਵੀ ਸੀਨੇ ਧਰ ਚੱਲੇ ਨੇ।

ਗੱਲਾਂ ਦੇ ਵਿਚ ਅੱਗ ਸੀ ਜਿਸਦੇ ਪੈਰਾਂ ਨੂੰ ਕੋਈ ਕਾਹਲੀ ਸੀ,
ਲੜਦੇ-ਲੜਦੇ ਵਕਤ ਨਾਲ ਹੁਣ ਉਹ ਬੰਦੇ ਵੀ ਹਰ ਚੱਲੇ ਨੇ।

ਜੀਵਣ ਦੇ ਨਾਲ ਲੜਦੇ-ਲੜਦੇ ਕੇਸ ਮੋੜ ਤੇ ਆ ਪਹੁੰਚੇ ਆਂ,
ਪੇਟ ਦੀ ਖਾਤਿਰ ਅਣਖਾਂ ਵਾਲੇ ਅੱਗ ਦਾ ਸਾਗਰ ਤਰ ਚੱਲੇ ਨੇ।

ਖੁਸ਼ਖਬਰੀ!

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

ਖੁਸ਼ਖਬਰੀ!

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

### (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



### ਹੋਰ ਜਾਣਕਾਰੀ ਲਈ ਕਾਲ ਕਰੋ:

ਚੇਅਰਮੈਨ
ਸ. ਅਮੋਲਕ ਸਿੰਘ ਗਾਖਲ
831-247-4637

ਪ੍ਰਧਾਨ
ਸ. ਬਲਬੀਰ ਸਿੰਘ ਭਾਟੀਆ
510-677-6248

ਜਨਰਲ ਸਕੱਤਰ
ਸ. ਗੁਰਦਾਵਰ ਸਿੰਘ ਮਹੇੜੂ
510-468-9381

ਕਬੱਡੀ ਕੋਚ ਯੁਨਾਈਟਿਡ ਕਲੱਬ
ਸ. ਪਰਮਜੀਤ ਸਿੰਘ ਸੰਧੂ
510-491-4573

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

**ਪਲਾਟੀਨਮ ਸਪਾਂਸਰ**

ਗਾਖਲ ਬ੍ਰਦਰਜ਼
ਪਲਵਿੰਦਰ ਸਿੰਘ ਗਾਖਲ,
ਇਕਬਾਲ ਸਿੰਘ ਗਾਖਲ ਅਤੇ
ਅਮੋਲਕ ਸਿੰਘ ਗਾਖਲ
ਸ. ਕੁਲਦੀਪ ਸਿੰਘ ਧਾਲੀਵਾਲ
ਸ. ਦਵਿੰਦਰ ਸਿੰਘ ਰਣੀਆ
ਸ. ਜਸਵੀਰ ਸਿੰਘ ਰਾਜਾ



ਸ. ਬਿੱਕਰ ਸਿੰਘ



ਸ. ਕਸ਼ਮੀਰ ਸਿੰਘ ਸਹੋਤਾ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੰਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧ ਦੋਨਾਂ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।



ਸ. ਸੋਹਣ ਸਿੰਘ

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋ) ਸ਼ਾਮਲ ਕੀਤੇ ਜਾਣਗੇ।

### Special thanks to all the Donors from United Sports Club.

1. Gakhal Brothers-Watsonville
2. Raja Sweets – Union City
3. Jugraj and Narinder S.Sahota
4. Link Insurance- Oakland
5. Taj Insurance –Fremont
6. Dalwinder S. Dhoot
7. Diamond Transportation-Stockton
8. Gurdev S. Sohal- Sacramento
9. Kulwant S. Nijjar
10. Santa Clara Sports Club
11. Gurcharan S. Mann
12. Shere Punjab Sports Club-Los Banos
13. Favorite Indian Restaurant
14. Lakhbir S. Patwari
15. Tut Brothers –Watsonville
16. Kuldip S. Dhaliwal
17. Raj Bhanot-Hindu Temple Sunnyvale
18. Pritam S. Grewal (Jodha- Mansooran Wale)
19. Moga Tires- Fresno
20. Dalwinder S. Padda
21. Mangal S. Bhandal-Watsonville
22. Raghbir S. Gakhal( Kala)
23. American Reality and Business Corp
24. Balbir S. Bhatia
25. Cap. Rajinder S. Randhawa
26. kuldeep Singh ( Buta) – Sacramento
27. Apna Punjab Asso. –Hayward
28. PS Carrier- Union City
29. Avtar S. Saran
30. Gill Insurance- Cruthers
31. Avtar S. Bains- Salinal
32. Mohinder S Kaler& Baljinder Kaler
33. Gurjinder Pal Rai
34. Tracy Liquor- (Kala Tracy Wala)
35. Sarwan Singh- Stockton
36. Tirth S. Sahota
37. Sewa Singh- Roseville
38. Paramjit S. Khera- Folsom
39. Harbhajan S. Gakhal
40. Gurmail S. Gakhal
41. Jassi Gill- Golden State Reality
42. Balraj Singh – San Jose
43. Bhupinder S. Parmar
44. Amar Kooner- USI Network
45. Baljit S. Mann
46. Kulwant S. Khera – San Francisco
47. Gurdev S. Nahal- Sacramento
48. Rana Kahlon- Commissioner
49. Manjit Singh & Mehanga S. Sarpanch
50. Sucha Ram Bharta
51. Randhir S. Kang
52. Kuldeep Bhadwal- San Jose
53. Joga Singh & Ajitpal S. Shergill
54. Sohan Singh Gakhal
55. Major S. Gakhal
56. Harwinder S. Dhaliwal- Chairman Sikh Sports
57. Econo Liqour
58. Apna Punjab Restaurant- Fremont
59. Paramjit S. Sandhu- Head Coach
60. Kabal S. Tut
61. Dilawar Singh – Sub Way
62. Mr. Basti Danshmanda

ਇਹ ਖੇਡ ਮੇਲਾ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਬੈਨਰ ਥੱਲੇ ਕਰਵਾਇਆ ਜਾਏਗਾ।

## ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।

# ਪੰਜਾਬ-ਹਰਿਆਣਾ 'ਚ ਹੜ੍ਹ, ਕੇਂਦਰ ਵਲੋਂ ਝਾੜ

ਦਰਿਆ ਵਿਚ ਪਏ 33 ਪਾੜਾਂ ਵਿਚੋਂ ਅੱਧੇ ਤੋਂ ਵਧ ਪਾੜ ਪੂਰੀ ਤਰ੍ਹਾਂ ਪੂਰ ਦਿੱਤੇ ਗਏ ਹਨ ਜਦ ਕਿ 16 ਹੋਰ ਪਾੜ ਇਕ ਦੋ ਦਿਨ ਵਿਚ ਪੂਰ ਦਿੱਤੇ ਜਾਣ ਦੀ ਉਮੀਦ ਹੈ। ਇਸੇ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਇਲਾਕੇ ਵਿਚ ਦੋ ਹੋਰ ਮੌਤਾਂ ਨਾਲ ਪੰਜਾਬ ਵਿਚ ਮੀਂਹ ਤੇ ਹੜ੍ਹਾਂ ਨਾਲ ਮੌਤਾਂ ਦੀ ਗਿਣਤੀ 25 'ਤੇ ਜਾ ਪਹੁੰਚੀ ਹੈ।

ਹੁਣ ਜਦੋਂ ਬਾਕੀ ਖੇਤਰਾਂ ਵਿਚ ਪਾਣੀ ਘਟ ਰਿਹਾ ਹੈ ਤਾਂ ਮਾਨਸਾ ਤੇ ਸਰਦੂਲਗੜ੍ਹ ਇਲਾਕੇ ਨੂੰ ਪਾਣੀ ਨੇ ਘੇਰ ਰੱਖਿਆ ਹੈ। ਇਸ ਦੌਰਾਨ ਕੇਂਦਰ ਨੇ ਪੰਜਾਬ ਅਤੇ ਹਰਿਆਣਾ ਨੂੰ ਝਾੜ ਪਾਉਂਦਿਆਂ ਕਿਹਾ ਹੈ ਕਿ ਉਹ ਪਹਿਲਾਂ ਕੁਦਰਤੀ ਆਫਤਾਂ ਲਈ ਪਹਿਲਾਂ ਪਿਆ ਫੰਡ ਵਰਤੋਂ ਵਿਚ ਲਿਆਉਣ। ਜ਼ਿਕਰਯੋਗ ਹੈ ਕਿ ਪੰਜਾਬ ਕੋਲ 2316 ਕਰੋੜ ਰੁਪਏ ਅਤੇ ਹਰਿਆਣਾ ਕੋਲ 1151 ਕਰੋੜ ਰੁਪਏ ਦਾ ਫੰਡ ਅਣਵਰਤਿਆ ਪਿਆ ਹੈ। ਇਸ ਦੇ ਬਾਵਜੂਦ ਦੋਨਾਂ ਰਾਜਾਂ ਦੀਆਂ ਸਰਕਾਰਾਂ ਕੇਂਦਰ ਤੋਂ ਰਾਹਤ ਦੀ ਮੰਗ ਕਰ ਰਹੀਆਂ ਹਨ। ਇਸ ਤੋਂ ਇਲਾਵਾ ਕੇਂਦਰ ਨੇ ਪੰਜਾਬ ਤੇ ਹਰਿਆਣਾ ਵਿਚ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਇਕ ਟੀਮ ਦਾ ਗਠਨ ਵੀ ਕੀਤਾ ਹੈ।

ਇਸ ਹਫਤੇ ਦੇ ਸ਼ੁਰੂ ਤੋਂ ਹੀ ਰਾਜਧਾਨੀ ਚੰਡੀਗੜ੍ਹ ਅਤੇ ਨੇੜਲੇ ਇਲਾਕਿਆਂ ਵਿਚ ਭਰਵੀਂ ਬਾਰਿਸ਼ ਹੁੰਦੀ ਰਹੀ ਜਿਸ ਕਾਰਨ ਘੱਗਰ ਵਿਚ ਪਾਣੀ ਦਾ ਪੱਧਰ ਹੋਰ ਵਧਣ ਦਾ ਖਦਸ਼ਾ ਪ੍ਰਗਟਾਇਆ ਗਿਆ ਹੈ। ਇਸੇ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹੜ੍ਹਾਂ ਦੌਰਾਨ ਰਾਜ ਦੇ 7 ਜ਼ਿਲ੍ਹਿਆਂ ਵਿਚ ਬਿਜਲੀ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਸਮੇਤ ਸਰਕਾਰੀ ਸੰਪਤੀ ਨੂੰ ਪਹੁੰਚੇ ਨੁਕਸਾਨ ਦਾ ਵਿਆਪਕ ਸਰਵੇਖਣ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਸਰਕਾਰ ਨੇ ਕਰਜ਼ੇ ਅਗੇ ਪਾਉਣ ਦੇ ਆਦੇਸ਼ ਵੀ ਦਿੱਤੇ ਹਨ। ਉਪ ਮੁੱਖ ਮੰਤਰੀ ਨੇ ਸਹਿਕਾਰਤਾ ਵਿਭਾਗ ਨੂੰ ਕਿਹਾ ਹੈ ਕਿ ਰਾਜ ਦੇ ਹੜ੍ਹ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਤੋਂ ਸਹਿਕਾਰੀ ਖੇਤੀ ਕਰਜ਼ਿਆਂ ਦੀ ਵਸੂਲੀ ਨੂੰ ਮੁਲਤਵੀ ਕਰਨ ਤੋਂ ਇਲਾਵਾ ਥੋੜ੍ਹੇ ਸਮੇਂ ਦੇ ਕਰਜ਼ਿਆਂ ਨੂੰ ਲੰਮੇ ਸਮੇਂ ਦੇ ਕਰਜ਼ਿਆਂ ਵਿਚ ਬਦਲਿਆ ਜਾਵੇ। ਸ. ਬਾਦਲ ਨੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਇਕ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਅਜਿਹੇ ਨਿਰਦੇਸ਼ ਜਨਤਕ ਖੇਤਰ ਦੇ ਬੈਕਾਂ ਲਈ ਵੀ ਜਾਰੀ ਕੀਤੇ ਜਾਣ। ਇੰਜ ਹੀ ਪੰਜਾਬ ਦੇ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਹੜ੍ਹ ਤੋਂ ਪ੍ਰਭਾਵਤ ਕਿਸਾਨਾਂ ਨੂੰ 5 ਕਰੋੜ ਦੇ ਬੀਜ ਮੁਫਤ ਦਿੱਤੇ ਜਾਣਗੇ।

ਦੱਸਿਆ ਗਿਆ ਹੈ ਕਿ ਇਨ੍ਹਾਂ ਹੜ੍ਹਾਂ ਕਾਰਨ ਰਾਜ ਅੰਦਰ 2868 ਕਿਲੋਮੀਟਰ ਸੜਕੀ ਨੈਟਵਰਕ ਜਾਂ ਤਾਂ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ ਜਾਂ ਫਿਰ ਰੁੜ੍ਹ ਗਿਆ ਹੈ। ਹੜ੍ਹਾਂ ਨਾਲ ਰਾਜ ਦਾ ਕੁੱਲ 2,71,784 ਏਕੜ ਰਕਬਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਦੱਸਿਆ ਗਿਆ ਹੈ ਕਿ ਹੁਣ ਤੱਕ ਰਾਜ ਦੇ 1049 ਪਿੰਡ, ਹੜ੍ਹਾਂ ਦੀ ਮਾਰ ਹੇਠ ਆਏ ਹਨ। ਇਨ੍ਹਾਂ ਵਿਚੋਂ 490 ਪਟਿਆਲਾ, 200 ਲੁਧਿਆਣਾ, 190 ਫਤਹਿਗੜ੍ਹ ਸਾਹਿਬ, 58 ਰੂਪਨਗਰ, 55 ਐਸ.ਏ.ਐਸ. ਨਗਰ, ਮੋਗਾ 6 ਅਤੇ 28 ਸੰਗਰੂਰ ਜ਼ਿਲ੍ਹੇ ਦੇ ਹਨ। ਮਾਨਸਾ ਜਿਲ੍ਹੇ ਦੇ 22 ਪਿੰਡ ਪਾਣੀ ਦੀ ਮਾਰ ਵਿਚ ਆਏ ਹਨ। ਇਸ ਤੋਂ ਇਲਾਵਾ ਪਟਿਆਲਾ, ਗੁਰਦਾਸਪੁਰ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਫਿਰੋਜ਼ਪੁਰ, ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਤਾਜ਼ਾ ਮੀਂਹ ਪੈਣ ਕਾਰਨ ਸਰਕਾਰ ਦੀ ਚਿੰਤਾ ਵਧੀ ਹੈ ਅਤੇ ਘੱਗਰ ਅਤੇ ਭਾਖੜਾ ਮੇਨਲਾਈਨ ਦੀ ਬੁਰਜੀ 460 ਨੇੜੇ ਵੀ ਪਾਣੀ ਖਤਰੇ ਦੇ ਨਿਸ਼ਾਨ ਤੋਂ ਉਪਰ ਵਗ ਰਿਹਾ ਹੈ। ਉਧਰ, ਹਰਿਆਣਾ ਵਿਚ ਕੈਥਲ, ਫਤਿਆਬਾਦ ਤੇ ਸਿਰਸਾ ਜ਼ਿਲ੍ਹਿਆਂ ਵਿਚ ਹੜ੍ਹਾਂ ਦੀ ਸਥਿਤੀ ਗੰਭੀਰ ਬਣੀ ਹੋਈ ਹੈ। ਫਤਿਆਬਾਦ ਤੇ ਸਿਰਸਾ ਜ਼ਿਲ੍ਹਿਆਂ ਨੂੰ ਮੁੱਖ ਤੌਰ 'ਤੇ ਖਤਰਾ ਘੱਗਰ ਤੇ ਇਸ ਦੇ ਸਹਾਇਕ ਨਾਲਿਆਂ ਤੋਂ ਹੈ। ਪੰਜਾਬ ਦੇ ਬਾਕੀ ਹਿੱਸਿਆਂ ਵਿਚ ਜਦ ਹੜ੍ਹਾਂ ਦਾ ਪਾਣੀ ਕਿਸੇ ਹੱਦ ਤੱਕ ਲਹਿ ਰਿਹਾ ਹੈ, ਠੀਕ ਉਸੇ ਵੇਲੇ ਘੱਗਰ ਦਰਿਆ ਨੇ ਸਰਦੂਲਗੜ੍ਹ, ਝੁਨੀਰ, ਮਾਨਸਾ ਇਲਾਕੇ ਵਿਚ ਤਬਾਹੀ ਮਚਾ ਰੱਖੀ ਹੈ।

## ਕਿਸਾਨ ਆਗੂ ਬਲਕਾਰ ਸਿੰਘ ਡਕੌਂਦਾ ਦਾ ਹਾਦਸੇ ਵਿਚ ਦੇਹਾਂਤ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਪ੍ਰਧਾਨ ਬਲਕਾਰ ਸਿੰਘ ਡਕੌਂਦਾ (55 ਸਾਲ) ਅਤੇ ਉਨ੍ਹਾਂ ਦੀ ਪਤਨੀ ਜਸਵੀਰ ਕੌਰ ਦਾ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ। ਉਹ ਸੋਮਵਾਰ ਰਾਤੀਂ 9 ਕੁ ਵਜੇ ਸਰਹਿੰਦ ਦੇ ਆਮ-ਖ਼ਾਸ ਬਾਗ ਨੇੜੇ ਆਪਣੇ ਮੋਟਰ ਸਾਈਕਲ ਉਤੇ ਪਿੰਡ ਫਤਿਹਪੁਰ ਜਾ ਰਹੇ ਸਨ ਕਿ ਕੋਈ ਵਾਹਨ ਵਾਲਾ ਉਨ੍ਹਾਂ ਨੂੰ ਫੇਟ ਮਾਰ ਗਿਆ। ਉਨ੍ਹਾਂ ਨੂੰ ਫਤਿਹਗੜ੍ਹ ਸਾਹਿਬ ਦੇ ਹਸਪਤਾਲ ਲਿਜਾਇਆ ਗਿਆ। ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਚੰਡੀਗੜ੍ਹ ਪੀ.ਜੀ.ਆਈ. ਭੇਜ ਦਿੱਤਾ ਗਿਆ ਜਿੱਥੇ ਉਨ੍ਹਾਂ ਦੀ



ਮੌਤ ਗਈ।

ਕਾਮਰੇਡ ਡਕੌਂਦਾ ਪਹਿਲਾਂ ਆਰ.ਐਮ.ਪੀ. (ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ) ਸਨ। ਗੁਆਂਢੀ ਪਿੰਡ ਦਿੱਤੂਪੁਰ ਦੇ ਕਿਸਾਨ ਆਗੂ ਗੁਰਮੀਤ ਸਿੰਘ ਦਿੱਤੂਪੁਰ ਦੇ ਪ੍ਰਭਾਵ ਸਦਕਾ ਉਹ ਕਿਸਾਨ ਘੋਲਾਂ ਨਾਲ ਜੁੜ ਗਏ। ਸੰਨ 1984 ਵਿਚ ਭਾਰਤੀ ਕਿਸਾਨ ਯੂਨੀਅਨ ਦੀ ਨਾਭਾ ਇਕਾਈ ਦੇ ਪ੍ਰਧਾਨ ਚੁਣੇ ਗਏ। ਇਸ ਤੋਂ ਬਾਅਦ ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਦੀ ਪਟਿਆਲਾ ਇਕਾਈ ਦੇ ਸਕੱਤਰ, ਸੂਬਾ ਪ੍ਰੈਸ ਸਕੱਤਰ ਅਤੇ ਸੂਬਾ ਜਨਰਲ ਸਕੱਤਰ ਦੇ ਅਹੁਦੇ 'ਤੇ ਰਹਿੰਦਿਆਂ ਕਿਸਾਨਾਂ ਦੀ ਅਗਵਾਈ ਕੀਤੀ। ਅੱਜ-ਕੱਲ੍ਹ ਉਹ ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ ਦੇ ਪ੍ਰਧਾਨ ਸਨ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਛੋਟੀ ਕਿਸਾਨੀ ਵਿਚੋਂ ਸੀ। ਉਨ੍ਹਾਂ ਦੀ ਜੀਵਨ ਸਾਥਣ ਜਸਵੀਰ ਕੌਰ ਹਾਲ ਹੀ ਵਿਚ ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਸਕੂਲ, ਫ਼ਤਿਹਗੜ੍ਹ ਸਾਹਿਬ ਤੋਂ ਬਤੌਰ ਅਧਿਆਪਕ ਰਿਟਾਇਰ ਹੋਏ ਸਨ। ਉਨ੍ਹਾਂ ਦਾ ਇਕਲੌਤਾ ਬੇਟਾ ਆਸਟਰੇਲੀਆ ਵਿਚ ਹੈ।







# ਕੇਸੂ ਤੇ ਕਸੁੰਭੜਾ

**ਬਲਜੀਤ ਬਾਸੀ**

ਡਾ. ਗੁਰਨਾਮ ਕੌਰ ਦੇ ਸਵੈਜੀਵਨੀਮੂਲਕ ਲੇਖਾਂ ਦੀ ਪਿਛਲੀ ਕੜੀ ਪੜ੍ਹਨ ਤੋਂ ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਕੇਸੂ ਦੇ ਫੁੱਲ ਨੂੰ ਕਸੁੰਭੜਾ ਸਮਝਣ ਦਾ ਟਪਲਾ ਲੱਗਾ ਹੈ। ਵਾਸਤਵ ਵਿਚ ਇਹ ਦੋਨੋਂ ਬਿਲਕੁਲ ਅਲੱਗ ਅਲੱਗ ਬਨਸਪਤੀਆਂ ਹਨ। ਕੇਸੂ ਇਕ ਦਰਖਤ ਹੈ ਜਿਸ ਨੂੰ ਢਕ, ਪਲਾਹ, ਪਲਾਸ, ਛਿਛਰਾ, ਛਿਛੜਾ ਆਦਿ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ। 'ਢਾਕ ਕੇ ਤੀਨ ਪਾਤ' ਵਾਲਾ ਮੁਹਾਵਰਾ ਇਸੇ ਤੋਂ ਬਣਿਆ ਹੈ ਕਿਉਂਕਿ ਇਕ ਤਾਂ ਇਸ ਦੇ ਪੱਤੇ ਤਿਪਤੀਆ ਹੁੰਦੇ ਹਨ, ਦੂਜਾ ਇਸ ਨੂੰ ਬਹੁਤ ਹੌਲੀ ਹੌਲੀ ਉਸਰਨ ਵਾਲਾ ਦਰਖਤ ਮੰਨਿਆ ਗਿਆ ਹੈ। ਇਨ੍ਹਾਂ ਦਰਖਤਾਂ ਦੇ ਝੁੰਡ ਨੂੰ ਢਕੀ ਕਿਹਾ ਜਾਂਦਾ ਹੈ। ਇਸ ਦਾ ਵਿਗਿਆਨਕ ਨਾਂ Butea monosperma ਹੈ। ਅੰਗਰੇਜ਼ੀ ਵਿਚ ਇਸ ਨੂੰ flame of the forest ਕਿਹਾ ਜਾਂਦਾ ਹੈ। ਦਰਅਸਲ ਢਕ ਸ਼ਬਦ ਬਣਿਆ ਹੀ 'ਦਾਹ' ਤੋਂ ਹੈ ਜਿਸ ਦਾ ਮਤਲਬ 'ਬਲਣਾ' ਹੁੰਦਾ ਹੈ। 'ਦਾਹ-ਸੰਸਕਾਰ' ਵਿਚ ਏਹੀ ਸ਼ਬਦ ਮੌਜੂਦ ਹੈ। ਜਦ ਇਸਦੇ ਲਾਲ ਸੂਹੇ ਫੁੱਲ ਖਿੜੇ ਹੁੰਦੇ ਹਨ ਤਾਂ ਸਚਮੁਚ ਲਗਦਾ ਹੈ ਜਿਵੇਂ ਢਕੀ ਅੱਗ ਦੀਆਂ ਲਾਟਾਂ ਨਾਲ ਧਧਕ ਰਹੀ ਹੈ। ਇਸਦੇ ਫੁੱਲ ਤੋਤੇ ਦੀ ਚੁੰਜ ਵਰਗੇ ਹੋਣ ਕਾਰਨ ਇਸ ਨੂੰ parrot tree ਵੀ ਕਿਹਾ ਜਾਂਦਾ ਹੈ। ਬੁਝਾਰਤ

"ਇਕ ਟਾਹਲੀ 'ਤੇ ਤਿਲੀਅਰ ਬੈਠਾ
ਗਰਦਨ ਉਹਦੀ ਕਾਲੀ,
ਜਾਂ ਕੋਈ ਬੂਝੇ ਪਾਧਾ ਪੰਡਿਤ
ਜਾਂ ਕੋਈ ਬੂਝੇ ਹਾਲੀ"

ਵਿਚ ਵੀ ਕੇਸੂ ਦੇ ਫੁੱਲ ਦੇ ਚੁੰਜ ਵਰਗਾ ਹੋਣ ਵੱਲ ਇਸ਼ਾਰਾ ਹੈ। ਪਹਿਲੀਆਂ 'ਚ ਇਸਦੇ ਫੁੱਲਾਂ ਤੋਂ ਹੋਲੀ ਦਾ ਰੰਗ ਬਣਾਇਆ ਜਾਂਦਾ ਸੀ ਜੋ ਕਿ ਛੇਤੀ ਉਤਰ ਜਾਂਦਾ ਹੈ। ਮੁਦਤਾਂ ਪਹਿਲਾਂ ਆਪਣੇ ਪਿੰਡ ਦੇ ਸਿਵਿਆਂ ਵਿਚ ਮੈਂ ਇਹ ਦਰਖਤ ਦੇਖਿਆ ਸੀ। ਸੰਤ ਸਿੰਘ ਸੇਖੋਂ ਨੂੰ ਮੈਂ 'ਕੇਸੂ ਦੇ


ਕਸੁੰਭੜਾ

ਫੁੱਲ' ਨਾਮੀ ਕਹਾਣੀ ਲਿਖਦਿਆਂ ਅੱਖੀਂ ਦੇਖਿਆ ਸੀ। 'ਅੱਕੀਂ ਪਲਾਹੀਂ ਹੱਥ ਮਾਰਨਾ' ਵਿਚ ਵੀ ਇਸ ਸ਼ਬਦ ਦੀ ਮੌਜੂਦਗੀ ਦਿਸਦੀ ਹੈ। ਫਗਵਾੜੇ ਲਾਗੇ ਇਕ ਪਿੰਡ ਦਾ ਨਾਂ ਪਲਾਹੀ ਹੈ। ਲਾਗੇ ਹੀ ਇਕ ਢਕ ਪਲਾਹੀ ਨਾਂ ਦਾ ਪਿੰਡ ਵੀ ਹੈ। ਢਕ ਦੇ ਨਾਂ ਨਾਲ ਕਪੂਰਥਲਾ ਜ਼ਿਲੇ ਵਿਚ ਘਟੋ ਘਟ ਸੋਲਾਂ ਪਿੰਡ ਹੋਰ ਹਨ ਜਿਵੇਂ ਢਕ ਮਲਕਪੁਰ, ਢਕ ਬੁਲਾਰਾਏ ਆਦਿ।

ਬੰਗਾਲੀ ਵਿਚ ਇਸਨੂੰ 'ਪਲਾਸ਼ੀ' ਕਹਿੰਦੇ ਹਨ। ਬੰਗਾਲ ਦਾ ਪਲਾਸ਼ੀ ਸ਼ਹਿਰ (ਪਲਾਸੀ ਦੇ ਯੁਧ ਵਾਲਾ) ਦਾ ਨਾਂ ਇਸੇ ਦਰਖਤ ਦੇ ਨਾਂ ਤੋਂ ਪਿਆ। ਅੰਮ੍ਰਿਤਸਰ ਜ਼ਿਲੇ ਵਿਚ ਇਕ ਪਿੰਡ ਦਾ ਨਾਂ ਛਿਛਰੇਵਾਲ ਹੈ। ਇਕ ਮੁਹਾਵਰਾ ਹੈ 'ਬਿੱਲੀ ਨੂੰ ਖਾਲੀ ਛਿਛਿੜਿਆਂ ਦੇ ਸੁਫਨੇ।' ਇਸਦੀ ਗੂੰਦ ਨੂੰ ਕਮਰਕਸ ਕਹਿੰਦੇ ਹਨ ਜੋ ਦਵਾਈ ਵਜੋਂ ਵਰਤੀ ਜਾਂਦੀ ਹੈ। ਗਾਂ ਨੂੰ ਕੇਸੂ ਦੇ ਫੁੱਲ ਖੁਆ ਕੇ ਉਸਦੇ ਗੋਹੇ ਤੋਂ ਤੋਰਦਗੋਪਾ ਨਾਂ ਦੀ ਦਵਾਈ ਤਿਆਰ ਕੀਤੀ ਜਾਂਦੀ ਸੀ ਜਿਸ ਨੂੰ ਦੁਖਦੀਆਂ ਅੱਖਾਂ ਵਾਸਤੇ ਵਰਤਿਆ ਜਾਂਦਾ ਸੀ। ਇਸ ਦੇ ਰਸ ਨੂੰ ਸੁਕਾ ਕੇ ਪਿੱਤਪਾਪੜਾ ਤਿਆਰ ਕੀਤਾ ਜਾਂਦਾ ਹੈ। ਇਸ ਦੇ ਚੌੜੇ ਪੱਤੇ ਪੱਤਲ ਬਣਾਉਣ ਦੇ ਕੰਮ ਆਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਕੇਸੂ ਸ਼ਬਦ ਨਹੀਂ ਆਇਆ, ਹਾਂ ਪਲਾਸ ਜ਼ਰੂਰ ਹੈ ਪਰ ਇਸਨੂੰ ਇਕ ਨਿਕੰਮਾ ਦਰਖਤ ਮੰਨਿਆ ਗਿਆ ਹੈ:

ਮਿਲਿ ਸਤਸੰਗਤਿ ਪਰਮ ਪਦੁ ਪਾਇਆ॥
ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥
-ਗੁਰੂ ਰਾਮ ਦਾਸ

ਕਬੀਰ ਜੀ ਦੇ ਸਲੋਕਾਂ ਵਿਚ ਦੋ ਥਾਈਂ 'ਢਾਕ ਪਲਾਸ' ਇਕੱਠੇ ਹੀ ਸ਼ਬਦ ਮਿਲਦੇ ਹਨ ਤੇ ਇਨ੍ਹਾਂ ਦੀ ਕੋਈ ਬਹੁਤੀ ਮਹਿਮਾ ਨਹੀਂ: ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ਅਤੇ ਜਿਹ ਕੁਲ ਦਾਸੁ ਨ ਊਪਜੇ ਸੋ ਕੁਲ ਢਾਕ ਪਲਾਸੁ॥

ਕਸੁੰਭੜਾ, ਜਿਸਨੂੰ ਗੁਰਬਾਣੀ ਵਿਚ ਕੁਸੁੰਭ, ਕੁਸੁੰਭਾ ਤੇ ਕੁਸਮ ਵੀ ਕਿਹਾ ਗਿਆ ਹੈ, ਇਕ ਪੌਦੇ ਦਾ ਨਾਂ ਹੈ। ਇਸਦਾ ਵਿਗਿਆਨਕ ਨਾਂ Carthamus tinctorius ਹੈ ਤੇ ਅੰਗਰੇਜ਼ੀ 'ਚ ਇਸ ਨੂੰ safflower ਕਿਹਾ ਜਾਂਦਾ ਹੈ। ਇਹ ਅੰਗਰੇਜ਼ੀ ਸ਼ਬਦ ਅਰਬੀ 'ਜ਼ਫ਼ਰਾਨ' ਤੋਂ ਆਇਆ ਜੋ ਲੈਟਿਨ ਵਿਚ ਜਾ ਕੇ 'ਸੈਫ਼ਰੈਨਮ' ਬਣਿਆ। ਅੰਗਰੇਜ਼ੀ ਦਾ ਸੈਫ਼ਰਨ (ਕੇਸਰ) ਵੀ ਇਸੇ ਦਾ ਰੂਪ ਹੈ। ਇਸ ਦਾ ਬੂਟਾ ਵਧ ਤੋਂ ਵਧ ਡੇਢ ਕੁ ਗ਼ਜ਼ ਉਚਾ ਹੋ ਸਕਦਾ ਹੈ। ਇਸਦੇ ਪੱਤੇ ਕੰਡਿਆਲੇ ਹੁੰਦੇ ਹਨ ਤੇ ਫੁੱਲ ਗੂੜ੍ਹੇ ਪੀਲੇ, ਸੰਤਰੀ ਤੇ ਲਾਲ ਰੰਗ ਦੇ ਹੁੰਦੇ ਹਨ। ਇਸਦੇ ਸੁਕਾਏ ਫੁੱਲਾਂ ਤੋਂ ਤਿਆਰ ਕੁਦਰਤੀ ਰੰਗ ਜਿਵੇਂ ਪੀਲਾ, ਖਾਕੀ, ਹਰਾ ਤੇ ਲਾਲ ਕਪੜਾ ਰੰਗਣ ਦੇ ਕੰਮ ਆਉਂਦੇ ਹਨ। ਇਨ੍ਹਾਂ ਦੇ ਬੀਜਾਂ ਤੋਂ ਬਨਸਪਤੀ ਤੇਲ ਕਢਿਆ ਜਾਂਦਾ ਹੈ ਜੋ ਕਿ ਸ਼ੱਕਰ ਰੋਗ ਲਈ ਚੰਗਾ ਸਮਝਿਆ ਜਾਂਦਾ ਹੈ। ਇਸਦਾ ਚਿੱਟਾ ਤੇਲ ਅਲਸੀ ਦੇ ਤੇਲ ਦੀ ਜਗਹ ਰੋਗਨ ਬਣਾਉਣ ਲਈ ਵਰਤਿਆ ਜਾਂਦਾ ਹੈ। ਪਕਵਾਨਾਂ ਵਿਚ ਕਈ ਵਾਰੀ ਇਸਦੇ ਫੁੱਲਾ ਦੀਆਂ ਤੁਰੀਆਂ ਨੂੰ ਕੇਸਰ ਦੀ ਥਾਂ ਰੰਗ ਅਤੇ ਖੁਸ਼ਬੂ ਦੇਣ ਲਈ ਪਾ ਲਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਦੇ ਬੀਜਾਂ ਨੂੰ ਸੂਰਜਮੁਖੀ ਦੇ ਬੀਜਾਂ ਦੇ ਬਦਲ ਵਜੋਂ ਵਰਤ ਲਿਆ ਜਾਂਦਾ ਹੈ।


ਕੇਸੂ ਦੇ ਫੁੱਲ

ਗੁਰੂ ਗ੍ਰੰਥ ਸਾਹਿਬ 'ਚ ਹਰ ਰੂਪ 'ਚ ਇਹ ਸ਼ਬਦ ਕੋਈ ਤੀਹ ਵਾਰ ਆਇਆ ਹੈ ਤੇ ਕਈ ਗੁਰੂਆਂ ਤੇ ਭਗਤਾਂ ਨੇ ਇਸ ਦੀ ਖੂਬ ਵਰਤੋਂ ਕੀਤੀ ਹੈ:

ਜੈਸਾ ਰੰਗੁ ਕਸੁੰਭ ਕਾਮਨ ਬਉਰਾ ਰੇ
ਤਿਉ ਪਸਰਿਉ ਪਾਸਾਰੁ। -ਕਬੀਰ

ਕਚਾ ਰੰਗੁ ਕਸੁੰਭ ਕਾ ਥੋੜੜਿਆ
ਦਿਨ ਚਾਰਿ ਜੀਉ॥ -ਗੁਰੂ ਨਾਨਕ ਦੇਵ

ਰਾਚਿ ਰਹੇ ਬਨਿਤਾ ਬਿਨੋਦ
ਕੁਸਮ ਰੰਗ ਬਿਖ ਸੋਰ॥
-ਗੁਰੂ ਅਰਜਨ ਦੇਵ

ਮਨਮੁਖ ਨਾਮ ਵਿਹੂਣਿਆ
ਰੰਗ ਕਸੁੰਭਾ ਦੇਖਿ ਨਾ ਭੁਲੁ॥
-ਗੁਰੂ ਅਮਰ ਦਾਸ

ਸਪਸ਼ਟ ਹੈ ਕਿ ਇਸ ਫੁੱਲ ਦਾ ਰੰਗ ਛੇਤੀ ਉਡ ਜਾਂਦਾ ਹੋਣ ਕਰਕੇ ਇਹ ਛਿਣਭੰਗਰਤਾ ਦਾ ਪ੍ਰਤੀਕ ਹੈ। ਮੋਹਨ ਸਿੰਘ ਦੀ ਇਕ ਪ੍ਰਸਿਧ ਕਵਿਤਾ ਵਿਚ ਜ਼ਿਕਰ ਆਇਆ ਹੈ, "ਮੈਂ ਕਸੁੰਭੜਾ ਚੁਣ ਚੁਣ ਹਾਰੀ ਨੀ ਮੈਂ ਕਸੁੰਭੜਾ ਚੁਣ ਚੁਣ ਹਾਰੀ।" ਇਸਦੇ ਪੱਤੇ ਕੰਡੇਦਾਰ ਹੋਣ ਕਾਰਨ ਕਸੁੰਭੜਾ ਚੁਣਨ ਵਾਲੀ ਦੀ ਇਹ ਦਸ਼ਾ ਹੁੰਦੀ ਹੈ ਤੇ ਕਵੀ ਜਨ ਇਸ ਤਕਲੀਫ਼ ਤੋਂ ਪਰਪੀੜਨ ਅਨੰਦ ਲੈਂਦੇ ਹਨ! ਕੁੜੀ ਪੋਠੋਹਾਰ ਦੀ ਤੋਂ ਇਸ ਗੱਲ ਦੀ ਹੋਰ ਗਵਾਹੀ ਮਿਲਦੀ ਹੈ।


Brand New 5 STAR - State of the art Upscale Dental office

ਦੰਦਾਂ ਦੇ ਤੁਹਾਡੇ ਆਪਣੇ ਪੰਜਾਬੀ ਡਾਕਟਰ

OPEN late Evenings

AV DENTAL

ਏ ਵੀ ਡੈਂਟਲ ਕਲੀਨਿਕ

OPEN Saturday and Sunday

Dr. Vuppala has 12 years experience
Dr. Aulakh is UoP San Francisco Graduate
and has multitude of experience with kids and older people

MOVIES IN EVERY OPERATORY
MASSAGE CHAIRS IN EVERY OPERATORY

Located in a big shopping center "THE PLANT" where TARGET,
KIDS R US, TOYS R US, HOME DEPOT and 20+ restaurants are also located.

FREE* *Restrictions apply
$175 VALUE
ORAL-B SMART SERIES TOOTHBRUSH KIT




Call us today at 408-295-1100 to book your Appointment

Located at 2195 Monterey Road, Suite 30, (Next to GEICO), San Jose

Ph. 408-295-1100

You can also visit us online at www.avfamilydental.com.

# ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਗਠਨ ਦਾ ਸਵਾਗਤ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ



*ਅਮੋਲਕ ਸਿੰਘ ਗਾਖਲ*

ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਬਣਾਈ ਗਈ ਕਬੱਡੀ ਫੈਡਰੇਸ਼ਨ ਨੂੰ ਕੈਲੀਫੋਰਨੀਆ ਦੇ ਸਮੂਹ ਕਲੱਬਾਂ ਵਲੋਂ ਪ੍ਰਵਾਨਗੀ ਮਿਲਣ ਦਾ ਭਰਪੂਰ ਸਵਾਗਤ ਕਰਦਿਆਂ ਆਖਿਆ ਹੈ ਕਿ ਇਸ ਨਾਲ ਕਬੱਡੀ ਦੀ ਖੇਡ ਨੂੰ ਹੋਰ ਵਧੀਆ ਤਰੀਕੇ ਨਾਲ ਪ੍ਰਫੁਲਿਤ ਕੀਤਾ ਜਾ ਸਕੇਗਾ।

ਸ੍ਰੀ ਗਾਖਲ ਨੇ ਇਸ ਫੈਡਰੇਸ਼ਨ ਦੀ ਪ੍ਰਵਾਨਗੀ ਲਈ ਲੰਘੇ ਐਤਵਾਰ ਰਾਜਾ ਸਵੀਟਸ ਯੂਨੀਅਨ ਸਿਟੀ ਵਿਚ ਹੋਈ ਮੀਟਿੰਗ ਵਿਚ ਹੁਮਹੁਮਾ ਕੇ ਸ਼ਾਮਲ ਹੋਣ ਲਈ ਕਬੱਡੀ ਕਲੱਬਾਂ, ਕਬੱਡੀ ਪ੍ਰੇਮੀਆਂ ਅਤੇ ਕਬੱਡੀ ਖਿਡਾਰੀਆਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਾਰੀ ਟੀਮ ਪ੍ਰਧਾਨ ਬਲਬੀਰ ਭਾਟੀਆ, ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ, ਹੈਡ ਕੋਚ ਪਰਮਜੀਤ ਸਿੰਘ ਸੰਧੂ ਅਤੇ ਡਾਇਰੈਕਟਰ ਜੁਗਰਾਜ ਸਿੰਘ ਸਹੋਤਾ, ਇਕਬਾਲ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਕੁਲਦੀਪ ਸਿੰਘ ਮਾਨ, ਦਲਵਿੰਦਰ ਸਿੰਘ ਪੱਡਾ, ਨਰਿੰਦਰ ਸਿੰਘ ਸਹੋਤਾ ਅਤੇ ਪਲਵਿੰਦਰ ਸਿੰਘ ਗਾਖਲ ਫੈਡਰੇਸ਼ਨ ਨੂੰ ਭਰਪੂਰ ਸਹਿਯੋਗ ਦੇਣਗੇ।

## ਓਮ ਪੁਰੀ ਦੇ ਘਰੋਂ ਪੌਣੇ ਦੋ ਲੱਖ ਰੁਪਏ ਦੇ ਗਹਿਣੇ ਚੋਰੀ

**ਮੁੰਬਈ :** ਬਾਲੀਵੁਡ ਦੇ ਅਭਿਨੇਤਾ ਓਮ ਪੁਰੀ ਦੇ ਇਥੇ ਅੰਧੇਰੀ ਸਥਿਤ ਨਿਵਾਸ ਤੋਂ ਚੋਰਾਂ ਨੇ ਇਕ ਲੱਖ 75 ਹਜ਼ਾਰ ਰੁਪਏ ਦੇ ਗਹਿਣੇ ਆਦਿ ਚੋਰੀ ਕਰ ਲਏ। ਪੁਲਸ ਮੁਤਾਬਕ ਇਸ ਚੋਰੀ ਬਾਰੇ ਪਤਾ ਸ਼ਨੀਵਾਰ ਸਵੇਰੇ ਉਦੋਂ ਲੱਗਾ ਜਦੋਂ ਅਭਿਨੇਤਾ ਦੇ ਪੁੱਤਰ ਨੇ ਦੇਖਿਆ ਕਿ ਘਰ ਦਾ ਸਾਮਾਨ ਖਿਲਰਿਆ ਪਿਆ ਹੈ।



ਓਮ ਪੁਰੀ ਦੇ ਦੋ ਮਕਾਨ ਹਨ ਅਤੇ ਜਿਸ ਮਕਾਨ ਵਿਚ ਚੋਰੀ ਹੋਈ ਹੈ, ਉਸਨੂੰ ਉਹ ਸਟੋਰ ਰੂਮ ਵਜੋਂ ਵਰਤਦੇ ਹਨ। ਪੁਲਸ ਮੁਤਾਬਕ ਗੁਆਂਢੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੀਰਵਾਰ ਨੂੰ ਅੱਧੀ ਰਾਤ ਵੇਲੇ ਫਲੈਟ ਵਿਚੋਂ ਕੁਝ ਆਵਾਜ਼ਾਂ ਸੁਣੀਆਂ ਸਨ ਪਰ ਉਨ੍ਹਾਂ ਨੂੰ ਸ਼ੱਕ ਇਸ ਲਈ ਨਹੀਂ ਪਿਆ ਕਿਉਂਕਿ ਉਨ੍ਹਾਂ ਸਮਝਿਆ ਕਿ ਓਮ ਪਰੀ ਜਾਂ ਪਰਿਵਾਰ ਦੇ ਮੈਂਬਰ ਉਥੇ ਆਏ ਹਨ।

# ਗਰੈਜੂਏਟ ਵਿਦਿਆਰਥੀਆਂ ਦਾ ਸਨਮਾਨ

**ਬੇਕਰਜ਼ਫੀਲਡ (ਮਨਦੀਪ ਮਾਨ):** ਹਾਲ ਹੀ ਵਿਚ ਗਰੈਜੂਏਟ ਹੋਏ ਵਿਦਿਆਰਥੀਆਂ ਦਾ ਡਾ. ਮਨਬੀਰ ਸਿੰਘ ਦੇ ਸਹਿਯੋਗ ਨਾਲ ਇਥੇ ਗੁਰਦੁਆਰਾ ਅੰਗਦ ਦਰਬਾਰ ਵਿਖੇ ਲੰਘੇ ਐਤਵਾਰ ਪ੍ਰਬੰਧਕ ਕਮੇਟੀ ਵਲੋਂ ਮਾਣ-ਸਨਮਾਨ ਕੀਤਾ ਗਿਆ।



ਇਸ ਮੌਕੇ ਜਦੋਂ ਵਿਦਿਆਰਥੀਆਂ ਨੂੰ ਪੁੱਛਿਆ ਗਿਆ ਕਿ ਉਹ ਕੀ ਬਣਨਾ ਚਾਹੁੰਦੇ ਹਨ ਤਾਂ ਬਹੁਤਿਆਂ ਦਾ ਜਵਾਬ ਸੀ ਕਿ ਉਹ ਮੈਡੀਕਲ ਖੇਤਰ ਵਿਚ ਜਾਣ ਨੂੰ ਤਰਜੀਹ ਦੇਣਗੇ। ਕੁਝ ਵਿਦਿਆਰਥੀਆਂ ਨੇ ਇੰਜੀਨੀਅਰ ਬਣਨ ਦੀ ਇੱਛਾ ਵੀ ਜਾਹਰ ਕੀਤੀ। ਜੋ ਵਿਦਿਆਰਥੀ ਕਿਸੇ ਕਾਰਨ ਇਸ ਸਮਾਗਮ ਵਿਚ ਨਹੀਂ ਪਹੁੰਚ ਸਕੇ ਉਨ੍ਹਾਂ ਦਾ ਸਨਮਾਨ ਉਨ੍ਹਾਂ ਦੇ ਮਾਪਿਆਂ ਨੇ ਹਾਸਲ ਕੀਤਾ। ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਟਰਾਫੀ ਸਨਮਾਨ ਵਜੋਂ ਦਿੱਤੇ ਗਏ ਅਤੇ ਸਿੱਖੀ ਨਾਲ ਜੋੜਨ ਲਈ ਨਿਤਨੇਮ ਵਾਸਤੇ ਗੁਟਕੇ ਦਿੱਤੇ ਗਏ। ਵਿਦਿਆਰਥੀਆਂ ਵਿਚ ਗੁਰਵਿਜੇ ਸਿੰਘ, ਹਰਜੀਤ ਕੌਰ, ਸਿਮਰਨ ਸਿੰਘ, ਗਗਨ ਔਲਖ, ਰਸ਼ਨਾਪ੍ਰੀਤ ਕੌਰ, ਹਰਮਨ ਕੌਰ, ਹਰਸੁਖ ਸਿੰਘ, ਗੁਰਸ਼ਰਨਜੀਤ ਕੌਰ, ਕੁਲਵੀਰ ਕੌਰ, ਅਰਦਾਸ ਕੌਰ, ਅਜੂਨੀ ਕੌਰ, ਅਮਨੀਤ ਕੌਰ, ਸੰਪਤ ਕੌਰ, ਅਰੁਣਦੀਪ ਸਿੰਘ, ਮਨਿੰਦਰ ਸਿੰਘ ਅਤੇ ਕਮਲਨੀਰ ਕੌਰ ਸ਼ਾਮਲ ਸਨ। ਇਸ ਤੋਂ ਇਲਾਵਾ ਹਾਲ ਹੀ ਵਿਚ ਕਰਵਾਏ ਗਏ ਸਿੱਖ ਸਿੰਪੋਜ਼ੀਅਮ ਵਿਚ ਜੇਤੂ ਰਹੇ ਵਿਦਿਆਰਥੀਆਂ ਅਸ਼ਨੇਹ ਸਿੰਘ, ਮੌਨੀਕ ਕੌਰ, ਰੌਬਿਨ ਕੌਰ, ਰੂਬੀ ਸਿੰਘ ਅਤੇ ਅਨੀਤ ਕੌਰ ਦਾ ਵੀ ਸਨਮਾਨ ਕੀਤਾ ਗਿਆ। ਇਹ ਸਾਰੇ ਵਿਦਿਆਰਥੀ ਟੋਰਾਂਟੋ ਵਿਚ ਹੋ ਰਹੇ ਸਿੱਖ ਸਿੰਪੋਜ਼ੀਅਮ ਦੇ ਫਾਈਨਲ ਮੁਕਾਬਲੇ ਵਿਚ ਹਿੱਸਾ ਲੈਣਗੇ।

ਇਸ ਸਾਰੇ ਸਮਾਗਮ ਦਾ ਸਿਹਰਾ ਸਿੱਖ ਭਾਈਚਾਰੇ ਦੇ ਉਘੇ ਡਾਕਟਰ ਮਨਬੀਰ ਸਿੰਘ ਨੂੰ ਜਾਂਦਾ ਹੈ ਜੋ ਸਮਾਜ ਭਲਾਈ ਦੇ ਕੰਮਾਂ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਹਮੇਸ਼ਾ ਅੱਗੇ ਵਧ ਕੇ ਕੰਮ ਕਰਦੇ ਹਨ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਚੇਅਰਮੈਨ ਛਿੰਦਾ ਸਿੰਘ ਉਪਲ, ਪ੍ਰਧਾਨ ਸੁਖਬੀਰ ਸਿੰਘ ਸੰਧੂ, ਖਜ਼ਾਨਚੀ ਕੁਲਵਿੰਦਰ ਸਿੰਘ, ਹਰਬੰਸ ਸਿੰਘ ਔਲਖ, ਦਵਿੰਦਰ ਸਿੰਘ ਬੈਂਸ, ਪਾਲੀ ਸੇਵਾਦਾਰ ਅਤੇ ਹੈਡ ਗ੍ਰੰਥੀ ਗਿਆਨੀ ਬਲਰਾਜ ਸਿੰਘ ਹਾਜ਼ਰ ਸਨ।




**LONGMAN Photo Studio**

HD Videography & Digital Photography

We use "FULL HD 1080" to deliver Blu-Ray or Standard DVD

Magazine style Album & CD of Pictures

All Occasions



Call

916-712-8485

916-256-8888

510-200-3976

Email: info@longmanstudios.com



**M.K. Nijjar DDS**

**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



**ਪੰਜਾਬੀ ਢੋਲ-ਸ਼ੁਭ ਸਗਨ**

**ਪੰਜਾਬੀ ਢੋਲ-ਪੰਜਾਬੀ ਦੇ ਅੱਠ ਗੀਤਾਂ ਦੀ ਵੀ ਸੀ ਡੀ**




ਗਾਇਕ ਕੁਮਾਰ ਖਟਕੜ ਵਲੋਂ ਬਹੁਤ ਹੀ ਸੁਰੀਲੀ ਅਤੇ ਮਿਠਾਸ ਭਰੀ ਆਵਾਜ਼ ਨਾਲ ਸ਼ਿੰਗਾਰ ਕੇ ਸਰੋਤਿਆਂ ਦੀ ਨਜ਼ਰ ਕੀਤੀ ਜਾ ਰਹੀ ਹੈ। ਪੰਜਾਬੀ ਢੋਲ ਐਲਬਮ

**19 ਜੁਲਾਈ ਸੋਮਵਾਰ ਨੂੰ ਸ਼ਾਮ 6 ਵਜੇ**

5358 ਮਾਊਂਟੇਨ ਮਾਈਕ ਪੀਜਾ ਪਲੇਸ, ਕਲੇਟਨ ਰੋਡ, ਕਾਂਕਰਡ ਵਿਖੇ ਰਿਲੀਜ਼ ਕੀਤੀ ਜਾਏਗੀ। ਘੁੰਡ ਚੁਕਾਈ ਦੀ ਰਸਮ ਮਸ਼ਹੂਰ ਬਿਜਨਮੈਨ ਹਰਦਿਆਲ ਬੰਗਾ, ਕੈਲੀਫੋਰਨੀਆ ਦੇ ਸੁਪ੍ਰਸਿੱਧ ਗਾਇਕ ਬੰਟੀ ਬਾਵਾ ਅਤੇ ਨਾਮੀ ਸੰਗੀਤ ਅਧਿਆਪਕ ਅਲਕਾ ਭਟਨਾਗਰ ਆਪਣੇ ਕਰ ਕਮਲਾਂ ਨਾਲ ਕਰਨਗੇ।



*ਗਾਇਕ ਕੁਮਾਰ ਖਟਕੜ*



*ਅਲਕਾ ਭਟਨਾਗਰ*

*ਆਪ ਸਭ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦਾ ਸੱਦਾ ਹੈ*

**sponsored & supported by:**

ਹਰਦਿਆਲ ਬੰਗਾ, ਰਾਮ ਪ੍ਰਕਾਸ਼ ਰਾਜੂ, ਰਾਮ ਲੁਭਾਇਆ ਰੱਲੂ, ਡਾ. ਹਰਮੇਸ਼ ਕੁਮਾਰ, ਕਮਲ ਦੇਵ ਪਾਲ, ਅਜੈ ਕਟਾਰੀਆ, ਚੰਚਲ ਹੀਰਾ, ਸੱਤਪਾਲ ਸੁਰੀਲਾ, ਜੈਸਮਿਨ ਪਾਕੀਜਾ ਬਾਜਾਰ, ਮੇਜਰ ਭਾਟੀਆ, ਸਰਜੀਵਨ ਲਾਲ, ਰਾਮਪਾਲ ਸਿੰਘ, ਦਿਲਬਾਗ ਸਿੰਘ, ਪੂਰਨ ਚੰਦ ਚੌਕੜੀਆ, ਗਿਆਨੀ ਹਰਬਲਾਸ ਸਿੰਘ ਅਤੇ ਦਸ਼ਵਿੰਦਰ ਪਾਲ

**ਹੋਰ ਜਾਣਕਾਰੀ ਲਈ ਸੰਪਰਕ ਕਰੋ**
**ਫੋਨ ਨੰਬਰ 925-325-7203**


Sai Productions
National Sponsor
WWW.SAIPRODUCTIONS.CA
presents
dish NETWORK
Legal Advisor:
Harjot Ginny Walia,
Attorney at law
www.walialawfirm.com
Tel: (510) 887-5910
Gurdas Maan
INTERNATIONAL PROMOTER
NIRMAL DHALIWAL
778-892-4706
206-915-0740
AJIT KAUSHAL
510-455-6278
LIVE IN CONCERT
jus punjabi
The 1st American-Punjabi TV Channel
VIRSA ENTERTAINMENT GROUP
07 AUG 2010
BAKERSFIELD, CA
RABOBANK CONVENTION CENTER
1001 TRUXTUN AVE, BAKERSFIELD, CA - 93301
PINDER DHILLON – 661-301 7870
BALBIR SHERGILL – 661-205-1616
www.rabobankarena.com
08 AUG 2010
LOS ANGLES, CA
REDONDO BEACH PERFORMING
1935 MANHATTAN BEACH BOULEVARD, CA - 90278
NEEMA'S SARI – 562-860-1135 KAMAL SINGH -661-210-8984
Ticket Price : $39, $49, $59, $69, $79 (J-O), VIP $100 (G-I), VIP $125 (D-F), VVIP (A-D)
For VVIP Info Call at 661-319-7427

Apna Punjab Association
& Indo American Cultural Org., Bay Area

*Presents*

# ਪੰਜਾਬ ਮੇਲਾ

**August, 28 th, 2010 • 8:00 AM to 7:00 PM**

Calstate University • 25800 Carlos Bee Blvd., Hayward, CA 94542



**ਕਬੱਡੀ ਓਪਨ** | **ਅੰਡਰ 21 ਅਤੇ ਵਾਲੀਬਾਲ**

SINGER

## SARBJIT CHEEMA AND PARTY

**GADAR MOVEMENT EXIBITION**
& BHANGRA COMPETITION

**For other information Contact:**

Kashmir Singh Dhugga 816-9044, Avtar Singh Tari 750-5152, Santokh S. Takhar 755-3607, Mehnga Singh Sarpanch 755-0767, Darshan Aujla 750-6116, Dr. Harbhajan Phull 206-6808, Manjit Singh Virk 676-8992, Kamaljit Atwal 750- 4303, Jaswant Sra 755-0989, Jagwinder Bittu (408) 355-5584, Sukhwant Dhillon 432-3559, Manjit Sandhu (925) 339-4495

Lots of family activities, booths, food, entertainment and shopping, bhangra, gidha, international & local singers, exibitions of gadar movement, kooka movement, namdhari movement, sikh history&freedom fighters.

ਇਨ੍ਹਾਂ ਖੇਡ ਮੁਕਾਬਲਿਆਂ ਨੂੰ ਵੇਖਣ ਲਈ ਸਮੂਹ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ।

**For Sponsorship & Booths contact Manjit Gill, Ph: 510-415-2368**

# ਜਦੋਂ ਸਰਤਾਜ ਪ੍ਰਸ਼ੰਸਕ ਕੁੜੀ ਨੂੰ ਮਿਲਣ ਹਸਪਤਾਲ ਗਿਆ

**ਫਰਿਜ਼ਨੋ (ਮਨਵੀਰ):** ਕਲਾ ਲਈ ਪ੍ਰੇਮ ਕਈ ਵਾਰ ਮਨੁੱਖ ਨੂੰ ਦੀਵਾਨਗੀ ਦੀ ਇਸ ਹੱਦ ਤੱਕ ਲੈ ਆਉਂਦਾ ਹੈ ਕਿ ਸਭ ਕੁਝ ਆਪੇ ਤੋਂ ਬਾਹਰ ਹੋ ਜਾਂਦਾ ਹੈ। ਰਾਜਵੀਰ ਨਾਂ ਦੀ ਇਕ ਕੁੜੀ ਸਰਤਾਜ ਦੇ ਗੀਤਾਂ ਤੇ ਉਸ ਦੀ ਗਾਇਕੀ ਨੂੰ ਇਸ ਹੱਦ ਤੱਕ ਮੋਹ ਕਰਨ ਲੱਗੀ ਕਿ 4 ਜੁਲਾਈ ਨੂੰ ਇਥੇ ਹੋਣ ਵਾਲੇ ਸਰਤਾਜ ਦੇ ਸ਼ੋਅ ਦੀ ਉਡੀਕ ਕਰਦੀ ਕਰਦੀ ਬਿਮਾਰ ਹੋ ਕੇ ਹਸਪਤਾਲ ਚਲੀ ਗਈ।

ਜਦੋਂ ਸਰਤਾਜ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰਾਜਵੀਰ ਨੂੰ ਉਚੇਚਾ ਸਥਾਨਕ ਕਮਿਊਨਿਟੀ ਹਸਪਤਾਲ ਮਿਲਣ ਗਿਆ ਅਤੇ ਉਥੇ ਕਰੀਬ 40 ਮਿੰਟ ਰਿਹਾ। ਕੁੜੀ ਵੀ ਹਸਪਤਾਲ ਦੇ ਬਿਸਤਰੇ ਤੋਂ ਉਠ ਕੇ ਸਰਤਾਜ ਨੂੰ ਗਲ ਲੱਗ ਕੇ ਮਿਲੀ। ਸਰਤਾਜ ਨੇ ਇਸ ਮੌਕੇ ਆਪਣੇ ਗੀਤ ਦੀਆਂ ਕੁਝ ਸਤਰਾਂ ਕੁੜੀ ਨੂੰ ਲਿਖ ਕੇ ਦਿਤੀਆਂ। ਰਾਜਵੀਰ ਹੁਣ ਠੀਕ ਠਾਕ ਹੈ।


* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ
» Explicit Dholis
» Dancers
» Intelligent Lighting

PUNJABI | HINDI | HIP HOP | RAP

desi soundz
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com



*Visit us on the web: www.punjabtimesusa.com*
*To Advertise with us Call: 847-359-0746, Fax:847-705-9388*
*e-mial: punjabtimes1@sbcglobal.net*



State Bank of India (CA)
Bakersfield Branch
3400 Panama Ln, #R, CA 93313

Now offer
Free *

Rupee Remittance to India
No fees
You need not have an account with us

Just call us at 661-837-2657 or
661-837-9842/fax 661-837-9923

Our office hrs.
Mon to Fri : 9 am to 4 pm
Sat : 10 an to 2 pm

email:bakersfield@sbical.com
website:www.sbical.com

FDIC

*Offer valid upto August 6,2010, available only at Bakersfield Branch





ROSHNI Lincensed and Certified
Beautycare
For Women by appointment only
• Hair Threading • Perm
• Facials (all kinds) • Waxing
• Face make-up • Haircut
• Highlights • Nails
Hair Color and Much more.
ਅਸੀਂ ਤੁਹਾਡੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਾਂ
We Assure You Best Of Attention & Will Give You Best Deals
Satisfaction Guaranteed
Lathrop, CA-95330
Tel: 209-244-2179
(Mon-Sun 10am-6pm)



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
• 28 Years of Experience in Truck Insurance Industry
• Appointed by 24 Top Rated US Insurance Companies
• All type of Trucking Coverage for Trucks, Container and Cargo
• Flexible Down Payment and Monthly Payment Options
• Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
• California DMV Services
» New License Plates & Renewals
• Interstate & Intrastate Permits
» DOT #, MC #, CA #
» IFTA, UCR, MCP
» NM, KY, NY, OR Permits
» Highway Use Tax(2290)
• Truck Financing
• Corporation Setup
• Document Typing





ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com






ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗਾ ਤੇ

# ਸਪੇਨ ਨੀਦਰਲੈਂਡ ਨੂੰ ਹਰਾ ਕੇ ਬਣਿਆ ਵਿਸ਼ਵ ਚੈਂਪੀਅਨ

*(ਸਫਾ ਇਕ ਦੀ ਬਾਕੀ)*

ਦਾ ਸਮਾਂ (90 ਮਿੰਟ) ਪੂਰਾ ਹੋਣ 'ਤੇ 15-15 ਮਿੰਟ ਦਾ ਵਾਧੂ ਸਮਾਂ ਦਿੱਤਾ ਗਿਆ ਪਰ ਫਿਰ ਵੀ ਕੋਈ ਟੀਮ ਗੋਲ ਨਾ ਕਰ ਸਕੀ। ਇਸ ਦੌਰਾਨ ਨੀਦਰਲੈਂਡ ਦੇ ਖਿਡਾਰੀ ਜਾਹਨ ਨੂੰ ਫਾਊਲ ਕਰਨ 'ਤੇ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਜਿਸ ਕਾਰਨ ਨੀਦਰਲੈਂਡ ਨੂੰ 10 ਖਿਡਾਰੀਆਂ ਨਾਲ ਜੂਝਣਾ ਪਿਆ। ਪਹਿਲੀ ਵਾਰ ਕਿਸੇ ਯੂਰਪੀ ਦੇਸ਼ ਨੂੰ ਯੂਰਪ ਤੋਂ ਬਾਹਰ ਦੋ ਯੂਰਪੀ ਦੇਸ਼ਾਂ ਵਿਚਾਲੇ ਖੇਡੇ ਗਏ ਟੂਰਨਾਮੈਂਟ ਦੌਰਾਨ ਵਿਸ਼ਵ ਚੈਂਪੀਅਨ ਦਾ ਖਿਤਾਬ ਮਿਲਿਆ ਹੈ। ਦਿਲਚਸਪ ਗੱਲ ਹੈ ਕਿ ਵਿਸ਼ਵ ਕੱਪ ਦੇ ਦਾਅਵੇਦਾਰ ਮੰਨੀਆ ਜਾ ਰਹੀਆਂ ਟੀਮਾਂ ਬਰਾਜ਼ੀਲ, ਇਟਲੀ, ਜਰਮਨੀ ਤੇ ਅਰਜਨਟੀਨਾ ਫਾਈਨਲ 'ਚ ਹੀ ਨਹੀਂ ਪੁੱਜ ਸਕੀਆਂ। ਇਟਲੀ ਤੇ ਫਰਾਂਸ ਪਹਿਲੇ ਗੇੜ 'ਚ ਹੀ ਬਾਹਰ ਹੋ ਗਈਆਂ ਜਦੋਂਕਿ ਇੰਗਲੈਂਡ ਤੇ ਪੁਰਤਗਾਲ ਦੂਜੇ ਗੇੜ 'ਚ ਬਾਹਰ ਹੋ ਗਈਆਂ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕੋਈ ਮੇਜ਼ਬਾਨ ਟੀਮ (ਦੱਖਣੀ ਅਫਰੀਕਾ) ਪਹਿਲੇ ਗੇੜ 'ਚ ਹੀ ਟੂਰਨਾਮੈਂਟ ਤੋਂ ਬਾਹਰ ਹੋ ਗਈ। ਸਪੇਨ ਸਭ ਤੋਂ ਘੱਟ ਭਾਵ 6 ਗੋਲ ਕਰਕੇ ਵਿਸ਼ਵ ਚੈਂਪੀਅਨ ਬਣਨ ਵਾਲਾ ਪਹਿਲਾ ਦੇਸ਼ ਹੈ। ਵਿਸ਼ਵ ਕੱਪ ਦੇ ਇਤਿਹਾਸ 'ਚ ਹੁਣ ਤੱਕ ਕੁੱਲ 12 ਦੇਸ਼ਾਂ ਦੀਆਂ ਟੀਮਾਂ ਨੇ ਫਾਈਨਲ ਤੱਕ ਦਾ ਸਫਰ ਤੈਅ ਕੀਤਾ ਹੈ। ਹੁਣ ਤੱਕ ਬਰਾਜ਼ੀਲ, ਇਟਲੀ, ਜਰਮਨੀ, ਉਰੂਗਵੇ, ਅਰਜਨਟੀਨਾ, ਇੰਗਲੈਂਡ ਤੇ ਫਰਾਂਸ ਨੇ ਖਿਤਾਬ ਜਿੱਤਿਆ ਹੈ। ਇਨ੍ਹਾਂ ਦੇਸ਼ਾਂ ਦੇ ਇਲਾਵਾ ਚੈਕੋਸਲੋਵਾਕੀਆ, ਸਵੀਡਨ ਤੇ ਹੰਗਰੀ ਦੀਆਂ ਟੀਮਾਂ ਵੀ ਫਾਈਨਲ 'ਚ ਪਹੁੰਚ ਚੁੱਕੀਆਂ ਹਨ।

ਸਾਲ 2008 'ਚ ਜਰਮਨੀ ਨੂੰ ਹਰਾ ਕੇ ਯੂਰਪੀਅਨ ਚੈਂਪੀਅਨਸ਼ਿਪ ਖਿਤਾਬ ਜਿੱਤਣ ਵਾਲੀ ਸਪੇਨ ਦੀ ਟੀਮ ਨੇ ਸੈਮੀ ਫਾਈਨਲ ਮੁਕਾਬਲੇ 'ਚ ਵੀ ਜਰਮਨੀ ਨੂੰ ਹਰਾਇਆ ਸੀ। ਇਸ ਤੋਂ ਪਹਿਲਾਂ ਸਪੇਨ ਦੀ ਟੀਮ ਨੂੰ ਚਾਰ ਵਾਰ ਕੁਆਰਟਰ ਫਾਈਨਲ 'ਚ ਪਹੁੰਚਣ ਦਾ ਮੌਕਾ ਮਿਲਿਆ ਸੀ ਪਰ ਉਹ ਇੱਕ ਵਾਰ ਵੀ ਉਸ ਮੌਕੇ ਨੂੰ ਸੰਭਾਲ ਨਹੀਂ ਸਕੀ ਸੀ। ਇਸ ਵਿਸ਼ਵ ਕੱਪ 'ਚ ਸਪੇਨ ਦੀ ਟੀਮ ਨੇ ਗਰੁਪ ਪੱਧਰ ਦੇ ਮੁਕਾਬਲੇ ਦੀ ਸ਼ੁਰੂਆਤ ਹਾਰ ਨਾਲ ਕੀਤੀ ਸੀ। ਉਸ ਨੂੰ ਪਹਿਲੇ ਮੈਚ 'ਚ ਸਵਿਟਜ਼ਰਲੈਂਡ ਦੇ ਹੱਥੋਂ 0-1 ਨਾਲ ਹਾਰ ਮਿਲੀ ਸੀ। ਦੂਸਰੇ ਪਾਸੇ 32 ਸਾਲ ਦੇ ਬਾਅਦ ਫਾਈਨਲ 'ਚ ਜਗ੍ਹਾ ਬਣਾਉਣ ਵਾਲੀ ਨੀਦਰਲੈਂਡ ਦੀ ਟੀਮ ਗਰੁਪ ਪੱਧਰ 'ਤੇ ਅਜੇਤੂ ਰਹੀ। ਇਹੀ ਨਹੀਂ ਉਹ ਲਗਾਤਾਰ 25 ਮੈਚਾਂ ਤੋਂ ਅਜੇਤੂ ਹੈ ਪਰ ਫਾਈਨਲ ਵਿਚ ਕਿਸਮਤ ਨੇ ਉਸ ਦਾ ਸਾਥ ਨਾ ਦਿੱਤਾ।

ਸਪੇਨ ਨੇ ਪਹਿਲੀ ਵਾਰ ਹੀ ਵਿਸ਼ਵ ਕੱਪ ਦੇ ਫਾਈਨਲ ਵਿਚ ਖੇਡ ਕੇ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਟੀਮ ਨੇ ਇਸੇ ਸਾਲ ਜਰਮਨੀ ਨੂੰ ਹਰਾ ਕੇ ਯੂਰੋ ਕੱਪ 'ਤੇ ਕਾਬਜ਼ ਹੋ ਕੇ ਵਿਸ਼ਵ ਕੱਪ ਜਿੱਤਣ ਦੀ ਨੀਂਹ ਰੱਖ ਦਿੱਤੀ ਸੀ। ਯੂਰੋ ਕੱਪ ਤੋਂ ਬਾਅਦ ਸਿੱਧਾ ਵਿਸ਼ਵ ਕੱਪ ਜਿੱਤਣ ਦਾ ਮਾਣ ਸਿਰਫ ਦੋ ਹੀ ਟੀਮਾਂ ਦੇ ਹਿੱਸੇ ਆਇਆ ਹੈ ਇਕ ਸਪੇਨ ਤੇ ਦੂਜਾ ਇਸ ਤੋਂ ਪਹਿਲਾਂ ਪੱਛਮੀ ਜਰਮਨੀ ਨੇ ਇਹ ਕਾਰਨਾਮਾ ਕਰ ਵਿਖਾਇਆ ਸੀ। ਦਿਲਚਸਪ ਗੱਲ ਹੈ ਕਿ ਵਿਸ਼ਵ ਕੱਪ ਸ਼ੁਰੂ ਹੋਣ 'ਤੇ ਹੀ ਸਪੇਨ ਨੂੰ ਕੱਪ ਜਿੱਤਣ ਦਾ ਪ੍ਰਬਲ ਦਾਅਵੇਦਾਰ ਮੰਨਿਆ ਜਾ ਰਿਹਾ ਸੀ। ਹਾਲਾਂਕਿ ਪਹਿਲੇ ਹੀ ਮੈਚ ਵਿਚ ਉਸ ਨੂੰ ਸਵਿਟਜ਼ਰਲੈਂਡ ਤੋਂ 1-0 ਨਾਲ ਹਾਰ ਖਾਣੀ ਪਈ ਸੀ ਪਰ ਉਸ ਤੋਂ ਬਾਅਦ ਸਪੇਨ ਨੇ ਕੋਈ ਵੀ ਮੈਚ ਨਹੀਂ ਹਾਰਿਆ। ਇਹੀ ਨਹੀਂ ਜਿਥੇ ਫੁੱਟਬਾਲ ਪ੍ਰੇਮੀਆਂ ਨੂੰ ਸਪੇਨ ਵਿਸ਼ਵ ਕੱਪ ਦਾ ਅੱਠਵਾਂ ਦੇਸ਼ ਮਿਲਿਆ ਹੈ ਉਥੇ ਵਿਸ਼ਵ ਪ੍ਰਸਿੱਧ ਆਕਟੋਪਸ (ਜੋਤਿਸ਼ੀ) ਪਾਲ ਵਰਗਾ ਖਿਡਾਰੀ ਸਾਹਮਣੇ ਆਇਆ ਹੈ। ਇਸ ਨੂੰ ਅੰਧ ਵਿਸ਼ਵਾਸ ਕਿਹਾ ਜਾਵੇ ਜਾਂ ਕੁਝ ਹੋਰ ਪਰ ਉਸ ਵੱਲੋਂ ਕੀਤੀ ਹਰ ਭਵਿੱਖਬਾਣੀ ਸੱਚ ਸਾਬਤ ਹੁੰਦੀ ਗਈ। ਤੀਜੀ ਥਾਂ ਲਈ ਜਰਮਨੀ ਤੇ ਉਰੂਗਵੇ ਵਿਚਕਾਰ ਹੋਏ ਮੈਚ ਵਿਚ ਆਕਟੋਪਸ ਨੇ ਕਿਹਾ ਸੀ ਕਿ ਜਰਮਨੀ ਜਿੱਤੇਗਾ ਤੇ ਉਹੀ ਹੋਇਆ।

ਵਿਸ਼ਵ ਚੈਂਪੀਅਨ ਬਣਨ ਦੇ ਨਾਲ ਹੀ ਸਪੇਨ 'ਚ ਅਜਿਹੇ ਜਸ਼ਨ ਦੀ ਸ਼ੁਰੂਆਤ ਹੋ ਗਈ ਹੈ ਜਿਸ ਦੀ ਖੁਮਾਰੀ ਜਲਦ ਉਤਰਨ ਵਾਲੀ ਨਹੀਂ। ਮੈਡਰਿਡ ਸ਼ਹਿਰ ਤਾਂ ਜਿਵੇਂ ਲਾਲ ਤੇ ਸੁਨਹਿਰੇ ਰੰਗ ਨਾਲ ਰੰਗਿਆ ਗਿਆ ਹੋਵੇ। ਸਪੇਨ ਦੇ ਪ੍ਰਧਾਨ ਮੰਤਰੀ ਜੋਸ ਲੁਈਸ ਰੌਡਰਿਗਜ਼ ਜਪਾਟੇਰੋ ਨੇ ਕਿਹਾ ਕਿ ਉਹ ਇਸ ਜਿੱਤ ਤੋਂ ਕਾਫੀ ਖੁਸ਼ ਹਨ ਜੋ ਆਰਥਿਕ ਸੰਕਟ ਨਾਲ ਜੂਝ ਰਹੇ ਦੇਸ਼ਵਾਸੀਆਂ 'ਚ ਆਤਮ ਵਿਸ਼ਵਾਸ ਭਰੇਗੀ।



*ਸਪੇਨ ਦਾ ਖਿਡਾਰੀ ਆਂਦਰੇ ਇਨੈਸਟਾ ਵਿਸ਼ਵ ਕੱਪ 'ਚ ਵਾਧੂ ਸਮੇਂ 'ਚ ਨੀਦਰਲੈਂਡ ਵਿਰੁਧ ਜੇਤੂ ਗੋਲ ਦਾਗਦਾ ਹੋਇਆ*

ਵਿਸ਼ਵ ਕੱਪ ਫੁੱਟਬਾਲ ਦਾ ਖਿਤਾਬ ਜਿੱਤਣ ਵਾਲੇ ਸਪੇਨ ਦੇ ਕਪਤਾਨ ਇਕੇਰ ਕੈਸੀਲਾਸ, ਜਰਮਨੀ ਦੇ ਮਿਡਫੀਲਡਰ ਥਾਮਸ ਮੂਲਰ ਤੇ ਉਰੂਗਵੇ ਦੇ ਸਟ੍ਰਾਈਕਰ ਡਿਏਗੋ ਫੋਲਾਰਨ ਦੇ ਲਈ ਇਹ ਟੂਰਨਾਮੈਂਟ ਸਭ ਤੋਂ ਵੱਧ ਯਾਦਗਾਰ ਤੇ ਪ੍ਰਾਪਤੀਆਂ ਨਾਲ ਭਰਪੂਰ ਰਿਹਾ। ਕੈਸੀਲਾਸ ਫੁੱਟਬਾਲ ਇਤਿਹਾਸ ਦੇ ਤੀਸਰੇ ਅਜਿਹੇ ਗੋਲਕੀਪਰ-ਕਪਤਾਨ ਬਣ ਗਏ ਜਿਸ ਨੇ ਵਿਸ਼ਵ ਕੱਪ ਟਰਾਫੀ ਚੁੱਕੀ। ਕੈਸੀਲਾਸ ਨੂੰ ਇਸ ਟੂਰਨਾਮੈਂਟ ਦਾ ਸਰਵੋਤਮ ਗੋਲਕੀਪਰ ਵੀ ਚੁਣਿਆ ਗਿਆ। ਸਪੇਨ ਵਲੋਂ ਇਨੇਇਸਤਾ ਦੇ ਜੇਤੂ ਗੋਲ ਨੇ ਕੈਸੀਲਾਸ ਦੇ ਲਈ ਉਹ ਸੁਨਹਿਰਾ ਮੌਕਾ ਮੁਹੱਈਆ ਕਰਵਾਇਆ ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ। ਉਰੂਗਵੇ ਦੇ ਸਟ੍ਰਾਈਕਰ ਫੋਲਾਰਨ ਨੂੰ ਵਿਸ਼ਵ ਕੱਪ ਦਾ 'ਗੋਲਡਨ ਬਾਲ' ਦਿੱਤਾ ਗਿਆ। ਸਰਵੋਤਮ ਖਿਡਾਰੀ ਦੀ ਦੌੜ 'ਚ ਸਪੇਨ ਦੇ ਡੇਵਿਡ ਵਿਲਾ ਤੇ ਨੀਦਰਲੈਂਡ ਦੇ ਵੇਸਲੇ ਸ਼ਨਾਈਡਰ ਵਰਗੇ ਸਟਾਰ ਖਿਡਾਰੀ ਵੀ ਸ਼ਾਮਲ ਸਨ। ਜਰਮਨੀ ਦੇ ਨੌਜਵਾਨ ਮਿਡਫੀਲਡਰ ਮੂਲਰ ਨੂੰ 'ਗੋਲਡਨ ਬੂਟ' ਦਿੱਤਾ ਗਿਆ। 20 ਸਾਲ ਦੇ ਮੂਲਰ ਨੇ ਇਸ ਵਿਸ਼ਵ ਕੱਪ 'ਚ ਕੁੱਲ ਪੰਜ ਗੋਲ ਕੀਤੇ। ਉਸ ਦੇ ਬਰਾਬਰ ਸਪੇਨ ਦੇ ਵਿਲਾ ਤੇ ਸ਼ਨਾਈਡਰ ਵੀ ਰਹੇ ਪਰ ਮੂਲਰ ਨੇ ਕਈ ਅਜਿਹੇ ਮੌਕੇ ਬਣਾਏ ਜਿਸ ਨਾਲ ਉਸ ਦੀ ਟੀਮ ਗੋਲ ਕਰ ਸਕਦੀ ਸੀ।

ਵਿਸ਼ਵ ਕੱਪ ਫੁੱਟਬਾਲ 2010 ਦੇ ਭੇੜ ਲਈ ਪੁੱਜੀਆਂ 32 ਟੀਮਾਂ 'ਚੋਂ ਮੁੱਖ ਦਾਅਵੇਦਾਰ ਟੀਮਾਂ ਇਟਲੀ, ਪੰਜ ਵਾਰ ਦੀ ਚੈਂਪੀਅਨ ਬ੍ਰਾਜ਼ੀਲ, ਤਿੰਨ ਵਾਰ ਦੀ ਚੈਂਪੀਅਨ ਜਰਮਨੀ, ਦੋ ਵਾਰ ਦੀ ਚੈਂਪੀਅਨ ਅਰਜਨਟੀਨਾ ਤੇ ਉਰੂਗਵੇ, ਇੰਗਲੈਂਡ ਤੇ ਫਰਾਂਸ ਦੀ ਚੁਣੌਤੀ ਪਹਿਲਾਂ ਹੀ ਖਤਮ ਹੋ ਗਈ ਸੀ। ਉਰੂਗਵੇ ਨੇ ਜਰਮਨੀ ਦੇ ਹੱਥੋਂ ਹਾਰਨ ਦੇ ਬਾਅਦ ਚੌਥਾ ਸਥਾਨ ਪ੍ਰਾਪਤ ਕੀਤਾ ਜਦੋਂਕਿ ਜਰਮਨੀ ਨੇ ਤੀਸਰੇ ਸਥਾਨ 'ਤੇ ਰਹਿ ਕੇ ਚੌਥੀ ਵਾਰ ਵਿਸ਼ਵ ਕੱਪ 'ਚ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ। ਅਗਲਾ ਵਿਸ਼ਵ ਕੱਪ ਫੁੱਟਬਾਲ 2014 ਵਿਚ ਬ੍ਰਾਜ਼ੀਲ 'ਚ ਹੋਵੇਗਾ।

ਵਿਸ਼ਵ ਕੱਪ ਦੀ ਇਕਲੌਤੀ ਹੈਟ੍ਰਿਕ ਅਰਜਨਟੀਨਾ ਦੇ ਖਿਡਾਰੀ ਗੋਂਜਾਲੋ ਹਿਗਵੇਨ ਦੇ ਨਾਂ ਰਹੀ। ਹਿਗਵੇਨ ਨੇ ਮੈਕਸੀਕੋ ਦੇ ਖ਼ਿਲਾਫ਼ ਹੋਏ ਆਖ਼ਰੀ-16 ਦੌਰ ਦੇ ਮੁਕਾਬਲੇ 'ਚ ਲਗਾਤਾਰ ਤਿੰਨ ਗੋਲ ਕਰਕੇ ਇਤਿਹਾਸ ਰਚਿਆ। ਇਸ ਵਿਸ਼ਵ ਕੱਪ 'ਚ ਦੋ ਮੌਕੇ ਅਜਿਹੇ ਆਏ ਜਦੋਂ ਖਿਡਾਰੀਆਂ ਨੇ ਆਪਣੀ ਹੀ ਟੀਮ ਖ਼ਿਲਾਫ਼ ਗੋਲ ਕਰ ਦਿੱਤੇ। ਖੇਡ ਦੀ ਭਾਸ਼ਾ 'ਚ ਇਸ ਨੂੰ ਆਤਮਘਾਤੀ ਗੋਲ ਕਿਹਾ ਜਾਂਦਾ ਹੈ। ਪਹਿਲਾ ਗੋਲ ਡੈਨਮਾਰਕ ਦੇ ਖਿਡਾਰੀ ਡੇਨੀਅਲ ਅਗੇਰ ਨੇ ਕੀਤਾ। ਦੂਸਰਾ ਆਤਮਘਾਤੀ ਗੋਲ ਦੱਖਣੀ ਕੋਰੀਆ ਦੇ ਖਿਡਾਰੀ ਪਾਰਕ ਯੂ ਯਾਂਗ ਤੋਂ ਹੋਇਆ। ਯਾਂਗ ਨੇ ਇਹ ਗੋਲ ਪੁਰਤਗਾਲ ਦੇ ਖ਼ਿਲਾਫ਼ ਕੀਤਾ ਸੀ ਜਦੋਂਕਿ ਅਗੇਰ ਨੇ ਵਿਸ਼ਵ ਕੱਪ ਦਾ ਪਹਿਲਾ ਆਤਮਘਾਤੀ ਗੋਲ ਨੀਦਰਲੈਂਡ ਦੇ ਖ਼ਿਲਾਫ਼ ਹੋਏ ਪਹਿਲੇ ਦੌਰ ਦੇ ਮੁਕਾਬਲੇ ਦੌਰਾਨ ਕੀਤਾ ਸੀ।

ਇਸ ਵਿਸ਼ਵ ਕੱਪ 'ਚ ਸਪੇਨ ਦਾ ਸਟ੍ਰਾਈਕਰ ਵਿਲਾ, ਨੀਦਰਲੈਂਡ ਦਾ ਵੇਸਲੇ ਸ਼ਨਾਈਡਰ, ਅਰਜੇਨ ਰੋਬੇਨ, ਜਰਮਨੀ ਦਾ ਥਾਮਸ ਮੂਲਰ, ਉਰੂਗਵੇ ਦਾ ਡਿਏਗੋ ਫੋਲਾਰਨ, ਅਰਜਨਟੀਨਾ ਦਾ ਗੋਂਜਾਲੋ ਹਿਗਵੇਨ, ਸਲੋਵਾਕੀਆ ਦਾ ਰਾਬਰਟ ਵਿਟਟੇਕ ਤੇ ਜਰਮਨੀ ਦਾ ਮਿਰੋਸਲਾਵ ਆਪਣੀ ਸ਼ਾਖ ਬਣਾਉਣ 'ਚ ਸਫਲ ਰਹੇ। ਇਸ ਦੇ ਇਲਾਵਾ ਉਰੂਗਵੇ ਦੇ ਲੁਈਸ ਸੁਆਰੇਜ, ਘਾਨਾ ਦੇ ਅਸੋਮਹ ਗਿਆਨ, ਬ੍ਰਾਜ਼ੀਲ ਦੇ ਲੁਈਸ ਫੇਬਿਆਨੋ ਤੇ ਅਮਰੀਕਾ ਦੇ ਲੇਂਡਨ ਡੋਨੋਵਾਨ ਨੇ ਵੀ ਆਪਣੀ ਖੇਡ ਨਾਲ ਸਭ ਨੂੰ ਪ੍ਰਭਾਵਤ ਕੀਤਾ।

ਵਿਸ਼ਵ ਕੱਪ ਕਈ ਕਾਰਨਾਂ ਕਰਕੇ ਵਿਵਾਦਾਂ 'ਚ ਵੀ ਘਿਰਿਆ ਰਿਹਾ। ਇਸ ਦੇ ਲਈ ਸਭ ਤੋਂ ਵੱਡਾ ਕਾਰਨ ਰੈਫਰੀਆਂ ਨੂੰ ਮੰਨਿਆ ਜਾ ਰਿਹਾ ਹੈ। ਰੈਫਰੀਆਂ ਨੇ ਆਪਣੇ ਕਈ ਗਲਤ ਫੈਸਲਿਆਂ ਕਾਰਨ ਫੀਫਾ ਨੂੰ ਸ਼ਸ਼ੋਪੰਜ ਦੀ ਸਥਿਤੀ 'ਚ ਪਾ ਦਿੱਤਾ। ਇੰਗਲੈਂਡ ਤੇ ਜਰਮਨੀ 'ਚ ਖੇਡੇ ਗਏ ਕੁਆਰਟਰ ਫਾਈਨਲ ਮੁਕਾਬਲੇ 'ਚ ਰੈਫਰੀ ਨੇ ਇੰਗਲੈਂਡ ਦੇ ਖਿਡਾਰੀ ਫਰੈਂਕ ਲੈਂਪਾਰਡ ਦੇ ਉਸ ਗੋਲ ਨੂੰ ਸਾਫ ਤੌਰ 'ਤੇ ਨਕਾਰ ਦਿੱਤਾ ਸੀ ਜਿਸ ਨੂੰ ਪੂਰੀ ਦੁਨੀਆਂ ਨੇ ਅਸਲ 'ਚ ਗੋਲ ਦੱਸਿਆ ਸੀ। ਇਸ ਬਾਰੇ ਫੀਫਾ ਨੂੰ ਮੁਆਫ਼ੀ ਵੀ ਮੰਗਣੀ ਪਈ।

## ਆਕਟੋਪਸ ਦੀ ਭਵਿੱਖਬਾਣੀ...

ਵਿਸ਼ਵ ਕੱਪ ਫੁੱਟਬਾਲ ਬਾਰੇ ਪਾਲ ਨਾਂ ਦੇ ਆਕਟੋਪਸ (ਜੋਤਿਸ਼ੀ) ਦੀਆਂ ਸਾਰੀਆਂ ਭਵਿੱਖਬਾਣੀਆਂ ਸੱਚ ਸਾਬਤ ਹੋਈਆਂ ਜਿਸ ਕਰਕੇ ਆਕਟੋਪਸ ਬਰਾਦਰੀ ਨੂੰ ਹੀ ਖ਼ਤਰਾ ਪੈਦਾ ਹੋ ਗਿਆ। ਉਸ ਨੇ ਸਪੇਨ ਦੀ ਟੀਮ ਦੇ ਅਗਲੇ ਵਿਸ਼ਵ ਚੈਂਪੀਅਨ ਬਣਨ ਦੀ ਭਵਿੱਖਬਾਣੀ ਕੀਤੀ ਸੀ ਜੋ ਸੱਚ ਸਾਬਤ ਹੋਈ। ਇਸ ਤੋਂ ਪਹਿਲਾਂ ਪਾਲ ਨੇ ਜਰਮਨੀ ਨੂੰ ਤੀਸਰੇ ਸਥਾਨ ਲਈ ਮੁਕਾਬਲੇ ਦਾ ਜੇਤੂ ਦੱਸਿਆ ਸੀ ਜੋ ਸੱਚ ਸਾਬਤ ਹੋਇਆ। ਇਸ ਵਿਸ਼ਵ ਕੱਪ ਬਾਰੇ ਪਾਲ ਦੀਆਂ ਸਾਰੀਆਂ ਭਵਿੱਖਬਾਣੀਆਂ ਸਹੀ ਰਹੀਆਂ। ਪਾਲ ਨੇ ਸਪੇਨ ਤੇ ਜਰਮਨੀ ਵਿਚਾਲੇ ਖੇਡੇ ਗਏ ਦੂਸਰੇ ਸੈਮੀ ਫਾਈਨਲ ਮੁਕਾਬਲੇ ਬਾਰੇ ਬਿਲਕੁਲ ਸਹੀ ਭਵਿੱਖਬਾਣੀ ਕੀਤੀ ਸੀ। ਪਾਲ ਨੇ ਭਵਿੱਖਬਾਣੀ ਕੀਤੀ ਸੀ ਕਿ ਜਰਮਨੀ ਦੀ ਟੀਮ ਆਸਟ੍ਰੇਲੀਆ, ਘਾਨਾ, ਇੰਗਲੈਂਡ ਤੇ ਅਰਜਨਟੀਨਾ ਦੇ ਖ਼ਿਲਾਫ਼ ਜਿੱਤ ਜਾਵੇਗੀ ਪਰ ਸਰਬੀਆ ਤੇ ਸਪੇਨ ਕੋਲੋਂ ਉਸ ਨੂੰ ਹਾਰ ਝੱਲਣੀ ਪਵੇਗੀ।

## ਹੁਣ ਤੱਕ ਦੇ ਵਿਸ਼ਵ ਚੈਂਪੀਅਨ

**ਬ੍ਰਾਜ਼ੀਲ (ਪੰਜ ਵਾਰ)**
1958, 1962, 1970 ਤੇ 2002
**ਇਟਲੀ (ਚਾਰ ਵਾਰ)**
1934, 1938, 1982 ਤੇ 2006
**ਉਰੂਗੋਏ (ਦੋ ਵਾਰ)**
1930 ਤੇ 1950
**ਅਰਜਨਟੀਨਾ (ਦੋ ਵਾਰ)**
1978 ਤੇ 1986
**ਇੰਗਲੈਂਡ** 1966
**ਫਰਾਂਸ** 1998
**ਸਪੇਨ** 2010

## ਐਸ. ਅਸ਼ੋਕ ਭੌਰਾ ਤੇ ਸਤਿੰਦਰ ਸਰਤਾਜ




*ਪੰਜਾਬ 'ਚ ਬਹੁਚਰਚਿਤ ਗਾਇਕ ਡਾ ਸਤਿੰਦਰ ਸਰਤਾਜ ਨਾਲ ਸੂਫੀ ਗਾਇਕੀ ਤੇ ਸ਼ਾਇਰੀ ਬਾਰੇ ਇਕ ਵਿਸਤ੍ਰਿਤ ਮੁਲਾਕਾਤ ਦੂਰਦਰਸ਼ਨ ਅਤੇ ਨਿਜੀ ਚੈਨਲ ਲਈ "ਗੱਲੀਂ-ਬਾਤੀਂ" ਕਾਲਮ ਦੇ ਲੇਖਕ ਅਤੇ ਉਘੇ ਪੱਤਰਕਾਰ ਐਸ ਅਸ਼ੋਕ ਭੌਰਾ ਵਲੋਂ ਕੀਤੀ ਗਈ। ਤਸਵੀਰ ਵਿਚ ਗਾਇਕ ਸਰਤਾਜ ਅਤੇ ਸ੍ਰੀ ਭੌਰਾ ਗੱਲ-ਬਾਤ ਦੌਰਾਨ*

## ਮਰਦਮਸ਼ੁਮਾਰੀ ਵਿਭਾਗ ਵਲੋਂ 'ਪੰਜਾਬ ਟਾਈਮਜ਼' ਨੂੰ ਵਿਸ਼ੇਸ਼ ਮਾਣ ਪੱਤਰ

**ਬੇਕਰਜ਼ਫੀਲਡ (ਮਨਦੀਪ ਮਾਨ):** ਅਮਰੀਕੀ ਮਰਦਮਸ਼ੁਮਾਰੀ ਵਿਭਾਗ ਵਲੋਂ 'ਪੰਜਾਬ ਟਾਈਮਜ਼' ਨੂੰ ਇਕ ਵਿਸ਼ੇਸ਼ ਮਾਣ ਪੱਤਰ ਦੇ ਕੇ ਇਸ ਦਾ ਸਨਮਾਨ ਕੀਤਾ ਗਿਆ ਹੈ। ਇਹ ਸਨਮਾਨ ਹਾਲ ਹੀ ਵਿਚ ਕਰਵਾਈ ਗਈ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਭਾਈਚਾਰੇ ਵਿਚ ਇਸ ਮਰਦਮਸ਼ੁਮਾਰੀ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਉਣ ਬਦਲੇ ਦਿਤਾ ਗਿਆ ਹੈ। ਵਿਭਾਗ ਅਨੁਸਾਰ ਇਹ ਸਨਮਾਨ ਬੇਕਰਜ਼ਫੀਲਡ ਏਰੀਏ ਸਮੇਤ ਅਮਰੀਕਾ ਦੇ ਵਖ ਵਖ ਖੇਤਰਾਂ ਵਿਚ ਖਬਰਾਂ ਅਤੇ ਲੇਖਾਂ ਰਾਹੀਂ ਮਰਦਮਸ਼ੁਮਾਰੀ ਪ੍ਰਤੀ ਲੋਕ ਚੇਤਨਤਾ ਪੈਦਾ ਕਰਨ ਵਾਲੇ ਅਖਬਾਰਾਂ ਨੂੰ ਦਿਤਾ ਗਿਆ ਹੈ।

ਮਰਦਮਸ਼ੁਮਾਰੀ ਵਿਭਾਗ ਦੇ ਡਾਇਰੈਕਟਰ ਰਾਬਰਟ ਗਰੂਵਜ਼ ਦੇ ਦਸਤਖਤਾਂ ਹੇਠ ਜਾਰੀ ਇਹ ਵਿਸ਼ੇਸ਼ ਸਰਟੀਫਿਕੇਟ ਸਥਾਨਕ ਸੈਂਸਜ਼ ਸਪੈਸ਼ਲਿਸਟ ਮੈਡਮ ਰੇਅਨ ਵਲੋਂ ਪੰਜਾਬ ਟਾਈਮਜ਼ ਦੇ ਨੁਮਾਇੰਦੇ ਮਨਦੀਪ ਮਾਨ ਨੂੰ ਭੇਟ ਕੀਤਾ ਗਿਆ।




Visit us on the web: www.punjabtimesusa.com

# ਵਿਆਨਾ ਕਤਲ ਕਾਂਡ ਦੀ ਸੁਣਵਾਈ ਸ਼ੁਰੂ ਹੋਈ

**ਜਲੰਧਰ:** ਆਸਟਰੀਆ ਦੀ ਰਾਜਧਾਨੀ ਵਿਆਨਾ ਵਿਚ ਪਿਛਲੇ ਸਾਲ ਹੋਏ ਉਸ ਗੋਲੀਕਾਂਡ ਦੇ ਕੇਸ ਦੀ ਸੁਣਵਾਈ ਸ਼ੁਰੂ ਹੋ ਗਈ ਹੈ ਜਿਸ ਵਿਚ ਜਲੰਧਰ ਨੇੜਲੇ ਡੇਰਾ ਸੱਚਖੰਡ ਬੱਲਾਂ ਨਾਲ ਸੰਬੰਧਿਤ ਸੰਤ ਰਾਮਾ ਨੰਦ ਦੀ ਹੱਤਿਆ ਕਰ ਦਿੱਤੀ ਗਈ ਸੀ ਜਦਕਿ ਇਸੇ ਡੇਰੇ ਦੇ ਮੁਖੀ ਸੰਤ ਨਿਰੰਜਨ ਦਾਸ ਜ਼ਖਮੀ ਹੋ ਗਏ ਸਨ। ਇਸ ਮਾਮਲੇ ਵਿਚ ਛੇ ਵਿਅਕਤੀਆਂ ਦੇ ਖਿਲਾਫ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਈ ਹੈ ਜਿਨ੍ਹਾਂ ਵਿਚੋਂ ਪੰਜ ਭਾਰਤੀ ਹਨ ਜਦਕਿ ਛੇਵੇਂ ਦੀ ਕੌਮੀਅਤ ਬਾਰੇ ਕੁਝ ਪੱਕਾ ਨਾ ਹੋਣ ਕਾਰਨ ਉਸਦੀ ਪਛਾਣ ਮੁਕੰਮਲ ਨਹੀਂ ਹੈ। ਕਥਿਤ ਦੋਸ਼ੀਆਂ 'ਚ ਜਸਪਾਲ ਸਿੰਘ (35), ਸਤਵਿੰਦਰ ਸਿੰਘ (29), ਤਰਸੇਮ ਸਿੰਘ (46), ਸੁਖਵਿੰਦਰ ਸਿੰਘ (28), ਹਰਦੀਪ ਸਿੰਘ (33) ਅਤੇ ਚਰਨਜੀਤ ਸਿੰਘ (24) ਸ਼ਾਮਿਲ ਹਨ।

ਬੀਤੀ 12 ਜੁਲਾਈ ਦੀ ਸੁਣਵਾਈ ਦੌਰਾਨ ਮਾਮਲੇ ਦੇ ਇਕ ਕਥਿਤ ਦੋਸ਼ੀ ਜਸਪਾਲ ਸਿੰਘ ਨੇ ਕਿਹਾ ਕਿ ਉਹ ਆਪਣੀ ਯਾਦਦਾਸ਼ਤ ਗੁਆ ਚੁੱਕਾ ਹੈ ਅਤੇ 24 ਮਈ ਦੀ ਉਕਤ ਘਟਨਾ ਬਾਰੇ ਉਸਨੂੰ ਕੁਝ ਵੀ ਯਾਦ ਨਹੀਂ ਹੈ। ਜਸਪਾਲ ਸਿੰਘ ਦੇ ਵਕੀਲ ਨੇ ਕਿਹਾ ਕਿ ਉਸ ਦੇ ਸਾਇਲ ਨੂੰ ਸਿਰ ਉਤੇ ਉਸ ਵੇਲੇ ਗੰਭੀਰ ਚੋਟਾਂ ਆਈਆਂ ਸਨ ਜਦ ਉਕਤ ਘਟਨਾ ਤੋਂ ਬਾਅਦ ਉਸ ਉਤੇ ਹਮਲਾ ਕਰਕੇ ਉਸ ਦੀ ਕੁੱਟਮਾਰ ਕੀਤੀ ਗਈ ਸੀ। 35 ਸਾਲਾ ਜਸਪਾਲ ਸਿੰਘ ਨੇ ਕਿਹਾ ਕਿ ਜਦ ਹਸਪਤਾਲ ਵਿਚ ਉਸ ਨੂੰ ਹੋਸ਼ ਆਈ ਤਾਂ ਮੈਨੂੰ ਦੱਸਿਆ ਗਿਆ ਕਿ ਮੇਰੇ ਨਾਲ ਕੋਈ ਹਾਦਸਾ ਵਾਪਰਿਆ ਹੈ। ਵਰਨਣਯੋਗ ਹੈ ਕਿ ਜਸਪਾਲ ਸਿੰਘ ਕਾਫੀ ਸਮਾਂ ਵਿਆਨਾ ਦੇ ਇਕ ਹਸਪਤਾਲ ਵਿਚ 'ਕੋਮਾ' ਦੀ ਹਾਲਤ ਵਿਚ ਰਿਹਾ ਸੀ। ਜਸਪਾਲ ਸਿੰਘ ਨੇ ਕਿਹਾ ਹੈ ਕਿ ਉਹ ਡੇਰਾ ਸੱਚਖੰਡ ਪ੍ਰਤੀ ਸਤਿਕਾਰ ਰੱਖਦਾ ਹੈ।

ਬੀਤੇ ਸਾਲ 24 ਮਈ ਨੂੰ ਵਿਆਨਾ ਦੇ ਇਕ ਗੁਰਦੁਆਰਾ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਹੋਏ ਇਸ ਗੋਲੀਕਾਂਡ ਦੌਰਾਨ ਉਕਤ ਦੋਹਾਂ ਸੰਤਾਂ ਤੋਂ ਇਲਾਵਾ ਇਕ ਦਰਜਨ ਦੇ ਲਗਪਗ ਹੋਰ ਵਿਅਕਤੀ ਜ਼ਖਮੀ ਹੋਏ ਸਨ। ਇਸ ਮਾਮਲੇ ਦੇ ਕਥਿਤ ਮੁੱਖ ਦੋਸ਼ੀ 'ਤੇ ਕਤਲ ਅਤੇ ਇਰਾਦਾ-ਕਤਲ ਜਿਹੇ ਦੋਸ਼ ਲਗਾਏ ਗਏ ਹਨ ਜਦਕਿ ਬਾਕੀ ਪੰਜਾਂ ਵਿਰੁਧ ਇਰਾਦਾ-ਕਤਲ ਅਤੇ ਕਤਲ ਵਿਚ ਭਾਗੀਦਾਰ ਹੋਣ ਦੇ ਦੋਸ਼ਾਂ ਤਹਿਤ ਮੁਕੱਦਮਾ ਚੱਲੇਗਾ। ਇਨ੍ਹਾਂ ਸਾਰਿਆਂ ਉਤੇ ਇਸੇ ਸਾਲ ਮਈ ਵਿਚ ਦੋਸ਼ ਆਇਦ ਕੀਤੇ ਗਏ ਸਨ। ਵਿਆਨਾ ਦੀ ਮੁੱਖ ਅਦਾਲਤ ਵਿਚ ਮਾਨਯੋਗ ਜੱਜ ਸੁਜ਼ੇਨ ਲਹਿਰ ਦੇ ਸਾਹਮਣੇ ਉਕਤ ਕਥਿਤ ਦੋਸ਼ੀ ਹਾਜ਼ਰ ਸਨ। ਇਸ ਕੇਸ ਦਾ ਫੈਸਲਾ ਸਤੰਬਰ ਅੰਤ ਤਕ ਆਉਣ ਦੀ ਸੰਭਾਵਨਾ ਹੈ। ਦੋਸ਼ ਸਾਬਿਤ ਹੋ ਜਾਣ 'ਤੇ ਕਥਿਤ ਦੋਸ਼ੀਆਂ ਨੂੰ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

## ਭਾਰਤੀਆਂ ਨੂੰ ਮੌਤ ਦੀ ਸਜ਼ਾ

ਡੁਬਈ: ਸ਼ਾਰਜਾਹ 'ਚ ਕਤਲ ਦੇ ਮਾਮਲੇ ਵਿਚ 3 ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਸ਼ਾਰਜਾਹ ਦੀ ਅਦਾਲਤ ਨੇ ਜਾਕਰੀਆ, ਬਸ਼ੀਰ ਅਤੇ ਅਨਵਰ ਨਾਮੀ ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ। ਉਨ੍ਹਾਂ ਇਕ ਵਪਾਰੀ ਦੀ ਹੱਤਿਆ ਕੀਤੀ ਅਤੇ ਇਕ ਹੋਰ ਨੂੰ ਜਾਨ ਤੋਂ ਮਾਰਨ ਦੀ ਕੋਸ਼ਿਸ਼ ਕੀਤੀ। ਕੁਮਾਰ ਨਾਮੀ ਇਕ ਵਪਾਰੀ ਨੇ ਇਨ੍ਹਾਂ ਤਿੰਨਾਂ ਨੂੰ ਆਪਣੇ ਵਪਾਰਕ ਵਿਰੋਧੀ ਨੂੰ ਕਤਲ ਕਰਨ ਲਈ ਸੁਪਾਰੀ ਦਿੱਤੀ ਸੀ।

# ਸੜਕਾਂ ਬਣਾਉਣ ਵਾਲਿਆਂ ਨਾਲ ਹੀ ਨਹੀਂ ਚਲਦੀਆਂ ਸਰਕਾਰਾਂ-ਆਹਲੂਵਾਲੀਆ

**ਨਵੀਂ ਦਿੱਲੀ :** ਕੇਂਦਰੀ ਟਰਾਂਸਪੋਰਟ ਮੰਤਰੀ ਕਮਲ ਨਾਥ ਵਲੋਂ ਬੀਤੇ ਦਿਨੀਂ ਯੋਜਨਾ ਕਮਿਸ਼ਨ ਨੂੰ 'ਕਾਗਜ਼ੀ ਸਲਾਹਕਾਰ' ਕਰਾਰ ਦਿੱਤੇ ਜਾਣ ਸਬੰਧੀ ਮੋੜਵਾਂ ਜਵਾਬ ਦਿੰਦਿਆਂ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੋਂਟੇਕ ਸਿੰਘ ਆਹਲੂਵਾਲੀਆ ਨੇ ਬੀਤੀ 11 ਜੁਲਾਈ ਨੂੰ ਇਕ ਨਿੱਜੀ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਸ. ਆਹਲੂਵਾਲੀਆ ਨੇ ਕਿਹਾ, "ਮੇਰੇ ਖਿਆਲ ਵਿਚ ਤੁਸੀਂ ਸਿਰਫ ਉਨ੍ਹਾਂ ਲੋਕਾਂ ਨਾਲ ਸਰਕਾਰਾਂ ਨਹੀਂ ਚਲਾ ਸਕਦੇ ਜਿਹੜੇ ਇਹ ਜਾਣਦੇ ਹਨ ਕਿ ਸੜਕਾਂ ਕਿਵੇਂ ਬਣਾਈਆਂ ਜਾਂਦੀਆਂ ਹਨ। ਤੁਹਾਨੂੰ ਨਿਯਮਾਂ ਮੁਤਾਬਕ ਹੀ ਚੱਲਣਾ ਪਵੇਗਾ।" ਗੌਰਤਲਬ ਹੈ ਕਿ ਸ੍ਰੀ ਨਾਥ ਨੇ ਬੀਤੀ 5 ਜੁਲਾਈ ਨੂੰ ਯੋਜਨਾ ਕਮਿਸ਼ਨ ਵਲੋਂ ਹੀ ਕਰਵਾਏ ਗਏ ਇਕ ਸਮਾਗਮ ਵਿਚ ਸ੍ਰੀ ਆਹਲੂਵਾਲੀਆ ਦੀ ਹਾਜ਼ਰੀ ਵਿਚ ਕਿਹਾ ਸੀ ਕਿ ਯੋਜਨਾ ਕਮਿਸ਼ਨ ਨੂੰ ਜ਼ਮੀਨੀ ਹਕੀਕਤਾਂ ਦਾ ਪਤਾ ਨਹੀਂ ਹੈ ਤੇ ਉਹ ਇਕ ਕਾਗਜ਼ੀ ਸਲਾਹਕਾਰ ਹੈ। ਉਨ੍ਹਾਂ ਕਿਹਾ ਸੀ, "ਕਿਤਾਬ ਤਿਆਰ ਕਰਨੀ ਹੋਰ ਗੱਲ ਹੈ ਤੇ ਸੜਕ ਬਣਾਉਣੀ ਹੋਰ ਗੱਲ ਹੈ।"



ਸ੍ਰੀ ਆਹਲੂਵਾਲੀਆ ਨੇ ਕਿਹਾ, "ਅਸੀਂ ਪ੍ਰੋਗਰਾਮ ਲਾਗੂ ਕਰਨ ਵਾਲਾ ਅਦਾਰਾ ਨਹੀਂ ਹਾਂ ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ (ਮੰਤਰੀਆਂ ਨੂੰ) ਸਲਾਹ ਦੀ ਲੋੜ ਨਹੀਂ ਹੈ। ਮੇਰੇ ਖਿਆਲ ਵਿਚ ਅਕਾਊਂਟੈਂਟ ਸੜਕਾਂ ਨਹੀਂ ਬਣਾ ਸਕਦੇ ਪਰ ਇਹ ਵੀ ਹਕੀਕਤ ਹੈ ਕਿ ਅਕਾਊਂਟੈਂਟਸ ਤੋਂ ਬਿਨਾਂ ਸੜਕਾਂ ਬਣ ਵੀ ਨਹੀਂ ਸਕਦੀਆਂ।"

# ਸੱਜਣ ਕੁਮਾਰ ਵਿਰੁਧ ਦੋਸ਼ ਆਇਦ,ਗਵਾਹੀਆਂ ਭੁਗਤੀਆਂ

**ਨਵੀਂ ਦਿੱਲੀ :** ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਪਿਛਲੇ ਕਾਫ਼ੀ ਸਮੇਂ ਤੋਂ ਕਾਨੂੰਨ ਨਾਲ ਲੁਕਣ-ਮੀਟੀ ਖੇਡ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਬੀਤੀ 7 ਜੁਲਾਈ ਨੂੰ ਦਿੱਲੀ ਦੀ ਇਕ ਅਦਾਲਤ ਨੇ ਦੰਗਿਆਂ ਨਾਲ ਸਬੰਧਤ ਇਕ ਕੇਸ ਵਿਚ ਕਤਲ ਤੇ ਦੰਗੇ ਭੜਕਾਉਣ ਦੇ ਦੋਸ਼ ਆਇਦ ਕਰ ਦਿੱਤੇ। ਜ਼ਿਕਰਯੋਗ ਹੈ ਕਿ 1984 ਵਿਚ ਉਤਰੀ-ਪੱਛਮੀ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਸੱਜਣ ਕੁਮਾਰ ਵਲੋਂ ਭੜਕਾਉਣ ਤੋਂ ਬਾਅਦ ਕੁਝ ਫਿਰਕਾਪ੍ਰਸਤਾਂ ਨੇ ਸਿੱਖ ਭਾਈਚਾਰੇ ਦੇ 6 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ ਲੰਮਾ ਸਮਾਂ ਆਪਣੇ ਪ੍ਰਭਾਵ ਦੀ ਵਰਤੋਂ ਕਰਦਿਆਂ ਕੇਸ ਵੀ ਦਰਜ ਨਹੀਂ ਹੋਣ ਦਿੱਤਾ ਸੀ। ਇਸ ਮਾਮਲੇ ਵਿਚ ਕਈ ਇਨਸਾਫ਼ ਪਸੰਦ ਜਥੇਬੰਦੀਆਂ ਵਲੋਂ ਕੀਤੀ ਲੰਮੀ ਪੈਰਵਾਈ ਤੋਂ ਬਾਅਦ ਇਹ ਫੈਸਲਾ ਸਾਹਮਣੇ ਆਇਆ ਹੈ।

ਐਡੀਸ਼ਨਲ ਸੈਸ਼ਨ ਜੱਜ ਸੁਨੀਤਾ ਗੁਪਤਾ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਕਾਂਗਰਸੀ ਆਗੂ ਤੇ ਹੋਰਨਾਂ ਖਿਲਾਫ਼ ਸਪਸ਼ਟ ਸਬੂਤ ਹਨ ਤੇ ਇਸ ਨੂੰ ਵੇਖਦਿਆਂ 23 ਅਗਸਤ ਤੋਂ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣੇ ਚਾਹੀਦੇ ਹਨ। ਦੱਸਣਾ ਬਣਦਾ ਹੈ ਕਿ ਅਦਾਲਤ ਵਲੋਂ 1 ਜੁਲਾਈ ਨੂੰ ਇਸ ਮਾਮਲੇ ਵਿਚ ਦੋਸ਼ ਪੱਤਰ ਦਾਖ਼ਲ ਕਰਨ ਦਾ ਹੁਕਮ ਦੇਣ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ ਦੀ ਸ਼ੁਰੂਆਤ ਦਾ ਰਾਹ ਪੱਧਰਾ ਹੋ ਗਿਆ ਸੀ। ਪੁਲਿਸ ਵਲੋਂ ਸੱਜਣ ਕੁਮਾਰ ਤੋਂ ਇਲਾਵਾ ਬਰਮਾ ਨੰਦ ਗੁਪਤਾ, ਪੇਰੂ, ਕੁਸ਼ਲ ਸਿੰਘ ਤੇ ਵੇਦ ਪ੍ਰਕਾਸ਼ ਖਿਲਾਫ਼ ਕਤਲ ਤੇ ਦੰਗਿਆਂ ਤੋਂ ਇਲਾਵਾ ਦੋ ਫਿਰਕਿਆਂ ਵਿਚਾਲੇ ਪਾੜਾ ਵਧਾਉਣ ਦੇ ਦੋਸ਼ਾਂ ਹੇਠਾਂ ਦੋਸ਼ ਪੱਤਰ ਦਾਖਲ ਕੀਤਾ ਗਿਆ ਸੀ। ਦੱਸਣਾ ਬਣਦਾ ਹੈ ਕਿ ਜਿੱਥੇ ਜਸਟਿਸ ਜੀਟੀ ਨਾਨਾਵਤੀ ਕਮਿਸ਼ਨ ਦੀ ਸਿਫਾਰਸ 'ਤੇ 13 ਜਨਵਰੀ ਨੂੰ ਸੱਜਣ ਕੁਮਾਰ ਤੇ ਹੋਰਨਾਂ ਖਿਲਾਫ਼ ਦੋ ਦੋਸ਼ ਪੱਤਰ ਦਾਖ਼ਲ ਕੀਤੇ ਗਏ ਸਨ, ਉਥੇ ਅਦਾਲਤ



**'ਮੇਰੇ ਪਤੀ ਨੂੰ ਰਾਡਾਂ ਮਾਰ ਕੇ ਕਤਲ ਕੀਤਾ ਅਤੇ ਪੁੱਤਰ ਨੂੰ ਅੱਗ ਲਾ ਕੇ ਸਾੜਿਆ ਗਿਆ'**

ਇਕ ਮਾਮਲੇ ਵਿਚ ਉਸ ਖਿਲਾਫ਼ ਗਵਾਹਾਂ ਦੇ ਬਿਆਨ ਦਰਜ ਕਰਨਾ ਸ਼ੁਰੂ ਕਰ ਚੁੱਕੀ ਹੈ।

ਸੀ.ਬੀ.ਆਈ. ਦਾ ਕਹਿਣਾ ਸੀ ਕਿ ਸੱਜਣ ਕੁਮਾਰ ਨੇ ਸੁਲਤਾਨਪੁਰੀ ਇਲਾਕੇ ਵਿਚ ਲੋਕਾਂ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਸਿੱਖਾਂ ਦੇ ਕਤਲੇਆਮ ਲਈ ਉਕਸਾਇਆ। ਸਿੱਖ ਕਤਲੇਆਮ ਦੇ ਮਾਮਲੇ ਵਿਚ ਇਕ ਗਵਾਹ ਲਾਲ ਚੰਦ (65) ਨੇ ਵੀ ਸੱਜਣ ਕੁਮਾਰ ਤੇ ਹੋਰਨਾਂ ਵਿਰੁਧ ਬਿਆਨ ਦਰਜ ਕਰਵਾਏ। ਇਸ ਤੋਂ ਇਲਾਵਾ ਬੀਤੀ 8 ਜੁਲਾਈ ਨੂੰ 1984 ਦੇ ਸਿੱਖ ਕਤਲੇਆਮ ਦੇ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਗਵਾਹੀ ਦੇ ਰਹੀ ਬੀਬੀ ਜਗਦੀਸ਼ ਕੌਰ ਨੇ ਅਦਾਲਤ ਨੂੰ ਦਸਿਆ ਕਿ ਕਿਸ ਤਰ੍ਹਾਂ ਭੜਕੀ ਭੀੜ ਨੇ ਉਸ ਦੇ ਪਤੀ ਅਤੇ ਪੁੱਤਰ ਨੂੰ ਕਤਲ ਕੀਤਾ। ਜਗਦੀਸ਼ ਕੌਰ ਨੇ ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੂੰ ਦਸਿਆ, "ਲੋਹੇ ਦੀਆਂ ਰਾਡਾਂ ਅਤੇ ਹੋਰ ਘਾਤਕ ਹਥਿਆਰਾਂ ਨਾਲ ਲੈਸ ਭੀੜ ਨੇ ਪਹਿਲਾਂ ਮੇਰੇ ਪੁੱਤਰ ਨੂੰ ਬੁਰੀ ਤਰ੍ਹਾਂ ਕੁੱਟ ਕੇ ਜ਼ਖ਼ਮੀ ਕਰ ਦਿਤਾ ਅਤੇ ਫਿਰ ਪਤੀ ਦੇ ਸਿਰ ਵਿਚ ਰਾਡਾਂ ਮਾਰੀਆਂ ਅਤੇ ਉਨ੍ਹਾਂ ਨੂੰ ਘੜੀਸ ਕੇ ਇਕ ਕਮਰੇ ਵਿਚ ਲੈ ਗਏ ਜਿਥੇ ਉਨ੍ਹਾਂ ਦੀ ਮੌਤ ਹੋ ਗਈ।"

ਸਿੱਖ ਕਤਲੇਆਮ ਦੇ ਮੁਲਜ਼ਮ ਬਲਵਾਨ ਖੋਖਰ ਦੇ ਵਕੀਲ ਐਸ.ਏ. ਹਾਸ਼ਮੀ ਨਾਲ ਜਿਰ੍ਹਾ ਦੌਰਾਨ ਬੀਬੀ ਜਗਦੀਸ਼ ਕੌਰ ਨੇ ਕਿਹਾ, "ਮੇਰਾ ਪੁੱਤਰ ਦੌੜ ਕੇ ਗਲੀ ਵਿਚ ਕੁਝ ਦੂਰੀ 'ਤੇ ਗਿਆ ਸੀ ਜਦੋਂ ਭੀੜ ਨੇ ਉਸ ਉਪਰ ਮੁੜ ਹਮਲਾ ਕਰ ਕੇ ਉਸਨੂੰ ਜਿਊਂਦਾ ਸਾੜ ਦਿਤਾ।"

ਬੀਬੀ ਜਗਦੀਸ਼ ਕੌਰ ਨੇ ਇਸ ਤੋਂ ਪਹਿਲਾਂ ਦਸੰਬਰ 2008 'ਚ ਅੰਮ੍ਰਿਤਸਰ ਦੀ ਅਦਾਲਤ ਵਿਚ ਵੀ ਇਹੀ ਬਿਆਨ ਦਰਜ ਕਰਵਾਇਆ ਸੀ। ਹਾਸ਼ਮੀ ਨਾਲ ਦੋ ਘੰਟਿਆਂ ਦੀ ਜਿਰ੍ਹਾ ਦੌਰਾਨ ਬੀਬੀ ਜਗਦੀਸ਼ ਕੌਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ 31 ਜਨਵਰੀ 1991 ਜਾਂ 20 ਜਨਵਰੀ 1985 ਨੂੰ ਦਿੱਲੀ ਪੁਲਿਸ ਸਾਹਮਣੇ ਕੋਈ ਬਿਆਨ ਦਿਤਾ ਸੀ।

## ਕਤਲੇਆਮ ਬਾਰੇ ਪੰਜਾਬਣ ਦਾ ਨਾਵਲ ਹੱਥੋ-ਹੱਥ ਵਿਕਿਆ

**ਸਰੀ:** ਕੈਨੇਡਾ ਦੀ ਜੰਮਪਲ ਪੰਜਾਬਣ ਨਵਦੀਪ ਕੌਰ ਗਿੱਲ ਦੀ ਪਲੇਠੀ ਲਿਖਤ ਅੰਗਰੇਜ਼ੀ ਨਾਵਲ 'ਅੰਡਰ ਦਾ ਮੂਨਲਿਟ ਸਕਾਈ' ਸ਼ਾਈਨਿੰਗ ਸਮਾਰੋਹ ਵਾਲੇ ਦਿਨ ਹੀ 'ਸੋਲਡ ਆਊਟ' ਕਰਾਰ ਦਿੱਤਾ ਗਿਆ ਹੈ।

ਸੰਨ 1984 'ਚ ਸਿੱਖ ਨਸਲਕੁਸ਼ੀ ਦੇ ਦੁਖਾਂਤ ਉਪਰ ਲਿਖੀ ਪੁਸਤਕ ਦੀ ਲੇਖਿਕਾ ਨੇ ਸਰੀ 'ਚ ਹੋਏ ਰਿਲੀਜ਼ ਸਮਾਗਮ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਵਲੋਂ ਅੰਗਰੇਜ਼ੀ 'ਚ ਨਵੰਬਰ '84 ਸਬੰਧੀ ਲਿਖਣ ਦਾ ਮਕਸਦ ਹੋਰਨਾਂ ਕੌਮਾਂ ਨੂੰ ਸਿੱਖ ਦੁਖਾਂਤ ਤੋਂ ਜਾਣੂ ਕਰਵਾਉਣਾ ਹੈ। ਸਰੀ ਦੇ ਗਿਲਫਰਡ ਮਾਲ ਸਥਿਤ 'ਬਲੈਕ ਬੈਂਡ ਬੁੱਕਸ' ਉਪਰ ਇਕੱਤਰ ਲਗਭਗ ਦੋ ਸੌ ਕੈਨੇਡੀਅਨ ਸਿੱਖ ਨੌਜਵਾਨਾਂ ਅਤੇ ਮੁਟਿਆਰਾਂ ਨੇ ਨਵਦੀਪ ਕੌਰ ਉਰਫ ਨੈਵ ਗਿੱਲ ਵਲੋਂ ਕੈਨੇਡੀਅਨ ਇਤਿਹਾਸ ਵਿਚ 'ਨਵਾਂ ਅਧਿਆਇ' ਦਰਜ ਕਰਨ ਦੀ ਪੁਰਜ਼ੋਰ ਪ੍ਰਸ਼ੰਸਾ ਕੀਤੀ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204

19625 Harlan Rd Lathrop CA 95330

Exactly on I-5 and Luise Exit Opposite to Dennis Restaurant

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਵਿਸ਼ਵ ਕਪ 'ਚ ਅਰਜਨਟਾਈਨਾ ਦੀ ਹਾਰ ਨੂੰ ਸਮਝਣ ਦਾ ਯਤਨ ਕਰਦਿਆਂ

ਗੁਰਦਿਆਲ ਸਿੰਘ ਬੱਲ*

*ਵਿਸ਼ਵ ਕਪ ਟੂਰਨਾਮੈਂਟ ਦੇ ਮੈਚ ਤਾਂ ਸ਼ਾਇਦ ਕਈ ਹੋਰ ਵੀ ਸਨ ਜਿਨ੍ਹਾਂ ਦੇ ਆਧਾਰ 'ਤੇ ਕੋਈ ਸਮਰਥਾਵਾਨ ਵਿਅਕਤੀ ਮਹਾਂਕਾਵਿਕ ਬਿਰਤਾਂਤ ਸਿਰਜ ਸਕਦਾ ਹੈ ਪ੍ਰੰਤੂ ਜਰਮਨੀ-ਅਰਜਨਟਾਈਨਾ ਮੈਚ ਅਤੇ ਇਸ ਵਿਚ ਨਿਹਿਤ ਤ੍ਰਾਸਦੀ ਦੇ ਲੰਮਾ ਸਮਾਂ ਮਨ ਨੂੰ ਰਹਿ ਰਹਿ ਕੇ ਤੰਗ ਕਰੀ ਜਾਣ ਦੀਆਂ ਸੰਭਾਵਨਾਵਾਂ ਬਾਰੇ ਤਾਂ ਕੋਈ ਸੰਦੇਹ ਹੀ ਨਹੀਂ ਹੈ। ...ਫਿਰ ਵੀ ਇਸ ਵਿਚ ਮਹਿਜ ਤੀਬਰ ਵੇਦਨਾ ਜਾਂ ਸੰਤਾਪ ਹੀ ਨਹੀਂ ਸੀ, ਕਿਸੇ ਦੂਸਰੀ ਧਿਰ ਲਈ ਇਸ ਵਿਚ ਨਿਸ਼ਚੇ ਹੀ ਪਰਮ ਅਨੰਦ, ਵਜਦ ਜਾਂ ਵਿਸਮਾਦ ਵੀ ਮੌਜੂਦ ਸੀ। ਜਰਮਨੀ ਦੇ ਮਿਲੋਵਨ ਕਲੋਜ਼ ਵਲੋਂ ਕੀਤੇ ਗਏ ਦੂਸਰੇ ਗੋਲ ਤੋਂ ਬਾਅਦ ਜਿਥੇ ਮੈਰਾਡੋਨਾ ਅਤੇ ਉਸਦੇ ਪ੍ਰਸ਼ੰਸਕਾਂ ਨੂੰ ਧਰਤੀ ਤੇ ਕੋਈ ਪਰਲੋ ਆ ਗਈ ਲਗਦੀ ਸੀ, ਉਥੇ ਐਨ ਉਸੇ ਸਮੇਂ ਦਰਸ਼ਕਾਂ ਵਿਚ ਬੈਠੀ ਜਰਮਨੀ ਦੀ ਚਾਂਸਲਰ ਮੈਡਮ ਮਰਕਲ ਪੂਰੀ ਤਰ੍ਹਾਂ ਬਾਗੋ ਬਾਗ ਸੀ। ਤੇ ਫਿਰ ਸਵੈਨ ਸਟਾਈਗਰ ਦੇ ਪਾਸ ਤੋਂ ਜਦੋਂ ਅਰਨੀ ਫਰੈਡਰਿਕ ਨੇ ਬਾਲ ਤੀਸਰੇ ਗੋਲ ਲਈ ਲਾਈਨ ਤੋਂ ਪਾਰ ਕੀਤੀ ਤਾਂ, ਅਸੀਂ ਧਿਆਨ ਨਾਲ ਵੇਖ ਰਹੇ ਸਾਂ, ਮੈਡਮ ਪਿਛੇ ਮੁੜ ਕੇ ਆਪਣੇ ਆਸ ਪਾਸ ਬੈਠੇ ਆਪਣੇ ਸਮਰਥਕਾਂ ਨਾਲ ਜ਼ੋਰ ਜ਼ੋਰ ਦੀ ਹਥ ਮਿਲਾ ਮਿਲਾ ਕੇ ਕਿਸੇ ਵਿਸਮਾਦ ਜਾਂ ਪਰਮ ਅਨੰਦ ਵਰਗੀ ਤਸਲੀ ਦਾ ਪ੍ਰਗਟਾਵਾ ਕਰ ਰਹੀ ਸੀ।*

*ਮੇਰਾ ਅਜੇ ਵੀ ਚਿਤ ਕਰਦਾ ਏ ਕਿ ਸਾਡੇ ਪਾਠਕ ਅਜਿਹੇ ਭਾਵਾਂ ਦੀ ਸ਼ਾਨ ਅਤੇ ਜੀਵਨ ਦੇ ਸੁਹਪਣ 'ਚ ਇਨ੍ਹਾਂ ਦੇ ਮੂਲ ਨੂੰ ਸਮਝਣ ਲਈ ਪੁਨਰ ਜਾਗਰਨ ਕਾਲ ਦੇ ਮਹਾਨ ਕਲਾਕਾਰ ਮਾਈਕਲ ਐਂਜਲੋ ਦੀ ਜੀਵਨੀ ਤੇ ਆਧਾਰਤ ਇਰਵਿੰਗ ਸਟੋਨ ਦਾ ਸ਼ਾਹਕਾਰ ਨਾਵਲ Egony and Ecstacy (ਵੇਦਨਾ ਤੇ ਵਿਸਮਾਦ) ਜ਼ਰੂਰ ਹੀ ਪੜ੍ਹਨ।*

*ਅਖੀਰ: ਜਰਮਨੀ ਦੀ ਜਹਾਦੀ ਅਤੇ ਅਤਿ ਦੀ ਤੇਜ਼ ਤਰਾਰ ਟੀਮ ਨੂੰ ਅਖੀਰੀ ਠਲ੍ਹ ਪਈ ਤਾਂ ਰਾਤੀਂ ਢਾਈ ਕੁ ਵਜੇ ਮੇਰੇ ਦੋਸਤ ਕੰਵਲ ਦਾ ਫੋਨ ਆਇਆ। ਉਸਦੀ ਤਸੱਲੀ ਦੀ ਕੋਈ ਹਦ ਨਹੀਂ ਸੀ।*

*ਮੈਂ ਉਸਨੂੰ ਚੇਤੇ ਕਰਾਇਆ ਕਿ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਵਲੋਂ ਖਤਰਨਾਕ ਜਹਾਦੀ ਅਹਿਮਦ ਸ਼ਾਹ ਬਰੇਲਵੀ ਨੂੰ ਹਰਾ ਕੇ ਸਿੱਖਾਂ ਨੇ ਇਸੇ ਕਿਸਮ ਦੀ ਤਸੱਲੀ ਮਹਿਸੂਸ ਕੀਤੀ ਹੋਵੇ।*

3 ਜੁਲਾਈ, ਸਨਿਚਰਵਾਰ ਛੁਟੀ ਦਾ ਦਿਨ ਸੀ। ਘਰ ਕੋਈ ਮਿਲਣ ਮਿਲਾਉਣ ਵਾਲਾ ਆਇਆ ਨਾ ਅਤੇ ਕਿਸੇ ਨੂੰ ਮੈਂ ਬੁਲਾਇਆ ਵੀ ਨਹੀਂ ਸੀ। ਇਕ ਦਿਨ ਪਹਿਲਾਂ ਵਿਸ਼ਵ ਕਪ ਫੁਟਬਾਲ ਟੂਰਨਾਮੈਂਟ ਦੇ ਪਹਿਲੇ ਕਵਾਟਰ ਫਾਈਨਲ ਮੁਕਾਬਲੇ ਦੌਰਾਨ ਬਰਾਜ਼ੀਲ ਦੀ ਟੀਮ ਹਾਲੈਂਡ ਹਥੋਂ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਾਰ ਕੇ ਕਪ ਦੀ ਦੌੜ ਵਿਚੋਂ ਬਾਹਰ ਹੋ ਗਈ ਸੀ। ਇਸ ਨਤੀਜੇ ਨਾਲ ਝਟਕਾ ਜਿਹਾ ਲੱਗਾ ਸੀ ਅਤੇ ਸਾਰਾ ਦਿਨ ਮਨ 'ਤੇ ਉਦਾਸੀ ਜਿਹੀ ਛਾਈ ਰਹੀ ਸੀ। ਇਕ ਹੋਰ ਕਵਾਟਰ ਫਾਈਨਲ ਵੀ ਯੁਰੁਗੁਏ ਅਤੇ ਘਾਨਾ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ ਸੀ, ਪ੍ਰੰਤੂ ਉਸਦੇ ਨਤੀਜੇ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਸੀ। ਤੀਸਰਾ ਕਵਾਟਰ ਫਾਈਨਲ ਮੁਕਾਬਲਾ ਅਰਜਨਟਾਈਨਾ ਅਤੇ ਜਰਮਨੀ ਦੀਆਂ ਟੀਮਾਂ ਵਿਚਾਲੇ ਖੇਡਿਆ ਜਾਣਾ ਸੀ। ਇਸ ਮੈਚ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਦੇਖਣ ਦਾ ਮਨ ਬਣਿਆ ਹੋਇਆ ਸੀ। ਇਹ ਵੀ ਇਕ ਕਾਰਨ ਸੀ ਕਿ ਮੈਂ ਯਾਰ ਮਿੱਤਰ ਕਿਸੇ ਨੂੰ ਫੋਨ ਤਕ ਵੀ ਕਰਨ ਦੀ ਕੋਸ਼ਿਸ਼ ਨਾ ਕੀਤੀ ਕਿ ਕਿਸੇ ਦੇ ਆ ਜਾਣ ਨਾਲ ਕਿਧਰੇ ਪੀਣ-ਪਿਆਉਣ ਦਾ ਕਾਰੋਬਾਰ ਸ਼ੁਰੂ ਨਾ ਹੋ ਜਾਵੇ। ਅਜਿਹਾ ਜਸ਼ਨ ਡੀਗੋ ਮੈਰਾਡੋਨਾ ਦੀ ਟੀਮ ਦੀ ਜਿਤ ਦੀ ਖੁਸ਼ੀ ਵਿਚ ਹੀ ਦਰਕਾਰ ਸੀ। ਫਿਰ ਵੀ ਸ਼ਾਮ ਢਲਦਿਆਂ ਤਕ ਰਿਹਾ ਨਾ ਗਿਆ

SOUTH AFRICA 2010
FIFA WORLD CUP

ਅਤੇ ਆਪਦੇ ਗਵਾਂਢੀ ਡਾ. ਪਰਮਪਾਲ ਸਿੰਘ ਧਾਲੀਵਾਲ ਨੂੰ ਜ਼ਰਾ ਵਕਤ ਸਿਰ ਆਪਣਾ ਕੰਮਕਾਰ ਕਰਕੇ ਅਤੇ ਖਾਣ-ਪੀਣ ਦਾ ਕੁਝ ਸਾਮਾਨ ਲੈ ਕੇ ਆ ਜਾਣ ਲਈ ਫੋਨ ਕਰ ਹੀ ਦਿਤਾ। ਵਿਸ਼ਵ ਕਪ ਦੇ ਸੈਮੀ ਫਾਈਨਲ ਮੈਚ ਇਕਠਿਆਂ ਨੇ ਬੈਠ ਕੇ ਵੇਖਣ ਦਾ ਪ੍ਰੋਗਰਾਮ ਅਸੀਂ ਉਂਜ ਵੀ ਕਈ ਦਿਨ ਪਹਿਲਾਂ ਦਾ ਹੀ ਬਣਾਇਆ ਹੋਇਆ ਸੀ। ਉਨ੍ਹਾਂ ਨੇ ਨਾਂਹ-ਨੁਕਰ ਜਿਹੀ ਕੀਤੀ ਪ੍ਰੰਤੂ ਮੈਂ ਉਨ੍ਹਾਂ ਨੂੰ ਜਚਾ ਦਿਤਾ ਕਿ ਆਪਣੇ ਲਈ ਸੈਮੀ ਫਾਈਨਲ ਤਾਂ ਛੱਡੋ ਫਾਈਨਲ ਮੁਕਾਬਲਾ ਵੀ ਇਹੋ ਹੀ ਹੋਵੇਗਾ।

ਡਾ. ਸਾਹਿਬ ਦੇ ਪੁਜਣ ਤੋਂ ਪਹਿਲਾਂ ਹੀ ਮੈਚ ਦੇ ਸਮੇਂ ਲਈ ਘੜੀ ਵੇਖਦਿਆਂ ਮੈਂ ਟੈਲੀਵੀਜ਼ਨ ਆਨ ਕੀਤਾ। ਰੀਮੋਟ ਦਾ ਕੋਈ ਗਲਤ ਬਟਨ ਦਬਾਇਆ ਗਿਆ। ਸਬੰਧਤ ਚੈਨਲ ਭਾਲਦਿਆਂ ਥੋੜ੍ਹਾ ਸਮਾਂ ਲਗ ਗਿਆ ਅਤੇ ਜਦੋਂ ਤਕ ਚੈਨਲ ਮਿਲਿਆ, ਅਰਜਨਟਾਈਨਾ ਦੀ ਟੀਮ ਇਕ ਗੋਲ ਨਾਲ ਪਛੜੀ ਹੋਈ ਸੀ। ਜਰਮਨ ਖਿਡਾਰੀ ਇਕ ਦੂਸਰੇ ਦੇ ਉਪਰ ਚੜ੍ਹੇ ਚੰਘਿਆੜਾਂ ਮਾਰ ਰਹੇ ਸਨ। ਦੂਸਰੇ ਪਾਸੇ ਇਕੱਲਾ ਮੈਰਾਡੋਨਾ ਅਤੇ ਉਸਦੀ ਟੀਮ ਜਾਂ ਉਸਦਾ ਦੇਸ਼ ਹੀ ਨਹੀਂ ਬਲਕਿ ਮੇਰੀ ਕਲਪਨਾ ਅਨੁਸਾਰ ਖੁਦਾ ਜਾਣੇ, ਦੁਨੀਆਂ ਭਰ 'ਚ ਕਿੰਨੇ ਕਰੋੜ ਦਰਸ਼ਕ ਉਹ 'ਨਜ਼ਾਰਾ' ਵੇਖ ਕੇ ਸੁੰਨ ਹੋ ਕੇ ਰਹਿ ਸਨ। ਡਾ. ਧਾਲੀਵਾਲ 10 ਕੁ ਮਿੰਟ ਲੇਟ ਆਏ ਅਤੇ ਸਾਮਾਨ ਮੇਜ਼ 'ਤੇ ਰਖਣ ਪਿਛੋਂ ਉਨ੍ਹਾਂ ਦਾ ਪਹਿਲਾ ਸਵਾਲ ਸੀ ਕਿ ਕਿਵੇਂ ਚਲ ਰਿਹਾ ਹੈ ਸੁਪਰ ਮੁਕਾਬਲਾ, ਮੈਸੀ ਨੇ ਕੋਈ ਜਲਵਾ ਦਿਖਾਇਆ ਹੈ ਅਜੇ ਕਿ ਨਹੀਂ? ਮੇਰੇ ਰੋਹ ਅਤੇ ਚੁਪ ਨੂੰ ਭਾਂਪਦਿਆਂ ਉਨ੍ਹਾਂ ਸਕੋਰ ਖੁਦ ਹੀ ਟੈਲੀਵੀਜ਼ਨ 'ਤੇ ਵੇਖ ਲਿਆ ਅਤੇ ਹੌਸਲਾ ਦੇਣ ਦੀ ਸੁਰ ਵਿਚ ਕਿਹਾ ਕਿ ਕੋਈ ਗੱਲ ਨਹੀਂ ਅਜੇ ਤਾਂ ਸਾਰਾ ਹੀ ਸਮਾਂ ਪਿਆ ਹੈ, ਫੁਟਬਾਲ ਦੇ ਮੈਚਾਂ ਦੇ ਨਤੀਜੇ ਤਾਂ ਅੰਤਿਮ ਸਕਿੰਟਾਂ ਵਿਚ ਵੀ ਬਦਲਦੇ ਵੇਖੇ ਹਨ। ਗੱਲ ਉਨ੍ਹਾਂ ਦੀ ਠੀਕ ਸੀ ਅਤੇ ਅਜਿਹੇ ਕਈ ਨਤੀਜਿਆਂ ਦਾ ਮੈਨੂੰ ਵੀ ਪਤਾ ਸੀ। ਖਾਸ ਕਰਕੇ ਸਾਲ 1994 ਦੇ ਵਿਸ਼ਵ ਕਪ ਦੌਰਾਨ ਇਟਲੀ ਅਤੇ ਨਾਇਜੀਰੀਆ ਦੀਆਂ ਟੀਮਾਂ ਵਿਚਾਲੇ ਨਾਕ ਆਊਟ ਸਟੇਜ ਦੇ ਪਹਿਲੇ ਗੇੜ ਦੇ ਮੈਚਾਂ ਦਾ ਉਹ ਨਤੀਜਾ ਤਾਂ ਕਦੀ ਭੁਲਿਆ ਹੀ ਨਹੀਂ ਹੈ ਜਦੋਂ ਮੈਚ ਦੇ ਆਖਰੀ 90ਵੇਂ ਮਿੰਟ ਤਕ ਇਤਾਲਵੀ ਟੀਮ ਨਾਇਜੀਰੀਆ ਦੇ ਮੁਕਾਬਲੇ 10 ਨਾਲ ਪਛੜੀ ਹੋਈ ਸੀ ਅਤੇ ਉਸ ਹਾਰ ਨਾਲ ਉਸ ਨੇ ਸ਼ੁਰੂ 'ਚ ਹੀ ਕਪ ਦੀ ਦੌੜ ਵਿਚੋਂ ਬਾਹਰ ਹੋ ਜਾਣਾ ਸੀ। ਅਚਾਨਕ ਨਾਇਜੀਰੀਅਨ ਗੋਲ ਪੋਸਟ ਦੇ ਕਿਨਾਰੇ ਸ਼ਾਂਤ ਖੜ੍ਹੇ ਨਜ਼ਰ ਆਉਂਦੇ ਇਟਲੀ ਦੇ ਦੰਤ-ਕਥਾਈ ਖਿਡਾਰੀ ਰਾਬਰਟ ਬੈਜੀਓ ਦੇ ਪੈਰਾਂ ਉਪਰ ਆ ਡਿਗੀ ਬਾਲ ਨੂੰ ਉਸ ਅਖ ਦੇ ਫੋਰ ਵਿਚ ਗੋਲਾਂ ਅੰਦਰ ਸੁਟ ਦਿਤਾ ਸੀ। ਵਾਧੂ ਸਮੇਂ ਦੌਰਾਨ ਮੈਚ ਦਾ ਜੇਤੂ ਗੋਲ ਵੀ ਫਿਰ ਉਸ ਨੇ ਆਪ ਹੀ ਕੀਤਾ ਸੀ। ਇਟਲੀ ਦੀ ਟੀਮ ਫਾਈਨਲ ਤਕ ਪਹੁੰਚ ਗਈ ਸੀ ਅਤੇ ਪੈਨਲਟੀ ਕਿਕਾਂ 'ਤੇ ਜਾ ਕੇ ਹੀ ਬਰਾਜ਼ੀਲੀਅਨਾਂ ਹਥੋਂ ਹਾਰੀ ਸੀ।

ਡਾਕਟਰ ਨੂੰ ਇਹ ਕਹਾਣੀ ਸੁਣਾਉਣ ਦੀ ਬਜਾਏ ਮੈਂ ਕੇਵਲ ਇਤਨਾ ਹੀ ਕਿਹਾ ਕਿ ਤੁਹਾਡੀ ਗੱਲ ਤਾਂ ਠੀਕ ਹੈ ਪਰ ਜਿਸ ਤਰੀਕੇ ਨਾਲ ਮੈਚ ਸ਼ੁਰੂ ਹੁੰਦਿਆਂ ਹੀ ਜਰਮਨੀ ਨੇ ਅਰਜਨਟਾਈਨਾ ਦੇ ਡੀਫੈਂਸ ਵਿਚ ਪਾੜ ਪਾਇਆ ਹੈ ਉਸ ਨੇ ਉਨ੍ਹਾਂ ਨੂੰ ਹੁਣ ਸੰਭਲਣ ਨਹੀਂ ਦੇਣਾ। ਲਗਦੈ ਤੇਜ਼ ਤਰਾਰ ਜਹਾਦੀ ਜਰਮਨਾਂ ਦੀ ਰਣਨੀਤੀ ਨੂੰ ਮੋੜਵੀਂ ਟਕਰ ਦੇ ਸਕਣ ਵਾਲੀ ਯੁਧਨੀਤੀ ਅਰਜਨਟਾਈਨੀ ਕੋਚ ਸਾਡੇ 'ਦਰਵੇਸ਼' ਮੈਰਾਡੋਨਾ ਨੇ ਤਿਆਰ ਕੀਤੀ ਹੀ ਨਹੀਂ ਹੈ। ਮੈਨੂੰ ਯਾਦ ਸੀ ਕਈ ਦਿਨ ਪਹਿਲਾਂ ਆਈ ਮੈਰਾਡੋਨਾ ਦੀ ਉਹ ਇੰਟਰਵਿਊ ਜਿਸ ਵਿਚ ਉਸ ਕਿਹਾ ਸੀ ਕਿ ਉਹ ਇੰਟਰ ਮਿਲਨ ਦੇ ਕੋਚ ਜੋਸ ਮੈਰਿਨਹੋ ਕੋਲੋਂ ਵੀ ਇਕ-ਦੋ ਗੁਰ ਲਵੇਗਾ। ਉਹ ਭੁਲ ਗਿਆ ਹੋਵੇਗਾ। ਉਸ ਕੋਲ ਗੁਰ ਉਸ ਨੇ ਲਏ ਨਹੀਂ ਹਨ।

ਇਸ ਤੋਂ ਬਾਅਦ ਅਧੇ ਸਮੇਂ ਦੀ ਖੇਡ ਤਕ ਅਸਾਂ ਆਪਸ ਵਿਚ ਕੋਈ ਗੱਲ ਨਾ ਕੀਤੀ, ਸਿਵਾਏ ਇਕ-ਦੋ ਵਾਰੀ 'ਸ਼ੁਕਰ ਸ਼ੁਕਰ' ਕਹਿਣ ਦੇ, ਜਦੋਂ ਅਰਜਨਟਾਈਨਾ ਵਾਲੇ ਪਹਿਲਾਂ ਸਮੀ ਖੜੀਰਾ ਅਤੇ ਫਿਰ ਮੀਰੋਸਲਾਵ ਕਲੋਜ਼ ਹਥੋਂ ਗੋਲ ਖਾਂਦੇ ਖਾਂਦੇ ਵਾਲ ਵਾਲ ਹੀ ਬਚੇ ਸਨ।

ਅਧਾ ਸਮਾਂ ਮੁਕਿਆ ਹੀ ਸੀ ਕਿ ਟੈਲੀਫੋਨ ਦੀ ਘੰਟੀ ਖੜਕਣੀ ਸ਼ੁਰੂ ਹੋ ਗਈ। ਮੇਰੇ ਦੋਸਤ ਪ੍ਰੋ. ਬਾਵਾ ਸਿੰਘ ਦਾ ਫੋਨ ਸੀ। ਅਖੇ ਬਲ ਯਾਰ ਇਹ ਕੀ ਭਾਣਾ ਵਰਤ ਰਿਹਾ ਹੈ? ਅਰਜਨਟਾਈਨਾ ਬਚੇਗਾ ਕਿ ਇਹ ਵੀ ਵਿਚਾਰੇ ਬਰਾਜ਼ੀਲ ਵਾਲੇ ਰਸਤੇ ਹੀ ਜਾਣਗੇ। ਉਹ ਆਪੇ ਹੀ ਕਹੀ ਜਾ ਰਿਹਾ ਸੀ ਕਿ ਮੈਸੀ ਨੂੰ ਤਾਂ ਉਨ੍ਹਾਂ ਨੇ ਜੈਮ ਕਰ ਛਡਿਆ ਹੈ। ਉਹ ਇਹ ਵੀ ਪੁਛ ਰਿਹਾ ਸੀ ਕਿ ਅਜ ਉਨ੍ਹਾਂ ਦਾ ਉਹ ਖਿਡਾਰੀ ਕਿਥੇ ਹੈ ਜਿਸ ਨੇ ਦਖਣੀ ਕੋਰੀਆ ਵਾਲੇ ਮੈਚ ਦੌਰਾਨ ਗੋਲਾਂ ਦੀ ਝੜੀ ਲਗਾਈ ਰਖੀ ਸੀ। ਮੈਰਾਡੋਨਾ ਨੇ ਉਸ ਐਡੇ ਵੱਕਾਰੀ ਮੈਚ ਵਿਚ ਉਸਨੂੰ ਖਿਡਾਇਆ ਕਿਉਂ ਨਹੀਂ? ਉਸਨੂੰ ਸਟ ਲੱਗ ਗਈ ਹੋਈ ਹੈ ਜਾਂ ਪਹਿਲੇ ਕਿਸੇ ਮੈਚ ਵਿਚ ਲਾਲ ਕਾਰਡ ਮਿਲ ਜਾਣ ਕਾਰਨ ਕਿਧਰੇ ਬਾਹਰ ਬੈਠਿਆ ਹੋਇਆ ਹੈ।

ਦਰਅਸਲ 17 ਜੂਨ ਨੂੰ ਅਰਜਨਟਾਈਨਾ ਅਤੇ ਦਖਣੀ ਕੋਰੀਆ ਵਿਚਾਲੇ ਮੈਚ ਵਾਲੇ ਦਿਨ ਬਾਵਾ ਸਿੰਘ ਮੈਨੂੰ ਮਿਲਣ ਆਇਆ ਹੋਇਆ ਸੀ। ਇਤਫਾਕਨ ਮੰਡੀ ਅਹਿਮਦਗੜ੍ਹ ਤੋਂ ਅਮਰਜੀਤ ਸਿੰਘ ਪਰਾਗ ਹੋਰੀਂ ਵੀ ਆ ਗਏ। ਮੈਚ ਉਹ ਸ਼ਾਮੀ 5 ਵਜੇ ਸ਼ੁਰੂ ਹੋਣਾ ਸੀ ਅਤੇ ਸਾਡੇ ਮਿੱਤਰਾਂ ਦੇ ਸਰਕਲ 'ਚੋਂ ਅਰਜਨਟਾਈਨਾ ਜਾਂ ਮੈਰਾਡੋਨਾ ਦੇ ਸਭ ਤੋਂ ਵਡੇ ਪ੍ਰਸ਼ੰਸਕ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਰਛਪਾਲ ਸਿੰਘ ਗਿੱਲ ਹਨ। ਉਨ੍ਹਾਂ ਦੇ ਇਸ ਜਜ਼ਬਾਤ ਦਾ ਪਰਾਗ ਹੋਰਾਂ ਨੂੰ ਪਤਾ ਸੀ। ਉਨ੍ਹਾਂ ਆਉਂਦਿਆਂ ਹੀ ਰਛਪਾਲ ਨੂੰ ਫੋਨ ਕਰ ਦਿਤਾ ਅਤੇ ਨਾਲ ਹੀ ਇਹ ਆਖ ਦਿਤਾ ਕਿ ਅਜ ਤੇਰੀ ਟੀਮ ਨੂੰ ਅਸਾਂ ਜਿਤਾ ਦੇਣਾ ਹੈ, ਸੋ ਜਿਤ ਦਾ ਜਸ਼ਨ ਉਸੇ ਦੇ ਸਿਰ ਹੋਵੇਗਾ ਤੇ ਜਿਹੜੀ ਦਾਰੂ ਸਭ ਤੋਂ ਚੰਗੀ ਉਸ ਦੇ ਕੋਲ ਹੈ ਉਹ ਨਾਲ ਹੀ ਲੈਂਦਾ ਆਵੇ। ਅਗੋਂ ਗਿੱਲ ਨੇ ਕਹਿ ਦਿਤਾ ਕਿ ਉਹ ਤਾਂ ਆ ਹੀ ਰਿਹਾ ਹੈ, ਚੰਗਾ ਰਹੇ ਜੇ ਉਸ ਦੇ ਪੁਰਾਣੇ ਜਮਾਤੀ ਡਾ. ਹਰੀ ਸਿੰਘ ਅਤੇ ਗਵਾਂਢ 'ਚ ਰਹਿੰਦੇ ਚੇਅਰਮੈਨ ਡਾ. ਕੇਹਰ ਸਿੰਘ ਨੂੰ ਵੀ ਬੁਲਾ ਲਿਆ ਜਾਵੇ।

ਉਹ ਮੈਚ ਬਹੁਤ ਹੀ ਖੂਬਸੂਰਤ ਰਿਹਾ ਸੀ। ਪ੍ਰੋ. ਬਾਵਾ ਸਿੰਘ ਜਿਸ ਖਿਡਾਰੀ ਦੀ ਗੱਲ ਕਰ ਰਿਹਾ ਸੀ, ਉਸ ਦਾ ਨਾਂ ਗੋਂਜਾਲੋ ਹਿਗੁਏਂ ਸੀ, ਜਿਸ ਨੇ ਉਸ ਦਿਨ ਟੂਰਨਾਮੈਂਟ ਦਾ ਪਹਿਲਾ ਅਤੇ ਇਕੋ ਇਕ ਹੈਟਟ੍ਰਿਕ ਮਾਰਿਆ ਸੀ। ਅਰਜਨਟਾਈਨਾ ਹਮਲਾਵਰ ਪੰਕਤੀ ਵਿਚ ਉਨ੍ਹਾਂ ਦੇ ਸੁਪਰ ਸਟਾਰ ਲਿਓਨਲ ਮੈਸੀ ਅਤੇ ਕਾਰਲੋਸ ਟਵੇਜ ਦੀ ਖੇਡ ਵੀ ਬਹੁਤ ਚਮਤਕਾਰੀ ਰਹੀ ਸੀ। ਉਸ ਦਿਨ ਮੈਚ ਤੋਂ ਬਾਅਦ ਲੰਮਾ ਸਮਾਂ ਵਿਸ਼ਵ ਕਪ ਫੁਟਬਾਲ ਦੇ ਪੁਰਾਣੇ 'ਇਤਿਹਾਸਕ' ਮੁਕਾਬਲਿਆਂ ਦੀਆਂ ਹੀ ਗੱਲਾਂ ਚਲਦੀਆਂ ਰਹੀਆਂ ਸਨ ਬਲਕਿ ਵਿਸ਼ਵ ਕਪ ਫੁਟਬਾਲ ਦੇ ਪੁਰਾਣੇ ਅਹਿਮ ਮੁਕਾਬਲਿਆਂ ਦੀਆਂ ਯਾਦਾਂ ਬਾਰੇ ਇਕ ਸੈਸ਼ਨ ਜਿਹਾ ਹੀ ਹੋ ਗਿਆ ਸੀ। ਬਾਵਾ ਸਿੰਘ ਨੂੰ ਯਾਦ ਸੀ।

ਰਛਪਾਲ ਹੋਰਾਂ ਦਾ ਇਹ ਕਹਿਣਾ ਕਿ ਅਰਜਨਟਾਈਨੀ ਕਵਾਟਰ ਫਾਈਨਲ ਵਿਚ ਤਾਂ ਆ ਹੀ ਗਏ ਹਨ ਅਤੇ ਉਥੇ ਜਾ ਕੇ ਜੇਕਰ ਉਨ੍ਹਾਂ ਦਾ ਮੁਕਾਬਲਾ ਮੁੜ ਕਿਧਰੇ ਜਰਮਨੀ ਨਾਲ ਪੈ ਗਿਆ ਤਾਂ ਮੈਰਾਡੋਨਾ ਦੇ ਇਹ ਚੇਲੇ ਐਤਕੀਂ ਉਨ੍ਹਾਂ ਨੂੰ ਨਿੰਬੂਆਂ ਵਾਂਗੂੰ ਨਿਚੋੜ ਸੁਟਣਗੇ। ਨਿੰਬੂ ਨਿਚੋੜਨ ਦੀ ਗੱਲ ਕਰਦਿਆਂ ਹੀ ਉਨ੍ਹਾਂ ਨੂੰ ਆਪਣ ਮਰਹੂਮ ਸਾਥੀ ਜੋਗਿੰਦਰ ਹੀਰ ਦੀ ਯਾਦ ਆ ਗਈ। ਹੀਰ ਸਾਹਿਬ ਜਦੋਂ ਸ਼ਾਹ ਮੁਹੰਮਦ ਦਾ ਬੰਦ:ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ, ਗਾਉਂਦੇ ਸਨ ਤਾਂ ਅਜੀਬ ਵਜਦ ਤਾਰੀ ਹੋ ਜਾਂਦਾ ਸੀ।

ਰਛਪਾਲ ਗਿੱਲ ਦਾ ਸੰਕੇਤ ਸਾਲ 2006 ਦੇ ਜਰਮਨੀ ਵਿਚ ਹੋਏ ਵਿਸ਼ਵ ਕਪ ਦੇ ਕਵਾਟਰ ਫਾਈਨਲ ਵਲ ਸੀ। ਅਰਜਨਟਾਈਨਾ ਦੀ ਉਹ ਟੀਮ ਵੀ ਬਹੁਤ ਹੀ ਮਜ਼ਬੂਤ ਸੀ। ਟੀਮ ਦਾ ਧੁਰਾ ਰੈਕੁਐਲਮੇ ਸੀ ਜੋ ਕਿ ਆਪਣੀ ਖੇਡ ਕਲਾ ਦੀ ਸਿਖਰ 'ਤੇ ਸੀ। ਉਸਨੂੰ ਅਰਜਨਟਾਈਨਾ ਦੇ ਦੰਤ-ਕਥਾਈ ਖਿਡਾਰੀਆਂ ਪੈਸਾਰੋਲਾ, ਮੈਰਾਡੋਨਾ, ਕੈਨਿਗੀਆ ਅਤੇ ਬੈਟਿਸਟੂਟਾ ਦਾ ਵਾਰਸ ਦਸਿਆ ਜਾ ਰਿਹਾ ਸੀ। ਸਾਲ 2006 ਦੇ ਕਪ ਦਾ ਸਭ ਤੋਂ ਸਖਤ ਅਤੇ ਯਾਦਗਾਰੀ ਮੁਕਾਬਲਾ ਵੀ ਉਸੇ ਮੈਚ ਦੌਰਾਨ ਹੀ ਹੋਇਆ ਸੀ। ਅਰਜਨਟਾਈਨਾ ਪੈਨਲਟੀ ਕਿਕਾਂ ਦੇ ਪੜਾਅ 'ਤੇ ਜਾ ਕੇ ਹਾਰ ਗਿਆ ਸੀ। ਅਰਜਨਟਾਈਨਾ ਦੇ ਪ੍ਰਸ਼ੰਸਕਾਂ ਦਾ ਪਕਾ ਯਕੀਨ ਸੀ ਕਿ ਉਸ ਮੈਚ ਵਿਚ ਜਰਮਨ ਰੋਂਦ ਮਾਰ ਕੇ ਜਿਤੇ ਸਨ। ਗਿੱਲ ਦਾ ਵਿਸ਼ਵਾਸ ਸੀ ਕਿ ਉਸ ਵਿਸ਼ਵ ਕਪ ਦਾ ਫਾਈਨਲ ਉਸੇ ਮੈਚ ਹੀ ਖੇਡ ਹੋ ਗਿਆ ਸੀ।

ਅਰਜਨਟਾਈਨਾ-ਦਖਣੀ ਕੋਰੀਆ ਮੈਚ ਦੌਰਾਨ ਅਖੀਰਲੇ 20 ਮਿੰਟਾਂ ਲਈ ਮੈਰਾਡੋਨਾ ਨੇ ਟਵੇਜ ਦੀ ਜਗ੍ਹਾ ਆਪਣੇ ਦਾਮਾਦ ਸਰਗੀਓ ਐਗੁਏਰੋ ਨੂੰ ਮੈਦਾਨ ਵਿਚ ਉਤਾਰਿਆ ਸੀ। ਮੈਚ ਦੇ 76ਵੇਂ ਅਤੇ 80ਵੇਂ ਮਿੰਟਾਂ ਦੌਰਾਨ ਹੈਗੁਏਂ ਨੇ ਜੋ ਦੋ ਗੋਲ ਕੀਤੇ ਸਨ ਉਹ ਉਸੇ ਦੇ ਸਟੀਕ ਪਾਸਾਂ ਸਦਕਾ ਹੀ ਸੰਭਵ ਹੋਏ ਸਨ। ਜ਼ਾਹਰ ਹੈ ਕਿ ਅਰਜਨਟਾਈਨਾ ਕੋਲ ਮੈਸੀ, ਟਵੇਜ ਅਤੇ ਹੈਗੁਏਂ ਦੀ ਹਮਲਾਵਰ ਤਿਕੜੀ ਦੇ ਨਾਲ ਐਗੁਏਰੋ, ਡੀਗੋ ਮਿਲੀਟੋ ਅਤੇ ਮਾਰਟਿਨ ਪਲੇਰਮੋ ਦੇ ਰੂਪ ਵਿਚ ਸਿਕੇਬੰਦ ਹਮਲਾਵਰ ਖਿਡਾਰੀਆਂ ਦੀ ਬਦਲਵੀਂ ਤਿਕੜੀ ਵੀ ਮੌਜੂਦ ਸੀ।

ਰਛਪਾਲ ਗਿੱਲ ਦੇ ਦਾਅਵੇ ਦਾ ਇਕ ਅਧਾਰ ਇਹ ਵੀ ਸੀ ਕਿ ਵਿਸ਼ਵ ਕਪ ਟੂਰਨਾਮੈਂਟ ਦੇ ਅਜੇ ਮਹਿਜ ਇਕ ਮਹੀਨਾ ਪਹਿਲਾਂ ਇਤਾਲਵੀ ਇੰਟਰ ਮਿਲਨ ਕਲਬ ਨੇ ਫਾਈਨਲ ਮੁਕਾਬਲੇ ਵਿਚ ਜਰਮਨੀ ਦੀ ਸ਼ਕਤੀਸ਼ਾਲੀ ਬੇਅਰਨ ਮਿਉਨਿਖ ਕਲਬ ਨੂੰ 2-0 ਨਾਲ ਹਰਾ ਕੇ ਜੋ ਵਕਾਰੀ ਯੂਰਪੀਨ ਲੀਗ ਚੈਂਪੀਅਨਸ਼ਿਪ ਜਿਤੀ ਸੀ, ਉਸ ਅਹਿਮ ਮੈਚ ਵਿਚ ਦੋਵੇਂ ਗੋਲ ਡੀਗੋ ਮਿਲੀਟੋ ਨੇ ਹੀ ਕੀਤੇ ਸਨ। ਦੂਸਰੀ ਗੱਲ ਮੌਜੂਦਾ ਜਰਮਨ ਟੀਮ ਦੇ ਚੋਟੀ ਦੇ ਖਿਡਾਰੀ ਮਿਲੋਵਨ ਕਲੋਜ਼, ਮੂਲਰ, ਸਵੈਨਸਟਾਈਗਰ ਹੀ ਨਹੀਂ ਬਲਕਿ ਹਾਲੈਂਡ ਦੀ ਟੀਮ 'ਚ ਫੁਟਬਾਲ ਦਾ ਉਨ੍ਹਾਂ ਦਾ ਸਭ ਤੋਂ ਵਡਾ ਨਾਇਕ ਆਰਨ ਰੋਬਿਨ ਸਾਰੇ ਹੀ ਬੇਅਰਨ ਮਿਉਨਿਖ ਵਲੋਂ ਖੇਡ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਸ ਵਿਚ ਇਹ ਸਾਰੇ ਵਡੇ ਤਕੜੇ ਹਰਫਨਮੌਲਾ ਕਿਧਰੇ ਰੜਕੇ ਹੀ ਨਹੀਂ ਸਨ।

ਡਾ. ਕਿਹਰ ਸਿੰਘ ਨੂੰ ਰਛਪਾਲ ਗਿੱਲ ਜਿੰਨੇ ਵਿਸਥਾਰ ਵਿਚ ਤਾਂ ਸਾਰੀ ਕਹਾਣੀ ਦਾ ਪਤਾ ਨਹੀਂ ਸੀ ਪ੍ਰੰਤੂ ਮੈਚ 'ਚ ਅਰਜਨਟਾਈਨਾ ਦੀ ਕਾਰਗਰਦਗੀ ਤੋਂ ਬਾਵਾ ਸਿੰਘ ਅਤੇ ਪਰਾਗ ਸਾਹਿਬ ਸਮੇਤ ਅਸੀਂ ਸਾਰੇ ਹੀ ਬਾਗੋਬਾਗ ਸਾਂ। ਉਸ ਦਿਨ ਅਰਜਨਟਾਈਨਾ, ਮੈਰਾਡੋਨਾ, ਮੈਸੀ ਅਤੇ ਜਰਮਨ ਟੀਮ ਦੀਆਂ ਸੰਭਾਵਨਾਵਾਂ ਬਾਰੇ ਗਰਮਾ ਗਰਮ ਬਹਿਸ ਚਲ ਹੀ ਰਹੀ ਸੀ ਕਿ ਰਛਪਾਲ ਗਿੱਲ ਨੇ ਸਾਡੇ ਇਕ ਹੋਰ ਕਰੀਬੀ ਯਾਰ, ਮੇਰੇ ਗਰਾਈਂ ਅਤੇ ਮੈਰਾਡੋਨਾ ਦੇ ਪ੍ਰਸ਼ੰਸਕ ਕੰਵਲਜੀਤ ਸਿੰਘ ਸੰਧੂ ਨੂੰ ਫੋਨ ਕਰ ਦਿਤਾ। ਇਸ ਮੈਚ ਵਿਚ ਮੈਸੀ ਨੇ ਭਾਵੇਂ ਆਪ ਕੋਈ ਗੋਲ ਨਹੀਂ ਕੀਤਾ ਸੀ ਪਰ ਉਹ ਵੀ ਮੈਸੀ ਦੀ ਚਮਤਕਾਰੀ ਖੇਡ ਦੀ ਲੈਅ ਤੋਂ ਧੰਨ ਧੰਨ ਸੀ। ਮੇਰੇ ਨਾਲ ਗੱਲ ਕਰਦਿਆਂ ਉਸਨੇ ਵੀ ਗਿੱਲ ਦੇ ਇਸ ਦਾਅਵੇ ਦੀ ਜ਼ੋਰਦਾਰ ਤਾਈਦ ਕੀਤੀ ਕਿ ਇਸ ਵਾਰ ਅਰਜਨਟਾਈਨਾ ਦੀ ਟੀਮ ਸਾਲ 2006 ਦੀ ਟੀਮ ਨਾਲੋਂ ਵੀ ਬਹੁਤ ਤਕੜੀ ਹੈ। ਉਸਨੂੰ ਵਿਸ਼ਵ ਕਪ ਦੇ ਫਾਈਨਲ ਵਿਚ ਅਰਜਨਟਾਈਨਾ ਦਾ ਮੁਕਾਬਲਾ ਬਰਾਜ਼ੀਲ ਨਾਲ ਪੈਣ ਦੀ ਸੰਭਾਵਨਾ ਪੱਕੀ ਲਗ ਰਹੀ ਸੀ।

ਰਛਪਾਲ ਹੋਰਾਂ ਨੇ ਗੱਲ ਕਰਕੇ ਮੋਬਾਈਲ ਜਦੋਂ ਮੈਨੂੰ ਫੜਾਇਆ ਤਾਂ ਕੰਵਲ ਨੇ ਪੈਂਦੇ ਸਾਰ ਹੀ ਕਿਹਾ ਕਿ ਚਲ ਮੈਚ ਦੀ ਗੱਲ ਤਾਂ ਛਡ ਇਹ ਦਸ ਕਿ ਮੈਰਾਡੋਨਾ ਕੀ ਕਰੀ ਜਾ ਰਿਹਾ ਹੈ? ਅਖੇ ਉਸਦੇ ਹਾਵਾਂ ਭਾਵਾਂ, ਉਸਦੀਆਂ ਅਦਾਵਾਂ ਅਤੇ ਮੈਚਾਂ ਦੇ ਪਹਿਲਾਂ ਤੇ ਪਿਛੋਂ ਖਿਡਾਰੀਆਂ ਪ੍ਰਤੀ ਪ੍ਰਗਟਾਏ ਜਾ ਰਹੇ ਉਸਦੇ ਮਾਂਵਾਂ ਵਰਗੇ ਮੋਹ ਨੇ ਤਾਂ ਇਸ ਵਿਸ਼ਵ ਕਪ ਦੀ ਆਭਾ ਹੀ ਵਧਾ ਦਿਤੀ ਹੈ। ਉਹ ਪੁਛ ਰਿਹਾ ਸੀ ਕਿ ਮੈਰਾਡੋਨਾ ਸਾਹਿਬ ਕਿਵੇਂ ਲਗਦੇ ਹਨ? ਅਖੇ ਇਤਨਾ ਆਕਰਸ਼ਕ ਅਤੇ ਚੰਗਾ ਤਾਂ ਉਹ ਉਦੋਂ ਵੀ ਨਹੀਂ ਸੀ ਲਗਿਆ ਜਦੋਂ ਖੁਦ ਖੇਡਦਾ ਹੁੰਦਾ ਸੀ। ਖੈਰ, ਇਸ ਸਵਾਲ ਦਾ ਜਵਾਬ ਤਾਂ ਸੌਖਾ ਹੀ ਸੀ। ਮੈਨੂੰ ਪਤਾ ਸੀ ਅਤੇ ਕੰਵਲ ਤੁਰੰਤ ਸਹਿਮਤ ਵੀ ਹੋ ਗਿਆ ਜਦੋਂ ਮੈਂ ਦਸਿਆ ਕਿ ਇਹ ਮੈਰਾਡੋਨਾ ਸਟੀਕ ਦਾਸਤੋਵਸਕੀਅਨ ਨਾਇਕ ਹੈ ਅਤੇ ਇਸੇ ਵਿਚ ਹੀ ਉਸਦੇ ਤਕੜੇ ਜਾਦੂਈ ਆਕਰਸ਼ਨ ਦਾ ਰਾਜ ਹੈ। ਕੰਵਲ ਨੇ ਖੁਦ ਸਮੁਚਾ ਦਾਸਤੋਵਸਕੀਅਨ ਸੰਸਾਰ ਗਾਹਿਆ ਹੋਇਆ ਸੀ ਅਤੇ ਉਸ ਨੂੰ ਅਫਸੋਸ ਸੀ ਕਿ ਉਸ ਕੋਲ ਪੈਂਦੀ ਸਟੇ ਉਹ ਪਹਿਚਾਣਿਆ ਕਿਉਂ ਨਹੀਂ ਗਿਆ ਸੀ।

ਹੁਣ ਤਕ ਦਾ ਇਹ ਬਿਰਤਾਂਤ ਪੜ੍ਹ ਕੇ ਇਹ ਤਾਂ ਅੰਦਾਜ਼ਾ ਲਗ ਹੀ ਗਿਆ ਹੋਵੇਗਾ ਕਿ ਵਿਸ਼ਵ ਕਪ ਦੇ ਇਸ ਦੂਸਰੇ ਅਹਿਮ ਮੈਚ 'ਚ ਅਰਜਨਟਾਈਨਾ ਦੀ ਜਿਤ ਦਾ ਜਸ਼ਨ ਮਨਾਉਣ ਲਈ ਜੁੜੀ ਇਸ ਸੰਖੇਪ ਜਿਹੀ 'ਸੰਗਤ' 'ਚ ਸ਼ਾਮਲ ਲੋਕ ਕਿਸ ਕਦਰ ਅਰਜਨਟਾਈਨਾ ਦੇ ਪ੍ਰਸ਼ੰਸਕ ਸਨ।

ਮੈਚ ਬਾਰੇ ਗੱਲਬਾਤ ਚਲ ਰਹੀ ਸੀ ਕਿ ਵਿਸ਼ਵ ਕਪ ਬਾਰੇ ਵਿਸ਼ੇਸ਼ ਰਿਪੋਰਟ ਪੜ੍ਹਨ ਲਈ ਮੇਰੀ ਮੰਗ 'ਤੇ 16 ਜੂਨ ਦੀ 'ਦ ਹਿੰਦੂ' ਨਾਂ ਦਾ ਅਖਬਾਰ ਦੇਣ ਲਈ ਆ ਗਏ। ਇਹ ਅਖਬਾਰ ਮੈਂ ਉਨ੍ਹਾਂ ਕੋਲ ਮੰਗਿਆ ਤਾਂ 15 ਜੂਨ ਨੂੰ ਆਇਵਰੀ ਕੋਸਟ ਅਤੇ ਪੁਰਤਗਾਲ ਦੀਆਂ ਅਤਿ ਕਲਾਤਮਿਕ ਫੁਟਬਾਲ ਟੀਮਾਂ ਵਿਚਾਲੇ ਖੇਡੇ ਗਏ ਮੈਚ ਬਾਰੇ 'ਹਿੰਦੂ' ਰਿਪੋਰਟ ਵੇਖਣ ਲਈ ਸੀ ਪ੍ਰੰਤੂ ਅਖਬਾਰ 'ਚ ਖੇਡ ਪੰਨਾ ਖੋਲ੍ਹਿਆ ਤਾਂ ਮੈਚ ਬਾਰੇ ਮੁਖ ਰਿਪੋਰਟ ਤੋਂ ਹੇਠਾਂ ਪੰਜ ਕਾਲਮੀ ਰਿਪੋਰਟ 13 ਜੂਨ ਨੂੰ ਜਰਮਨੀ ਅਤੇ ਆਸਟਰੇਲੀਆ ਵਿਚਾਲੇ ਖੇਡੇ ਗਏ ਮੈਚ ਬਾਰੇ ਲਗੀ ਹੋਈ ਸੀ। ਉਸ ਮੈਚ ਵਿਚ ਟੂਰਨਾਮੈਂਟ ਤੋਂ ਕੁਝ ਦਿਨ ਪਹਿਲਾਂ ਜ਼ਖਮੀ ਹੋ ਕੇ ਬਾਹਰ ਹੋਏ ਸਾਬਕਾ ਕਪਤਾਨ ਮਾਈਕਲ ਬੈਲਕ ਦੀ ਜਗ੍ਹਾ ਜਰਮਨ ਟੀਮ ਦੇ ਕੇਂਦਰੀ ਧੁਰੇ ਵਜੋਂ ਖੇਡਣ ਆਏ ਤੁਰਕੀ ਮੂਲ ਦੇ 20 ਸਾਲਾ ਖਿਡਾਰੀ ਮੇਸੂਟ ਉਜੀਲ ਦੀ ਸ਼ਾਨਾਂਮਤੀ ਭੂਮਿਕਾ ਬਾਰੇ ਸੀ। ਕੇਵਿਨ ਮਕਾਰਾ ਨਾਂ ਦੇ ਉਘੇ ਖੇਡ ਪਤਰਕਾਰ ਦੀ ਉਸ ਲੰਮੀ ਰਿਪੋਰਟ ਦਾ ਸਿਰਲੇਖ ਸੀ "ਆਸਟਰੇਲੀਆ ਦੀ ਬਰਬਾਦੀ ਵਿਚ ਨੌਜਵਾਨ ਉਜੀਲ ਦੀਆਂ ਸੁੰਦਰ ਚਾਲਾਂ ਨੇ ਦੁਨੀਆਂ ਭਰ ਦੇ ਫੁਟਬਾਲ ਪ੍ਰੇਮੀਆਂ ਨੂੰ ਚੁੰਧਿਆ ਦਿਤਾ"।

ਕੇਵਿਨ ਆਪਣੀ ਰਿਪੋਰਟ ਦੀ ਸ਼ੁਰੂਆਤ ਹੀ ਇਸ ਦਾਅਵੇ ਨਾਲ ਕਰਦਾ ਹੈ ਕਿ ਵਿਸ਼ਵ ਕਪ



ਮੈਰਾਡੋਨਾ ਦਾ ਇਕ ਅੰਦਾਜ਼

ਲਈ ਮੁਹਿੰਮ ਵਿਚ ਅਗੋਂ ਜੋ ਵੀ ਹੋਵੇ ਜਾਂ ਨਾ ਹੋਵੇ 20 ਵਰ੍ਹਿਆਂ ਦੇ ਨੌਜਵਾਨ ਉਜ਼ੀਲ ਨੇ ਆਪਣੇ ਪਹਿਲੇ ਹੀ ਮੈਚ ਵਿਚ ਜੋ ਜਲਵੇ ਦਿਖਾ ਦਿਤੇ ਹਨ ਉਹ ਕਦੀ ਨਹੀਂ ਭੁਲਣਗੇ ਬਲਕਿ ਵਿਸ਼ਵ ਕਪ ਦੀ ਪਹਿਚਾਣ ਵਿਚ ਸਦਾ ਕਿਸੇ ਅਤਿ ਚਮਕਦੇ ਨਗ ਵਾਂਗੂੰ ਜੜੇ ਨਜ਼ਰ ਆਇਆ ਕਰਨਗੇ।

ਉਸ ਅਹਿਮ ਮੈਚ ਦੌਰਾਨ ਸਭ ਤੋਂ ਸਖਤਜਾਨ ਮੁਹਿੰਮਬਾਜ ਬੈਸਟੀਆਨ ਸੁਵੈਨਸਟਾਈਗਰ ਵਿਰੁਧ ਗੰਭੀਰ ਫਾਊਲ ਕਰ ਜਾਣ ਕਾਰਨ ਰੈਫਰੀ ਨੇ ਆਸਟਰੇਲੀਅਨ ਟੀਮ ਦੇ ਤੇਜ਼ ਤਰਾਰ ਖਿਡਾਰੀ ਟਿਮ ਕਾਹਿਲ ਨੂੰ ਅਧੇ ਕੁ ਘੰਟੇ ਬਾਅਦ ਹੀ ਲਾਲ ਕਾਰਡ ਦਿਖਾ ਕੇ ਮੈਦਾਨ ਵਿਚੋਂ ਬਾਹਰ ਕਢ ਦਿਤਾ ਸੀ ਅਤੇ ਕੇਵਿਨ ਨੇ ਉਸੇ ਕਾਹਿਲ ਦੇ ਹਵਾਲੇ ਨਾਲ ਲਿਖਿਆ ਸੀ ਕਿ ਉਨ੍ਹਾਂ ਦੀ ਟੀਮ ਵਿਰੁਧ ਮੁਹਿੰਮ ਉਨ੍ਹਾਂ ਉਪਰ ਉਤੋੜਿਤੀ 4 ਗੋਲ ਠੋਕਣ ਵਾਲੇ ਕਲੋਜ, ਲੂਕਾਸ, ਪੋਡੋਲਸਕੀ ਜਾਂ ਟਾਮਸ ਮੂਲਰ ਆਦਿ ਧਾਵੀਆਂ ਨੇ ਨਹੀਂ ਬਲਕਿ ਉਨ੍ਹਾਂ ਦੀ ਪਿਠ 'ਤੇ ਖੜ੍ਹੇ ਉਜੀਲ ਨਾਮੀ ਇਸ ਨੌਜਵਾਨ 'ਜਰਨੈਲ' ਨੇ ਜਿਤੀ ਸੀ। ਕਾਹਿਲ ਨੇ ਇਥੋਂ ਤਕ ਕਿਹਾ ਸੀ ਕਿ ਆਪਣੀਆਂ ਸਟੀਕ ਚਾਲਾਂ ਨਾਲ ਵਿਰੋਧੀ ਧਿਰ ਦੇ ਖੇਮੇ ਅੰਦਰ ਜਿਸ ਤਰ੍ਹਾਂ ਦੇ ਪਾੜ ਉਜੀਲ ਪਾਉਂਦਾ ਹੈ, ਕਾਂਬੇ ਛਿੜ ਜਾਂਦੇ ਹਨ। ਉਸਦੀ ਇਹ ਵੀ ਰਾਏ ਸੀ ਕਿ ਵਿਸ਼ਵ ਕਪ ਜਰਮਨੀ ਜਿਤੇ ਜਾਂ ਨਾ ਜਿਤੇ ਇਸ ਵਿਸ਼ਵ ਕਪ ਦੇ ਅੰਤ ਤਕ ਉਜੀਲ ਫੁਟਬਾਲ ਦੇ ਮਹਾਂਨਾਇਕ ਵਜੋਂ ਲਾਜ਼ਮੀ ਉਭਰ ਕੇ ਸਾਹਮਣੇ ਆਵੇਗਾ।

ਦਰਅਸਲ ਵਿਸ਼ਵ ਕਪ ਦੇ ਪਹਿਲੇ ਸਪਤਾਹ ਦੌਰਾਨ ਅਧੀ ਰਾਤ ਤਕ ਜਾਗ ਕੇ ਮੈਂ ਜਰਮਨੀ-ਆਸਟਰੇਲੀਆ ਵਾਲਾ ਇਕੋ ਇਕ ਮੈਚ ਹੀ ਵੇਖਿਆ ਸੀ। ਮੇਰੀ ਸਮਝ ਅਨੁਸਾਰ ਆਸਟਰੇਲੀਆ ਦੀ ਟੀਮ ਬਹੁਤ ਹੀ ਮਜ਼ਬੂਤ ਸੀ ਅਤੇ ਕਿਸਮਤ ਦੇ ਜ਼ਰਾ ਕੁ ਜਿਤਨਾ ਸਾਥ ਦੇ ਜਾਣ 'ਤੇ ਸਹਿਜੇ ਹੀ ਵਿਸ਼ਵ ਕਪ ਦੇ ਸੈਮੀ ਫਾਈਨਲ ਤਕ ਮਾਰਚ ਕਰ ਜਾਣ ਦੇ ਸਮਰਥ ਸੀ। ਮੈਨੂੰ ਸਾਲ 2006 ਦੇ ਵਿਸ਼ਵ ਕਪ ਦੌਰਾਨ ਉਨ੍ਹਾਂ ਵਲੋਂ ਸਾਬਕਾ ਵਿਸ਼ਵ ਵਿਜੇਤਾ ਇਟਲੀ ਦੀ ਟੀਮ ਵਿਰੁਧ ਖੇਡਿਆ ਗਿਆ ਮੈਚ ਵੀ ਯਾਦ ਸੀ। ਇਟਲੀ ਨੇ ਨਾਕ ਆਊਟ ਸਟੇਜ ਦਾ ਉਹ ਮੈਚ ਬੜੀ ਹੀ ਮੁਸ਼ਕਲ ਨਾਲ ਇਕ ਵਿਵਾਦਪੂਰਨ ਪੈਨਲਟੀ ਦੇ ਆਸਰੇ ਹੀ ਜਿਤਿਆ ਸੀ ਪ੍ਰੰਤੂ ਐਤਕਾਂ ਦੀ ਵਾਰ 14 ਜੂਨ ਨੂੰ ਤੜਕੇ ਜਿਸ ਬੇਕਿਰਕੀ ਨਾਲ ਜਰਮਨ ਯੁਵਕਾਂ ਦੀ ਇਸ ਤਾਕਤਵਾਰ ਟੀਮ ਨੇ ਆਸਟਰੇਲੀਆ ਦੀ ਖੇਹ ਕੀਤੀ ਸੀ ਉਸਨੂੰ ਵੇਂਹਦਿਆਂ ਵਾਕਿਆ ਹੀ ਹੈਰਤ ਹੁੰਦੀ ਸੀ। ਉਹ ਉਸ ਦਿਨ ਬੇਸ਼ਕ ਉਂਜ ਤਾਂ 4 ਗੋਲਾਂ ਨਾਲ ਹੀ ਜਿਤੇ ਸਨ ਪ੍ਰੰਤੂ ਖੇਡ ਕਾਰਗਰਦਗੀ ਨੂੰ ਵੇਂਹਦਿਆਂ ਉਹ ਘਟੋ ਘਟ 10 ਗੋਲਾਂ ਨਾਲ ਜੇਤੂ ਹੋਏ ਚਾਹੀਦੇ ਸਨ।

ਉਸ ਦਿਨ ਉਨ੍ਹਾਂ ਦੀਆਂ ਚਾਲਾਂ ਨੂੰ ਵੇਂਹਦਿਆਂ ਲਗਾਤਾਰ ਕਿਸੇ ਜਮਾਨੇ 'ਚ ਪਾਕਿਸਤਾਨੀ ਹਾਕੀ ਟੀਮ ਦੀ ਹਮਲਾਵਰ ਪੰਕਤੀ 'ਚ ਸਲੀਮ ਉਲਾ, ਮਨਜ਼ੂਰ ਜੂਨੀਅਰ, ਸ਼ਹਿਨਾਜ਼, ਰਸ਼ੀਦ ਅਤੇ ਇਸਲਾਉਦੀਨ ਅਤੇ ਉਨ੍ਹਾਂ ਦੇ ਪਿਛੇ ਟੀਮ ਦੇ ਧੁਰੇ 'ਤੇ ਖੜ੍ਹੇ ਅਖਤਰ ਰਸੂਲ ਦੀਆਂ ਚਾਲਾਂ ਯਾਦ ਆਈ ਜਾ ਰਹੀਆਂ ਸਨ। ਜਰਮਨ ਟੀਮ ਅੰਦਰ ਤਾਜ਼ਾ ਰੂਹ ਕਿਸੇ ਨੇ ਨਿਸ਼ਚੇ ਹੀ ਫੂਕ ਦਿਤੀ ਹੋਈ ਸੀ। ਮੈਂ ਜਰਮਨਾਂ ਦੇ ਕਤਈ ਹਕ ਵਿਚ ਨਹੀਂ ਸਾਂ ਪਰ ਉਨ੍ਹਾਂ ਦਾ ਪਹਿਲਾ ਮੈਚ ਵੇਖ ਕੇ ਹੀ ਲਗਦਾ ਸੀ ਕਿ ਹਕੀਕਤ ਨੂੰ ਪਰਵਾਨ ਕਰੇ ਬਗੈਰ ਕੋਈ ਚਾਰਾ ਨਹੀਂ ਹੈ।

ਚਿਲੀ ਦੀ ਟੀਮ ਨੇ 30-35 ਮਿੰਟਾਂ ਤਕ ਤਾਂ ਬਰਾਜ਼ੀਲ ਨੂੰ ਬਰਾਬਰ ਦੀ ਟਕਰ ਦੇਣ ਦੀ ਪੂਰੀ ਵਾਹ ਲਗਾਈ ਪ੍ਰੰਤੂ 35ਵੇਂ ਮਿੰਟ 'ਤੇ ਆ ਕੇ ਮਾਈਕੋਨ ਦੀ ਕਾਰਨਰ ਕਿਕ ਤੋਂ ਤੇਜੀ ਨਾਲ ਗਲਾਈਡ ਕਰੀ ਆਉਂਦੇ ਬਾਲ ਨੂੰ ਚਿਲੀ ਦੇ ਗੋਲਾਂ ਮੂਹਰੇ ਟੀਮ ਦੀ ਰਖਿਅਕ ਪੰਕਤੀ 'ਚ ਮਾਈਕੋਨ ਦੇ ਸਾਥੀ ਖਿਡਾਰੀ ਜੁਆਨ ਨੇ ਜਿਸ ਤਾਕਤ, ਅਕੀਦੇ ਅਤੇ ਦ੍ਰਿੜਤਾ ਨਾਲ ਗੋਲਾਂ ਵਿਚ ਸੁਟਿਆ ਉਸਨੂੰ ਵੇਂਹਦਿਆਂ ਦਰਸ਼ਕ ਮਾਨੋ ਵਾਹ ਵਾਹ ਕਰ ਉਠੇ ਸਨ। ਮਹਿਜ਼ 5 ਮਿੰਟ ਬਾਅਦ ਹੀ ਰੋਬਿਨੋ ਅਤੇ ਕਾਕਾ ਨੇ ਆਪਸ ਵਿਚ ਪਾਸਾ ਜਾਲ ਜਿਹਾ ਬਣਾ ਕੇ ਬਾਲ ਫੈਬੀਅਨ ਨੂੰ ਦਿਤੀ ਅਤੇ ਉਸ ਨੇ ਬਹੁਤ ਹੀ ਅਧਿਕਾਰਪੂਰਨ ਤਰੀਕੇ ਨਾਲ ਆਪਣੀ ਟੀਮ ਲਈ ਦੂਸਰਾ ਗੋਲ ਕਰ ਦਿਤਾ। ਦੂਸਰੇ ਅਧ ਦੌਰਾਨ ਰਾਮੀਰੇਜ ਦੇ ਜਿਸ ਪਾਸ 'ਤੇ ਰੋਬਿਨੋ ਨੇ ਖੁਦ ਗੋਲ ਕੀਤਾ ਉਹ ਜਲਵਾਗਿਰੀ ਦੀ ਸਿਖਰ ਹੀ ਸੀ।...ਇਸੇ ਦੌਰਾਨ ਟੈਲੀਵੀਜ਼ਨ ਕੈਮਰਾ ਕਈ ਵਾਰ ਬਰਾਜ਼ੀਲੀਅਨ ਸੁਪਰ ਸਟਾਰ ਕਾਕਾ ਦੇ ਚਿਹਰੇ 'ਤੇ ਫੋਕਸ ਹੁੰਦਾ ਰਿਹਾ ਅਤੇ ਉਸ ਦੀਆਂ ਮੁਸਕਰਾਹਟਾਂ ਨੂੰ ਵੇਂਹਦਿਆਂ ਲਗਦਾ ਇਉਂ ਸੀ ਜਿਵੇਂ ਜ਼ਿੰਦਗੀ ਦਾ ਸਾਰਾ ਚਾਅ ਉਸਦੇ ਵਜੂਦ ਵਿਚ ਘੁਲ ਗਿਆ ਹੋਵੇ।



ਜਰਮਨੀ ਤੇ ਅਰਜਨਟੀਨਾ ਮੈਚ ਦੇ ਸੰਘਰਸ਼ ਭਰੇ ਪਲ

ਇਹ ਸੀ ਉਹ ਪਿਛੋਕੜ ਵਿਚ ਖੜ੍ਹੇ ਬਰਾਜ਼ੀਲੀ ਨਾਇਕਾਂ ਦਾ ਸਿਕੇਬੰਦ ਪ੍ਰਦਰਸ਼ਨ, ਜਿਸ ਨੂੰ ਬਖੂਬੀ ਨੁਮਾਇਆ ਕਰਕੇ ਕਵਾਟਰ ਫਾਈਨਲ ਗੇੜ ਵਿਚ ਉਹ ਹਾਲੈਂਡ ਨਾਲ ਟਕਰ ਲੈਣ ਲਈ ਅਗੇ ਆਏ ਸਨ।

ਜਰਮਨੀ ਦੇ ਪਹਿਲੇ ਮੈਚ ਦੇ ਪਹਿਲੇ ਅਧ ਦੌਰਾਨ ਪਹਿਲੇ ਦੋਵੇਂ ਗੋਲ ਬੇਸ਼ਕ ਪੋਡੋਲਸਕੀ ਅਤੇ ਮੀਰੋਵਨ ਕਲੋਜ ਨੇ ਕੀਤੇ ਪ੍ਰੰਤੂ ਮੈਚ ਦੇ ਅਖੀਰ ਵਿਚ ਸਭ ਦੀ ਰਾਇ ਇਹ ਸੀ ਕਿ ਜਰਮਨੀ ਦੀ ਸਟੀਕ ਜਿਤ ਦਾ ਸਿਹਰਾ ਰਖਿਅਕ ਪੰਕਤੀ ਵਿਚ ਉਨ੍ਹਾਂ ਦੇ ਕਪਤਾਨ ਫਿਲਪ ਲਾਹਮ, ਮਧ ਪੰਕਤੀ ਦੇ ਧੁਰੇ ਜਾਂ ਪਲੇਅ ਮੇਕਰ ਉਜੀਲ ਅਤੇ ਹਮਲਾਵਰ ਪੰਕਤੀ 'ਚ ਸੱਜੇ ਦਾਅ 'ਤੇ ਬਾਜ ਵਾਂਗ ਘੁੰਮ ਰਹੇ ਮੂਲਰ ਦੀ ਆਪਸੀ ਮੁਕੰਮਲ ਤਾਲਮੇਲ ਵਾਲੀ ਬਹੁਤ ਹੀ ਜ਼ੋਰਦਾਰ ਖੇਡ ਦੇ ਸਿਰ ਸੀ। ਮੈਚ ਅਜੇ ਮੁਸ਼ਕਲ ਨਾਲ 57 ਮਿੰਟ ਹੀ ਚਲਿਆ ਸੀ ਕਿ ਉਜੀਲ ਨੇ ਬਾਲ ਮੂਲਰ ਵਲ ਸਿਟ ਦਿਤੀ। ਉਹ ਸ਼ਾਇਦ ਆਫ ਸਾਈਡ ਸੀ ਜਾਂ ਨਹੀਂ ਉਸਨੇ ਆਪ ਗੋਲ ਕਰਨ ਦੇ ਚਕਰ 'ਚ ਪੈਣ ਦੀ ਬਜਾਏ ਬਾਲ ਖਬੇ ਦਾਅ 'ਤੇ ਪੋਡੋਲਸਕੀ ਵਲ ਸੁਟੀ ਅਤੇ ਇਹ ਗੋਲ ਸੀ। ਬਸ ਪਹਿਲਾ ਗੋਲ ਪੈਣ ਦੀ ਦੇਰ ਸੀ ਕਿ ਆਸਟਰੇਲੀਆ ਦੀ ਮੰਨੀ ਹੋਈ ਰਖਿਅਕ ਪੰਕਤੀ ਦੀ ਸਾਰੀ ਸਫਬੰਦੀ ਖਿੰਡ-ਪੁੰਡ ਗਈ। ਪਹਿਲੇ ਗੋਲ ਤੋਂ 10-12 ਮਿੰਟ ਬਾਅਦ ਪੋਡੋਲਸਕੀ ਦੇ ਇਕ ਬਹੁਤ ਹੀ ਵਧੀਆ ਕਰਾਸ ਤੇ ਬਾਲ ਨੂੰ ਕਲੋਜ ਨੇ ਜਦੋਂ ਆਪਣੇ ਪੈਰਾਂ 'ਤੇ ਲਿਆ ਤਾਂ ਗੋਲ ਪੋਸਟ ਦਾ ਰਾਖਾ ਗਾਇਬ ਸੀ, ਇਹ ਵਖਰੀ ਗੱਲ ਹੈ ਕਿ ਕਲੋਜ ਬਾਲ ਨੂੰ ਗੋਲ ਪੋਸਟ ਦੇ ਉਪਰੋਂ ਦੀ ਬਾਹਰ ਨੂੰ ਕਿਕ ਮਾਰ ਗਿਆ। ਇਸ ਝਟਕੇ ਤੋਂ ਆਸਟਰੇਲੀਆ ਵਾਲੇ ਅਜੇ ਸੰਭਲੇ ਵੀ ਨਹੀਂ ਸਨ ਯਾਨਿ ਇਕ ਮਿੰਟ ਬਾਅਦ ਸਜੇ ਦਾਅ ਤੋਂ ਕਪਤਾਨ ਫਿਲਮ ਲਾਹਮ ਨੇ ਆਸਟਰੇਲੀਅਨ ਗੋਲਾਂ ਵਲ ਸਿਧੀ ਉਚੀ ਕਰਾਸ ਸਿਟ ਦਿਤੀ ਗੋਲਕੀਪਰ ਸ਼ੁਵਾਰਜਰ ਗਲਾਈਡ ਕਰੀ ਆਉਂਦੇ ਬਾਲ ਨੂੰ ਅਗੋਂ ਹੋ ਕੇ ਪਕੜਨ ਲਈ ਪੋਸਟ ਨੂੰ ਛਡ ਕੇ ਬਾਹਰ ਭਜਿਆ ਪ੍ਰੰਤੂ ਮਾਨੋ ਸੂਈ ਦੇ ਨੱਕੇ ਕੁ ਜਿਤਨੇ ਫਰਕ ਨਾਲ ਕਲੋਜ ਨੇ ਉਸ ਤੋਂ ਪਹਿਲਾਂ ਬਾਲ ਨੂੰ ਹੈਡ ਮਾਰ ਦਿਤਾ, ਜਰਮਨੀ 20 ਨਾਲ ਅਗੇ ਸੀ...।

ਸੋ ਮੈਂ ਮੈਚ ਬਾਰੇ ਇਸ ਕਿਸਮ ਦੀਆਂ ਕੁਝ ਯਾਦਾਂ ਬਾਰੇ ਦਸ ਕੇ ਮੈਰਾਡੋਨਾ-ਮੈਸੀ ਦੀ ਟੀਮ ਲਈ ਯਕੀਨੀ ਜਾਂ ਸੰਭਾਵੀ ਜਰਮਨ ਖਤਰੇ ਬਾਰੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਰਛਪਾਲ ਗਿੱਲ ਹੋਰੀਂ ਅਜਿਹੀ ਇਕ ਵੀ ਗੱਲ ਮੰਨਣ ਲਈ ਤਿਆਰ ਨਹੀਂ ਸਨ। ਪਹਿਲੀ ਗੱਲ ਤਾਂ ਉਹ ਇਹੋ ਕਹੀ ਜਾ ਰਹੇ ਸਨ ਕਿ ਇਹ ਮਸ਼ੋਹਰਾਂ ਦੀ ਟੀਮ ਹੈ। ਭੂਤਰੇ ਹੋਏ ਹਨ। ਅਗਲੇ ਹੀ ਮੈਚ ਵਿਚ ਘਾਨਾ ਜਾਂ ਸਰਬੀਆਂ ਹਥੋਂ ਇਨ੍ਹਾਂ ਮਾਰ ਖਾ ਜਾਣੀ ਹੈ। ਡਾ. ਕਿਹਰ ਸਿੰਘ ਨੇ ਗਿੱਲ ਦੇ ਦਾਅਵੇ ਦੀ ਕੁਝ ਹਦ ਤਕ ਤਾਕੀਦ ਇਹ ਕਹਿ ਕੇ ਕਰ ਦਿਤੀ ਕਿ ਜਰਮਨੀ ਨੂੰ ਸ਼ੁਰੂ 'ਚ ਹੀ ਗੋਲ ਮਿਲ ਜਾਣ ਦਾ ਵਡਾ ਫਾਇਦਾ ਹੋ ਗਿਆ ਸੀ। ਬਾਕੀ ਸ਼ਾਇਦ ਅਜਿਹੀ ਚਮਤਕਾਰੀ ਕੋਈ ਗੱਲ ਨਹੀਂ ਸੀ।

ਇਹ ਦਲੀਲ ਕਤਈ ਠੀਕ ਨਹੀਂ ਸੀ ਬਲਕਿ ਇਸ ਹੋਣਹਾਰ ਜਰਮਨ ਟੀਮ ਦੀ ਤਾਕਤ, ਗਤੀ ਅਤੇ ਉਤਸ਼ਾਹ ਨੂੰ ਘਟਾ ਕੇ ਵੇਖਣ ਵਾਲੀ ਗੱਲ ਸੀ। ਜ਼ਾਹਰ ਹੈ ਕਿ ਜਰਮਨੀ-ਆਸਟਰੇਲੀਆ ਮੈਚ ਤੋਂ ਇਕ ਦਿਨ ਪਹਿਲਾਂ ਇੰਗਲੈਂਡ ਅਤੇ ਅਮਰੀਕਾ ਵਿਚਾਲੇ ਹੋਏ ਮੈਚ ਦੌਰਾਨ ਕਪਤਾਨ ਸਟੀਵ ਜੇਰਾਰਡ ਨੇ ਹੈਸਕੀ ਦੇ ਪਾਸ ਤੇ ਮੈਚ ਦੇ ਮੁਢਲੇ 24 ਮਿੰਟਾਂ ਵਿਚ ਹੀ ਗੋਲ ਕਰ ਦਿਤਾ ਸੀ। ਉਹ ਗੋਲ ਅਮਰੀਕਾ ਸਿਰ ਵੀ ਅਚਨਚੇਤੀ ਬਿਜ ਆ ਡਿਗਣ ਵਾਂਗ ਹੋਇਆ ਸੀ ਅਤੇ ਇੰਗਲੈਂਡ ਦੀ ਮੰਨੀ-ਪ੍ਰਮੰਨੀ ਟੀਮ ਨੂੰ ਵੀ ਅਮਰੀਕਨਾਂ ਉਪਰ ਉਵੇਂ ਹੀ ਹਾਵੀ ਹੋ ਜਾਣਾ ਚਾਹੀਦਾ ਸੀ ਜਿਸ ਤਰ੍ਹਾਂ ਜਰਮਨ ਆਸਟਰੇਲੀਅਨਾਂ ਉਪਰ ਹਾਵੀ ਹੋ ਗਏ ਸਨ। ਪ੍ਰੰਤੂ ਇੰਗਲੈਂਡ ਵਾਲੇ ਤਾਂ ਬਾਅਦ ਦਾ ਸਾਰਾ ਸਮਾਂ ਅੰਨ੍ਹੇ ਦੇ ਥੇਹ ਹੀ ਟਕਰਾਂ ਮਾਰੀ ਚਲੇ ਗਏ। ਸ਼ਾਇਦ ਅਜਿਹੀ ਘਬਰਾਹਟ ਦਾ ਹੀ ਨਤੀਜਾ ਸੀ ਕਿ ਮੈਚ ਦੇ ਅਧੇ ਸਮੇਂ ਲਈ ਵਿਸਲ ਵਜਣ ਤੋਂ 2 ਕੁ ਮਿੰਟ ਪਹਿਲਾਂ ਅਮਰੀਕਨ ਫਾਰਵਰਡ ਗਲਿੰਟ ਡੈਂਪਸੀ, ਕੋਹਾਂ ਦੂਰ ਖੜ੍ਹੇ-ਖੜ੍ਹੇ ਨੇ ਜਦੋਂ ਇਕ ਜ਼ੋਰਦਾਰ ਕਿਕ ਮਾਰੀ ਤਾਂ ਗੋਲਚੀ ਰਾਬਰਟ ਗਰੀਨ ਉਸ ਨੂੰ ਬੜੀ ਆਸਾਨੀ ਨਾਲ ਕਾਬੂ ਕਰ ਸਕਦਾ ਸੀ ਪ੍ਰੰਤੂ ਬਾਲ ਉਸ ਦੇ ਹੱਥਾਂ ਵਿਚੋਂ ਨਿਕਲ ਕੇ ਇੰਗਲੈਂਡ ਦੀ ਗੋਲ ਪੋਸਟ ਅੰਦਰ ਜਾ ਵੜੀ। ਪਿਛੋਂ ਕਈ ਦਿਨ ਗੋਲ ਕੀਪਰ ਗਰੀਨ ਦੀ ਇਸ 'ਨਾਕਾਮੀ' ਨੂੰ ਲੈ ਕੇ ਇੰਗਲੈਂਡ ਦੇ ਸਾਰੇ ਮੀਡੀਏ ਵਿਚ ਅਹਿਮਕਾਨਾ ਹੋ-ਹਲਾ ਮਚੀ ਗਿਆ। ਹੈਰਾਨੀ ਦੀ ਗੱਲ ਹੈ ਕਿ ਕੋਈ ਭੜੂਆ ਇਹ ਹਕੀਕਤ ਤਸਲੀਮ ਕਰਨ ਲਈ ਤਿਆਰ ਹੀ ਨਹੀਂ ਸੀ ਕਿ ਅਮਰੀਕਨ ਟੀਮ ਵੀ ਪੂਰੀ ਤਾਕਤ ਨਾਲ ਘਰੋਂ ਖੇਡਣ ਲਈ ਇਤਨੀ ਦੂਰ ਆਈ ਸੀ। ਫਿਰ ਅਜੇ ਪਿਛਲੇ ਸਾਲ ਅਫਰੀਕਾ ਵਿਚ ਹੋਏ ਕਨਫੈਡਰੇਸ਼ਨ ਕਪ ਦੌਰਾਨ ਤਾਂ ਉਹ ਫਾਈਨਲ ਵਿਚ ਬਰਾਜ਼ੀਲ ਵਰਗੀ ਟੀਮ ਨੂੰ ਹਰਾ ਕੇ ਕਪ ਚੁਕਦੇ ਚੁਕਦੇ ਹੀ ਰਹਿ ਗਏ।

**(ਬਾਕੀ ਅਗਲੇ ਅੰਕ 'ਚ)**

**ਗੁਰਦਿਆਲ ਸਿੰਘ ਬੱਲ ਪੰਜਾਬੀ ਟ੍ਰਿਬਿਊਨ ਦੇ ਮੋਢੀ ਸੰਪਾਦਕੀ ਸਟਾਫ ਵਿਚ ਸਨ ਅਤੇ ਫਿਰ ਕਾਫੀ ਅਰਸਾ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚ ਕੰਮ ਕਰਦੇ ਰਹੇ ਹਨ। ਉਨ੍ਹਾਂ ਦੀ ਕਲਮ ਦਾ ਇਕ ਵੱਖਰਾ ਹੀ ਰੰਗ ਹੈ।*


Quik Signs

Signs • Graphics • Wraps





ਅਸੀਂ ਹਰ ਸਾਈਜ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi






ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਜੰਮੂ-ਕਸ਼ਮੀਰ 'ਚ ਅਮਨ ਬਹਾਲੀ ਲਈ ਸਰਬ ਪਾਰਟੀ ਮੀਟਿੰਗ ਫੇਲ੍ਹ

-ਪੰਜਾਬ ਟਾਈਮਜ਼ ਬਿਊਰੋ

**ਸ੍ਰੀਨਗਰ:** ਜੰਮੂ-ਕਸ਼ਮੀਰ ਸਰਕਾਰ ਵਲੋਂ 12 ਜੁਲਾਈ ਨੂੰ ਬੁਲਾਈ ਸਰਬ ਪਾਰਟੀ ਮੀਟਿੰਗ ਤਕਰੀਬਨ ਅਸਫਲ ਰਹੀ ਹੈ। ਮੀਟਿੰਗ ਵਿਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਅੱਗੇ ਆਣ ਕੇ ਰਾਜ ਵਿਚ ਅਮਨ-ਚੈਨ ਬਹਾਲ ਕਰਨ ਦਾ ਰਵਾਇਤੀ ਜਿਹਾ ਸੱਦਾ ਦਿੱਤਾ ਗਿਆ।

12 ਜੁਲਾਈ ਨੂੰ ਚਾਰ ਘੰਟੇ ਚੱਲੀ ਇਸ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵਫਦ ਦੇ ਰੂਪ ਵਿਚ ਮਿਲਿਆ ਜਾਵੇ ਅਤੇ ਉਨ੍ਹਾਂ ਦੀ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਜੰਮੂ-ਕਸ਼ਮੀਰ ਸਮੱਸਿਆ ਦੇ ਹੱਲ ਲਈ ਅੰਦਰੂਨੀ ਤੇ ਬਾਹਰੀ ਗੱਲਬਾਤ ਰਾਹੀਂ ਅਮਨ ਪ੍ਰਕਿਰਿਆ ਨੂੰ ਮਜ਼ਬੂਤ ਕੀਤਾ ਜਾਵੇ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਕ ਬਿਆਨ ਪੜ੍ਹ ਕੇ ਸੁਣਾਇਆ। ਸੱਤਾਧਾਰੀ ਨੈਸ਼ਨਲ ਕਾਨਫਰੰਸ ਤੇ ਕਾਂਗਰਸ, ਸੀ. ਪੀ. ਐਮ., ਸੀ. ਪੀ. ਆਈ. ਅਤੇ ਭਾਰਤੀ ਜਨਤਾ ਪਾਰਟੀ ਵਲੋਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਆਗੂ ਮੀਟਿੰਗ ਵਿਚ ਸ਼ਾਮਲ ਹੋਏ ਜਦਕਿ ਵਿਰੋਧੀ ਪੀਪਲਜ਼ ਡੈਮੋਕਰੇਟਿਕ ਪਾਰਟੀ ਅਤੇ ਪੈਂਥਰਜ਼ ਪਾਰਟੀ ਨੇ ਮੀਟਿੰਗ ਨੂੰ ਫਜ਼ੂਲ ਮਸ਼ਕ ਕਰਾਰ ਦਿੰਦਿਆਂ ਇਸ ਦਾ ਬਾਈਕਾਟ ਕੀਤਾ।

ਮੀਟਿੰਗ ਵਿਚ ਝੜਪਾਂ ਦੌਰਾਨ ਹੋਈਆਂ ਨਾਗਰਿਕਾਂ ਦੀਆਂ ਮੌਤਾਂ ਬਾਰੇ ਜਾਂਚ ਕਰਾਉਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿਚ ਹਾਲੀਆ ਗੜਬੜ ਦੌਰਾਨ ਜਾਨੀ ਨੁਕਸਾਨ ਉਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਰਾਜ ਸਰਕਾਰ ਨੂੰ ਹਿੰਸਾ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿਚ ਗੜਬੜ ਦੌਰਾਨ ਲੋਕਾਂ, ਖਾਸ ਕਰਕੇ ਛੋਟੇ ਕਾਰੋਬਾਰੀਆਂ, ਰੇਹੜੀ-ਫੜ੍ਹੀ ਵਾਲਿਆਂ ਅਤੇ ਦਿਹਾੜੀਦਾਰਾਂ ਦੇ ਹੋਏ ਆਰਥਿਕ ਨੁਕਸਾਨ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ। ਲੋਕਾਂ ਦੀਆਂ ਮੁਸੀਬਤਾਂ, ਭਾਰੀ ਆਰਥਿਕ ਨੁਕਸਾਨ ਅਤੇ ਬੱਚਿਆਂ ਦੀ ਪੜ੍ਹਾਈ 'ਤੇ ਪੈ ਰਹੇ ਮਾੜੇ ਅਸਰ ਦੇ ਮੱਦੇਨਜ਼ਰ ਸਰਬ-ਪਾਰਟੀ ਮੀਟਿੰਗ ਨੇ ਲੋਕਾਂ ਨੂੰ ਸਿਆਸੀ ਲੀਹਾਂ ਤੋਂ ਉਪਰ ਉਠ ਕੇ, ਅੱਗੇ ਵਧ ਕੇ ਸੂਬੇ 'ਚ ਅਮਨ ਚੈਨ ਬਹਾਲ ਕਰਨ 'ਚ ਮਦਦ ਦੇਣ ਦੀ ਅਪੀਲ ਕੀਤੀ।

ਦੱਸਣਾ ਬਣਦਾ ਹੈ ਕਿ ਜਨਾਬ ਅਬਦੁੱਲਾ ਨੇ ਮਸਲੇ ਦੇ ਸ਼ਾਂਤੀਪੂਰਨ ਹੱਲ ਲਈ ਇਹ ਸਰਬ ਪਾਰਟੀ ਮੀਟਿੰਗ ਸੱਦੀ ਸੀ, ਜਿਸ ਵਿਚ ਉਨ੍ਹਾਂ ਮੁੱਖ ਵਿਰੋਧੀ ਧਿਰ ਪੀ ਡੀ ਪੀ ਨੂੰ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਸੀ। ਪਰ ਪੀ ਡੀ ਪੀ ਆਗੂ ਮਹਿਬੂਬਾ ਮੁਫ਼ਤੀ ਨੇ ਮੀਟਿੰਗ 'ਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਇਸ ਸਮੇਂ ਜ਼ਿਆਦਾਤਰ ਜਨਤਾ ਸਰਕਾਰ ਦੇ ਵਿਰੁਧ ਹੈ ਅਤੇ ਇਸ ਲਈ ਇਸ ਮੀਟਿੰਗ ਦਾ ਕੋਈ ਲਾਭ ਨਹੀਂ।ਇਸੇ ਦੌਰਾਨ ਰਾਜਧਾਨੀ ਸ੍ਰੀਨਗਰ ਅਤੇ ਕਸ਼ਮੀਰ ਵਾਦੀ ਦੇ ਹੋਰਨਾਂ ਭਾਗਾਂ ਵਿਚੋਂ ਕਰਫਿਊ ਹਟਾਉਣ ਤੋਂ ਬਾਅਦ ਮਨਾਹੀ ਰੋਕਾਂ ਲਾਗੂ ਕੀਤੀਆਂ ਗਈਆਂ ਹਨ ਜਦਕਿ ਹਾਲ ਹੀ ਵਿਚ ਮੁਜ਼ਾਹਰਾਕਾਰੀਆਂ ਦੀ ਫੜੋ-ਫੜੀ ਖਿਲਾਫ਼ ਵੱਖਵਾਦੀਆਂ ਵਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਆਮ ਜਨ-ਜੀਵਨ ਪ੍ਰਭਾਵਿਤ ਹੋਇਆ। ਵਾਦੀ ਦੇ ਕਿਸੇ ਵੀ ਹਿੱਸੇ ਤੋਂ 12 ਜੁਲਾਈ ਨੂੰ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਮਿਲੀ। ਹੜਤਾਲ ਕਾਰਨ ਦੁਕਾਨਾਂ ਤੇ ਕਾਰੋਬਾਰੀ ਅਦਾਰੇ ਅਤੇ ਵਿਦਿਅਕ ਅਦਾਰੇ ਬੰਦ ਰਹੇ ਅਤੇ ਸੜਕਾਂ 'ਤੇ ਵਾਹਨ ਵੀ ਨਜ਼ਰ ਨਾ ਆਏ।

ਇਸ ਤੋਂ ਪਹਿਲਾਂ ਦੀਆਂ ਘਟਨਾਵਾਂ 'ਚ ਸ੍ਰੀਨਗਰ ਵਿਚ ਸੁਰੱਖਿਆ ਦਸਤਿਆਂ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਕਈ ਵਾਰ ਤਿੱਖੀਆਂ ਝੜਪਾਂ ਹੋਈਆਂ ਜਿਸ ਕਾਰਨ ਵਾਦੀ ਵਿਚ ਲਗਾਤਾਰ ਕਰਫਿਊ ਲਾਉਣਾ ਪਿਆ ਅਤੇ ਫੌਜ ਵੀ ਤਾਇਨਾਤ ਕੀਤੀ ਗਈ। ਸ੍ਰੀਨਗਰ ਤੇ ਕਸ਼ਮੀਰ ਦੇ ਕਈ ਹਿੱਸਿਆਂ 'ਚ ਹਟਾਏ ਕਰਫਿਊ ਦਾ ਫਾਇਦਾ ਲੈਂਦਿਆਂ ਬੀਤੀ 10 ਜੁਲਾਈ ਨੂੰ ਵੱਡੀ ਗਿਣਤੀ



'ਚ ਪ੍ਰਦਰਸ਼ਨਕਾਰੀ ਸੜਕਾਂ 'ਤੇ ਉਤਰ ਆਏ। 'ਸਾਨੂੰ ਆਜ਼ਾਦੀ ਚਾਹੀਦੀ ਹੈ 'ਤੇ 'ਖ਼ੂਨ ਬਦਲੇ ਖ਼ੂਨ' ਵਰਗੇ ਨਾਅਰੇ ਲਗਾ ਰਹੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਝੜਪ ਵੀ ਹੋਈ, ਜਿਸ ਤੋਂ ਬਾਅਦ ਇਲਾਕੇ ਵਿਚੋਂ ਹਟਾਇਆ ਕਰਫਿਊ ਮੁੜ ਲਗਾ ਦਿੱਤਾ। ਪਰ ਅਗਲੇ ਦਿਨ 12 ਜੁਲਾਈ ਨੂੰ ਕਰਫਿਊ ਹਟਾ ਲਿਆ ਗਿਆ। 11 ਜੁਲਾਈ ਨੂੰ ਹੋਏ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਵੱਖਵਾਦੀ ਧੜੇ ਦੇ ਆਗੂ ਮੀਰਵਾਇਜ਼ ਉਮਰ ਫਾਰੂਕ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਮੁਸਲਿਮ ਤਿਉਹਾਰ ਦੇ ਮੱਦੇਨਜ਼ਰ ਕਰਫਿਊ ਹਟਾ ਦਿੱਤਾ ਗਿਆ ਸੀ, ਪਰ ਇਸ ਕਰਫਿਊ ਦੇ ਹਟਾਉਣ ਦਾ ਫਾਇਦਾ ਲੈਂਦਿਆਂ ਪ੍ਰਦਰਸ਼ਨਕਾਰੀਆਂ ਨੇ ਜਲੂਸ ਕੱਢਣੇ ਸ਼ੁਰੂ ਕਰ ਦਿੱਤੇ, ਜਿਸ ਕਾਰਨ ਫਿਰ ਕਰਫਿਊ ਲਗਾਉਣਾ ਪਿਆ। ਇਸੇ ਦੌਰਾਨ ਹੀ ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਫੌਜ ਨੂੰ ਚੌਕੰਨਾ ਰਹਿਣ ਦੇ ਨਿਰਦੇਸ਼ ਦਿੱਤੇ ਸਨ, ਪਰ ਉਨ੍ਹਾਂ ਨਾਲ ਹੀ ਕਿਹਾ ਸੀ ਕਿ ਭਾਵੇਂ ਫੌਜ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ, ਪਰ ਇਸ ਦੇ ਬਾਵਜੂਦ ਸਥਿਤੀ ਉਨ੍ਹਾਂ ਦੇ ਕੰਟਰੋਲ 'ਚ ਹੈ। ਇਸੇ ਤਰ੍ਹਾਂ ਇਕ ਅਹਿਮ ਘਟਨਾਕ੍ਰਮ ਤਹਿਤ ਬੀਤੀ 11 ਜੁਲਾਈ ਨੂੰ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਮੁੱਖ ਮੰਤਰੀ ਦੇ ਪਿਤਾ ਫਾਰੂਕ ਅਬਦੁੱਲਾ ਨੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸੂਬੇ ਦੀ ਸਥਿਤੀ ਬਾਰੇ ਜਾਣੂ ਕਰਵਾਇਆ। ਇਸ ਵਿਚ ਜਨਾਬ ਅਬਦੁੱਲਾ ਨੇ ਸੂਬੇ ਦੀ ਸਥਿਤੀ ਬਾਰੇ ਪੱਤਰਕਾਰਾਂ ਨੂੰ ਕੁਝ ਸਵਾਲਾਂ ਦੇ ਜਵਾਬ ਵੀ ਦਿੱਤੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ 23 ਜੁਲਾਈ ਦੇ 'ਸ਼ਹੀਦੀ ਦਿਵਸ' ਤੋਂ ਬਾਅਦ ਹੀ ਘਾਟੀ ਤੋਂ ਫੌਜ ਦੀ ਤਾਇਨਾਤੀ ਹਟਾਉਣ ਬਾਰੇ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਲਏ ਜਾਣ ਤੋਂ ਪਹਿਲਾਂ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਜਾਵੇਗਾ। ਜਨਾਬ ਅਬਦੁੱਲਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਜੇ ਤੱਕ ਫੌਜ ਸ਼ਹਿਰ 'ਚ ਨਹੀਂ ਹੈ ਅਤੇ ਇਹ ਬਾਹਰੀ ਖੇਤਰਾਂ 'ਚ ਤਾਇਨਾਤ ਹੈ। ਉਨ੍ਹਾਂ ਦੱਸਿਆ ਕਿ ਫੌਜ ਨੂੰ ਬਾਹਰੀ ਖੇਤਰਾਂ 'ਚ ਵੀ ਦੋ ਦਿਨ ਪਹਿਲਾਂ ਹੀ ਤਾਇਨਾਤ ਕੀਤਾ ਗਿਆ ਹੈ। ਦੱਸਣਾ ਬਣਦਾ ਹੈ ਕਿ 23 ਜੁਲਾਈ ਨੂੰ ਉਨ੍ਹਾਂ ਲੋਕਾਂ ਦੀ ਯਾਦ 'ਚ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ, ਜੋ ਡੋਗਰਾ ਸ਼ਾਸਨ ਖ਼ਿਲਾਫ਼ ਲੜਦੇ ਹੋਏ ਮਾਰੇ ਗਏ ਸਨ।

ਇਸ ਤੋਂ ਪਹਿਲਾਂ ਕਸ਼ਮੀਰ ਘਾਟੀ ਵਿਚ ਫੌਜ ਤਾਇਨਾਤ ਕਰਨ ਦੇ ਫੈਸਲੇ ਦੇ ਨਾਲ ਹੀ ਕੇਂਦਰ ਸਰਕਾਰ ਨੇ ਕੇਂਦਰੀ ਗ੍ਰਹਿ ਸਕੱਤਰ ਜੀ ਕੇ ਪਿੱਲੇ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਸ੍ਰੀਨਗਰ ਭੇਜਿਆ ਸੀ। ਇਹ ਫੈਸਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਸੁਰੱਖਿਆ ਮਾਮਲਿਆਂ ਬਾਰੇ ਕੇਂਦਰੀ ਕੈਬਨਿਟ ਦੀ ਮੀਟਿੰਗ ਵਿਚ ਲਏ ਗਏ ਸਨ। ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ, ਰੱਖਿਆ ਮੰਤਰੀ ਏ ਕੇ ਐਂਟਨੀ, ਕੈਬਨਿਟ ਸਕੱਤਰ ਕੇ ਐਮ ਚੰਦਰਸ਼ੇਖਰ, ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ, ਕੇਂਦਰੀ ਗ੍ਰਹਿ ਸਕੱਤਰ ਜੀ ਕੇ ਪਿੱਲੇ ਤੇ ਰੱਖਿਆ ਸਕੱਤਰ ਪ੍ਰਦੀਪ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਵਾਦੀ ਵਿਚ ਫੌਜ ਲਾਉਣ ਦੀ ਮੰਗ ਜਨਾਬ ਉਮਰ ਅਬਦੁੱਲਾ ਵਲੋਂ ਉਦੋਂ ਕੀਤੀ ਗਈ ਸੀ ਜਦੋਂ ਬੀਤੇ ਦਿਨੀਂ ਰੋਸ ਪ੍ਰਦਰਸ਼ਨਾਂ ਦੌਰਾਨ ਕਸ਼ਮੀਰ 'ਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਮਗਰੋਂ ਸੂਬਾ ਸਰਕਾਰ ਨੇ ਪੱਤਰਕਾਰਾਂ ਨੂੰ ਜਾਰੀ ਵਿਸ਼ੇਸ਼ ਪਾਸ ਵੀ ਰੱਦ ਕਰ ਦਿੱਤੇ ਸਨ।

## ਨਕਸਲੀਆਂ ਵਲੋਂ ਗ੍ਰਹਿ ਮੰਤਰੀ ਨੂੰ ਫਾਂਸੀ ਦੇਣ ਦੀ ਮੰਗ

**ਰਾਂਚੀ:** ਬੀਤੀ 10 ਜੁਲਾਈ ਨੂੰ ਛੱਤੀਸਗੜ੍ਹ ਜ਼ਿਲ੍ਹੇ ਦੇ ਭੈਰਮਗੜ੍ਹ ਥਾਣਾ ਖੇਤਰ ਦੇ ਇਕ ਪਿੰਡ ਵਿਚ ਨਕਸਲੀਆਂ ਨੇ ਦਰੱਖਤਾਂ ਨੂੰ ਸੁਟ ਕੇ ਰਸਤਾ ਰੋਕ ਦਿੱਤਾ ਅਤੇ ਉਸ 'ਤੇ ਬੈਨਰ ਪੋਸਟਰ ਟੰਗ ਕੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਉਕਤ ਪਿੰਡ ਵਿਚ ਨਕਸਲੀਆਂ ਵਲੋਂ ਦਰਖਤ ਸੁੱਟ ਕੇ ਅਤੇ ਉਸ 'ਤੇ ਪੋਸਟਰ ਬੈਨਰ ਟੰਗ ਕੇ ਸ੍ਰੀ ਚਿਦਾਂਬਰਮ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ।

ਆਪਣੇ ਆਗੂ ਚੇਰੁਕੂਰੀ ਰਾਜ ਕੁਮਾਰ ਆਜ਼ਾਦ ਦੀ ਪੁਲਿਸ ਮੁਕਾਬਲੇ ਵਿਚ ਹੋਈ ਮੌਤ ਦਾ ਬਦਲਾ ਲੈਣ ਲਈ ਬੀਤੇ ਦੋ ਰੋਜ਼ਾ ਬੰਦ ਦੇ ਸੱਦੇ ਦੇ ਆਖ਼ਰੀ ਦਿਨ ਨਕਸਲੀਆਂ ਨੇ ਵੱਖ-ਵੱਖ ਥਾਈਂ ਜੰਮ ਕੇ ਹਿੰਸਾ ਨੂੰ ਅੰਜਾਮ ਦਿੱਤਾ। ਕੇਂਦਰ ਸਰਕਾਰ ਦੇ ਸੁਰੱਖਿਆ ਪ੍ਰਬੰਧਾਂ ਨੂੰ ਟਿੱਚ ਜਾਣਦਿਆਂ ਨਕਸਲੀਆਂ ਨੇ ਜਿੱਥੇ ਵੱਖ-ਵੱਖ ਥਾਈਂ ਤਿੰਨ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਉਥੇ ਰੇਲ ਪਟੜੀ ਉਡਾਉਣ ਦੇ ਨਾਲ-ਨਾਲ ਥਾਣੇ ਨੂੰ ਵੀ ਨਿਸ਼ਾਨਾ ਬਣਾਇਆ।

ਮਿਲੀ ਜਾਣਕਾਰੀ ਮੁਤਾਬਕ ਛੱਤੀਸਗੜ੍ਹ ਦੇ ਦਾਂਤੇਵਾੜੇ ਜ਼ਿਲ੍ਹੇ ਵਿਚ ਨਕਸਲੀਆਂ ਨੇ ਵੀਰਵਾਰ ਨੂੰ ਇਕ ਪੁਲਿਸ ਥਾਣੇ 'ਤੇ ਗੋਲੀਬਾਰੀ ਕਰਨ ਤੋਂ ਇਲਾਵਾ ਇਕ ਕਾਂਗਰਸੀ ਆਗੂ ਦੇ ਘਰ 'ਤੇ ਹਮਲਾ ਕਰਕੇ ਉਥੇ ਦੋ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਜਦਕਿ ਇਕ ਹੋਰ ਘਟਨਾ ਵਿਚ ਉਨ੍ਹਾਂ ਇਕ ਪੁਲਿਸ ਮੁਲਾਜ਼ਮ ਨੂੰ ਮਾਰ ਮੁਕਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਵਿਭਾਗ ਦੇ ਬੁਲਾਰੇ ਤੇ ਡੀ ਆਈ ਜੀ ਰਾਜੇਸ਼ ਮਿਸ਼ਰਾ ਨੇ ਦੱਸਿਆ ਕਿ ਦਾਂਤੇਵਾੜਾ ਜ਼ਿਲ੍ਹੇ ਦੇ ਕੁਆ ਕੁੰਡ ਪੁਲਿਸ ਥਾਣੇ 'ਤੇ ਬੀਤੇ ਦਿਨੀਂ ਹਥਿਆਰਬੰਦ ਨਕਸਲੀਆਂ ਨੇ ਹਮਲਾ ਕੀਤਾ, ਜਿਸ ਦਾ ਪੁਲਿਸ ਨੇ ਮੋੜਵਾਂ ਜਵਾਬ ਦਿੱਤਾ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਸ ਹਾਦਸੇ ਵਿਚ ਲਗਭਗ 6 ਨਕਸਲੀ ਮਾਰੇ ਗਏ, ਪਰ ਅਜੇ ਤੱਕ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਨਹੀਂ ਹੋਈਆਂ।

ਇਸੇ ਦੌਰਾਨ ਨਕਸਲੀਆਂ ਨੇ ਪਿੰਡ ਨਕੁਲ ਨਾਰ ਵਿਚ ਕਾਂਗਰਸੀ ਆਗੂ ਅਵਦੇਸ਼ ਗੌਤਮ ਦੇ ਘਰ 'ਤੇ ਹਮਲਾ ਕੀਤਾ, ਜਿਸ ਵਿਚ ਗੌਤਮ ਦੇ ਦੋ ਰਿਸ਼ਤੇਦਾਰ ਮਾਰੇ ਗਏ, ਜਦਕਿ ਇੱਕ ਸੁਰੱਖਿਆ ਮੁਲਾਜ਼ਮ ਤੇ ਉਨ੍ਹਾਂ ਦਾ ਪੁੱਤਰ ਜ਼ਖ਼ਮੀ ਹੋ ਗਿਆ। ਸ੍ਰੀ ਮਿਸ਼ਰਾ ਨੇ ਦੱਸਿਆ ਕਿ ਨਕਸਲੀਆਂ ਵਲੋਂ ਜਦੋਂ ਇਹ ਹਮਲਾ ਕੀਤਾ ਗਿਆ, ਉਦੋਂ ਉਥੇ ਪੰਜ ਸੁਰੱਖਿਆ ਮੁਲਾਜ਼ਮ ਤਾਇਨਾਤ ਸਨ।

ਬੰਦ ਦੌਰਾਨ ਨਕਸਲੀਆਂ ਨੇ ਰਾਂਚੀ ਨੇੜਲੇ ਹੇਗਾਰਾ ਰੇਲਵੇ ਸਟੇਸ਼ਨ ਦੀ ਇਮਾਰਤ ਤੇ ਨਿਚਿਤਪੁਰ ਨਜ਼ਦੀਕ ਰੇਲ ਪਟੜੀ ਨੂੰ ਵਿਸਫੋਟ ਨਾਲ ਉਡਾ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਧਨਬਾਦ ਰੇਲਵੇ ਸਟੇਸ਼ਨ ਦੇ ਜਨ ਸੰਪਰਕ ਅਧਿਕਾਰੀ (ਪੀ ਆਰ ਓ) ਅਮਰਿੰਦਰ ਦਾਸ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਦਰਜਨ ਤੋਂ ਵਧ ਰੇਲ ਗੱਡੀਆਂ ਰੋਕ ਦਿੱਤੀਆਂ ਗਈਆਂ ਹਨ ਤੇ ਨਕਸਲੀਆਂ ਨੇ ਇਹ ਰੇਲ ਪੱਟੜੀਆਂ ਤੇ ਇਮਾਰਤ ਡਾਇਨੇਮਾਈਟ ਨਾਲ ਉਡਾਈਆਂ ਹਨ।

ਬੀਤੀ 8 ਜੁਲਾਈ ਨੂੰ ਅਸਾਮ 'ਚ ਸਵੇਰੇ ਵੇਲੇ ਹੋਏ ਜ਼ਬਰਦਸਤ ਧਮਾਕੇ ਕਾਰਨ ਗਰੀਬ ਰਥ ਐਕਸਪ੍ਰੈਸ ਦੇ 6 ਡੱਬੇ ਪੱਟੜੀਓਂ ਉਤਰ ਗਏ, ਜਿਸ ਨਾਲ ਇਕ ਵਿਅਕਤੀ ਦੀ ਮੌਤ ਤੇ 7 ਜ਼ਖ਼ਮੀ ਹੋ ਗਏ। ਪੁਲਿਸ ਨੇ ਧਮਾਕੇ ਲਈ ਪਾਬੰਦੀਸ਼ੁਦਾ ਜਥੇਬੰਦੀ ਨੈਸ਼ਨਲ ਡੈਮੋਕਰੇਟਿਕ ਫਰੰਟ ਆਫ਼ ਬੋਡੋਲੈਂਡ (ਐਨ ਡੀ ਐਫ਼ ਬੀ) ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਹਾਦਸਾ ਦੇਰ ਰਾਤ ਕੋਕਰਾਝਾੜ ਦੇ ਬਾਬੂਬਿਲ ਇਲਾਕੇ ਵਿਚ ਵਾਪਰਿਆ। ਹਾਦਸੇ ਸਬੰਧੀ ਜਾਣਕਾਰੀ ਦਿੰਦਿਆਂ ਪੂਰਬੀ-ਉਤਰੀ ਸੀਮਾਂਤ ਰੇਲਵੇ ਦੇ ਮੁੱਖ ਬੁਲਾਰੇ ਐਸ ਹਾਜ਼ੋਂਗ ਨੇ ਦੱਸਿਆ ਕਿ ਗਰੀਬ ਰਥ ਐਕਸਪ੍ਰੈਸ ਦੇ ਬਾਬੂਬਿਲ ਪਹੁੰਚਦਿਆਂ ਹੀ ਇਹ ਧਮਾਕਾ ਹੋ ਗਿਆ।

## ਬਿਹਾਰ ਬੰਦ ਦੌਰਾਨ ਅਗਜ਼ਨੀ ਤੇ ਕੁੱਟਮਾਰ

**ਪਟਨਾ :** ਮਹਿੰਗਾਈ ਤੇ ਪੈਟਰੋਲੀਅਮ ਵਸਤਾਂ ਦੀਆਂ ਵਧੀਆਂ ਕੀਮਤਾਂ ਦੇ ਵਿਰੋਧ 'ਚ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਤੇ ਲੋਕ ਜਨਸ਼ਕਤੀ ਪਾਰਟੀ (ਐਲ ਜੇ ਪੀ) ਵਲੋਂ ਦਿੱਤੇ ਬਿਹਾਰ ਬੰਦ ਦੇ ਸੱਦੇ ਨੂੰ ਸੂਬੇ 'ਚ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ। ਬੰਦ ਦੌਰਾਨ ਜਿੱਥੇ ਦੋਹਾਂ ਪਾਰਟੀਆਂ ਦੇ ਕਾਰਕੁੰਨਾਂ ਨੇ ਜਲੂਸ ਕੱਢੇ, ਉਥੇ ਕਈ ਥਾਈਂ ਅਗਜ਼ਨੀ ਤੇ ਮੁਸਾਫਰਾਂ ਨਾਲ ਕੁੱਟਮਾਰ ਦੀਆਂ ਖ਼ਬਰਾਂ ਵੀ ਆਈਆਂ ਹਨ।

ਮਿਲੀ ਜਾਣਕਾਰੀ ਮੁਤਾਬਕ ਪਟਨਾ, ਛਪਰਾ ਤੇ ਬਕਸਰ ਸਮੇਤ ਸੂਬੇ ਦੇ ਕਈ ਇਲਾਕਿਆਂ 'ਚ ਬੰਦ ਹਮਾਇਤੀਆਂ ਨੇ ਜਾਮ ਲਗਾਇਆ। ਨਾਲੰਦਾ 'ਚ ਆਰ ਜੇ ਡੀ ਤੇ ਐਲ ਜੇ ਪੀ ਦੇ ਕਾਰਕੁੰਨਾਂ ਨੇ ਬੈਲ ਗੱਡੀਆਂ ਸਮੇਤ ਜਲੂਸ ਕੱਢਿਆ, ਉਥੇ ਦਾਨਾਪੁਰ 'ਚ ਜਾਨਵਰਾਂ ਨੂੰ ਲੈ ਕੇ ਬੰਦ ਕੀਤਾ। ਹਾਜੀਪੁਰ 'ਚ ਰੇਲ ਪੱਟੜੀ 'ਤੇ ਬੰਦ ਹਮਾਇਤੀਆਂ ਨੇ ਅਗਜ਼ਨੀ ਕੀਤੀ। ਬੰਦ ਦੌਰਾਨ ਆਰ ਜੇ ਡੀ ਆਗੂ ਲਾਲੂ ਪ੍ਰਸਾਦ ਯਾਦਵ ਤੇ ਐਲ ਜੇ ਪੀ ਆਗੂ ਰਾਮ ਵਿਲਾਸ ਪਾਸਵਾਨ ਨੂੰ ਪਟਨਾ 'ਚ ਗ੍ਰਿਫ਼ਤਾਰ ਵੀ ਕੀਤਾ ਗਿਆ।

ਸੂਬੇ ਦੇ ਸਾਰੇ ਖੇਤਰਾਂ 'ਚ 10 ਜੁਲਾਈ ਸਵੇਰ ਤੋਂ ਹੀ ਬੰਦ ਰਿਹਾ। ਭਾਵੇਂ ਸ਼ਨੀਵਾਰ ਹੋਣ ਕਾਰਨ ਕੁਝ ਦਫ਼ਤਰ ਪਹਿਲਾਂ ਹੀ ਬੰਦ ਸਨ, ਪਰ ਬਾਕੀ ਰਹਿੰਦੇ ਵੀ ਬੰਦ ਦੌਰਾਨ ਛੁੱਟੀ ਕਰ ਗਏ। ਪੁਲਿਸ ਮੁਤਾਬਕ ਭਾਗਲਪੁਰ 'ਚ 30 ਬੰਦ ਹਮਾਇਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਬੰਦ ਦਾ ਸਭ ਤੋਂ ਵਧ ਅਸਰ ਰੇਲਵੇ ਆਵਾਜਾਈ 'ਤੇ ਪਿਆ ਹੈ। ਇਸੇ ਦੌਰਾਨ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਸੁਰੱਖਿਆ ਦੇ ਮੱਦੇਨਜ਼ਰ ਪੂਰੇ ਪੁਖ਼ਤਾ ਪ੍ਰਬੰਧ ਕੀਤੇ ਹਨ। ਪੁਲਿਸ ਹੈਡਕੁਆਟਰ ਵਲੋਂ ਸਮੂਹ ਐਸ ਪੀਜ਼ ਨੂੰ ਚੌਕੰਨੇ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸੰਵੇਦਨਸ਼ੀਲ ਖੇਤਰਾਂ 'ਚ ਵਾਧੂ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

## ਵਿਦੇਸ਼ ਵਿਭਾਗ ਤੇ ਮੁਲਾਜ਼ਮਾਂ ਵਿਚਾਲੇ ਟਕਰਾਅ ਬਣਿਆ

### ਪਾਸਪੋਰਟ ਸੇਵਾ ਕੇਂਦਰ ਖੋਲ੍ਹਣ ਦਾ ਕੰਮ ਪਛੜਿਆ

**ਚੰਡੀਗੜ੍ਹ:** ਦੇਸ਼ ਦੇ 30 ਪਾਸਪੋਰਟ ਦਫਤਰਾਂ ਦੇ ਮੁਲਾਜ਼ਮਾਂ ਅਤੇ ਵਿਦੇਸ਼ ਵਿਭਾਗ ਵਿਚਕਾਰ ਪੈਦਾ ਹੋਏ ਟਕਰਾਅ ਕਾਰਨ ਚੰਡੀਗੜ੍ਹ, ਲੁਧਿਆਣਾ ਅਤੇ ਅੰਬਾਲਾ ਵਿਖੇ ਪਾਸਪੋਰਟ ਸੇਵਾ ਕੇਂਦਰ (ਪੀ.ਐਸ.ਕੇ.) ਖੋਲ੍ਹਣ ਦਾ ਕੰਮ ਪਛੜ ਗਿਆ ਹੈ। ਭਾਵੇਂ ਪਿਛਲੇ ਸਮੇਂ ਵਿਦੇਸ਼ ਵਿਭਾਗ ਮੰਗਲੌਰ ਵਿਖੇ ਪੀ.ਐਸ.ਕੇ. ਖੋਲ੍ਹਣ ਵਿਚ ਕਾਮਯਾਬ ਹੋ ਗਿਆ ਹੈ ਪਰ ਹੁਣ ਮੁਲਾਜ਼ਮਾਂ ਵਲੋਂ ਰੋਸ ਵਜੋਂ ਸਿਰ ਮੁੰਨਾਉਣ ਅਤੇ ਮਰਨ ਵਰਤ ਰੱਖਣ ਦੀ ਦਿੱਤੀ ਧਮਕੀ ਕਾਰਨ ਇਹ ਪ੍ਰਾਜੈਕਟ ਸਿਰੇ ਨਹੀਂ ਲੱਗ ਰਿਹਾ। ਦੱਸਣਯੋਗ ਹੈ ਕਿ ਭਾਰਤ ਸਰਕਾਰ ਨੇ ਦੇਸ਼ ਭਰ ਵਿਚੋਂ ਪਾਸਪੋਰਟ ਫਾਰਮ ਹਾਸਲ ਕਰਨ ਆਦਿ ਦਾ ਕਾਰਜ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐਸ.) ਨੂੰ ਠੇਕੇ 'ਤੇ ਸੌਂਪਿਆ ਸੀ। ਇਸ ਤਹਿਤ ਹੀ ਟੀ.ਸੀ.ਐਸ. ਵਲੋਂ ਦੇਸ਼ ਭਰ ਵਿਚ ਪੀ.ਐਸ.ਕੇ. ਖੋਲ੍ਹੇ ਜਾਣੇ ਸਨ।

ਚੀਫ ਪਾਸਪੋਰਟ ਦਫਤਰ ਦਿੱਲੀ ਦੇ ਸੂਤਰਾਂ ਅਨੁਸਾਰ ਭਾਵੇਂ ਆਲ ਇੰਡੀਆ ਪਾਸਪੋਰਟ ਇੰਪਲਾਈਜ਼ ਐਸੋਸੀਏਸ਼ਨ ਦੇ ਫੈਸਲੇ ਅਨੁਸਾਰ ਇਥੇ ਮੁੱਖ ਦਫਤਰ ਵਿਖੇ ਇਸ ਜਥੇਬੰਦੀ ਦੇ ਸਕੱਤਰ ਗਿਰੀ ਰਾਜ ਸ਼ਰਮਾ ਵਲੋਂ 28 ਜੂਨ ਤੋਂ ਰੱਖੇ ਜਾਣ ਵਾਲੇ ਮਰਨ ਵਰਤ ਨੂੰ ਵਿਦੇਸ਼ ਮੰਤਰੀ ਤੇ ਸਕੱਤਰ ਦੀ ਦਖਲਅੰਦਾਜ਼ੀ ਨਾਲ ਟਾਲ ਦਿੱਤਾ ਗਿਆ ਸੀ ਪਰ ਨਿਰੰਤਰ ਦੋਵਾਂ ਧਿਰਾਂ ਵਿਚਕਾਰ ਦਿੱਲੀ ਵਿਖੇ ਹੋ ਰਹੀਆਂ ਮੀਟਿੰਗਾਂ ਕਿਸੇ ਸਿੱਟੇ 'ਤੇ ਨਾ ਪੁੱਜਣ ਕਾਰਨ ਮੁਲਾਜ਼ਮ ਪੀ.ਐਸ.ਕੇ. ਵਿਚ ਆਪਣੀਆਂ ਸੇਵਾਵਾਂ ਮੁਹੱਈਆ ਕਰਨ ਤੋਂ ਇਨਕਾਰੀ ਹਨ । ਦੱਸਣਯੋਗ ਹੈ ਕਿ ਦੇਸ਼ ਦੇ ਸਮੂਹ ਪਾਸਪੋਰਟ ਦਫਤਰਾਂ ਵਿਚ ਸਾਲਾਨਾ 55 ਲੱਖ ਦੇ ਕਰੀਬ ਪਾਸਪੋਰਟ ਬਣਦੇ ਹਨ ਅਤੇ ਇਸ ਕਾਰਜ ਦਾ ਸਾਰਾ ਦਾਰੋਮਦਾਰ ਕੁੱਲ 1885 ਮੁਲਾਜ਼ਮਾਂ ਦੇ ਹੱਥਾਂ ਵਿਚ ਰਿਹਾ। ਇਸ ਲਈ ਭਾਰਤ ਸਰਕਾਰ ਵੀ ਮੁਲਾਜ਼ਮਾਂ ਨੂੰ ਨਾਰਾਜ਼ ਕਰਕੇ ਧੱਕੇ ਨਾਲ ਪੀ.ਐਸ.ਕੇ. ਵਿਚ ਸ਼ਿਫ਼ਟ ਕਰਨ ਤੋਂ ਟਾਲਾ ਵੱਟ ਰਹੀ ਹੈ।

ਪਿਛਲੇ ਦਿਨਾਂ ਦੌਰਾਨ ਐਸੋਸੀਏਸ਼ਨ ਦੇ ਵਫਦ ਦੀ ਕੌਮੀ ਜਨਰਲ ਸਕੱਤਰ ਵੈਣੂਗੋਪਾਲਨ ਟੀ.ਕੇ. ਦੀ ਅਗਵਾਈ ਹੇਠ ਵਿਦੇਸ਼ ਵਿਭਾਗ ਦੇ ਸਕੱਤਰ ਤੇ ਐਡੀਸ਼ਨਲ ਸਕੱਤਰ (ਮੁੱਖ ਪਾਸਪੋਰਟ ਅਫਸਰ) ਨਾਲ ਗੱਲਬਾਤ ਦੇ ਕਈ ਦੌਰ ਚੱਲ ਚੁੱਕੇ ਹਨ ਪਰ ਗੱਲ ਕਿਸੇ ਸਿਰੇ ਨਹੀਂ ਲੱਗੀ।

ਇਕ ਪਾਸੇ ਐਸੋਸੀਏਸ਼ਨ ਮੰਗ ਕਰ ਰਹੀ ਹੈ ਕਿ ਭਾਵੇਂ ਪੀ.ਐਸ.ਕੇ. ਖੋਲ੍ਹ ਦਿੱਤੇ ਜਾਣ ਪਰ ਪਾਸਪੋਰਟ ਦਫਤਰਾਂ ਵਿਚ ਫਾਰਮ ਹਾਸਲ ਕਰਨ ਦੀਆਂ ਖਿੜਕੀਆਂ ਬਰਕਰਾਰ ਰੱਖਣੀਆਂ ਚਾਹੀਦੀਆਂ ਹਨ। ਸੂਤਰਾਂ ਅਨੁਸਾਰ ਵਿਦੇਸ਼ ਵਿਭਾਗ ਵਲੋਂ ਟੀ.ਸੀ. ਐਸ. ਕੰਪਨੀ ਨਾਲ ਕੀਤੇ ਠੇਕੇ ਦੀਆਂ ਸ਼ਰਤਾਂ ਅਨੁਸਾਰ ਇਹ ਸੰਭਵ ਨਹੀਂ ਹੈ, ਜਿਸ ਕਾਰਨ ਅਧਿਕਾਰੀ ਇਸ ਮੁੱਦੇ ਉਪਰ ਐਸੋਸੀਏਸ਼ਨ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੇ। ਮੁੱਖ ਦਫਤਰ ਤੋਂ ਮੁਲਾਜ਼ਮਾਂ ਨੂੰ ਲੁਧਿਆਣਾ, ਅੰਬਾਲਾ ਅਤੇ ਚੰਡੀਗੜ੍ਹ ਸਥਿਤ ਖੋਲ੍ਹੇ ਜਾ ਰਹੇ ਪੀ.ਐਸ.ਕੇ. ਵਿਖੇ ਜਾਣ ਲਈ ਸਿੱਧੇ-ਟੇਢੇ ਢੰਗ ਨਾਲ ਦਬਾਅ ਪਾਇਆ ਜਾ ਰਿਹਾ ਹੈ ਪਰ ਮੁਲਾਜ਼ਮ ਮੰਗਾਂ ਮੰਨਣ ਤੋਂ ਬਿਨਾਂ ਇਨ੍ਹਾਂ ਕੇਂਦਰਾਂ ਵਿਚ ਜਾਣ ਤੋਂ ਇਨਕਾਰੀ ਹਨ।

## ਗੁਰੀਲਿਆਂ ਨੂੰ ਫੌਜ 'ਚ ਸ਼ਾਮਲ ਕਰਨ ਦਾ ਐਲਾਨ

**ਕਾਠਮੰਡੂ:** ਨੇਪਾਲ 'ਚ ਪੈਦਾ ਹੋਏ ਰਾਜਸੀ ਸੰਕਟ ਦੇ ਹੱਲ ਦੀ ਕੋਸ਼ਿਸ਼ ਵਜੋਂ ਮਾਓਵਾਦੀਆਂ ਨੇ ਬੀਤੀ 11 ਜੁਲਾਈ ਨੂੰ ਐਲਾਨ ਕੀਤਾ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੇ ਲੜਾਕੂਆਂ ਨੂੰ ਫੌਜ 'ਚ ਸ਼ਾਮਲ ਕਰਨ ਤੋਂ ਇਲਾਵਾ ਪਾਰਟੀ ਯੂਥ ਵਿੰਗ ਨੂੰ ਭੰਗ ਕਰ ਦਿੱਤਾ ਜਾਵੇਗਾ ਪਰ ਸੱਤਾ ਦੀ ਦੌੜ 'ਚ ਸ਼ਾਮਲ ਮੁੱਖ ਧਿਰਾਂ ਨੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ।

ਮਾਓਵਾਦੀਆਂ, ਜਿਨ੍ਹਾਂ ਨੇ 2006 'ਚ ਆਪਣੀ ਸਰਕਾਰ ਵਿਰੋਧੀ ਲੜਾਈ ਬੰਦ ਕਰ ਦਿੱਤੀ ਸੀ, 'ਤੇ ਨੇਪਾਲੀ ਕਾਂਗਰਸ ਤੇ ਸੀ.ਪੀ.ਐਨ. ਯੂ.ਐਮ.ਐਲ. ਦਾ ਦਬਾਅ ਹੈ ਕਿ ਉਹ ਆਪਣਾ ਯੂਥ ਵਿੰਗ ਭੰਗ ਕਰਨ, ਕਬਜ਼ੇ ਵਾਲੀ ਜ਼ਮੀਨ ਵਾਪਸ ਕੀਤੀ ਜਾਵੇ ਤੇ ਆਪਣੇ ਸਾਬਕਾ ਲੜਾਕੂਆਂ ਨੂੰ ਫੌਜ 'ਚ ਸ਼ਾਮਲ ਕਰਨ ਲਈ ਸਮਾਂ ਤੈਅ ਕੀਤਾ ਜਾਵੇ।

ਬੀਤੇ ਦਿਨ ਸੰਯੁਕਤ ਸੀ.ਪੀ.ਐਨ. ਮਾਓਵਾਦੀ ਪਾਰਟੀ ਨੇ ਆਪਣੇ ਗੁਰੀਲਿਆਂ ਨੂੰ ਫੌਜ 'ਚ ਸ਼ਾਮਲ ਕਰਨ ਤੇ ਯੂਥ ਵਿੰਗ ਦੇ ਢਾਂਚੇ ਨੂੰ ਭੰਗ ਕਰਨ ਲਈ ਤਿੰਨ ਮਹੀਨਿਆਂ ਦਾ ਸਮਾਂ ਤੈਅ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਯੂਥ ਵਿੰਗ ਦੇ ਪਾਰਲੀਮੈਂਟਰੀ ਢਾਂਚੇ ਨੂੰ ਭੰਗ ਕਰਨ ਤੇ ਜ਼ਬਤ ਕੀਤੀ ਜ਼ਮੀਨ ਵਾਪਸ ਕਰਨ ਲਈ ਵੀ ਪਾਰਟੀ ਵਲੋਂ ਸਹਿਮਤੀ ਪ੍ਰਗਟਾਈ ਗਈ ਹੈ। ਦੂਜੇ ਪਾਸੇ ਆਰਜ਼ੀ ਸਰਕਾਰ ਦੇ ਭਾਈਵਾਲਾਂ ਨੇ ਕਿਹਾ ਹੈ ਕਿ ਉਹ ਮਾਓਵਾਦੀਆਂ ਦੀ ਅਗਵਾਈ ਕਿਸੇ ਵੀ ਹਾਲਤ ਵਿਚ ਸਵੀਕਾਰ ਨਹੀਂ ਕਰਨਗੇ।

ਨਿਪਾਲੀ ਕਾਂਗਰਸ ਦੇ ਵਾਈਸ ਚੇਅਰਮੈਨ ਰਾਮ ਚੰਦਰ ਪੁਡਿਆਲ ਨੇ ਕਿਹਾ, "ਸਾਨੂੰ ਮਾਓਵਾਦੀਆਂ ਦੀ ਅਗਵਾਈ ਵਾਲੀ ਸਰਕਾਰ ਸਵੀਕਾਰ ਨਹੀਂ, ਭਾਵੇਂ ਉਹ ਆਪਣੇ ਗੁਰੀਲੇ ਫੌਜ 'ਚ ਸ਼ਾਮਲ ਕਰਨ ਅਤੇ ਯੂਥ ਵਿੰਗ ਨੂੰ ਭੰਗ ਕਰਨ ਲਈ ਸਹਿਮਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਮਾਓਵਾਦੀਆਂ ਨੂੰ ਹੋਰ ਪਾਰਟੀਆਂ ਦੀ ਅਗਵਾਈ ਹੇਠ ਹੀ ਸਰਕਾਰ 'ਚ ਸ਼ਾਮਲ ਹੋਣਾ ਪਵੇਗਾ। ਇਸ ਦੇ ਨਾਲ ਹੀ ਮਾਓਵਾਦੀਆਂ ਨੇ ਆਪਣੇ ਯਤਨ ਨੂੰ ਚੰਗਾ ਹੁੰਗਾਰਾ ਨਾ ਮਿਲਣ 'ਤੇ ਕਿਹਾ ਹੈ ਕਿ ਸਾਡੀ ਪਾਰਟੀ ਆਪਣੀ ਯੋਜਨਾ 'ਚ ਹੋਰ ਤਬਦੀਲੀ ਕਰਨ ਲਈ ਤਿਆਰ ਹੈ।

# ਨਵੇਂ ਜੁਗਾੜ ਲਈ ਗਾਇਕ 'ਗਰਮ ਖਿਆਲੀ' ਬਣਨ ਲੱਗੇ

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਅੱਜ ਪ੍ਰੋਡਕਟ ਬਣਿਆ ਸੰਗੀਤ ਅੱਜ ਹੱਟੀਆਂ 'ਤੇ ਭਾਵੇਂ ਫੇਲ੍ਹ ਹੋ ਰਿਹੈ ਪਰ ਇਸ਼ਤਿਹਾਰਬਾਜ਼ੀ ਦੇ ਵੱਟ ਕੱਢੇ ਜਾ ਰਹੇ ਨੇ। ਜਦੋਂ ਹੱਟੀਆਂ ਘੱਟ ਤੇ ਗਾਹਕ ਵੱਧ ਹੁੰਦੇ ਸਨ, ਉਦੋਂ ਸਾਰੀਆਂ ਧਿਰਾਂ ਖੁਸ਼ ਸਨ। ਨਾਲੇ ਉਦੋਂ ਇਕੋ ਸੋਚ ਸੀ ਕਿ ਉਹੀ ਕੁਝ ਪੇਸ਼ ਕਰੋ, ਜਿਸ ਨਾਲ ਖਰੀਦਦਾਰ ਨੂੰ ਲਾਗਤ ਪੱਲੇ ਪੈਂਦੀ ਜਾਪੇ ਪਰ ਅਫ਼ਸੋਸ ਫ਼ਸਲਾਂ ਵਿਚ ਉਗੇ ਨਦੀਨਾਂ ਵਰਗੇ ਗਾਇਕਾਂ ਕਾਰਨ ਹੁਣ ਗਾਹਕਾਂ ਪੱਲੇ ਲਾਗਤ ਪੈਣੋਂ ਹਟ ਗਈ ਏ। ਬਾਜ਼ਾਰੀਕਰਨ ਦੇ ਸਿੱਟੇ ਵਜੋਂ ਪਾਕੀਜ਼ਗੀ ਮਨਫ਼ੀ ਹੋ ਗਈ ਏ ਤੇ ਝੱਲ-ਵਲੱਲੀਆਂ ਵਾਲੇ ਗਾਣੇ 'ਸੰਜੀਦਗੀ' ਸ਼ਬਦ ਦੀਆਂ ਧੱਜੀਆਂ ਉਡਾਉਂਦੇ ਦਿਸ ਰਹੇ ਨੇ।

ਅਤਿਵਾਦ ਦੇ ਦੌਰ ਵੇਲੇ ਪੰਜਾਬੀ ਸੰਗੀਤ ਦੇ ਬਹੁਤੇ ਵਪਾਰੀਆਂ ਨੂੰ ਆਪਣੀਆਂ ਹੱਟੀਆਂ ਬੰਦ ਕਰਨੀਆਂ ਪਈਆਂ ਸਨ। ਮਾਹੌਲ ਸ਼ਾਂਤ ਹੋਇਆ ਤਾਂ ਹੱਟੀਆਂ ਦੇ ਜਿੰਦਰੇ ਖੁੱਲ੍ਹੇ ਤੇ ਦੁਕਾਨਦਾਰਾਂ ਨੇ ਗੀਤਕਾਰਾਂ ਨੂੰ ਆਖਿਆ, 'ਨਿਰਦੋਸ਼ੇ ਲੋਕਾਂ 'ਤੇ ਹੋਏ ਤਸ਼ੱਦਦ ਬਾਰੇ ਗਾਣੇ ਲਿਖੋ', ਕਲਾਕਾਰਾਂ ਨੂੰ ਕਿਹਾ, 'ਖੁੱਲ੍ਹ ਕੇ ਗਾਓ, ਕੌਮ ਨੂੰ ਸੱਚਾਈ ਤੋਂ ਜਾਣੂ ਕਰਾਉਣਾ ਤੁਹਾਡਾ ਫ਼ਰਜ਼ ਏ।' ਉਨ੍ਹਾਂ ਦੁਕਾਨਦਾਰਾਂ ਦਾ 'ਫ਼ਰਜ਼' ਵਾਲਾ ਨਾਅਰਾ ਅੱਜ ਦੀਆਂ ਸਰਕਾਰਾਂ ਦੇ 'ਰਾਜ ਨਹੀਂ ਸੇਵਾ' ਵਾਲੇ ਨਾਅਰੇ ਵਰਗਾ ਸੀ। ਮਕਸਦ ਲੋਕਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦੀ ਥਾਂ ਆਪਣਾ ਉਲੂ ਸਿੱਧਾ ਕਰਨਾ ਸੀ। ਬਹੁਤੇ ਕਲਾਕਾਰਾਂ ਨੇ ਪੈਰ ਪਿਛਾਂਹ ਖਿੱਚ ਲਏ ਕਿਉਂਕਿ ਉਹ ਸ਼ੈਤਾਨੀ ਚਾਲਾਂ ਸਮਝਦੇ ਸਨ, ਪਰ ਇਕ-ਦੋ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ। ਉਨ੍ਹਾਂ ਨੇ ਬਦਲਵੇਂ ਨਾਂਵਾਂ 'ਤੇ ਰੋਹ ਭਰੇ ਗੀਤ ਗਾਏ, ਪਰ ਜਦੋਂ ਪਛਾਣ ਜਨਤਕ ਹੋਣ ਲੱਗੀ ਤਾਂ ਗੁੱਛੀ ਮਾਰ ਕੇ ਬੈਠ ਗਏ।

ਹੁਣ ਜਦੋਂ ਕਲਾਕਾਰਾਂ ਦੇ ਤਰਕਸ਼ਾਂ 'ਚੋਂ ਸਾਰੇ ਤੀਰ ਮੁੱਕ ਚੱਲੇ ਨੇ ਤਾਂ ਇਹ ਗੁੱਛੀ ਮੁੜ ਖੁੱਲ੍ਹਣ ਲੱਗੀ ਏ। ਗੁੱਛੀ ਖੋਲ੍ਹਣ ਦਾ ਕਾਰਨ ਬਿਲਕੁਲ ਇਵੇਂ ਹੈ, ਜਿਵੇਂ ਕਰਜ਼ੇ ਦਾ ਸਤਾਇਆ ਬੰਦਾ ਕਹੇ ਕਿ ਖ਼ੁਦਕੁਸ਼ੀ ਤਾਂ ਮੈਨੂੰ ਕਰਨੀ ਹੀ ਪੈਣੀ ਏ, ਕਿਉਂ ਨਾ ਜਾਣ ਤੋਂ ਪਹਿਲਾਂ ਇਕ ਲਾਟਰੀ ਹੀ ਪਾ ਕੇ ਦੇਖ ਲਈ ਜਾਵੇ। ਸੋ, ਕਲਾਕਾਰਾਂ ਨੂੰ ਫ਼ਰਜ਼ਾਂ ਦਾ ਚੇਤਾ ਹੁਣ ਆਉਣ ਲੱਗੈ, ਦੁੱਖ ਮਹਿਸੂਸ ਹੋਣਾ ਸ਼ੁਰੂ ਹੋਇਐ ਕਿ ਸਾਡੇ ਨਾਲ ਕਿੰਨੀਆਂ ਵਧੀਕੀਆਂ ਹੋਈਆਂ ਨੇ, ਸਾਡੇ ਅੱਲ੍ਹੇ ਜ਼ਖ਼ਮਾਂ ਨੂੰ ਉਚੇੜਦਾ ਕੌਣ ਰਿਹਾ ਏ, ਜੋਕਾਂ ਵਰਗੇ ਲੀਡਰਾਂ ਨੇ ਸਾਡਾ ਖ਼ੂਨ ਕਿਵੇਂ ਚੂਸਿਐ, ਮੁਲਕ ਦੀਆਂ ਵੰਡੀਆਂ ਕਿਵੇਂ ਪਾਈਆਂ ਗਈਆਂ ਨੇ, ਇਤਿਹਾਸ ਨੂੰ ਆਪਣੇ ਢੰਗ ਨਾਲ ਕਿਵੇਂ ਪੇਸ਼ ਕੀਤਾ ਗਿਐ, ਕੁਰਬਾਨੀਆਂ ਦੇਣ ਵਾਲੇ ਕਿਵੇਂ ਪਿਛੇ ਰਹੇ ਨੇ ਤੇ ਜੁਗਾੜ ਵਾਲਿਆਂ ਦੇ ਨਾਂ ਕਿਵੇਂ ਅੱਗੇ ਆ ਗਏ ਨੇ? ਇਨ੍ਹਾਂ ਬਾਰੇ ਗੀਤ ਗਾਉਣ ਦਾ ਹੀਲਾ ਵੀ ਉਸ ਕਰਜ਼ੇ ਵਾਲੇ ਬੰਦੇ ਵਲੋਂ ਲਾਟਰੀ ਪਾਉਣ ਵਾਲੀ ਗੱਲ ਵਰਗਾ ਹੀ ਏ।

ਬੜੇ ਚਿਰ ਬਾਅਦ ਕਲਾਕਾਰਾਂ ਨੂੰ ਇਨ੍ਹਾਂ ਸਭ ਸਵਾਲਾਂ ਦੀ ਸਮਝ ਪਈ ਏ। ਇਨ੍ਹਾਂ ਗੱਲਾਂ ਵਲ ਸ਼ਾਇਦ ਕਦੇ ਵੀ ਧਿਆਨ ਨਾ ਜਾਂਦਾ, ਜੇ ਗਾਇਕੀ ਵਿਚ ਪਹਿਲਾਂ ਵਾਲੀਆਂ ਮੌਜਾਂ ਹੁੰਦੀਆਂ। ਕਿਹਾ ਜਾਂਦੈ ਕਿ ਲੇਖਕ ਦੀ ਕਲਮ ਓਨੀ ਦੇਰ ਜ਼ਿਆਦਾ ਤਿੱਖੀ ਰਹਿੰਦੀ ਏ, ਜਿੰਨੀ ਦੇਰ ਉਹਦੀਆਂ ਲੋੜਾਂ ਅਧੂਰੀਆਂ ਰਹਿੰਦੀਆਂ ਨੇ ਤੇ ਜਦੋਂ ਲੋੜਾਂ ਪੂਰੀਆਂ ਹੋਣ ਲੱਗਦੀਆਂ ਨੇ ਤਾਂ ਕਲਮ ਦੀ ਧਾਰ ਪਹਿਲਾਂ ਵਾਲੀ ਨਹੀਂ ਰਹਿੰਦੀ। ਨਿੱਜ ਪੁਗਾਉਣੇ ਪੈਂਦੇ ਨੇ, ਮਾੜੇ ਨੂੰ ਮਾੜਾ ਲਿਖਣ ਤੋਂ ਪਹਿਲਾਂ ਸੌ ਵਾਰ ਸੋਚਿਆ ਜਾਣ ਲੱਗਦੈ। ਠੀਕ ਉਸੇ ਤਰ੍ਹਾਂ ਬੇਵਸੀ ਕਾਰਨ ਹੁਣ ਗਾਇਕੀ ਦੀ ਧਾਰ ਤਿੱਖੀ ਹੋਣ ਲੱਗੀ ਏ ਤੇ ਜਿਹੜੇ-ਜਿਹੜੇ ਕਲਾਕਾਰ ਦੀ ਰੋਟੀ ਸੌਖੀ ਤੁਰਨ ਲੱਗੇਗੀ, ਉਹਦੀ ਗਾਇਕੀ 'ਖੁੰਢੀ' ਹੁੰਦੀ ਜਾਵੇਗੀ।

ਅੱਜ ਜਦੋਂ 1984 'ਚ ਦਰਬਾਰ ਸਾਹਿਬ ਢਾਹੁਣ ਦਾ ਹੁਕਮ ਦੇਣ ਵਾਲੀ ਸਰਕਾਰ ਅਤੇ ਬਾਅਦ 'ਚ ਨਿਹੱਥਿਆਂ ਦੇ ਪਰਿਵਾਰਾਂ ਨੂੰ ਧੇਲੇ ਦੀ ਇਮਦਾਦ ਨਾ ਦੇਣ ਵਾਲੇ ਵਿਸ਼ਿਆਂ ਨੂੰ ਰੋਹ ਵਜੋਂ ਪੇਸ਼ ਕੀਤਾ ਜਾ ਰਿਹੈ ਤਾਂ ਦੂਜੇ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵਲੋਂ ਹੱਕਾਂ ਲਈ ਲੜਨ ਵਾਲੇ ਗੀਤਾਂ ਨੂੰ ਵੀ ਵਿਸ਼ਾ ਬਣਾਇਆ ਜਾ ਰਿਹਾ ਹੈ। ਇਕ ਪਾਸੇ ਗਾਂਧੀ ਦੀਆਂ ਨੀਤੀਆਂ 'ਤੇ ਸਵਾਲ ਉਠਾਏ ਜਾ ਰਹੇ ਨੇ ਤੇ ਦੂਜੇ ਪਾਸੇ ਭਗਤ ਸਿੰਘ ਨੂੰ ਬਣਦਾ ਮਾਣ ਨਾ ਮਿਲਣ 'ਤੇ ਰੋਸ ਪ੍ਰਗਟ ਕੀਤਾ ਜਾ ਰਿਹੈ।

ਵਿਦੇਸ਼ੀ ਸਰੋਤਿਆਂ ਦੀ 'ਸ਼ਾਬਾਸ਼' ਕਲਾਕਾਰਾਂ ਨੂੰ ਗਰਮਖਿਆਲੀ ਬਣਾ ਰਹੀ ਏ। ਗੀਤ ਰਿਕਾਰਡ ਕਰੋ, ਨੈਟ ਤੋਂ ਫੋਟੋਆਂ ਚੁੱਕੋ ਤੇ ਜਾਅਲੀ ਜਿਹਾ ਵੀਡੀਓ ਬਣਾ ਕੇ ਚਾੜ੍ਹ ਦਿਓ 'ਯੂ ਟਿਊਬ' 'ਤੇ। ਲੋਕਾਂ ਦੇ ਕੁਮੈਂਟ ਚੰਗੇ ਹੋਏ ਤਾਂ ਨਵੇਂ ਗੀਤ ਦੀ ਰਿਕਾਰਡਿੰਗ ਸ਼ੁਰੂ ਕਰ ਦਿਓ, ਨਹੀਂ ਤਾਂ ਘਾਟੇ ਵਾਲੀ ਕੋਈ ਗੱਲ ਨਹੀਂ। ਪੰਜਾਬ ਦੇ ਤਿੰਨ ਕੁ ਕਲਾਕਾਰਾਂ ਨੂੰ 'ਯੂ ਟਿਊਬ' ਵਾਲੀ ਇਸ ਖੇਡ ਦਾ ਫ਼ਾਇਦਾ ਹੋਇਐ ਤੇ ਉਸ ਤੋਂ ਬਾਅਦ ਹਰ ਗਰਮ ਮੁੱਦੇ ਨੂੰ ਗੀਤ ਬਣਾ ਕੇ ਪੇਸ਼ ਕੀਤਾ ਜਾਣ ਲੱਗੈ, ਭਾਵੇਂ ਉਹ ਦੁਬਈ ਦੀਆਂ ਜੇਲ੍ਹਾਂ ਵਿਚ ਫਸੇ ਪੰਜਾਬੀਆਂ ਦਾ ਮਸਲਾ ਹੋਵੇ ਜਾਂ ਲੀਡਰਾਂ ਤੇ ਸਾਧਾਂ ਦੀ ਸਾਂਝ ਭਿਆਲੀ ਦਾ।

ਅੱਜ-ਕੱਲ੍ਹ ਚੈਨਲਾਂ 'ਤੇ ਦੋ ਕਲਾਕਾਰਾਂ ਦੇ ਗੀਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਬਾਰੇ

## ਕੀ ਮੈਂ ਝੂਠ ਬੋਲਿਐ...

ਚੱਲ ਰਹੇ ਨੇ। ਇਕ ਖ਼ੁਦ ਨੂੰ ਭਿੰਡਰਾਂਵਾਲਿਆਂ ਦਾ ਫੈਨ ਕਹਿ ਰਿਹੈ ਤੇ ਦੂਜਾ ਬਾਜਾਂ ਵਾਲੇ ਅੱਗੇ ਫ਼ਰਿਆਦ ਕਰ ਰਿਹੈ ਕਿ ਉਸ ਵਰਗਾ ਖਾਲਸਾ ਮੁੜ ਪੰਜਾਬ ਦੀ ਧਰਤੀ 'ਤੇ ਭੇਜ।

ਇਸ ਵਿਸ਼ੇ ਬਾਬਤ ਗਾਉਣ 'ਤੇ ਕਿਸੇ ਨੂੰ ਕੋਈ ਹਰਖ ਨਹੀਂ। ਅਸੀਂ ਲੋਕ ਭਗਤ ਸਿੰਘ ਦੀ ਫੋਟੋ ਕਾਰਾਂ ਦੇ ਸ਼ੀਸ਼ਿਆਂ 'ਤੇ ਲਾ ਕੇ ਹੇਠਾਂ ਲਿਖ ਦਿੰਦੇ ਹਾਂ, 'ਅੰਗਰੇਜ਼ ਖੰਘੇ ਸੀ, ਤਾਂਹੀਓਂ ਟੰਗੇ ਦਿੰਦੇ ਨੇ, ਜਿਹੜਾ ਉਨ੍ਹਾਂ ਦੇ ਵਿਚਾਰਾਂ ਨਾਲ ਵਿਚਾਰ ਮੇਲਦਾ ਹੋਵੇ। ਕਰਮੇ ਦੇ ਗੀਤ ਦੇ ਬੋਲ ਨੇ, 'ਬਾਜਾਂ ਵਾਲਿਆਂ ਸਜਾ ਦੇ ਕੋਈ ਖਾਲਸਾ ਭਿੰਡਰਾਂ ਦੇ ਸ਼ੇਰ ਜਿਹਾ।'

ਸਮਝ ਨਹੀਂ ਆਉਂਦੀ ਕਿ ਕੱਲ੍ਹ ਤੱਕ ਜਿਹੜਾ ਕਰਮਾ ਪੂਜਾ ਨਾਲ 'ਟੌਪਰ' ਵਰਗੀਆਂ ਕੈਸਿਟਾਂ ਵਿਚ 'ਮਿਸ ਕਾਲਾਂ' ਤੇ 'ਕਾਲਜਾਂ ਵਿਚਲੀ ਆਸ਼ਕੀ ਮਾਸ਼ੂਕੀ' ਵਾਲੇ ਗੀਤ ਗਾਉਂਦਾ ਰਿਹੈ, ਇਕਦਮ




ਸੀ', 'ਦੁਬਾਰਾ ਆ ਗਿਆ ਤਾਂ ਭਾਜੜਾਂ ਪਾ ਦੇਊਂ...' ਤੇ ਹੁਣ ਅਸੀਂ ਗੱਡੀਆਂ ਪਿਛੇ ਭਿੰਡਰਾਂਵਾਲਿਆਂ ਦੀ ਫੋਟੋ ਲਾ ਕੇ ਲਿਖਣ ਲੱਗ ਗਏ ਹਾਂ, 'ਹੁਣ ਆਇਆ ਤਾਂ ਬਖ਼ਸ਼ਣਾ ਕਿਸੇ ਨੂੰ ਨਹੀਂ,' 'ਗਿਣ ਗਿਣ ਕੇ ਬਦਲੇ ਲਵਾਂਗਾ...।' ਸਾਡੀ ਸੋਚ ਬਹੁਤਾ ਭਾਰ ਚੁੱਕਣ ਦੇ ਸਮਰੱਥ ਨਹੀਂ, ਸ਼ਾਇਦ ਤਾਂ ਹੀ ਸਾਡੇ ਲਈ ਹਰ ਗੱਲ ਸ਼ੁਗਲ ਮੇਲੇ ਵਾਲੀ ਬਣ ਕੇ ਰਹਿ ਗਈ ਏ। ਫੋਟੋ ਕੈਪਸ਼ਨ ਲਿਖਣ 'ਚ ਸਾਨੂੰ ਏਨੀ ਮੁਹਾਰਤ ਹੋ ਗਈ ਏ ਕਿ ਅਸੀਂ ਹਰ ਤਸਵੀਰ ਦਾ ਨਜ਼ਰੀਆ ਬਦਲ ਸਕਦੇ ਹਾਂ।

ਕੱਲ੍ਹ ਤੱਕ 'ਪੂਜਾ ਮਾਰਕਾ' ਬਹੁਤੇ ਕਲਾਕਾਰਾਂ ਵਾਂਗ ਕਰਮਾ ਵਰਗੇ ਅਸਲੋਂ ਨਵੇਂ ਗਵੱਈਏ ਵੀ 'ਗਦਰ' ਮਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਨੇ, ਪਰ ਅੱਜ ਉਨ੍ਹਾਂ ਨੂੰ ਭਿੰਡਰਾਂਵਲਿਆਂ ਦਾ ਇਕਦਮ ਚੇਤਾ ਕਿਵੇਂ ਆ ਗਿਆ? ਉਨ੍ਹਾਂ ਅੰਦਰਲਾ ਜੋਸ਼ ਇਕਦਮ ਉਬਾਲਾ ਮਾਰ ਗਿਆ ਜਾਂ ਵਿਦੇਸ਼ ਦਾ ਗੇੜਾ ਲਾਉਣ ਦੀ ਭੁੱਖ ਜਾਗ ਪਈ? ਸ਼ਾਇਦ ਉਹਨੂੰ ਵੀ ਪਤਾ ਲੱਗ ਗਿਆ ਹੋਣੈ ਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਪਿਆਰੇ, ਜਿਨ੍ਹਾਂ ਅੰਦਰ ਧੁਖ ਰਹੇ ਪੰਜਾਬ ਦਾ ਦਰਦ ਲੁਕਿਆ ਹੋਇਐ, ਓਸੇ ਕਲਾਕਾਰ ਨੂੰ ਹੱਲਾਸ਼ੇਰੀ ਗਰਮਖਿਆਲੀਆ ਕਿਵੇਂ ਬਣ ਗਿਆ? ਜੇ ਉਹ ਭਿੰਡਰਾਂਵਾਲਿਆਂ ਦੀ ਸੋਚ ਦਾ ਹਮਾਇਤੀ ਹੈ ਤਾਂ ਫੇਰ ਵਾਅਦਾ ਕਰੇ ਕਿ ਭਵਿੱਖ ਵਿਚ ਲੁੱਚ ਮੰਡਲੀ ਵਾਲੇ ਗੀਤ ਨਹੀਂ ਗਾਵੇਗਾ ਅਤੇ ਭਿੰਡਰਾਂਵਾਲਿਆਂ ਬਾਰੇ ਗੀਤ ਉਸ ਦਾ ਨਿਰਾ ਜੁਗਾੜ ਨਹੀਂ।

ਦੂਜਾ ਕਲਾਕਾਰ ਭਿੰਡਰਾਂਵਾਲਿਆਂ ਦਾ 'ਫੈਨ' ਹੋਣ ਦੀ ਦਾਅਵੇਦਾਰੀ ਕਰਦੈ। ਉਹਦੇ ਗੀਤ ਦੇ ਬੋਲ ਨੇ, 'ਅਸੀਂ ਫੈਨ ਹਾਂ ਯਾਰੋ ਭਿੰਡਰਾਂ ਵਾਲੇ ਬਾਬੇ ਦੇ' ਤੇ ਇਸ ਗੀਤ ਦਾ ਦੱਬੀ ਸੁਰ ਵਿਚ ਸਵਾਗਤ ਵੀ ਹੋ ਰਿਹੈ ਤੇ ਆਲੋਚਨਾ ਵੀ। ਹਰ ਸ਼ਖ਼ਸ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਏ ਪਰ ਘੋਨ-ਮੋਨ ਕਲਾਕਾਰ ਦੀਆਂ ਨਿੱਕੀਆਂ-ਨਿੱਕੀਆਂ ਡਿਜ਼ਾਈਨਦਾਰ ਮੁੱਛਾਂ ਤੇ ਦਾੜ੍ਹੀ ਵੱਲ ਦੇਖ ਕੇ ਮਨ ਅੰਦਰ ਸਵਾਲ ਉਠਦੈ ਕਿ ਨਾ ਤਾਂ ਕੁਝ ਘੜੀਆਂ ਲਈ ਸਿਰ 'ਤੇ ਪੱਗ ਰੱਖ ਕੇ ਪਤਿਤ ਹੋ ਰਹੀ ਸਿੱਖੀ 'ਤੇ ਚਿੰਤਾ ਪ੍ਰਗਟ ਕਰਨ ਦਾ ਕੋਈ ਫ਼ਾਇਦਾ ਏ ਤੇ ਨਾ ਚਾਰ ਅੰਤਰਿਆਂ ਦਾ ਇਕ ਗਰਮ ਜਿਹਾ ਗੀਤ ਉਨ੍ਹਾਂ ਲੋਕਾਂ ਬਾਰੇ ਗਾਉਣ ਦਾ ਕੋਈ ਫ਼ਾਇਦਾ ਨਿਕਲਣੈ, ਜਿਨ੍ਹਾਂ ਬਾਰੇ ਲੋਕਾਂ ਦੀ ਸੋਚ ਪਹਿਲਾਂ ਹੀ ਦੋ ਹਿੱਸਿਆਂ ਵਿਚ ਵੰਡੀ ਹੋਈ ਏ।

ਸਵਾਲ ਉਠਣ ਲੱਗੇ ਨੇ ਕਿ ਜਿਸ ਕਲਾਕਾਰ ਦੇ ਵਿਚਾਰ ਕੱਲ੍ਹ ਤੱਕ ਬਰਫ਼ ਵਰਗੇ ਠੰਢੇ ਸਨ, ਇਕਦਮ ਗਰਮੀ ਕਿਵੇਂ ਪੈਦਾ ਹੋ ਗਈ? ਨਾ ਕੋਈ ਕਲਾਕਾਰ ਭਗਤ ਸਿੰਘ ਦੀ ਸੋਚ ਦਾ ਏਨਾ ਕਾਇਲ ਲੱਭਿਐ ਕਿ ਉਹਦੇ ਨਾਂ 'ਤੇ ਹੁੰਦੇ ਮੇਲਿਆਂ 'ਚ ਮੁਫ਼ਤ ਗਾ ਆਵੇ, ਨਾ ਕੋਈ ਭਿੰਡਰਾਂਵਾਲਿਆਂ ਦੀ ਸੋਚ ਦਾ ਏਨਾ ਮੁਰੀਦ ਦਿਸਦੈ ਕਿ ਸੋਲ੍ਹਾਂ ਆਨੇ ਉਨ੍ਹਾਂ ਵਰਗਾ ਬਣ ਦਿਖਾਵੇ, ਨਾ ਕੋਈ ਭੁੱਖਣਭਾਣੇ ਸੌਂਦੇ ਲੋਕਾਂ ਦਾ ਫ਼ਿਕਰ ਕਰਨ ਵਾਲਾ ਏ ਜੋ ਆਪਣੇ ਪ੍ਰੋਗਰਾਮ ਦਾ ਕੁਝ ਹਿੱਸਾ ਭੁੱਖਿਆਂ ਨੂੰ ਰੋਟੀ ਖੁਆਉਣ 'ਤੇ ਖਰਚ ਆਵੇ। ਸੁਣਨ ਵਾਲਿਆਂ ਦੇ ਵੱਖ-ਵੱਖ ਵਰਗਾਂ ਨੂੰ ਆਪਣੇ ਵੱਲ ਖਿੱਚਣ ਦੇ ਢਕਵੰਜ ਨੇ।

ਕੱਲ੍ਹ ਤੱਕ ਜਿਹੜਾ ਹਨੀ ਸਿੰਘ ਗੰਦੇ ਗੀਤ ਗਾ ਕੇ 'ਯੂ ਟਿਊਬ' 'ਤੇ ਪਾਉਂਦਾ ਸੀ ਤੇ ਗਾਲ੍ਹਾਂ ਕੱਢਣ ਵਾਲਿਆਂ ਨੂੰ ਆਖਦਾ ਸੀ, 'ਚਰਚਾ ਲਈ ਸਭ ਕੁਝ ਜਾਇਜ਼ ਏ', ਉਹਨੂੰ ਇਕਦਮ ਮਾਰਚ ਮਹੀਨੇ ਭਗਤ ਸਿੰਘ ਦਾ ਚੇਤਾ ਇਸ ਕਰਕੇ ਨਹੀਂ ਆ ਗਿਆ ਕਿ ਉਹਦੀ ਸੋਚ ਨੂੰ ਇਨਕਲਾਬੀ ਜਾਗ ਲੱਗ ਗਈ, ਸਗੋਂ ਏਸ ਕਰਕੇ ਕਿ ਉਨ੍ਹਾਂ ਦਿਨਾਂ ਵਿਚ ਹੀ ਪੰਜਾਬੀਆਂ ਦਾ ਖ਼ੂਨ ਖੌਲਦਾ ਏ। ਨਿਸ਼ਾਨ ਭੁੱਲਰ ਨਾਲ ਮਿਲ ਕੇ ਉਸ ਦਾ ਕਹਿਣਾ, 'ਤੇਰੀ ਫੋਟੋ ਕਿਉਂ ਨਹੀਂ ਭਗਤ ਸਿਆਂ ਲੱਗਦੀ ਨੋਟਾਂ 'ਤੇ' ਭਾਵੇਂ ਗਰਮਖਿਆਲੀ ਹੋਣ ਦੀ ਨਿਸ਼ਾਨੀ ਲੱਗਦੈ, ਪਰ ਅਸਲੀਅਤ ਇਹੀ ਏ ਕਿ ਵਪਾਰੀ ਗਾਇਕਾਂ ਦੀ ਸੋਚ ਕਦੇ ਸਥਿਰ ਨਹੀਂ ਰਹਿ ਸਕਦੀ।

ਹੁਣ ਕਲਾਕਾਰਾਂ ਦੇ ਇਕ ਹਿੱਸੇ ਦਾ ਧਿਆਨ ਵਾਤਾਵਰਣ 'ਚ ਆਏ ਵਿਗਾੜ ਵੱਲ ਵੀ ਜਾਣ ਲੱਗੈ, ਜੋ ਚੰਗੀ ਗੱਲ ਹੈ ਪਰ ਖੇਤੀਬਾੜੀ ਦੇ ਪਿਛੋਕੜ ਵਾਲੇ ਕਲਾਕਾਰਾਂ ਨੂੰ ਪੁੱਛੋ ਕਿ ਕੀ ਉਨ੍ਹਾਂ ਨੇ ਕਦੇ ਕਣਕ ਦੇ ਨਾੜ ਨੂੰ ਅੱਗ ਨਹੀਂ ਲਾਈ ਜਾਂ ਕੀ ਉਨ੍ਹਾਂ ਨੇ ਕਦੇ ਪਾਣੀ ਨੂੰ ਵਿਅਰਥ ਨਹੀਂ ਜਾਣ ਦਿੱਤਾ।

ਅੱਜ ਦੇ ਕਲਾਕਾਰਾਂ ਦਾ ਵੀ ਇਕੋ ਨਿਸ਼ਾਨਾ ਏ, 'ਕਾਮਯਾਬੀ', ਇਹ ਵੱਖਰੀ ਗੱਲ ਹੈ ਕਿ ਇਕ ਹਿੱਸਾ ਇਕਦਮ ਗਰਮਖਿਆਲੀ ਬਣਦਿਆਂ ਅਤੀਤ ਵਿਚ ਹੋਏ ਵਾਪਰੇ ਕਾਰਿਆਂ ਨੂੰ ਭੰਡ ਰਿਹੈ ਤੇ ਦੂਜਾ ਕਹਿੰਦਾ ਹੈ ਕਿ ਗਾਉਣ ਦਾ ਅਰਥ ਆਲੋਚਨਾ ਨਹੀਂ, ਸੁਥਰਾ ਮਨੋਰੰਜਨ ਕਰਨਾ ਏ। ਕਲਾਕਾਰ ਤਾਂ ਖ਼ੁਦ ਮੰਨਦੇ ਨੇ ਕਿ ਅਸੀਂ ਤਾਂ ਹਰ ਤਰ੍ਹਾਂ ਦਾ ਗਾਉਣਾ ਤੇ ਫ਼ਿਲਮਾਉਣਾ ਹੁੰਦੈ, ਇਹ ਸਾਡਾ ਵਪਾਰ ਏ, ਏਥੋਂ ਸਾਡੀ ਰੋਟੀ ਚੱਲਦੀ ਏ।

ਗਰਮਖਿਆਲ ਭੁੱਖ 'ਚੋਂ ਨਹੀਂ, ਨਿੱਗਰ ਸੋਚ 'ਚੋਂ ਨਿਕਲਣੇ ਚਾਹੀਦੇ ਨੇ, ਫੇਰ ਹੀ ਏਧਰ ਵਸਦੇ ਪੰਜਾਬੀਆਂ ਨੂੰ ਤੁਹਾਡੇ ਤਕੜੇ ਹੌਸਲੇ 'ਤੇ ਮਾਣ ਹੋਵੇਗਾ ਤੇ ਸੱਤ ਸਮੁੰਦਰੋਂ ਪਾਰ ਬੈਠੇ 'ਗਰਮਖਿਆਲੀ' ਪੰਜਾਬੀਆਂ ਨੂੰ ਤੁਹਾਡਾ ਮਾਣ-ਸਨਮਾਨ ਕਰਨਾ ਠੀਕ ਜਾਪੇਗਾ।

*ਫੋਨ:91-98141-78883

# ਪੰਜਾਬੀ ਸੰਗੀਤ ਦਾ ਨਵੇਂ ਮੁਹਾਣ ਵਲ ਵਹਿਣ

**ਕੰਵਰਜੀਤ ਸਿੰਘ ਸੰਗੂਧੌਣ**

ਪੰਜਾਬੀ ਗਾਇਕੀ ਦੇ ਆਮ ਪ੍ਰਚਲਤ ਸ਼ੋਰ ਸ਼ਰਾਬੇ ਅੰਦਰ ਪਹਿਲਾਂ ਵੀ ਕਦੇ-ਕਦੇ ਸਮਾਜਿਕ ਸਰੋਕਾਰਾਂ ਦੀ ਸਿੱਧੀ-ਅਸਿੱਧੀ ਪੇਸ਼ਕਾਰੀ ਹੁੰਦੀ ਰਹੀ ਹੈ ਜਿਸ ਵਿਚ ਗੁਰਦਾਸ ਮਾਨ ਦੇ ਕਈ ਸਾਰੇ ਗੀਤ ਲੋਕਾਂ ਵਿਚ ਬੇਹੱਦ ਮਕਬੂਲ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਦੇ ਨਵੇਂ ਪੁਰਾਣੇ ਗਾਇਕਾਂ ਵਲੋਂ ਜਿਸ ਤਰ੍ਹਾਂ ਸਮਾਜਿਕ-ਰਾਜਨੀਤਕ ਮਸਲਿਆਂ ਨੂੰ ਸਿੱਧੇ ਤੌਰ 'ਤੇ ਮੁਖ਼ਾਤਬ ਹੋਣ ਦੀ ਲੀਹ ਪਈ ਹੈ, ਉਹ ਇਕ ਨਵਾਂ ਵਰਤਾਰਾ ਹੈ।

ਪੰਜਾਬੀ ਦੇ ਚਰਚਿਤ ਗਾਇਕ ਬੱਬੂ ਮਾਨ ਵਲੋਂ ਇਸ ਸਾਰੇ ਮੁਹਾਣ ਦਾ ਮੁੱਢ ਬੰਨ੍ਹਿਆ ਗਿਆ ਹੈ। ਉਸ ਵਲੋਂ ਪਿਛਲੇ ਸਮਿਆਂ ਵਿਚ ਗਾਏ ਗਏ ਅਜਿਹੇ ਤਿੱਖੀਆਂ ਰਾਜਨੀਤਕ ਟਿੱਪਣੀਆਂ ਵਾਲੇ ਗੀਤ ਦੇਸ਼-ਵਿਦੇਸ਼ ਵਿਚ ਤੱਤੀ ਚਰਚਾ ਦਾ ਵਿਸ਼ਾ ਬਣੇ ਹਨ। ਇਨ੍ਹਾਂ ਗੀਤਾਂ ਦੀ ਕਈ ਪਾਸਿਓਂ ਆਲੋਚਨਾ ਵੀ ਹੋਈ ਹੈ ਪਰ ਵੱਡੇ ਪੱਧਰ ਤੇ ਲੋਕਾਂ ਨੇ ਇਸ ਨੂੰ ਹਾਂ-ਪੱਖੀ ਹੁੰਗਾਰਾ ਹੀ ਭਰਿਆ ਹੈ। ਬੇਸ਼ੱਕ ਇਨ੍ਹਾਂ ਗੀਤਾਂ ਉਪਰ ਖਬਰਨੁਮਾ ਗੀਤ ਹੋਣ ਦੀ ਤੋਹਮਤ ਵੀ ਲਾਈ ਜਾਂਦੀ ਹੈ ਪਰ ਫਿਰ ਵੀ ਸਮੇਂ ਦੀਆਂ ਸਮਾਜਿਕ-ਰਾਜਨੀਤਕ ਹਾਲਤਾਂ ਦੇ ਤਿੱਖੇ ਸੱਚ ਨੂੰ ਮੁਖ਼ਾਤਬ ਹੋ ਕੇ ਗੀਤ ਪੇਸ਼ ਕਰਨ ਦੀ ਪਹਿਲ ਕਰਨ ਦਾ ਮਾਣ ਬੱਬੂ ਮਾਨ ਨੂੰ ਦਿੱਤਾ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਦੇ ਧਾਰਮਿਕ ਜਜ਼ਬਾਤ ਨੂੰ ਵਰਗਲਾਈ ਬੈਠੇ ਸਾਧ ਬਾਬਿਆਂ ਬਾਰੇ ਉਸ ਦੇ ਗਾਏ ਇਕ ਗੀਤ ਨੇ ਤਾਂ ਵੱਡੀ ਹਲਚਲ ਦਾ ਮਾਹੌਲ ਖੜ੍ਹਾ ਕੀਤਾ ਹੈ। ਇਸ ਤੋਂ ਬਾਅਦ ਦਰਜਨ ਦੇ ਕਰੀਬ ਹੋਰ ਨਵੇਂ ਗਾਇਕਾਂ ਨੇ ਇਸੇ ਲੀਹ 'ਤੇ ਚਲਦੇ ਹੋਏ ਅਜਿਹੇ ਗੀਤ ਗਾ ਕੇ ਚਰਚਾ ਨੂੰ ਅੱਗੇ ਤੋਰਿਆ ਹੈ। ਬੇਸ਼ੱਕ ਇਸ ਤੋਂ ਪਹਿਲਾਂ ਕਈ ਗਾਇਕਾਂ ਰਾਜ ਬਰਾੜ, ਦੇਬੀ ਮਖਸੂਸਪੁਰੀ, ਮਨਮੋਹਨ ਵਾਰਿਸ, ਗਿੱਲ ਹਰਦੀਪ ਆਦਿ ਨੇ ਵੀ ਅਜਿਹੇ ਹੀ ਮੁੱਦਿਆਂ ਨੂੰ ਛੂਹਣ ਵਾਲੇ ਗੀਤ ਗਾਏ ਹਨ ਪਰ ਉਹ ਬੱਬੂ ਮਾਨ ਦੇ ਗੀਤਾਂ ਜਿੰਨੀ ਚਰਚਾ ਨਹੀਂ ਕਰਵਾ ਸਕੇ। ਇਸੇ ਲੜੀ ਵਿਚ ਪੰਜਾਬ ਦੇ ਸਮਾਜਿਕ-ਸਭਿਆਚਾਰਕ ਤੇ ਵਿਰਾਸਤੀ ਸਰੋਕਾਰਾਂ ਨੂੰ ਆਪਣੀ ਰੀਲ 'ਆਵਾਜ਼' ਰਾਹੀਂ ਆਵਾਜ਼ ਦਿੱਤੀ ਹੈ ਹਾਸਿਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਭਗਵੰਤ ਮਾਨ ਨੇ। ਇਸ ਕੈਸੇਟ ਰਾਹੀਂ ਭਗਵੰਤ ਮਾਨ ਇਕ ਗਹਿਰ-ਗੰਭੀਰ ਸੰਜੀਦਾ ਗਾਇਕ ਵਜੋਂ ਪੇਸ਼ ਹੁੰਦਾ ਹੈ। ਇਸ ਕੈਸੇਟ ਰਾਹੀਂ ਭਗਵੰਤ ਮਾਨ ਪੰਜਾਬੀ ਗਾਇਕੀ ਵਿਚ ਅਛੂਤੇ ਰਹੇ ਮਸਲਿਆਂ ਪੰਜਾਬ ਦੇ ਸੁੱਕ ਰਹੇ ਪਾਣੀਆਂ, ਅਲੋਪ ਹੋ ਰਹੇ ਲੋਕ ਵਿਰਸੇ ਤੇ ਮਰ ਮੁੱਕ ਰਹੇ ਪਸ਼ੂ-ਪੰਛੀ ਆਦਿ ਨੂੰ ਮੁਖ਼ਾਤਬ ਹੋਇਆ ਹੈ। ਭਗਵੰਤ ਮਾਨ ਦੀ ਇਹ ਪਹਿਲਕਦਮੀ ਪੰਜਾਬੀ ਗਾਇਕੀ ਦਾ ਚੰਗਾ ਪੱਖ ਪੇਸ਼ ਕਰਦੀ ਹੈ ਜਿਸਦੀ ਮੌਜੂਦਾ ਸਮੇਂ ਅੰਦਰ ਬਹੁਤ ਲੋੜ ਹੈ। ਇਸ ਤੋਂ ਪਹਿਲਾਂ ਬੀਤੇ ਮਹੀਨੇ ਉਹ ਪ੍ਰਦੂਸ਼ਿਤ ਪਾਣੀ ਤੋਂ ਪੀੜਤ ਫਾਜ਼ਿਲਕਾ ਨੇੜਲੇ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਮਿਲ ਕੇ ਪੰਜਾਬ ਦੀਆਂ ਰਾਜਨੀਤਕ ਧਿਰਾਂ ਨੂੰ ਇਕ ਨੈਤਿਕ ਝੰਜੋੜਾ ਦੇਣ ਦੀ ਕੋਸ਼ਿਸ਼ ਵੀ ਕਰ ਚੁਕਾ ਹੈ।

ਇਸੇ ਸਿਲਸਿਲੇ ਵਿਚ ਹੀ ਪੰਜਾਬੀ ਦੇ ਲੰਮੇ ਸਮੇਂ ਤੋਂ ਸੰਗੀਤ ਦੇ ਖੇਤਰ ਵਿਚ ਸਰਗਰਮ, ਪ੍ਰਸਿਧ ਗੀਤਕਾਰ ਰਾਜ ਕਾਕੜਾ ਨੇ ਇਕ ਕੈਸਿਟ ਰਾਹੀਂ ਪੰਜਾਬੀ ਗਾਇਕਾਂ ਦੀ ਭੀੜ ਵਿਚ ਇਕ ਨਿਵੇਕਲੇ ਅੰਦਾਜ਼ ਰਾਹੀਂ ਪੈਰ ਧਰਿਆ ਹੈ। ਰਾਜ ਕਾਕੜਾ ਦੀ ਕੈਸਿਟ ਦਾ ਟਾਈਟਲ ਹੀ ਸਰੋਤਿਆਂ ਦੇ ਸਾਹਮਣੇ ਇਕ ਸੁਆਲ ਖੜਾ ਕਰਦਾ ਹੈ ''ਪੰਜਾਬੀਓ! ਚਿੜੀ ਬਨਣੈ ਕਿ ਬਾਜ਼''। ਇਸ ਰਾਹੀਂ ਉਹ ਪੰਜਾਬ ਦੇ ਰਾਜਨੀਤਕ ਮਸਲਿਆਂ ਨੂੰ ਸਪੱਸ਼ਟ ਪਰ ਸਹਿਜ ਅੰਦਾਜ਼ ਵਿਚ ਪੇਸ਼ ਕਰਦਾ ਹੈ ਜਿਸ ਕਾਰਨ ਇਸ ਕੈਸਿਟ ਦੇ ਗੀਤ ਅੱਜ-ਕੱਲ੍ਹ ਹਰੇਕ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ। ਇਸ ਤੋਂ ਵੀ ਅੱਗੇ ਜਾਂਦੇ ਹੋਏ ਰਾਜ ਕਾਕੜਾ ਨੇ ਬੀਤੇ ਦਿਨੀਂ ਇਕ ਪ੍ਰੈਸ ਕਾਨਫਰੰਸ ਵਿਚ ਸਾਫ ਤੌਰ 'ਤੇ ਕਿਹਾ ਹੈ ਕਿ ਮਾਸਟਰ ਤਾਰਾ ਸਿੰਘ ਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੰਜਾਬ ਨਾਲ ਦਗਾ ਕਮਾਇਆ ਹੈ। ਇਸ ਤਰ੍ਹਾਂ ਸੱਚ ਬੋਲਣ ਦੀ ਜੁਰਅਤ ਦਿਖਾਉਣੀ ਵਾਕਈ ਰਾਜ ਕਾਕੜਾ ਦੇ ਜਜ਼ਬੇ ਦੀ ਸ਼ਿੱਦਤ ਹੈ ਤੇ ਇਸ ਬਿਆਨ ਤੋਂ ਇੰਜ ਲਗਦਾ ਹੈ ਕਿ ਉਹ ਆਪਣੇ ਵਲੋਂ ਲਿਖੇ ਤੇ ਗਾਏ ਗਏ ਤਾਜ਼ਾ ਗੀਤਾਂ ਦੇ ਵਿਚਾਰਾਂ ਨਾਲ ਤਹਿ ਦਿਲੋਂ ਇਕਸੁਰ ਹੈ। ਇਹ ਸੱਚ-ਮੁੱਚ ਵੱਡੀ ਗੱਲ ਹੈ।

ਇਸ ਮਾਹੌਲ ਨੂੰ ਦੇਖਦੇ ਹੋਏ ਸੰਭਵ ਹੈ ਤੇ ਆਸ ਵੀ ਕਰਨੀ ਬਣਦੀ ਹੈ ਕਿ ਪੰਜਾਬ ਪ੍ਰਤੀ ਗੰਭੀਰ ਗਾਇਕ-ਗੀਤਕਾਰ ਇਸ ਦਿਸ਼ਾ ਵਿਚ ਹੋਰ ਸੰਜੀਦਾ ਕਦਮ ਪੁੱਟ ਕੇ ਇਸ ਲੀਹ ਨੂੰ ਮਜ਼ਬੂਤ ਕਰਨਗੇ। ਦੁੱਖ ਦੀ ਗੱਲ ਇਹ ਹੈ ਕਿ ਜਿਨ੍ਹਾਂ ਮੁੱਦਿਆਂ ਦੀ ਗੱਲ ਕਰਨੀ ਪੰਜਾਬੀ ਵਿਦਵਾਨਾਂ-ਸਾਹਿਤਕਾਰਾਂ ਦਾ ਫਰਜ਼ ਬਣਦਾ ਸੀ, ਉਨ੍ਹਾਂ ਮੁੱਦਿਆਂ ਨੂੰ ਪੰਜਾਬੀ ਦੇ ਗੀਤਾਂ-ਗਾਣਿਆਂ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ ਜੋ ਕਿ ਆਮ ਤੌਰ 'ਤੇ ਕਵਿਤਾ ਨਾਲੋਂ ਹੀਣੇ ਮੰਨੇ ਜਾਂਦੇ ਹਨ ਤੇ ਬਹੁਤੀ ਵਾਰ ਇਨ੍ਹਾਂ ਨੂੰ ਸਾਹਿਤ ਦਾ ਹਿੱਸਾ ਹੀ ਨਹੀਂ ਮੰਨਿਆ ਜਾਂਦਾ ਪਰ ਅਸਲ ਵਿਚ ਸਾਹਿਤ ਉਹ ਹੀ ਹੈ ਜੋ ਆਪਣੀ ਧਰਤੀ, ਆਪਣੇ ਲੋਕਾਂ ਦੀਆਂ ਲੋੜਾਂ-ਥੁੜਾਂ ਅਤੇ ਦੁੱਖਾਂ-ਸੁੱਖਾਂ ਨੂੰ ਜ਼ੁਬਾਨ ਦਿੰਦਾ ਹੈ। ਇਸ ਨੂੰ ਮਹਿਸੂਸ ਕਰਕੇ, ਪੰਜਾਬੀ ਗਾਇਕਾਂ ਦਾ ਇਸ ਪਾਸੇ ਕਦਮ ਪੁੱਟਣਾ ਸ਼ਲਾਘਾਯੋਗ ਹੈ।

ਉਮੀਦ ਹੈ ਕਿ ਪੰਜਾਬੀ ਗਾਇਕ-ਗੀਤਕਾਰ ਹੁਣ ਲੋਕਾਂ ਵਿਚ ਜਾਗ੍ਰਿਤੀ ਲਿਆਉਣ ਲਈ ਇਕ ਲਹਿਰ ਵਜੋਂ ਉਦਮ ਕਰਨਗੇ। ਬੇਸ਼ੱਕ ਇਹ ਪੰਜਾਬੀ ਸੰਗੀਤ ਦਾ ਨਵੇਂ ਮੁਹਾਣ ਵਲ ਵਹਿਣ ਹੈ।



ਭਗਵੰਤ ਮਾਨ



ਰਾਜ ਕਾਕੜਾ



ਬੱਬੂ ਮਾਨ

ਰੰਗ-ਬੇਰੰਗ

# ਕੁੜੀਆਂ ਦੀ ਹੜਤਾਲ ਨੇ ਕਰਾਈ ਵੀ.ਸੀ. ਦੀ ਛੁੱਟੀ

**ਡਾ. ਗੁਰਨਾਮ ਕੌਰ**

ਸਾਡੀ ਸੀਨੀਅਰ ਕਲਾਸ ਦੀਆਂ ਲੜਕੀਆਂ ਬੜੀਆਂ ਉਚੀਆਂ ਲੰਮੀਆਂ ਅਤੇ ਸੁਹਣੀਆਂ ਸਨ ਖਾਸ ਕਰਕੇ ਇਕਨਾਮਿਕਸ ਅਤੇ ਅੰਗਰੇਜ਼ੀ ਵਿਭਾਗ ਦੀਆਂ। ਉਹ ਬੋਲ ਚਾਲ ਵਿਚ ਵੀ ਬਹੁਤ ਸਲੀਕੇਦਾਰ ਸਨ ਅਤੇ ਜੂਨੀਅਰ ਕੁੜੀਆਂ ਨਾਲ ਬਹੁਤ ਪ੍ਰੇਮ ਨਾਲ ਪੇਸ਼ ਆਉਂਦੀਆਂ। ਜਸਪਾਲ ਭੁੱਲਰ ਅਤੇ ਸੰਤੋਸ਼ ਟਿੱਕੂ ਹਸਾਉਂਦੀਆਂ ਵੀ ਬਹੁਤ ਸਨ। ਸਾਡੇ ਬੈਚ ਵਿਚ ਵੀ ਇੱਕ ਲੜਕੀ ਦਾ ਨਾਮ ਸੰਤੋਸ਼ ਸੀ ਜੋ ਸੱਸੇ ਨੂੰ 'ਫੱਫਾ' ਬੋਲਦੀ ਸੀ। ਇੱਕ ਦਿਨ ਉਹ ਕਹਿਣ ਲੱਗੀ, "ਦੀਦੀ ਮੈਨੇ ਸੁਨਾ ਹੈ ਆਪ ਕਾ ਨਾਮ ਭੀ ਫੰਤੋਫ ਹੈ ਮੇਰਾ ਨਾਮ ਭੀ ਫੰਤੋਫ ਹੈ।"



**ਡਾ. ਗੁਰਨਾਮ ਕੌਰ**

ਟਿੱਕੂ ਕਹਿਣ ਲੱਗੀ, "ਅਰੇ ਮੇਰਾ ਨਾਮ ਸੰਤੋਸ਼ ਹੈ ਫੰਤੋਫ ਨਹੀਂ", ਉਹ ਫੇਰ ਕਹਿੰਦੀ, "ਵਹੀ ਤੋ ਮੈਂ ਬੋਲ ਰਹੀ ਹੂੰ ਕਿ ਆਪ ਕਾ ਨਾਮ ਭੀ ਫੰਤੋਫ ਹੈ ਔਰ ਮੇਰਾ ਭੀ"। ਟਿੱਕੂ ਦੀਦੀ ਸਮਝ ਗਈ ਕਿ ਕੁੜੀ 'ਸੱਸੇ' ਨੂੰ 'ਫੱਫਾ' ਬੋਲਦੀ ਹੈ ਪਰ ਉਹ ਜਾਣ ਕੇ ਫਿਰ ਕਹਿਣ ਲੱਗੀ, "ਨਹੀਂ ਭਾਈ ਮੇਰਾ ਨਾ ਫੰਤੋਫ ਨਹੀਂ ਸੰਤੋਸ਼ ਹੈ।" ਹੁਣ ਉਸ ਨੂੰ ਵੀ ਪਤਾ ਲੱਗ ਗਿਆ ਕਿ ਗੜਬੜ ਕੀ ਹੈ, ਬੋਲੀ, "ਦੀਦੀ ਮੈਂ ਬੋਲ ਬੇਸ਼ਕ ਫੰਤੋਫ ਰਹੀ ਹੂੰ, ਪਰ ਮੈਂ ਕਹਿਨਾ ਫੰਤੋਫ ਚਾਹਤੀ ਹੂੰ।" ਹੁਣ ਤੱਕ ਬਹੁਤ ਹੋ ਚੁੱਕਾ ਸੀ ਤੇ ਦੀਦੀ ਨੇ ਦਿਲਾਸਾ ਦਿੱਤਾ ਹਾਂ ਠੀਕ ਹੈ।

"ਕਨਵੋਕੇਸ਼ਨ 'ਤੇ ਸਾਨੂੰ ਇਨ੍ਹਾਂ ਸਭ ਦੀ ਬਹੁਤ ਉਡੀਕ ਸੀ ਕਿ ਇਨ੍ਹਾਂ ਨੂੰ ਦੁਬਾਰਾ ਮਿਲਾਂਗੇ ਅਤੇ ਪਤਾ ਲੱਗੇਗਾ ਕਿ ਉਹ ਜ਼ਿੰਦਗੀ ਵਿਚ ਕਿਵੇਂ ਸਥਾਪਤ ਹੋਈਆਂ ਹਨ? ਮੇਰੀ ਸੀਨੀਅਰ ਦੀਦੀ ਇੰਦਰਜੀਤ ਵੀ ਆਈ। ਉਸ ਨੇ ਐਮ.ਏ. ਕਰਨ ਤੋਂ ਪਹਿਲਾਂ ਬੀ.ਐਡ ਕੀਤੀ ਸੀ। ਇਸ ਲਈ ਉਸ ਨੂੰ ਐਜੂਕੇਸ਼ਨ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ ਸੀ। ਐਜੂਕੇਸ਼ਨ ਕਾਲਜ ਵਿਚ ਫ਼ਿਲਾਸਫ਼ੀ ਜ਼ਰੂਰੀ ਵਿਸ਼ਾ ਹੁੰਦਾ ਹੈ ਪਰ ਆਮ ਡਿਗਰੀ ਕਾਲਜਾਂ ਵਿਚ ਸਿਰਫ ਸਰਕਾਰੀ ਕਾਲਜਾਂ ਵਿਚ ਹੀ ਫ਼ਿਲਾਸਫ਼ੀ ਪੜ੍ਹਾਈ ਜਾਂਦੀ ਹੈ। ਇਸ ਲਈ ਮੈਨੂੰ ਫੇਰ ਫ਼ਿਕਰ ਪੈ ਗਿਆ ਕਿ ਕਿਧਰੇ ਬੀ. ਐਡ ਨਾ ਕਰਨੀ ਪਵੇ। ਸਾਡੀਆਂ ਇਹ ਦੀਦੀਆਂ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ ਲੈਂਦੀਆਂ ਉਂਜ ਸਾਰੀਆਂ ਹੀ ਬੜੇ ਰੁਮਾਂਟਿਕ ਸੁਭਾ ਦੀਆਂ ਸਨ। ਇਸੇ ਕਰਕੇ ਜਦੋਂ ਪਹਿਲੇ ਸਾਲ ਵਿਚ ਲੜਕਿਆਂ ਦੀ ਹੜਤਾਲ ਹੋਈ ਸੀ ਤਾਂ ਕਿਸੇ ਨੂੰ ਕੋਈ ਸਰੋਕਾਰ ਨਹੀਂ ਸੀ ਕਿ ਕੀ ਵਾਪਰ ਰਿਹਾ ਹੈ? ਵੀ.ਸੀ. ਨੇ ਕੁਵੇਲੇ ਹੋਸਟਲ ਖਾਲੀ ਕਰਨ ਦਾ ਹੁਕਮ ਕੀਤਾ ਤਾਂ ਕਿਸੇ ਨੇ ਪ੍ਰੋਟੈਸਟ ਨਹੀਂ ਕੀਤਾ ਕਿ ਇਸ ਵੇਲੇ ਲੜਕੀਆਂ ਕਿਥੇ ਜਾਣਗੀਆਂ? ਬਹੁਤ ਸਾਰੀਆਂ ਦੂਰ ਦੀਆਂ ਕੁੜੀਆਂ ਨੂੰ ਸਟੇਸ਼ਨ 'ਤੇ ਰਾਤ ਕੱਟਣੀ ਪਈ ਸੀ। ਅਸੀਂ ਜੂਨੀਅਰ ਹੋਣ ਕਰਕੇ ਉਨ੍ਹਾਂ ਦੀ ਲੀਡਰੀ ਨੂੰ ਹੀ ਮੰਨਦੀਆਂ ਸਾਂ।

ਮੈਂ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਐਮ.ਏ. ਕਰਦਿਆਂ ਹੋਰ ਸਾਹਿਤ ਨਹੀਂ ਪੜ੍ਹਨਾ ਪਰ ਕੁਰੁਕਸ਼ੇਤਰ ਅਤੇ ਖੰਨੇ ਦੇ ਵਿਚਾਲੇ ਟਰੇਨ ਵਿਚ ਕਾਫੀ ਸਮਾਂ ਲੱਗ ਜਾਂਦਾ ਸੀ ਅਤੇ ਟਰੇਨ ਅੰਬਾਲਾ ਛਾਉਣੀ ਦੇ ਸਟੇਸ਼ਨ 'ਤੇ ਕਾਫੀ ਸਮਾਂ ਠਹਿਰਦੀ ਸੀ। ਇਸ ਲਈ ਸਮਾਂ ਕੱਟਣ ਵਾਸਤੇ ਕੈਂਟ ਦੇ ਸਟੇਸ਼ਨ ਤੋਂ ਪੰਜਾਬੀ ਦੇ ਰਸਾਲੇ ਖਰੀਦ ਲਈਦੇ ਸੀ। ਇਨ੍ਹਾਂ ਦਿਨਾਂ ਵਿਚ ਅੰਮ੍ਰਿਤਾ ਪ੍ਰੀਤਮ ਦੀ ਨਾਗਮਣੀ ਅਤੇ ਬਰਜਿੰਦਰ ਸਿੰਘ ਹਮਦਰਦ ਦਾ ਦ੍ਰਿਸ਼ਟੀ ਮੈਗਜੀਨ ਵੀ ਕਾਫੀ ਮਸ਼ਹੂਰ ਸੀ। ਦ੍ਰਿਸ਼ਟੀ ਵਿਚ ਛੋਟੇ ਛੋਟੇ ਨਾਵਲਿਟ ਛਪਦੇ ਰਹਿੰਦੇ ਜੋ ਚੰਗੇ ਦਰਜ਼ੇ ਦੇ ਹੁੰਦੇ। ਇਸ ਦੇ ਨਾਲ ਹੀ ਨਕਸਲਵਾੜੀ ਲਹਿਰ ਨਾਲ ਸਬੰਧਿਤ ਸਾਹਿਤ ਵੀ ਛਪਦਾ। ਹੇਮ ਜਿਯੋਤੀ ਅਤੇ ਲਕੀਰ ਵਰਗੇ ਰਿਸਾਲੇ ਵੀ ਅੰਬਾਲਾ ਕੈਂਟ ਤੋਂ ਆਮ ਮਿਲ ਜਾਂਦੇ ਸਨ ਜਿਨ੍ਹਾਂ ਵਿਚ ਸੰਤ ਸੰਧੂ ਤੇ ਲਾਲ ਸਿੰਘ ਦਿਲ ਵਰਗੇ ਪ੍ਰਗਤੀਵਾਦੀ ਕਵੀਆਂ ਦੀਆਂ ਕਵਿਤਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ। ਦੋ-ਇੱਕ ਕਵਿਤਾਵਾਂ ਬੜੀਆਂ ਮਸ਼ਹੂਰ ਹੋਈਆਂ ਸੀ ਜਿਵੇਂ:

"ਦਰੋਣਾਚਾਰੀਆ ਦੇ ਨਾਂ  
ਮੇਰੇ ਗੁਰੂਦੇਵ ਜੇ ਤੁਸੀਂ ਉਦੋਂ ਹੀ  
ਇੱਕ ਭੀਲ ਬੱਚਾ ਸਮਝ ਕੇ  
ਮੇਰਾ ਅੰਗੂਠਾ ਕੱਟ ਦਿੰਦੇ  
ਤਾਂ ਕਹਾਣੀ ਹੋਰ ਸੀ"

ਅਤੇ

"ਅਸੀਂ ਤਾਂ ਜੰਮਣਾ ਨਹੀਂ ਸੀ  
ਅਸੀਂ ਤਾਂ ਭਗਤੀ ਕਰਨੀ ਸੀ।  
ਪਰ ਜਦੋਂ ਕੁੜੀਆਂ ਦੇ ਹੱਥ ਵਿਚ  
ਤੱਕਿਆ ਜਿੰਮੀ ਕਾਰਟਰ ਅਤੇ  
ਮੁੰਡਿਆਂ ਦੇ ਹੱਥ ਵਿਚ ਜ਼ੇਮਜ ਬਾਂਡ  
ਤਾਂ ਮੈਂ ਆਖਿਆ  
ਚੱਲ ਬਈ ਸੰਤ (ਸੰਧੂ) ਚੱਲੀਏ  
ਧਰਤੀ ਦਾ ਤਾਂ ਭਾਰ ਵਧਦਾ ਜਾਂਦਾ ਹੈ।"

ਇਨ੍ਹਾਂ ਦਿਨਾਂ ਵਿਚ ਹੀ ਅਮਰੀਕਾ ਅਤੇ ਵੀਅਤਨਾਮ ਵਿਚਾਲੇ ਚੱਲ ਰਹੇ ਯੁੱਧ ਵਿਚ ਹੋ ਚੀ ਮਿੰਨ ਇੱਕ ਹੀਰੋ ਬਣ ਕੇ ਉਭਰ ਰਿਹਾ ਸੀ। ਆਮ ਚੇਤੰਨ ਕਿਸਮ ਦੇ ਲੋਕ ਵੀਅਤਨਾਮ ਦੇ ਹੱਕ ਵਿਚ ਸਨ। ਪੰਜਾਬੀ ਵਿਚ ਹੋ ਚੀ ਮਿੰਨ ਦੀਆਂ ਕਵਿਤਾਵਾਂ ਦੀ ਇੱਕ ਛੋਟੀ ਜਿਹੀ ਕਿਤਾਬ ਵੀ ਛਪੀ ਸੀ। ਇਸ ਕਿਸਮ ਦੇ ਸਾਹਿਤ ਦਾ ਆਮ ਵਿਦਿਆਰਥੀਆਂ 'ਤੇ ਕਾਫੀ ਅਸਰ ਸੀ। ਕਾਲਜਾਂ ਦੀਆਂ ਸਾਹਿਤ ਸਭਾਵਾਂ ਵਿਚ ਸੁਰਿੰਦਰ ਗਿੱਲ ਦਾ ਇਹ ਗੀਤ ਵੀ ਆਮ ਗੂੰਜਦਾ ਹੁੰਦਾ ਸੀ, "ਮੇਰੇ ਦੋਸਤੋ ਮੇਰੇ ਹਾਣੀਓ! ਛਿੱਟਾ ਚਾਨਣਾਂ ਦਾ ਦੇਈ ਜਾਣਾ"। ਗੁਰਪਾਲ ਲਿੱਟ ਨੇ ਆਪਣੀ ਕਵਿਤਾ ਪੜ੍ਹਨ ਆਉਣਾ ਸੀ ਪਰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ ਪੰਜਾਬ ਦੇ ਕਾਲਜਾਂ ਵਰਗੀ ਸਿਆਸੀ ਚੇਤਨਾ ਨਹੀਂ ਸੀ। ਹੜਤਾਲਾਂ ਹੁੰਦੀਆਂ ਪਰ ਉਨ੍ਹਾਂ ਪਿਛੇ ਖਾਸ ਕਰ ਖੱਬੇ ਪੱਖੀ ਸਿਆਸੀ ਚੇਤਨਾ ਵਾਲੇ ਵਿਦਿਆਰਥੀ ਬਹੁਤ ਘੱਟ ਹੁੰਦੇ।

ਇੱਕ ਦਿਨ ਅਚਾਨਕ ਜਦੋਂ ਕਲਾਸਾਂ ਲਾ ਕੇ ਹੋਸਟਲ ਵਿਚ ਆਈਆਂ ਤਾਂ ਪਤਾ ਲੱਗਾ ਕਿ ਐਮ.ਏ. ਪਹਿਲੇ ਸਾਲ ਜੌਗਰਾਫ਼ੀ ਵਿਭਾਗ ਦੇ ਮੁੰਡੇ ਨੇ ਇਕਨਾਮਿਕਸ ਦੀ ਸਾਡੀ ਕਲਾਸ ਦੀ ਇੱਕ ਕੁੜੀ ਦੇ ਚਪੇੜ ਮਾਰ ਦਿੱਤੀ। ਕੁੜੀ ਅਤੇ ਮੁੰਡਾ ਦੋਵੇਂ ਹੀ ਹਰਿਆਣੇ ਦੇ ਜਾਟ ਸਨ। ਹੋਇਆ ਇਸ ਤਰ੍ਹਾਂ ਕਿ ਆਰਟਸ ਬਲਾਕ ਵਿਚ ਬਹੁਤੇ ਵਿਭਾਗਾਂ ਦੀਆਂ ਕਲਾਸਾਂ ਲੱਗਣ ਕਰਕੇ ਪੀਰੀਅਡ ਖਤਮ ਹੋਣ 'ਤੇ ਇੱਕ ਦਮ ਬਹੁਤ ਭੀੜ ਹੋ ਜਾਂਦੀ। ਕੁੜੀ ਆਪਣੀ ਬਾਂਹ 'ਤੇ ਫਾਈਲ ਅਤੇ ਹੋਰ ਕਿਤਾਬਾਂ ਰੱਖੀ ਭੀੜ ਵਿਚੋਂ ਲੰਘ ਰਹੀ ਸੀ ਕਿ ਮੁੰਡਾ ਉਸ ਵਿਚ ਵਜਿਆ ਅਤੇ ਕਿਤਾਬਾਂ ਨੀਚੇ ਡਿੱਗ ਕੇ ਖਿਲਰ ਗਈਆਂ। ਕੁੜੀ ਨੇ ਫਾਈਲ ਚੁੱਕ ਕੇ ਇੱਕਦਮ ਮੁੰਡੇ ਦੇ ਮੋਢੇ 'ਤੇ ਮਾਰੀ ਅਤੇ ਹਰਿਆਣਵੀ ਲਹਿਜੇ ਵਿਚ ਬੋਲੀ, "ਅੰਧੇ ਹੋ? ਦਿਖਾਈ ਨਹੀਂ ਦੇਤਾ?" ਮੁੰਡੇ ਨੇ ਆ ਦੇਖਿਆ ਨਾ ਤਾ ਪੈਂਦੀ ਸੱਟੇ ਠਾਹ ਕੁੜੀ ਦੇ ਮੂੰਹ 'ਤੇ ਚਪੇੜ ਜੜ ਦਿੱਤੀ। ਇਹ ਗੱਲ ਸਵੇਰੇ ਗਿਆਰਾਂ ਕੁ ਵਜੇ ਵਾਪਰੀ। ਅਸੀਂ ਜਦੋਂ ਕਲਾਸ ਲਾ ਕੇ ਡੇਢ ਕੁ ਵਜੇ ਡਾਈਨਿੰਗ ਹਾਲ ਵਿਚ ਪਹੁੰਚੀਆਂ ਤਾਂ ਵਾਹਵਾ ਰੌਲਾ ਪੈ ਚੁੱਕਾ ਸੀ। ਵਾਰਡਨ ਆਪਣੀਆਂ ਚੋਣਵੀਆਂ ਕੁੜੀਆਂ ਨੂੰ ਬੁਲਾ ਕੇ ਹੜਤਾਲ ਦਾ ਫ਼ੈਸਲਾ ਕਰੀ ਬੈਠੀ ਸੀ। ਚਾਰ ਕੁ ਵਜੇ ਸਾਰੀਆਂ ਕੁੜੀਆਂ ਨੂੰ ਵੱਡੇ ਹਾਲ ਵਿਚ ਇਕਠੀਆਂ ਕਰਕੇ ਕੁੜੀ ਤੋਂ ਖੂਬ ਇਮੋਸ਼ਨਲ ਕਿਸਮ ਦਾ ਭਾਸ਼ਣ ਦੁਆਇਆ ਅਤੇ ਲੜਕੀਆਂ ਵਲੋਂ ਹੜਤਾਲ ਦਾ ਸੱਦਾ ਦੇ ਦਿੱਤਾ ਅਤੇ ਇਹ ਵੀ ਕਹਿ ਦਿੱਤਾ ਕਿ ਲੜਕਿਆਂ ਨੂੰ ਵਿਚ ਸ਼ਾਮਲ ਨਹੀਂ ਕਰਨਾ।



ਲਉ ਜੀ! ਗਰੁਪ ਬਣਾ ਕੇ ਯੂਨੀਵਰਸਿਟੀ ਦੇ ਤਿੰਨਾਂ ਗੇਟਾਂ ਉਤੇ ਅਤੇ ਆਰਟਸ, ਸਾਇੰਸ ਬਲਾਕਾਂ ਅੱਗੇ ਸਭ ਦੀ ਵੰਡ ਕੇ ਡਿਊਟੀ ਲੱਗ ਗਈ। ਬੀ.ਏ. ਤੱਕ ਦੀਆਂ ਕੁੜੀਆਂ ਨੂੰ ਵੀ ਨਾਲ ਸ਼ਾਮਲ ਕਰ ਲਿਆ ਗਿਆ। ਇਹ ਤਾਂ ਇੱਕ ਬਹਾਨਾ ਸੀ। ਅਸਲ ਵਿਚ ਸਾਰੇ ਇਸ ਗੱਲ ਨੂੰ ਮਹਿਸੂਸ ਕਰਦੇ ਸੀ ਕਿ ਵੀ.ਸੀ. ਨਿਕੰਮਾ ਬੰਦਾ ਹੈ ਜਿਸ ਦਾ ਪ੍ਰਬੰਧ ਤੇ ਕੋਈ ਕੰਟਰੋਲ ਨਹੀਂ। ਕੰਮ ਨਾਲੋਂ ਉਸ ਨੂੰ ਲਾਅਨ ਟੈਨਿਸ ਖੇਡਣ ਦਾ ਜਿਆਦਾ ਸ਼ੌਕ ਸੀ। ਆਲੇ-ਦੁਆਲੇ ਦੇ ਪਿੰਡਾਂ ਦੇ ਸਰਦਾਰਾਂ ਦੇ ਵਿਗੜੇ ਹੋਏ ਮੁੰਡੇ ਸ਼ਾਮ ਨੂੰ ਇਕੱਠੇ ਹੋ ਕੇ ਕਈ ਕਈ ਮੋਟਰ ਸਾਈਕਲਾਂ ਦੇ ਗਰੁਪ ਬਣਾ ਕੇ ਯੂਨੀਵਰਸਿਟੀ ਦੀਆਂ ਸੜਕਾਂ ਤੇ ਅਵਾਰਾਗਰਦੀ ਕਰਦੇ ਅਤੇ ਕੁੜੀਆਂ ਨੂੰ ਛੇੜਦੇ। ਕਦੀ ਕਦੀ ਮੋਟਰ ਸਾਈਕਲ ਤੇਜ਼ ਕਰਕੇ ਸੜਕ ਕਿਨਾਰੇ ਜਾ ਰਹੇ ਕੁੜੀਆਂ ਦੇ ਟੋਲੇ ਵਿਚੋਂ ਸਾਈਡ ਵਾਲੀ ਕਿਸੇ ਕੁੜੀ ਦੀ ਚੁੰਨੀ ਬੜੀ ਫ਼ੁਰਤੀ ਨਾਲ ਉਂਗਲ 'ਤੇ ਲਪੇਟ ਲੈ ਜਾਂਦੇ ਅਤੇ ਕੁੜੀਆਂ ਦਾ ਟੋਲਾ ਹੱਕਾ-ਬੱਕਾ ਪ੍ਰੇਸ਼ਾਨ ਖੜ੍ਹਾ ਦੇਖਦਾ ਰਹਿ ਜਾਂਦਾ।

ਮੇਰੀ ਡਿਊਟੀ ਪਹਿਲੇ ਗੇਟ 'ਤੇ ਹੋਰ ਕੁੜੀਆਂ ਦੇ ਨਾਲ ਲੱਗੀ । ਇਸ ਗੇਟ ਤੋਂ ਸ਼ਹਿਰ ਰਹਿੰਦੀਆਂ ਕੁੜੀਆਂ ਸਾਈਕਲਾਂ ਤੇ ਆਉਂਦੀਆਂ ਸਨ ਅਤੇ ਇਹ ਸਭ ਤੋਂ ਸਖਤ ਡਿਊਟੀ ਸੀ। ਹੜਤਾਲ ਨੂੰ ਤਕਰੀਬਨ ਹਫ਼ਤਾ ਹੋਣ ਲੱਗਾ ਸੀ ਪਰ ਅਧਿਕਾਰੀਆਂ ਦੇ ਕੰਨ 'ਤੇ ਕੋਈ ਜੂੰ ਨਹੀਂ ਸੀ ਸਰਕ ਰਹੀ। ਸਾਡੀ ਵਾਰਡਨ ਨੂੰ ਜ਼ਬਰੀ ਛੁੱਟੀ ਤੇ ਭੇਜ ਦਿੱਤਾ ਗਿਆ ਤੇ ਡਿਗਰੀ ਕਾਲਜ ਦੇ ਹੋਸਟਲ ਦੀ ਵਾਰਡਨ ਨੂੰ ਸਾਡੇ ਹੋਸਟਲ ਦਾ ਵਾਧੂ ਚਾਰਜ ਦੇ ਦਿੱਤਾ ਗਿਆ। ਇਸੇ ਦੌਰਾਨ ਵਿਦਿਆਰਥੀ ਯੂਨੀਅਨ ਵਿਚ ਸ਼ਾਮਲ ਖੱਬੇ ਪੱਖੀ ਵਿਦਿਆਰਥੀਆਂ ਨੇ ਆਪਣੇ ਆਪ ਹੀ ਹੜਤਾਲ ਦੇ ਹੱਕ ਵਿਚ ਆਉਣ-ਜਾਣ ਵਾਲੀਆਂ ਟਰੇਨਾਂ ਵਿਚ ਇਸ਼ਤਿਹਾਰ ਵੰਡਣੇ ਸ਼ੁਰੂ ਕਰ ਦਿੱਤੇ ਅਤੇ ਅਧਿਕਾਰੀਆਂ ਦੇ ਹੱਕ ਵਿਚ ਖੜ੍ਹਨ ਵਾਲਿਆਂ ਨੇ ਕੁੜੀਆਂ ਦੇ ਖ਼ਿਲਾਫ਼ ਇਸ਼ਤਿਹਾਰਬਾਜੀ ਸ਼ੁਰੂ ਕਰ ਦਿੱਤੀ। ਮਹਿੰਦਰ ਸਿੰਘ ਦਈਆ ਜੋ ਖੱਬੀ ਵਿਚਾਰਧਾਰਾ ਦਾ ਸੀ, ਵਿਦਿਆਰਥੀ ਯੂਨੀਅਨ ਦਾ ਸਕੱਤਰ ਸੀ ਅਤੇ ਪ੍ਰਿਥੀ ਸਿੰਘ ਪ੍ਰਧਾਨ ਸੀ। ਆਖ਼ਰ ਹਰਿਆਣਾ ਦੇ ਗਵਰਨਰ ਜੋ ਯੂਨੀਵਰਸਿਟੀ ਦੇ ਚਾਂਸਲਰ ਵੀ ਸਨ, ਡਾ. ਚੱਕਰਵਰਤੀ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਸਾਇੰਸ ਵਿਭਾਗ ਦੀ ਇੱਕ ਲੜਕੀ ਅੰਬਾਲਾ ਕੈਂਟ ਦੇ ਕਾਰਖਾਨੇਦਾਰ ਪਰਿਵਾਰ ਤੋਂ ਸੀ ਜੋ ਗੱਡੀ ਅਤੇ ਡਰਾਈਵਰ ਦੇਣਾ ਮੰਨ ਗਈ। ਤੜਕੇ ਪੰਜ ਵਜੇ ਦੋ ਅੰਗਰੇਜੀ ਵਿਭਾਗ, ਤਿੰਨ ਫਿਲਾਸਫੀ ਅਤੇ ਇੱਕ ਸੰਸਕ੍ਰਿਤ ਵਿਭਾਗ ਤੋਂ, ਛੇ ਕੁੜੀਆਂ ਚੰਡੀਗੜ੍ਹ ਰਾਜ ਭਵਨ ਵਿਚ ਗਵਰਨਰ ਨੂੰ ਮਿਲਣ ਗਈਆਂ। ਉਸ ਲੜਕੀ ਨੇ ਪਹਿਲਾਂ ਹੀ ਕਿਹਾ ਸੀ ਕਿ ਉਹ ਨਾਲ ਨਹੀਂ ਜਾਵੇਗੀ। ਡਾ. ਚੱਕਰਵਰਤੀ ਨੇ ਬਹੁਤ ਹੀ ਧਿਆਨ ਨਾਲ ਸਾਰੇ ਹਾਲਾਤ ਦੀ ਜਾਣਕਾਰੀ ਲਈ। ਮਿਸਜ ਚਕੱਰਵਰਤੀ ਨੇ ਆਪ ਨੌਕਰ ਦੇ ਨਾਲ ਆ ਕੇ ਸਾਨੂੰ ਚਾਹ-ਪਾਣੀ ਪਿਲਾਇਆ। ਕਿਸੇ ਰਾਜ-ਭਵਨ ਵਿਚ ਇਹ ਮੇਰੀ ਪਹਿਲੀ ਫੇਰੀ ਸੀ। ਚਾਂਸਲਰ ਨੇ ਭਰੋਸਾ ਦਿੱਤਾ ਕਿ ਉਹ ਵੀ. ਸੀ. ਨਾਲ ਗੱਲਬਾਤ ਅਗਲੇ ਦਿਨ ਕਰਨਗੇ ਤਾਂ ਕਿ ਸਾਡੇ ਤੇ ਕੋਈ ਸ਼ੱਕ ਨਾ ਹੋਵੇ।

ਪੰਜ ਕੁ ਵਜੇ ਅਸੀਂ ਵਾਪਸ ਪਹੁੰਚੀਆਂ ਅਤੇ ਯੂਨੀਵਰਸਿਟੀ ਦੀ ਬਜਾਇ ਸ਼ਹਿਰ ਵਿਚ ਉਤਰ ਗਈਆਂ, ਵੱਖੋ-ਵੱਖਰੇ ਰਿਕਸ਼ਾ ਕਰਕੇ ਅਲੱਗ-ਅਲੱਗ ਹੋਸਟਲ ਪਹੁੰਚੀਆਂ। ਦੂਸਰੇ ਦਿਨ ਸ਼ਾਮ ਨੂੰ ਵੀ.ਸੀ. ਨੇ ਕੁੜੀਆਂ ਨੂੰ ਮੀਟਿੰਗ ਲਈ ਬੁਲਾਇਆ ਅਤੇ ਆਪਣੇ ਪ੍ਰਤੀਨਿਧ ਭੇਜਣ ਲਈ ਕਿਹਾ ਪਰ ਸਾਡਾ ਫੈਸਲਾ ਸੀ ਕਿ ਮੀਟਿੰਗ ਵਿਚ ਸਭ ਲੜਕੀਆਂ ਸ਼ਾਮਲ ਹੋਣਗੀਆਂ। ਮੀਟਿੰਗ ਦੇਰ ਰਾਤ ਤੱਕ ਚੱਲੀ ਪਰ ਕੋਈ ਫੈਸਲਾ ਨਾ ਹੋਇਆ। ਵੀ.ਸੀ. ਵਾਰ ਵਾਰ ਇੱਕੋ ਗੱਲ ਕਹੀ ਜਾਵੇ, "ਆਪ ਤੋ ਸਭ ਪੰਜਾਬ ਸੇ ਹੋ, ਬਾਹਰ ਕੀ ਲੜਕੀਆਂ ਹੋ। ਯੇ ਹਰਿਆਣੇ ਕੀ ਹੈ। ਇਸ ਕੋ ਮੁਸ਼ਕਿਲ ਪੜੇਗੀ। ਲੜਕਾ ਅਕੇਲੇ ਮੇਂ ਇਸ ਸੇ ਮੁਆਫੀ ਮਾਂਗ ਲੇਤਾ ਹੈ।" ਸਾਡੀ ਇੱਕੋ ਜਿੱਦ ਸੀ ਕਿ ਅਸੀ ਉਸ ਲਈ ਕੋਈ ਸਸਪੈਂਸ਼ਨ ਜਾਂ ਐਕਸਪਲਸ਼ਨ ਨਹੀਂ ਚਾਹੁੰਦੀਆਂ। ਉਸ ਨੇ ਥੱਪੜ ਸ਼ਰੇਆਮ ਮਾਰਿਆ ਹੈ ਅਤੇ ਉਹ ਸ਼ਰੇਆਮ ਮੁਆਫੀ ਮੰਗੇ, ਲੜਕੀ ਦੀ ਵੀ ਇਹੋ ਸ਼ਰਤ ਸੀ। ਵੀ.ਸੀ. ਇਸ ਲਈ ਤਿਆਰ ਨਹੀਂ ਹੋਇਆ ਤੇ ਅਸੀਂ ਬਾਹਰ ਆ ਗਈਆਂ।

ਦੂਸਰੇ ਦਿਨ ਵੀ.ਸੀ. ਨੇ ਲੜਕੀ, ਲੜਕੇ ਅਤੇ ਯੂਨੀਅਨ ਦੇ ਪ੍ਰੈਜੀਡੈਂਟ ਨੂੰ ਬੁਲਾ ਕੇ ਪਤਾ ਨਹੀਂ ਕੀ ਕਿਹਾ ਕਿ ਲੜਕੀ ਨੇ ਸਭ ਨੂੰ ਵਾਰਡਨ ਦੇ ਰਾਹੀਂ ਬੁਲਾ ਕੇ ਕਿਹਾ, "ਮੇਰਾ ਲੜਕੇ ਕੇ ਸਾਥ ਅਬ ਕੋਈ ਝਗੜਾ ਨਹੀਂ ਹੈ। ਉਸ ਨੇ ਅਪਨੀ ਗਲਤੀ ਮਾਨ ਲੀ ਹੈ। ਵੋ ਮੇਰਾ ਭਾਈ ਹੈ, ਮੈਂ ਨੇ ਉਸ ਕੋ ਰਾਖੀ ਬਾਂਧ ਦੀ। ਆਪ ਲੋਗ ਬਾਹਰ ਸੇ ਹੋ, ਹਮ ਹਰਿਅਣੇ ਕੇ ਹੈਂ। ਅਬ ਮੇਰੇ ਲਿਯੇ ਕੋਈ ਹੜਤਾਲ ਨਹੀਂ ਕਰੇਗਾ।"

ਸਭ ਕੁੜੀਆਂ ਬਹੁਤ ਹੈਰਾਨ-ਪ੍ਰੇਸ਼ਾਨ ਹੋਈਆਂ ਅਤੇ ਸਭ ਨੇ ਬਿਨਾਂ ਕੋਈ ਸਲਾਹ ਕੀਤਿਆਂ ਇਕੋ ਸਾਹ ਕਹਿ ਦਿੱਤਾ, "ਕੋਈ ਕੁੜੀ ਇਸ ਨਾਲ ਵਰਤੇਗੀ ਨਹੀਂ। ਅੱਜ ਤੋਂ ਹੜਤਾਲ ਖਤਮ ਅਤੇ ਇਸ ਦਾ ਸੋਸ਼ਲ ਬਾਈਕਾਟ।" ਦੂਸਰੇ ਦਿਨ ਮੈਂ ਤੇ ਮੇਰੀਆਂ ਜਮਾਤਣਾਂ ਸਨੇਹ ਲਤਾ ਦੱਤਾ ਅਤੇ ਰਾਜ ਸ਼ਰਮਾ, ਡਾ. ਦੱਤਾ ਨੂੰ ਮਿਲ ਕੇ ਆ ਰਹੀਆਂ ਸਾਂ ਕਿ ਯੂਨੀਅਨ ਦਾ ਪ੍ਰਧਾਨ ਪ੍ਰਿਥਵੀ ਸਿੰਘ ਮਿਲ ਗਿਆ। ਉਹ ਇੱਕਦਮ ਬੋਲਿਆ, "ਅਰੇ ਅਬ ਕਿਆ ਹੜਤਾਲ ਖਤਮ ਹੋਨੇ ਪਰ ਅਪਨੀ ਜੀਤ ਕੀ ਖੁਸ਼ੀ ਮੇਂ ਲੱਡੂ ਬਾਂਟ ਕਰ ਆ ਰਹੀ ਹੋ?" ਮੈਂ ਉਸ ਦੀ ਸ਼ਕਲ ਪਹਿਲੀ ਵਾਰ ਦੇਖ ਰਹੀ ਸੀ। ਸਾਨੂੰ ਬੜਾ ਗੁੱਸਾ ਲੱਗਾ ਤੇ ਕਿਹਾ, "ਹਮਾਰੀ ਕੌਨ ਸੀ ਜੀਤ ਹੂਈ ਹੈ? ਜੀਤ ਤੋ ਆਪ ਕੀ ਹੂਈ ਹੈ ਜੋ ਲੜਕੇ ਕੋ ਮੁਆਫੀ ਨਹੀਂ ਮਾਂਗਨੀ ਪੜੀ।"

ਖ਼ੈਰ! ਲੜਕੀਆਂ ਨੇ ਸੋਸ਼ਲ ਬਾਈਕਾਟ ਇੱਕ ਜੁੱਟ ਹੋ ਕੇ ਜਾਰੀ ਰਖਿਆ। ਸਾਲਾਨਾ ਇਮਤਿਹਾਨ ਨੇੜੇ ਆ ਗਏ। ਤਿਆਰੀ ਦੀਆਂ ਛੁੱਟੀਆਂ ਤੋਂ ਪਹਿਲਾਂ ਜਿਥੇ ਵਿਭਾਗਾਂ ਵਿਚ ਜੂਨੀਅਰ ਵਿਦਿਆਰਥੀਆਂ ਵਲੋਂ ਸੀਨੀਅਰ ਨੂੰ ਵਿਦਾਇਗੀ ਪਾਰਟੀ ਦਿੱਤੀ ਜਾਂਦੀ ਸੀ ਉਥੇ ਕੁੜੀਆਂ ਦੇ ਹੋਸਟਲ ਵਿਚ ਡਿਨਰ ਵੀ ਦਿੱਤਾ ਜਾਂਦਾ ਸੀ ਜਿਸ ਵਿਚ ਵਾਈਸ ਚਾਂਸਲਰ ਵੀ ਹੋਰ ਅਧਿਕਾਰੀਆਂ ਸਮੇਤ ਸ਼ਾਮਲ ਹੁੰਦਾ ਸੀ। ਵਾਰਡਨ ਨੇ ਸਾਨੂੰ ਫਾਈਨਲ ਵਾਲੀਆਂ ਕੁੜੀਆਂ ਨੂੰ ਸੱਦਿਆ ਡਿਨਰ ਵਾਸਤੇ ਮੰਨਾਉਣ ਲਈ। ਸਾਡਾ ਇਹ ਵੀ ਫੈਸਲਾ ਸੀ ਕਿ ਕੋਈ ਲੜਕੀ ਵਾਰਡਨ ਨੂੰ ਇਕੱਲੀ ਨਹੀਂ ਮਿਲੇਗੀ। ਅਸੀਂ ਸ਼ਰਤ ਰੱਖੀ ਕਿ ਉਸ ਲੜਕੀ ਨੂੰ ਸਾਡੇ ਨਾਲ ਡਿਨਰ 'ਤੇ ਨਹੀਂ ਸੱਦਿਆ ਜਾਵੇਗਾ। ਮਿੱਥੇ ਸਮੇਂ ਤੇ ਵੀ.ਸੀ. ਆ ਗਿਆ। ਸਭਿਆਚਾਰਕ ਪ੍ਰੋਗਰਾਮ ਹੋਇਆ ਅਤੇ ਵਾਰਡਨ ਦੇ ਘਰ ਦੇ ਲਾਅਨ ਵਿਚ ਡਿਨਰ ਦਾ ਪ੍ਰਬੰਧ ਸੀ ਜੋ ਹੋਸਟਲ ਦੇ ਨਾਲ ਹੀ ਬਿਲਕੁਲ ਸਾਹਮਣੇ ਹੀ ਸੀ। ਜਦੋਂ ਸਭ ਨੇ ਪਲੇਟਾਂ ਹੱਥ ਵਿਚ ਫੜ ਲਈਆਂ ਅਤੇ ਬਿਲਕੁਲ ਖਾਣਾ ਪਾਉਣ ਲਈ ਤਿਆਰ ਸਨ ਤਾਂ ਅਚਾਨਕ ਉਹ ਲੜਕੀ ਵੀ.ਸੀ. ਦੇ ਸੱਦੇ 'ਤੇ ਤੁਰੀ ਆ ਰਹੀ ਸੀ।

ਜਿਉਂ ਹੀ ਵੀ.ਸੀ. ਨੇ ਉਸ ਨੂੰ ਪਲੇਟ ਚੁੱਕਣ ਲਈ ਕਿਹਾ ਸਾਰੀਆਂ ਕੁੜੀਆਂ ਨੇ ਇਕ ਦਮ ਪਲੇਟਾਂ ਰਖ ਦਿੱਤੀਆਂ ਅਤੇ ਆਪਣੇ ਹੋਸਟਲ ਨੂੰ ਤੁਰ ਪਈਆਂ। ਵਾਰਡਨ ਨੇ ਪ੍ਰੇਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੁੜੀਆਂ ਉਲਟਾ ਉਸ ਦੇ ਦੁਆਲੇ ਹੋ ਗਈਆਂ ਕਿ ਸਾਨੂੰ ਧੋਖਾ ਕਿਉਂ ਦਿੱਤਾ? ਖੈਰ! ਨਤੀਜਾ ਇਹ ਹੋਇਆ ਕਿ ਮਿਸਟਰ ਵਰਮਾ ਨੂੰ ਅਗਲੀ ਟਰਮ ਦੇ ਸੇਵਾ ਕਾਲ ਦੇ ਵਾਧੇ ਵਿਚ ਜੋ ਪੱਕੀ ਉਮੀਦ ਸੀ ਉਸ 'ਤੇ ਪਾਣੀ ਫਿਰ ਗਿਆ। ਵਿਦਿਆਰਥਣਾਂ ਨੇ ਜ਼ੋਰ ਪਾ ਕੇ ਗਵਰਨਰ ਨੂੰ ਬੇਨਤੀ ਕੀਤੀ ਕਿ ਉਹ ਯੂਨੀਵਰਸਿਟੀ ਵਿਚ ਆਪ ਆਉਣ ਅਤੇ ਅਧਿਆਪਕਾਂ, ਵਿਦਿਆਰਥੀਆਂ ਨੂੰ ਬੁਲਾ ਕੇ ਅਸਲੀ ਹਾਲਾਤ ਦੀ ਜਾਣਕਾਰੀ ਲੈਣ। ਸਾਡੀ ਇਸ ਹੜਤਾਲ ਕਾਰਨ ਵੀ.ਸੀ. ਦਾ ਉਥੋਂ ਜਾਣਾ ਲਗਪਗ ਪੱਕਾ ਹੋ ਗਿਆ ਜਿਸ ਕਰਕੇ ਅਧਿਆਪਕ ਅਤੇ ਕਰਮਚਾਰੀ ਬਹੁਤ ਖੁਸ਼ ਹੋਏ। ਪਿੱਛੋਂ ਵੀ ਜਦੋਂ ਕਦੀ ਡਾ. ਦੱਤਾ ਜਾਂ ਹੋਰ ਕਿਸੇ ਸੀਨੀਅਰ ਪ੍ਰੋਫੈਸਰ ਨੂੰ ਮਿਲਣਾ ਤਾਂ ਉਹ ਇਹੀ ਕਹਿੰਦੇ, "ਆਪ ਲੋਗੋਂ ਨੇ ਕਮਾਲ ਕਰ ਦੀ ਜੋ ਮਿਸਟਰ ਵਰਮਾ ਸੇ ਯੂਨੀਵਰਸਿਟੀ ਕਾ ਪੀਛਾ ਛੁੜਾ ਦੀਆ, ਨਹੀਂ ਤੋ ਵੋ ਜਾਨੇ ਵਾਲਾ ਨਹੀਂ ਥਾ।"

ਫਾਈਨਲ ਪੇਪਰਾਂ ਤੋਂ ਬਾਅਦ ਜਦੋਂ ਨਤੀਜਾ ਆਇਆ ਤਾਂ ਮੈਂ ਯੂਨੀਵਰਸਿਟੀ ਵਿਚੋਂ ਸੈਕਿੰਡ ਆਈ ਸੀ। ਮੈਂ ਬਹੁਤ ਜ਼ਿਆਦਾ ਖੁਸ਼ ਹੋਈ। ਮੇਰੇ ਅਧਿਆਪਕ ਕਿੰਨੇ ਖੁਸ਼ ਹੋਏ ਇਸ ਦਾ ਅਹਿਸਾਸ ਜਦੋਂ ਡਿਗਰੀ ਲੈਣ ਲਈ ਕਨਵੋਕੇਸ਼ਨ ਤੇ ਦੁਬਾਰਾ ਯੂਨੀਵਰਸਿਟੀ ਗਈ ਤਾਂ ਹੋਇਆ।

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਸਾਧੂ ਬੰਦੇ ਦੀ ਬਦਦੁਆ ਤੋਂ, ਬਾਗੀ ਸੂਰਮੇ ਦੇ ਗੁੱਸੇ ਤੋਂ, ਹਿਜੜਿਆਂ ਦੇ ਹਾਸੇ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

(2) ਅੱਜ ਜਿਤਨਾ ਸਿੱਖ ਅਮੀਰ ਹੈ, ਉਤਨੀ ਸਿੱਖੀ ਗਰੀਬ ਹੈ।

(3) ਪਰਮਾਤਮਾ ਦੀ ਲਾਠੀ ਵਿਚ ਆਵਾਜ਼ ਨਹੀਂ ਹੁੰਦੀ।

(4) ਕਿਸੇ ਦਾ ਦਿਲ ਦੁਖਾਉਣ ਤੋਂ ਪਹਿਲਾਂ ਪਰਮਾਤਮਾ ਦੇ ਕਹਿਰ ਤੋਂ ਡਰੋ।

(5) ਦਿਲੋਂ ਸਤਿਕਾਰ ਸਭ ਦਾ ਕਰੋ, ਜੀਵਨ ਸਾਦਗੀ ਵਿਚ ਬਤੀਤ ਕਰੋ।

(6) ਭਿੰਡਰਾਂਵਾਲਿਆਂ ਦੀ ਸੀ ਮੰਗ, ਹਿੰਦੂ ਅਤਿਵਾਦ ਨਾਲ ਕਰੋ ਜੰਗ।

(7) ਔਰਤ ਦਾ ਪਿਆਰ ਸ਼ੀਸ਼ੇ ਦੀ ਤਰ੍ਹਾਂ ਹੁੰਦਾ ਹੈ ਅਤੇ ਮਰਦ ਦਾ ਗੁੱਸਾ ਲੁਹਾਰ ਦੇ ਹਥੌੜੇ ਵਰਗਾ।

(8) ਪਰਮਾਤਮਾ ਪੱਥਰ ਨੂੰ ਵੀ ਫੁੱਲ ਬਣਾ ਸਕਦਾ ਹੈ।

(9) ਨੇਕ ਇਨਸਾਨ ਬਣਨ ਲਈ ਇਤਨਾ ਨਰਮ ਵੀ ਨਾ ਬਣੋ ਕਿ ਨਿੰਬੂ ਵਾਂਗ ਨਿਚੋੜ ਦਿੱਤੇ ਜਾਵੋ, ਇਤਨੇ ਕਠੋਰ ਵੀ ਨਾ ਬਣੋ ਕਿ ਤੋੜ ਦਿੱਤੇ ਜਾਵੋ।

(9) ਕਿਸੇ ਦਾ ਦਿਲ ਨਾ ਦੁਖਾਓ, ਕਿਤੇ ਉਸ ਦੇ ਹੰਝੂ ਤੁਹਾਡੇ ਲਈ ਬਦਦੁਆ ਨਾ ਬਣ ਜਾਣ।

(10) ਜੁੱਤੀ ਤੰਗ, ਕੁਪੱਤੀ ਰੰਨ, ਬਿਗਾਨਾ ਧੰਨ, ਮਰਦ ਨੂੰ ਸਿਰ ਉਚਾ ਕਰਕੇ ਨਹੀਂ ਤੁਰਨ ਦਿੰਦੇ।

(11) ਆਪਣੇ ਐਸੇ ਹੰਝੂਆਂ ਨੂੰ ਰੋਕ ਲਵੋ ਜੋ ਦੂਜਿਆਂ ਦੀ ਖੁਸ਼ੀ 'ਚ ਰੁਕਾਵਟ ਬਣਦੇ ਹੋਣ।

(12) ਮੂੰਹ ਖੋਲਣ ਤੋਂ ਪਹਿਲਾਂ ਦਿਮਾਗ ਦਾ ਇਸਤੇਮਾਲ ਕਰੋ।

(13) ਬੁਰੇ ਵਕਤ ਦੀ ਮਾਰ ਵੱਡੀ ਤੋਂ ਵੱਡੀ ਤਾਕਤ ਨੂੰ ਵੀ ਤਬਾਹ ਕਰ ਸਕਦੀ ਹੈ।

(14) ਸ਼ੱਕ, ਵਫਾਦਾਰੀ ਦਾ ਸਭ ਤੋਂ ਵੱਡਾ ਵੈਰੀ ਹੈ।

(15) ਜਦੋਂ ਸਾਇੰਸ ਕੋਈ ਨਵੀਂ ਤਰੱਕੀ ਕਰਦੀ ਹੈ ਤਾਂ ਉਸੇ ਸਮੇਂ ਦੇ ਆਸ ਪਾਸ ਕੁਦਰਤ ਕੋਈ ਨਵੀਂ ਬਿਮਾਰੀ ਪੈਦਾ ਕਰ ਦਿੰਦੀ ਹੈ।

(16) ਹਿੰਮਤ ਵਾਲਾ ਆਦਮੀ ਹਿਮਾਲਿਆ ਨੂੰ ਤਾਂ ਫਤਿਹ ਕਰ ਸਕਦਾ ਹੈ ਪਰ ਔਰਤ ਦੀ ਜ਼ੁਬਾਨ ਨੂੰ ਨਹੀਂ।

(17) ਚੰਗੇ ਇਨਸਾਨ ਦੀ ਨਿਸ਼ਾਨੀ ਹੈ ਕਿ ਉਹ ਮਾੜਿਆਂ ਵਿਚ ਜਾ ਕੇ ਵੀ ਉਨ੍ਹਾਂ ਨੂੰ ਚੰਗੇ ਬਣਾਉਣ ਦੇ ਯਤਨ ਜਾਰੀ ਰੱਖਦਾ ਹੈ।

(18) ਬਹੁਤ ਥਾਂਵਾਂ ਤੋਂ ਹਾਰਨ ਵਾਲੇ ਦਾ ਆਪਣੇ ਵੀ ਸਾਥ ਛੱਡ ਜਾਂਦੇ ਹਨ।

(19) ਅਮੀਰੀ ਦੀ ਭੁੱਖ ਗਰੀਬੀ ਦੇ ਦੁੱਖ ਨਾਲੋਂ ਕਿਤੇ ਵੱਧ ਖਤਰਨਾਕ ਹੁੰਦੀ ਹੈ।

(20) ਆਤਮ ਵਿਸ਼ਵਾਸ ਤੁਹਾਡੀਆਂ ਸਮੂਹ ਸ਼ਕਤੀਆਂ ਦਾ ਸਰਦਾਰ ਹੈ।

(21) ਖਰਚੀਲੇ ਸ਼ੌਕ ਪੈਦਾ ਕਰਨ ਨਾਲੋਂ ਸ਼ੁੱਭ ਖਿਆਲਾਂ ਦੇ ਸ਼ੌਕ ਪੈਦਾ ਕਰੋ।

(22) ਆਪਣੇ ਵਤਨ ਦੀ ਖੁਸ਼ਬੂ ਦੁਨੀਆਂ 'ਚੋਂ ਕਿਤੇ ਵੀ ਨਹੀਂ ਮਿਲਦੀ।

(23) ਪਤੀ ਦੇ ਕਹਿਣੇ ਤੋਂ ਬਾਹਰ ਚਲਣ ਵਾਲੀ ਔਰਤ ਤੋਂ, ਥਾਣੇ ਗੇੜੇ ਮਾਰਨ ਵਾਲੇ ਬੰਦੇ ਤੋਂ, ਠੇਕੇ ਜਾਣ ਵਾਲੇ ਨੌਜਵਾਨ ਤੋਂ ਸਦਾ ਹੀ ਬਚ ਕੇ ਰਹਿਣਾ ਚਾਹੀਦਾ ਹੈ।

(24) ਹਿੰਦੀ-ਹਿੰਦੂ-ਹਿੰਦੋਸਤਾਨ ਬਣ ਚੁੱਕੇ ਸਮਾਜ ਤੋਂ ਸਿੱਖ ਕੌਮ ਨੂੰ ਆਪਣੀ ਸਲਾਮਤੀ ਲਈ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ।

(25) ਕਾਮਯਾਬੀ ਦੀ ਮੰਜ਼ਿਲ 'ਤੇ ਉਹੀ ਟਿੱਕ ਸਕਦਾ ਹੈ ਜਿਸ ਨੇ ਦੁੱਖਾਂ ਤਕਲੀਫਾਂ ਦਾ ਡੱਟ ਕੇ ਮੁਕਾਬਲਾ ਕੀਤਾ ਹੋਵੇ।

(26) ਸਾਹਿਤ ਮਨੁੱਖ ਦੇ ਮਨੋਬਲ ਨੂੰ ਜਰਬਾਂ ਦੇਣ ਵਾਲੀ ਕੁੰਜੀ ਹੈ।

(27) ਬਾਪੂ ਨੂੰ ਮਾਰ ਦੇਣ ਪਿਛੋਂ, ਜਾਇਦਾਦ ਮਗਰੋਂ ਹੱਥ ਲਗਦੀ ਹੈ-ਮੁਕੱਦਮਾ ਅਤੇ ਲੋਕਾਂ ਦੀਆਂ ਲਾਹਨਤਾਂ ਪਹਿਲਾਂ ਆ ਘੇਰਦੀਆਂ ਹਨ।

(28) ਖਾਲਿਸਤਾਨ ਦੀ ਪ੍ਰਾਪਤੀ ਲਈ ਜ਼ਖ਼ਮੀ ਸ਼ੇਰ ਵਾਂਗ ਉਠੇ ਬਿਨਾਂ ਸਿੱਖ ਕੌਮ ਦਾ ਗੁਜਾਰਾ ਨਹੀਂ।

(29) ਹਰ ਲੜਾਈ ਦਾ ਅੰਤ ਸਮਝੌਤਾ ਹੈ।

(30) ਹਥਿਆਰਾਂ ਦੀ ਸ਼ਕਤੀ ਨਾਲੋਂ ਲੋਕਾਂ ਦੀ ਤਾਕਤ ਹਮੇਸ਼ਾਂ ਵੱਡੀ ਸਾਬਤ ਹੋਈ ਹੈ।

(31) ਛੋਟੀਆਂ ਜਿੱਤਾਂ ਹੀ ਵੱਡੀ ਜਿੱਤ ਦਾ ਮੁੱਢ ਬੰਨ੍ਹਦੀਆਂ ਹਨ ।

(32) ਛੋਟੀਆਂ ਹਾਰਾਂ ਮਹਾਨ ਜਿੱਤ ਦਾ ਰਾਹ ਸਾਫ ਕਰਦੀਆਂ ਹਨ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਜੈਲੇ ਦੀ ਜੈ ਕੌਰ ਨੇ ਦਿਨੇ ਦਿਖਾ'ਤੇ ਤਾਰੇ

*ਗੱਲੀਂ-ਬਾਤੀਂ*



ਐਸ. ਅਸ਼ੋਕ ਭੌਰਾ
ਫੋਨ:510-277-2592

*ਭਾਵੇਂ ਵਿਗਿਆਨਕ ਪ੍ਰਗਤੀ ਵਿਚ ਕਾਰਖਾਨਿਆਂ ਦੀ ਗਿਣਤੀ ਹੁਣ ਆ ਕੇ ਬਹੁਤ ਵਧ ਗਈ ਹੋਵੇ ਪਰ ਚਲਾਕੀ, ਬੇਈਮਾਨੀ ਤੇ ਠੱਗੀਆਂ ਦੀਆਂ ਮਿੱਲਾਂ ਬੜੀ ਦੇਰ ਤੋਂ ਕੰਮ ਕਰਦੀਆਂ ਆ ਰਹੀਆਂ ਹਨ। ਹਰ ਮਨੁੱਖ ਨੇ ਜ਼ਿੰਦਗੀ ਵਿਚ ਪ੍ਰੇਸ਼ਾਨੀਆਂ ਤੇ ਹਾਦਸਿਆਂ ਦੀ ਕੂਕ ਸੁਣੀ ਹੁੰਦੀ ਹੈ। ਗਲਤੀਆਂ ਹੀ ਦਰਸਾਉਂਦੀਆਂ ਨੇ ਕਿ ਤੁਹਾਡੀ ਯੋਗਤਾ ਕੁਰਾਹੇ ਪੈ ਗਈ ਹੈ। ਗਲਤੀਆਂ ਦਾ ਦੂਜਾ ਨਾਂ ਇਹ ਹੈ ਕਿ ਅਸੀਂ ਕਈ ਉਹ ਕੰਮ ਕਰ ਜਾਂਦੇ ਹਾਂ ਜੋ ਸਾਡੀ ਯੋਗਤਾ ਤੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੇ। ਕਈ ਵਾਰ ਇਹ ਹੋ ਜਾਂਦਾ ਹੈ ਕਿ ਜਦੋਂ ਕਿਸੇ ਦੀ ਯੋਗਤਾ ਦਾ ਸਹੀ ਮੁਲਾਂਕਣ ਨਹੀਂ ਹੁੰਦਾ ਤਾਂ ਕਦਮ ਆਪ ਮੁਹਾਰੇ ਹੋ ਕੇ ਗਲਤੀਆਂ ਦੀਆਂ ਵੀਹਾਂ 'ਚ ਖੜਾਕ ਕਰਨ ਲੱਗ ਪੈਂਦੇ ਹਨ। ਹੁੰਦਾ ਕਈ ਵਾਰ ਇਹ ਵੀ ਹੈ ਕਿ ਇਹ ਸਮਾਜ ਤੁਹਾਡੀ ਵਾਹ-ਵਾਹ ਉਦੋਂ ਵਧ ਕਰਦਾ ਹੈ ਜਦੋਂ ਤੁਸੀਂ ਉਹ ਕੰਮ ਕਰ ਜਾਂਦੇ ਹੋ ਜਿਸ ਪ੍ਰਤੀ ਲੋਕ ਸੋਚਦੇ ਹਨ ਕਿ ਇਹ ਤੁਸੀਂ ਕਰ ਹੀ ਨਹੀਂ ਸੀ ਸਕਦੇ। 'ਤੈਥੋਂ ਇਹ ਆਸ ਨਹੀਂ ਸੀ' ਦੀ ਧਾਰਨਾ ਦੋਵੇਂ, ਚੰਗੇ ਤੇ ਮਾੜੇ ਕੰਮਾਂ ਨਾਲ ਜੁੜਦੀ ਹੈ। ਇਕ ਚੋਰੀ, ਦੂਜੀਆਂ ਚੋਰੀਆਂ ਲਈ ਲਾਊਡ ਸਪੀਕਰ ਦਾ ਕੰਮ ਕਰਦੀ ਹੈ। ਪਛਤਾਵਾ ਕਈ ਵਾਰ ਪ੍ਰੇਮ ਵਿਆਹ ਨਾ ਹੋਣ 'ਤੇ ਹੀ ਨਹੀਂ ਹੁੰਦਾ, ਹੋ ਜਾਣ 'ਤੇ ਵੀ ਹੋ ਜਾਂਦਾ ਹੈ। ਥੱਕੇ ਹੋਏ ਬੰਦਿਆਂ ਦੇ ਫੇਫੜਿਆਂ ਨੂੰ ਤਾਜ਼ਾ ਹਵਾ ਦੀ ਲੋੜ ਹੁੰਦੀ ਹੈ ਵਰਨਾ ਉਹ ਉਬਾਸੀਆਂ ਦੀ ਹਵਾੜ ਮਾਰਨੋਂ ਹਟਣਗੇ ਨਹੀਂ। ਮਕਾਨ ਭਾਵੇਂ ਕਿੰਨਾ ਵੀ ਮਹਿੰਗਾ ਉਸਾਰ ਲਵੋ, ਘਰ ਉਦੋਂ ਹੀ ਬਣੇਗਾ ਜਦੋਂ ਪਰਿਵਾਰ ਵਿਚ ਇਤਫਾਕ ਦੀ ਗਲਵੱਕੜੀ ਪਵੇਗੀ। ਜਿਨ੍ਹਾਂ ਘਰਾਂ ਵਿਚ ਦਰੱਖਤਾਂ ਨਾਲੋਂ ਗਮਲਿਆਂ ਵਿਚਲੇ ਬੂਟਿਆਂ ਦੀ ਗਿਣਤੀ ਵਧ ਹੈ, ਉਨ੍ਹਾਂ ਨੂੰ ਫਿਰ ਛਾਵੇਂ ਮੰਜਾ ਡਾਹੁਣ ਲਈ ਢਲਦੇ ਪਰਛਾਵਿਆਂ ਦੀ ਉਡੀਕ ਕਰਨੀ ਪਵੇਗੀ। ਇਹ ਉਡੀਕ ਚੰਗੇ-ਭਲਿਆਂ ਨੂੰ ਵੀ ਨਿਢਾਲ ਕਰ ਦਿੰਦੀ ਹੈ। ਜਰਨੈਲ ਤਿੰਨ ਹੀ ਹੁੰਦੇ ਨੇ ਹਵਾਈ ਸੈਨਾ ਦਾ, ਥਲ ਸੈਨਾ ਦਾ ਤੇ ਜਲ ਸੈਨਾ ਦਾ। ਪਰ ਜਰਨੈਲਾਂ ਦਾ ਜਰਨੈਲ ਹਰੀ ਸਿੰਘ ਨਲੂਆ ਭੁਲਾਇਆ ਨਹੀਂ ਜਾ ਸਕਦਾ। ਸੱਚ ਨਹੀਂ ਕਿ ਅਸੀਂ ਜਿਉਣਾ ਭੁੱਲ ਗਏ ਹਾਂ ਤੇ ਮੌਤ ਨੂੰ ਅੱਗੇ ਪਾਉਣ ਲਈ ਯਤਨਾਂ 'ਚ ਉਲਝੇ ਹੋਏ ਹਾਂ। ਪਰ ਜ਼ਰਾ ਇਨ੍ਹਾਂ ਤਿੰਨਾਂ ਜਰਨੈਲਾਂ ਵਲ ਵੀ ਧਿਆਨ ਕੇਂਦਰਿਤ ਕਰਿਓ ਤਾਂ ਅਹਿਸਾਸ ਹੋਵੇਗਾ ਕਿ ਮੰਜੇ ਸਿਰਫ ਦੌਣ ਨਾਲ ਨਹੀਂ, ਬਾਣ ਨਾਲ ਵੀ ਹੁੰਦੇ ਨੇ। ਘੁਮੰਡੀ ਆਦਮੀ ਫਿਰਦਾ ਤਾਂ ਪਾਟਣ ਨੂੰ ਹੈ ਪਰ ਅਸਲ 'ਚ ਉਹ ਸੁੱਜਿਆ ਹੋਇਆ ਹੁੰਦਾ ਹੈ। ਕਾਲਜਾਂ 'ਚੋਂ ਹੁਣ ਭੋਲਾਪਣ ਤੇ ਭਲਮਾਣਸੀ ਲੱਭਣ ਦਾ ਯਤਨ ਤਿਆਗ ਦੇਣਾ ਚਾਹੀਦੈ।*

ਜ਼ਿੰਦਗੀ ਵਿਚ ਕਈ ਘੜੀਆਂ ਇਹੋ ਜਿਹੀਆਂ ਹੁੰਦੀਆਂ ਹਨ ਕਿ ਬੰਦਾ ਉਪਰ ਨੂੰ ਹੱਥ ਜੋੜ ਕੇ ਆਖਦਾ ਹੈ 'ਰੱਬਾ ਇਹੋ ਜਿਹਾ ਸਮਾਂ ਸਭ 'ਤੇ ਲਿਆਈਂ' ਤੇ ਕਈ ਵਾਰ ਜੀਵਨ ਵਿਚ ਟੋਆ ਏਨਾ ਡੂੰਘਾ ਪੈ ਜਾਂਦਾ ਹੈ ਕਿ ਸਾਧਾਰਨ ਮਨੁੱਖ ਵੀ ਉਪਰ ਵਾਲੇ ਦੀ ਲਾਪ੍ਰਵਾਹੀ ਪ੍ਰਤੀ ਗਿਆਨਵਾਨ ਹੋਣ ਦੀ ਦੁਹਾਈ ਦੇ ਕੇ ਆਖਦਾ ਹੈ, 'ਅਜਿਹੇ ਮਾੜੇ ਦਿਨ ਕਿਸੇ ਨੂੰ ਨਾ ਵਿਖਾਈਂ।' ਸੁਆਦ ਅਸਲ ਵਿਚ ਕੋਈ ਵੀ ਹੋਵੇ ਜਦੋਂ ਹੱਦ ਟੱਪ ਜਾਂਦਾ ਹੈ ਤਾਂ ਇਹ ਖਤਰਨਾਕ ਬਿਮਾਰੀ ਹੋ ਨਿਬੜਦਾ ਹੈ। ਬਹੁਤੀ ਦੁਨੀਆਂ ਸੁਆਦ ਨੇ ਪੱਟੀ ਹੀ ਬਰਬਾਦੀ ਦੇ ਖੂਹ ਵਿਚ ਸੁੱਟਣ ਲਈ ਹੈ। ਨਵੇਂ ਕੱਪੜੇ ਪਾ ਕੇ ਮਨੁੱਖ ਹਰ ਰੋਜ਼ ਨਵਾਂ ਬੰਦਾ ਬਣਨ ਦਾ ਭਰਮ ਪਾਲਦਾ ਹੈ ਤੇ ਕਈ ਲੋਕ ਹਰ ਘੜੀ ਪਤਵੰਤੇ ਸੱਜਣ ਅਖਵਾਉਣ ਲਈ ਘਟੀਆ ਯਤਨਾਂ ਵਿਚ ਉਲਝ ਜਾਂਦੇ ਹਨ। ਅਜਿਹੇ ਲੋਕ ਤੁਹਾਨੂੰ ਵੀ ਰੋਜ਼ ਮਿਲਦੇ ਹੋਣਗੇ ਜਿਨ੍ਹਾਂ ਨੇ ਧੋਖਾ ਕੁੱਛੜ ਚੁੱਕਿਆ ਹੁੰਦਾ ਹੈ, ਚਾਲ ਹੱਥ 'ਚ ਫੜ੍ਹੀ ਹੁੰਦੀ ਹੈ, ਫਰੇਬੀ ਨਜ਼ਰਾਂ ਐਨਕ ਹੇਠ ਲੁਕੋਈਆਂ ਹੁੰਦੀਆਂ ਨੇ, ਚਲਾਕੀ ਕੱਛ 'ਚ ਹੁੰਦੀ ਹੈ ਤੇ ਇਨ੍ਹਾਂ ਨੇ ਬੇਈਮਾਨੀ ਦਾ ਅਸ਼ੀਰਵਾਦ ਦੇਣ ਲਈ ਹੱਥ ਹਰ ਇਕ ਵਲ ਵਧਾਇਆ ਹੁੰਦਾ ਹੈ। ਉਸ ਬੰਦੇ ਦੀ ਹਾਲਤ 'ਤੇ ਅੰਦਾਜ਼ਾ ਲਗਾ ਕੇ ਵੇਖੋ ਕਿ ਟੇਸ਼ਨ ਤਾਂ ਆ ਗਿਆ ਪਰ ਨਿਕਲ ਗਈ ਗੱਡੀ 'ਚ ਸੂਟਕੇਸ ਭੁੱਲ ਗਿਆ ਤੇ ਪਤਾ ਨਹੀਂ ਕਿੰਨੇ ਲੋਕ ਰੋਜ਼ ਅਗਿਆਨ 'ਚ ਅਟੈਚੀਕੇਸ ਗੁਆ ਕੇ ਘਰਾਂ ਨੂੰ ਪਰਤਦੇ ਹਨ।

ਜਲਵੇ ਪਿਆਰ 'ਚ ਦੇਖਣ ਨੂੰ ਮਿਲਦੇ ਨੇ। ਸ਼ੈਤਾਨੀਆਂ ਕਿਸੇ ਪਸ਼ੂ-ਪੰਛੀ ਨੇ ਨਹੀਂ ਕੀਤੀਆਂ, ਇਨ੍ਹਾਂ 'ਤੇ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਹਿਰਨ ਨੂੰ ਜੇ ਕਿਤੇ ਰੱਬ ਟੱਕਰ ਜਾਏ ਤਾਂ ਉਹ ਉਹਦੇ ਢਿੱਡ 'ਚ ਸਿੰਗ ਮਾਰਨ ਲੱਗਿਆ ਮਿੰਟ ਨਾ ਲਾਏ ਕਿਉਂਕਿ ਉਸ ਨੇ ਕਸਤੂਰੀ ਦੇ ਕੇ ਸ਼ੈਤਾਨ ਮਨੁੱਖ ਦੇ ਹੱਥ ਮੌਤ ਦੀ ਸਜ਼ਾ ਦੇ ਵਰੰਟ ਵੀ ਫੜਾ ਦਿੱਤੇ। ਕਈ ਲੋਕ ਝੁਕ ਤਾਂ ਗਏ ਪਰ ਸਿੱਧੇ ਖੜੇ ਹੋਣਾ ਨਹੀਂ ਭੁੱਲੇ। ਦੁਨੀਆਂ ਅੱਜ ਵੀ ਇਸ ਭਰਮ ਦੀ ਪੱਟੀ ਪਈ ਹੈ ਕਿ ਸ਼ਾਇਦ ਬੇਇਤਫਾਕੀਆਂ, ਲੋਭ-ਲਾਲਚਾਂ ਦੀ ਲੜਾਈ ਵਿਚ ਕੋਈ ਅਰਜਨ ਉਠੇਗਾ ਤੇ ਕ੍ਰਿਸ਼ਨ ਉਸ ਦੀ ਮਦਦ ਲਈ ਆਵੇਗਾ। ਦੁਨੀਆਂ ਦੀ ਬਹੁਗਿਣਤੀ ਭੁੱਲ ਗਈ ਹੈ ਕਿ ਪਾਟੇ ਹੋਏ ਢੋਲ ਦੇ ਪੁੜ 'ਤੇ ਡੱਗਾ ਮਾਰਨ ਨਾਲ ਤਾਲ ਕਿਥੋਂ ਸੁਣਾਈ ਦੇਵੇਗਾ? ਸਿਆਣੇ ਲੋਕ ਆਧੁਨਿਕ ਯੁੱਗ ਵਿਚ ਮਾਨਸਿਕ ਦੁਰਘਟਨਾਵਾਂ ਨੂੰ ਵੇਖ ਕੇ ਕੰਨਾਂ ਵਿਚ ਉਂਗਲਾਂ ਨਹੀਂ ਦੇ ਰਹੇ, ਸੁਚੇਤ ਹੋਣ ਲਈ ਤੀਲੀਆਂ ਨਾਲ ਮੈਲਾ ਕੱਢਣ ਲੱਗ ਪਏ ਹਨ। ਜਿਸ ਭੰਵਰ ਵਿਚ ਮੈਂ ਪੈਰ ਟਿਕਾਉਣ ਲੱਗਾ ਹਾਂ, ਤੁਸੀਂ ਵੀ ਅਹਿਸਾਸ ਕਰੋਗੇ ਕਿ ਕਈ ਚਿੱਠੀਆਂ ਗਲਤ ਪਤੇ ਨਾਲ ਵੀ ਸਹੀ ਟਿਕਾਣੇ 'ਤੇ ਕਦੇ-ਕਦੇ ਪਹੁੰਚ ਹੀ ਜਾਂਦੀਆਂ ਹਨ।

ਜੁਆਨੀ ਦੇ ਜਸ਼ਨ ਵਿਚ ਕਈ ਘਟਨਾਵਾਂ ਦਾ ਰੰਗੀਲੀਆਂ ਹੋ ਜਾਣਾ ਸੁਭਾਵਿਕ ਹੀ ਹੁੰਦਾ ਹੈ, ਭਾਵੇਂ ਕਈ ਬੁਢਾਪੇ ਦੀ ਲੋਈ 'ਚ ਜਵਾਨੀ ਦਾ ਪਾਇਆ ਕੁੜਤਾ ਚੇਤੇ ਕਰਕੇ ਸ਼ਰਮਸਾਰ ਹੀ ਹੁੰਦੇ ਹੋਣ। ਗੱਲ ਕੋਈ ਤੇਈ ਕੁ ਸਾਲ ਪੁਰਾਣੀ ਹੋਵੇਗੀ। ਮੇਰੇ ਇਕ ਜਾਣਕਾਰ ਜਰਨੈਲ ਸਿੰਘ ਦਾ ਵਿਆਹ ਹੋਇਆ। ਮਹਿੰਦਰ ਸਿੰਘ ਧੋਨੀ ਦੇ ਵਿਆਹ ਵਾਂਗ ਇਹ ਕੋਈ ਵੱਡੀ ਘਟਨਾ ਨਹੀਂ ਸੀ ਪਰ ਵਿਆਹ ਨਾਲ ਜੋ ਜੁੜਿਆ ਹੋਇਆ ਸੀ, ਉਹ ਖਾਸ ਸੀ। ਘਰ 'ਚ ਪਹਿਲਾ ਸ਼ਗਨ-ਵਿਹਾਰ ਹੋਣ ਕਾਰਨ ਉਹਦਾ ਬਾਪੂ ਸਾਧੂ ਸਿੰਘ ਖੁਸ਼ੀ ਲਈ ਵਿਤੋਂ ਵਧ ਖਰਚ ਵੀ ਕਰ ਰਿਹਾ ਸੀ। ਵਿਆਹ ਮੁਕਲਾਵਾ 'ਕੱਠਾ ਹੀ ਨਿਬੜ ਗਿਆ ਤੇ ਮੁਕਲਾਵੇ ਵਾਲੇ ਦਿਨ ਜੋ ਜਰਨੈਲ ਸਿੰਘ ਨਾਲ ਹੋਈ, ਉਹ ਸ਼ਾਇਦ ਕਿਸੇ ਨਾਲ ਵੀ ਨਾ ਹੋਈ ਹੋਵੇ। ਸਹੁਰਿਆਂ ਤੋਂ ਆਏ ਪ੍ਰਾਹੁਣੇ ਵਿਦਾ ਕਰਦਿਆਂ-ਕਰਦਿਆਂ ਜਰਨੈਲ ਸਿੰਘ ਵੀ ਸਕੂਟਰ ਚੁੱਕ ਕੇ ਸ਼ਹਿਰ ਵਲ ਚਲੇ ਗਿਆ ਪਰ ਉਹ ਦੇਰ ਰਾਤ ਨਾ ਪਰਤਿਆ ਤਾਂ ਘਰ ਦੇ ਚਾਅ ਫਿਕਰਾਂ 'ਚ ਬਦਲ ਗਏ। ਅੱਧੀ ਕੁ ਰਾਤ ਨੂੰ ਜਾ ਕੇ ਪਤਾ ਲੱਗਾ ਕਿ ਉਹਨੂੰ ਕਿਸੇ ਨੇ ਲੁੱਟ ਕੇ ਜ਼ਖਮੀ ਕਰ ਦਿੱਤਾ ਹੈ ਤੇ ਸ਼ਹਿਰ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਹੈ। ਅੱਧਾ ਪਿੰਡ ਮਗਰੇ ਜਾ ਢੁੱਕਾ ਤੇ ਸਣੇ ਅੱਥਰੂਆਂ ਨਾਲ ਲਿਬੜਿਆ ਹਾਰ-ਸ਼ਿੰਗਾਰ ਲੈ ਕੇ ਉਹਦੀ ਵਹੁਟੀ ਪ੍ਰਵੀਨ ਵੀ। ਡਾਕਟਰਾਂ ਨੇ ਦੱਸਿਆ ਕਿ ਕੋਈ ਖਤਰੇ ਵਾਲੀ ਗੱਲ ਨਹੀਂ ਪਰ ਮੂੰਹ 'ਤੇ ਡੂੰਘੀ ਸੱਟ ਲੱਗਣ ਕਾਰਨ ਬੁੱਲ੍ਹਾਂ 'ਤੇ ਚੌਦਾਂ ਟਾਂਕੇ ਲੱਗੇ ਹਨ ਤੇ ਬੋਲਣ ਵਿਚ ਕਰੀਬ ਇਕ ਮਹੀਨਾ ਲੱਗ ਜਾਵੇਗਾ। ਜਰਨੈਲ ਸਿੰਘ ਦੇ ਸ਼ਗਨਾਂ ਵਾਲੇ ਗਹਿਣੇ ਮੁੰਦਰੀ, ਗਾਨੀ ਤੇ ਕੜਾ ਵੀ ਸੋਨੇ ਦਾ ਖੋਹ ਲਿਆ ਸੀ, ਬਟੂਆਂ ਤਾਂ ਜੇਬ੍ਹ 'ਚ ਸੀ ਪਰ ਵਿਚਲੇ ਸਤਾਈ ਸੌ ਰੁਪਏ ਗੁੰਮ ਸਨ। ਅਸਲ ਵਿਚ ਜਰਨੈਲ ਮਜ਼ਾਕੀਆ ਬੰਦਾ ਸੀ ਪਰ ਉਹਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਹਨੇ ਕਿਸੇ 'ਤੇ ਸ਼ੱਕ ਜ਼ਾਹਿਰ ਕੀਤਾ ਸੀ। ਪਰ ਉਹਦੇ ਮਹਿੰਦੀ ਰੰਗੇ ਹੱਥ ਦੇਖ ਕੇ ਵੀ ਕਿਸੇ ਨੇ ਖੌਰੇ ਕਿਉਂ ਨਹੀਂ ਸੋਚਿਆ ਹੋਵੇਗਾ ਕਿ ਜ਼ਿੰਦਗੀ ਦੀ ਇੱਕੋ-ਇਕ ਅਹਿਮ ਸ਼ਗਨਾਂ ਵਾਲੀ ਰਾਤ 'ਚ ਘੁਸਪੈਠ ਨਾ ਕੀਤੀ ਜਾਵੇ। ਖੈਰ! ਬੰਦ ਗੋਭੀ ਦੇ ਪੱਤਿਆਂ ਵਾਂਗ ਪੁਲਿਸ ਤੇ ਘਰਦਿਆਂ ਨੇ ਫੁੱਲ ਤਾਂ ਸਾਰਾ ਹੀ ਛਿੱਲ ਕੇ ਵੇਖਣ ਦੀ ਕੋਸ਼ਿਸ਼ ਕੀਤੀ ਪਰ ਲੱਭਾ ਵਿਚੋਂ ਕੁਝ ਵੀ ਨਹੀਂ।

...ਤੇ ਫਿਰ ਇਸ ਘਟਨਾ ਨੂੰ ਵੀਹ ਵਰ੍ਹੇ ਬੀਤ ਗਏ। 2007 ਦੀ 17 ਜਨਵਰੀ ਨੂੰ ਮੈਨੂੰ ਜਰਨੈਲ ਸਿੰਘ ਵਲੋਂ ਬੁਲਾਵਾ ਮਿਲਿਆ ਕਿ ਉਹਨੇ ਆਪਣੀ ਵੀਹਵੀਂ ਸਾਲ-ਗ੍ਰਹਿ ਮਨਾਉਣੀ ਹੈ, ਜ਼ਰੂਰ ਪਹੁੰਚਣਾ। ਇਕ ਵਾਰ ਤਾਂ ਉਹਦਾ ਵਿਆਹ ਵਾਲੇ ਦਿਨ ਦਾ ਪਾਟਿਆ ਮੂੰਹ ਅੱਖਾਂ ਅੱਗਿਓਂ ਗੁਜ਼ਰ ਗਿਆ ਤੇ ਪਤਾ ਲੱਗਾ ਕਿ ਹੁਣ ਤਾਂ ਉਹਦੇ ਦੋ ਪੁੱਤਰ, ਇਕ ਅਠਾਰਾਂ ਸਾਲਾਂ ਦਾ ਤੇ ਦੂਜਾ ਪੰਦਰਾਂ ਦਾ, ਉਹਦੇ ਨਾਲੋਂ ਵੀ ਜੁਆਨ ਨਿਕਲੇ ਹਨ। ਵੀਹਵੀਂ ਸਾਲ-ਗਿਰਹ ਦੇ ਮੌਕੇ ਉਹਦੇ ਵਿਆਹ ਨਾਲੋਂ ਵੀ ਵਧ ਖ਼ੱਠ ਸੀ। ਦਿਨ ਢਲੇ ਤੋਂ ਚਲਦਾ 'ਗੌਣ-ਪਾਣੀ' ਤੇ ਸ਼ੌਕੀਨਾਂ ਦਾ 'ਪਾਣੀ-ਧਾਣੀ' ਨੱਚਣ-ਟੱਪਣ ਦੀ ਲੋਰ ਵਿਚ ਬਦਲ ਗਿਆ ਸੀ। ਅਖ਼ਬਾਰਾਂ ਪਾੜ੍ਹ-ਪਾੜ੍ਹ ਕੇ ਨੈਪਕਿਨ ਬਣਾਉਂਦੇ ਜਰਨੈਲ ਸਿੰਘ ਦੇ ਹੱਥ ਵਿਚ ਇਕ ਅਜਿਹੀ ਅਖ਼ਬਾਰ ਹੱਥ ਲੱਗੀ ਕਿ ਉਹ ਸਭ ਕੁਝ ਛੱਡ ਕੇ ਮੇਰੇ ਕੋਲ ਆਇਆ ਤੇ ਚੁਬਾਰੇ 'ਚ ਲਿਜਾ ਕੇ ਕਹਿਣ ਲੱਗਾ, 'ਅਖ਼ਬਾਰ 'ਚ ਆਹ ਖਬਰ ਤੇ ਫੋਟੋ ਦੇਖ।' ਸਾਧਾਰਨ ਜਿਹੀਆਂ ਨਜ਼ਰਾਂ ਨਾਲ ਖ਼ਬਰ ਪੜ੍ਹ ਕੇ ਮੈਂ ਕਿਹਾ 'ਜਰਨੈਲ ਸਿਹਾਂ ਤੂੰ ਵੀ ਜੈਲਾ ਈ ਆਂ। ਇਹ ਕੋਈ ਜੈ ਕੌਰ ਐ ਜੀਹਨੂੰ ਪੁਲਿਸ ਨੇ ਇਸ ਕਰਕੇ ਫੜਿਆ ਕਿ ਉਹ ਆਪਣੀ ਕੁੜੀ ਨੂੰ ਕੈਨੇਡਾ ਤੋਂ ਆਈ ਦੱਸ ਕੇ ਲਾੜਾ ਠੱਗਣ ਲੱਗੀ ਸੀ। ਤੂੰ ਕਿਹੜਾ ਲੇਖਾ ਪਾ ਕੇ ਬਹਿ ਗਿਐਂ।'

'ਖਬਰ ਤਾਂ ਮੈਂ ਵੀ ਪੜ੍ਹ ਲਈ ਐ। ਇਹ ਉਹੀ ਜੈ ਕੌਰ ਐ, ਜੀਹਨੇ ਮੈਨੂੰ ਵਿਆਹ ਵਾਲੇ ਦਿਨ ਕੁੱਟਿਆ ਤੇ ਲੁੱਟਿਆ ਸੀ। ਹੁਣ ਨਾ ਬੋਲੀਂ, ਅਖ਼ਬਾਰ ਜੇਬ੍ਹ 'ਚ ਪਾ ਲੈ ਤੇ ਸਵੇਰੇ ਦੱਸੂੰ ਸਾਰੀ ਗੱਲ। ਇਹਨੂੰ ਸਾਲੀ ਨੂੰ ਬਥੇਰੇ ਮਿਲ ਗਏ ਚੱਲਣੈ।' ਜੈਲੇ ਨੂੰ ਜਿਵੇਂ ਗੁਆਚੇ ਗਹਿਣੇ ਮਿਲ ਗਏ ਹੋਣ, ਉਹ ਬੋਲਦਾ ਰਿਹਾ। ਤੇ ਚਲੋ ਸਾਲ-ਗਿਰਹ ਦਾ ਜਸ਼ਨ ਮੁੱਕ ਗਿਆ ਤੇ ਅਸੀਂ ਅਗਲੇ ਦਿਨ ਦੋਵੇਂ ਜਣੇ ਗੱਡੀ 'ਚ ਲੁਧਿਆਣੇ ਤੋਂ ਪਰ੍ਹਾਂ ਉਸ ਜੈ ਕੌਰ ਨੂੰ ਮਿਲਣ ਲਈ ਨਿਕਲ ਤੁਰੇ ਜਿਹੜੀ ਸੱਚੀਂ ਦੁੱਧ ਵੱਟੇ ਪਾਣੀ ਵੇਚ ਰਹੀ ਸੀ।

ਲੁਧਿਆਣੇ ਜਾਂਦਿਆਂ ਫਿਲੌਰ ਵਾਲਾ ਪੁਲ ਟੱਪ ਕੇ ਜੈਲਾ ਕਹਿਣ ਲੱਗਾ, 'ਯਾਰ ਗੱਡੀ ਸਾਈਡ 'ਤੇ ਲਾ। ਅੱਜ ਵੀਹ ਸਾਲਾਂ ਬਾਅਦ ਸੱਚ ਦਾ ਭੱਗਾ ਤੇਰੇ ਕੋਲ ਚੁੱਕਣ ਲੱਗਾ ਹਾਂ, ਗੱਲ ਹੋਰ ਨਾ ਕਿਤੇ ਕਰੀਂ।'

ਤੇ ਮੈਂ ਗੱਡੀ 'ਚੋਂ ਬਾਹਰ ਨਿਕਲ ਕੇ ਧੁੱਪੇ ਖੜ੍ਹਾ ਉਹਦੀ ਕਥਾ ਸੁਣਨ ਲੱਗ ਪਿਆ। ਜੈਲਾ ਦੱਸਣ ਲੱਗਾ ਕਿ ਇਹ ਜੈ ਕੌਰ ਤੇ ਇਹਦਾ ਘਰ ਵਾਲਾ, ਦੋ ਨਿੱਕੀਆਂ ਨਿੱਕੀਆਂ ਕੁੜੀਆਂ ਲੈ ਕੇ ਸਾਡੇ ਪਿੰਡ ਆ ਕੇ ਕਿਰਾਏ 'ਤੇ ਰਹਿਣ ਲੱਗ ਪਏ। ਇਹਦੇ ਘਰ ਵਾਲੇ ਦਾ ਨਾਂ ਵੀ ਜਰਨੈਲ ਸਿੰਘ ਹੀ ਸੀ ਤੇ ਕਹਿੰਦੇ ਜੈਲਾ ਈ ਸਨ। ਇਹ ਅੱਗਾ-ਪਿੱਛਾ ਕੋਈ ਦੱਸਦੇ ਨ੍ਹੀਂ ਸੀ। ਬਸ ਏਨਾ ਹੀ ਪਿੰਡ ਵਾਲੇ ਜਾਣਦੇ ਸਨ ਕਿ ਪਰਿਵਾਰਕ ਦੁਸ਼ਮਣੀ ਤੋਂ ਦੁਖੀ ਇਥੇ ਆ ਕੇ ਰਹਿਣ ਲੱਗੇ ਹਨ। ਜੈਲਾ ਚਾਰ ਕੁ ਕਨਾਲਾਂ ਜ਼ਮੀਨ ਠੇਕੇ 'ਤੇ ਲੈ ਕੇ ਸਬਜ਼ੀ ਬੀਜ ਸ਼ਹਿਰ ਵੇਚ ਆਉਂਦਾ ਸੀ।'

ਮੈਂ ਕਿਹਾ, 'ਜੈਲਿਆ ਤੂੰ ਵੀ ਗੱਲ ਲੰਬੀ ਨਾ ਕਰ। ਛੇਤੀ ਮੁਕਾ।'

'ਇਹ ਜੈ ਕੌਰ ਵੀ ਸੋਹਣੀ ਸੀ। ਇਹਦੇ ਨਾਲ ਮੇਰੀਆਂ ਅੱਖਾਂ ਚਾਰ ਹੋ ਗਈਆਂ। ਫਿਰ ਇਹ ਇਥੋਂ ਉਠ ਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ 'ਚ ਚਲੇ ਗਏ ਤੇ ਗਾਹੇ-ਬਗਾਹੇ ਮੈਂ ਉਥੇ ਵੀ ਜਾਂਦਾ ਰਿਹਾ।'

'ਜੈ ਕੌਰ ਨੇ ਤੈਨੂੰ ਕਾਹਤੋਂ ਕੁੱਟਿਆ?'

'ਦੱਸਦਾਂ, ਕਾਹਲਾ ਕਾਹਨੂੰ ਪੈਨਾ?'

'ਮੇਰੇ ਵਿਆਹ ਤੋਂ ਪਹਿਲਾ ਇਹ ਜੈ ਕੌਰ ਮੈਨੂੰ ਸ਼ਹਿਰ ਟੱਕਰ ਪਈ। ਆਂਹਦੀ ਤੇਰਾ ਪਿਆਰ ਤਾਂ ਮੰਨੂ ਜੇ ਮੁਕਲਾਵੇ ਵਾਲੇ ਦਿਨ ਮਿਲਣ ਆਵੇਂ' ਤੇ ਮੈਂ ਕਾਲ ਖਾਧਾ ਮੁਕਲਾਵੇ ਵਾਲੇ ਦਿਨ ਪ੍ਰਾਹੁਣੇ ਤੋਰ ਕੇ ਇਹਦੇ ਘਰ ਨੂੰ ਚਲੇ ਗਿਆ।'

'ਫੇਰ?'

'ਤੇ ਇਹਦੇ ਘਰ ਵਾਲੇ ਜੈਲੇ ਨੇ ਮੇਰੇ ਬੈਠਦੇ ਸਾਰ ਹੀ ਫਾੜ੍ਹ ਕਰਦਾ ਕਹੀ ਦਾ ਵੰਝਾ ਮਾਰਿਆ ਤਾਂ ਸਿਰ 'ਚ ਸੀ ਤੇ ਲੱਗ ਗਿਆ ਮੂੰਹ 'ਤੇ। ਸਾਲੀ ਨੇ ਪਹਿਲੇ ਉਸ ਬੇਸ਼ਰਮ ਨਾਲ ਰਲ ਕੇ ਸਲਾਹ ਬਣਾਈ ਹੋਈ ਸੀ। ਮੇਰੀ ਚੈਨੀ, ਕੜਾ, ਮੁੰਦਰੀ ਤੇ ਬਟੂਏ 'ਚੋਂ ਸਤਾਈ ਸੌ ਨਗਦ ਵੀ ਕੱਢ ਲਿਆ। ਤੇ ਮੈਂ ਇਨ੍ਹਾਂ ਦੇ ਘਰੋਂ ਹੀ ਸਾਫਾ ਚੁੱਕ ਕੇ ਮੂੰਹ ਲਪੇਟਿਆ ਤੇ ਖੂਨ ਨਾਲ ਲੱਥ ਪੱਥ ਆਪਣੇ ਇਕ ਦੋਸਤ ਕੋਲ ਚਲੇ ਗਿਆ.. ਤੱਤੇ ਘਾਹ ਤੇ ਬਹਾਨਾ ਲਾ 'ਤਾ ਪਈ ਕੁਝ ਅਣਪਛਾਤੇ ਲੋਕਾਂ ਨੇ ਲੁੱਟ ਲਿਆ।'

'ਤੂੰ ਥਾਣੇ ਦੱਸਣੀ ਸੀ ਇਨ੍ਹਾਂ ਦੀ ਕਰਤੂਤ।'

'ਇਨ੍ਹਾਂ ਦੀ ਦੱਸਦਾ ਤਾਂ ਆਪਣੀ ਕਰਤੂਤ ਵੀ ਨੰਗੀ ਹੋਣੀ ਸੀ।'

'ਕਿਵੇਂ?'

'ਸਾਲੀ ਜੈ ਕੌਰ ਕਹਿਣ ਲੱਗੀ ਕਿ ਜੇ ਸਾਡਾ ਨਾਂ ਲਿਆ ਤਾਂ ਮੈਂ ਕਹਿਣਾ ਸਾਡੇ ਘਰੇ ਆ ਕੇ ਮੇਰੀ ਇੱਜ਼ਤ ਨੂੰ ਹੱਥ ਪਾ ਲਿਆ ਤੇ ਗੁੱਸੇ 'ਚ ਮੇਰੇ ਘਰ ਵਾਲੇ ਨੇ ਭੰਨਿਆ ਇਹਨੂੰ। ਤੇ ਮਨ 'ਚ ਸੋਚਿਆ ਕਿ ਇਹ ਗੱਲ ਨਿਕਲ ਗਈ ਤਾਂ ਵਹੁਟੀ ਤੇ ਸਹੁਰਿਆਂ ਮੂਹਰੇ ਮੂੰਹ ਦੇਣ ਜੋਗਾ ਨ੍ਹੀਂ ਰਹਿਣਾ।

'ਫੇਰ ਨ੍ਹੀਂ ਟੱਕਰੀ ਕਿਤੇ ਜੈ ਕੌਰ?'

'ਠੀਕ ਹੋ ਕੇ ਦੋ ਕੁ ਮਹੀਨੇ ਪਿੱਛੋਂ ਗੇੜਾ ਮਾਰਿਆ ਸੀ। ਪਿੰਡ ਆਲੇ ਕਹਿੰਦੇ ਇਥੋਂ ਚਲੇ ਗਏ ਨੇ। ਤੇ ਉਸ ਤੋਂ ਬਾਅਦ ਵੀਹਾਂ ਸਾਲਾਂ ਬਾਅਦ ਅਖ਼ਬਾਰ 'ਚ ਦੇਖੀ ਐ ਕੰਜਰੀ ਦੀ ਫੋਟੋ।'

ਤੇ ਜਰਨੈਲ ਸਿੰਘ ਦਾ ਵੀਹਾਂ ਸਾਲਾਂ ਦਾ ਸਬਰ ਦਾ ਬੰਨ੍ਹ ਟੁੱਟਦਾ ਜਾ ਰਿਹਾ ਸੀ। ਉਹ ਵਾਰ-ਵਾਰ ਆਖੇ 'ਹੁਣ ਨ੍ਹੀਂ ਛੱਡਦਾ ਇਹਨੂੰ।'

ਤੇ ਅਸੀਂ ਉਸ ਥਾਣੇ 'ਚ ਚਲੇ ਗਏ ਜਿਥੇ ਜੈ ਕੌਰ 'ਤੇ ਪਰਚਾ ਦਰਜ ਹੋਇਆ ਸੀ। ਮੁਨਸ਼ੀ ਨੂੰ ਮੈਂ ਆਪਣੀ ਅਖ਼ਬਾਰੀ ਜਾਣ-ਪਛਾਣ ਦੱਸੀ ਤਾਂ ਉਸ ਨੇ ਇਸ ਜੈ ਕੌਰ ਦੀ ਜਿਹਤੀ ਚਲਾਕੀ ਦੀ ਰਾਮ ਕਹਾਣੀ ਦੱਸੀ ਤਾਂ ਲੱਗਾ ਕਿ ਕੇਹਰ ਸਿੰਘ ਹੀ ਮਰੇ ਨੇ, ਹਾਲੇ ਬੜੀਆਂ ਰਾਮ ਕੌਰਾਂ ਜਿਉਂਦੀਆਂ ਨੇ।

ਗੱਲ ਅਸਲ 'ਚ ਜਰਨੈਲ ਸਿੰਘ ਦੀ ਕੁੱਟ ਤੋਂ ਬਾਅਦ ਇਹ ਹੋਈ ਕਿ ਜੈ ਕੌਰ ਨੇ ਪਿਆਰ ਦੀ ਪੀਂਘ ਇਕ ਵਿਦੇਸ਼ੋਂ ਪਰਤੇ ਅੱਧਖੜ ਨਾਲ ਪਾ ਲਈ। ਇਤਫਾਕ ਇਹ ਸੀ ਕਿ ਨਾਂ ਉਹਦਾ ਵੀ ਜਰਨੈਲ ਸਿੰਘ ਹੀ ਸੀ। ਦੋਹਾਂ ਦੀ ਪੀਂਘ ਏਨੀ ਅਸਮਾਨੀ ਉਡੀ ਕਿ ਜੈ ਕੌਰ ਨੇ ਐਨ.ਆਰ.ਆਈ. ਜਰਨੈਲ ਸਿੰਘ ਨਾਲ ਰਲ ਕੇ ਆਪਣੇ ਹੀ ਪਤੀ ਜੈਲੇ ਦਾ ਰੋੜਾ ਰਾਹ 'ਚੋਂ ਚੁਕਾ ਦਿੱਤਾ। ਸਬੱਬ ਇਹ ਵੀ ਸੀ ਕਿ ਜਰਨੈਲ ਸਿੰਘ ਤਲਾਕ ਲੈ ਕੇ ਆਪਣੀਆਂ ਦੋ ਧੀਆਂ ਦੇ ਪਾਸਪੋਰਟ ਕੈਨੇਡਾ ਤੋਂ ਨਾਲ ਲੈ ਆਇਆ ਤੇ ਨਵੀਆਂ ਗੁੱਡੀਆਂ ਲੱਭਣ ਦੇ ਚੱਕਰ ਵਿਚ ਜੈ ਕੌਰ ਦੇ ਪ੍ਰੇਮ ਜਾਲ 'ਚ ਸਿੰਗ ਫਸਾ ਬੈਠਾ। ਜੈ ਕੌਰ ਤੇ ਜਰਨੈਲ ਸਿੰਘ ਨੇ ਦੁਆਬਾ ਛੱਡ ਕੇ ਪੈਰ ਮਾਲਵੇ ਦੇ ਇਕ ਪਿੰਡ 'ਚ ਟਿਕਾ ਲਏ।

ਦੋਹਾਂ ਨੇ ਰਲ ਕੇ ਸ਼ੈਤਾਨੀ ਤੇ ਚਲਾਕੀ ਦੀ ਜਿਹਤੀ ਆਰਤੀ ਉਤਾਰੀ, ਉਹ ਕਿਸੇ ਜਾਸੂਸੀ ਨਾਟਕ ਤੋਂ ਘੱਟ ਨਹੀਂ ਸੀ।

ਜਰਨੈਲ ਸਿੰਘ ਨੇ ਜੈ ਕੌਰ ਦੀਆਂ ਦੋਵੇਂ ਦੇਸੀ ਧੀਆਂ ਨੂੰ ਵਿਦੇਸ਼ੀ ਦੱਸ ਕੇ ਲਾੜੇ ਲੁੱਟਣ ਦੀ ਬੁਣਤੀ ਬੁਣ ਲਈ।

ਕੈਨੇਡਾ ਟੱਬਰ ਲਿਜਾਣ ਦੇ ਚੱਕਰ ਵਿਚ ਦੋ ਜ਼ਿਮੀਂਦਾਰ ਪਰਿਵਾਰ ਜਰਨੈਲ ਸਿੰਘ ਨੇ ਪੰਝੀ-ਪੰਝੀ ਲੱਖ 'ਚ ਉਨ੍ਹਾਂ ਦੇ ਪੁੱਤ ਜਵਾਈ ਬਣਾ ਕੇ ਲੁੱਟ ਲਏ। ਇਕੋ ਹੀ ਪੈਲੇਸ 'ਚ ਪਹਿਲੇ ਦਿਨ ਇਕ ਬਰਾਤ ਆਈ ਤੇ ਦੂਜੇ ਦਿਨ ਦੂਜੀ। ਇੰਜ ਰਜਨੀ ਤੇ ਕਿਰਨਾ ਗੁੰਝਲਦਾਰ ਬੁਝਾਰਤ ਬਣ ਗਈਆਂ। ਪੈਸੇ ਜਰਨੈਲ ਸਿੰਘ ਨੇ ਪੇਸ਼ਗੀ ਲੈ ਲਏ ਸਨ। ਰਜਨੀ ਭੈਣ ਦੇ ਵਿਆਹ 'ਚ ਸ਼ਾਮਲ ਹੋਣ ਦੇ ਬਹਾਨੇ ਅਗਲੇ ਦਿਨ ਆ ਗਈ ਤੇ ਆਥਣੇ ਦੋਹਾਂ ਨੇ ਮੁਕਲਾਵੇ ਦੀ ਰਾਤ ਲਾੜੇ ਬੇਹੋਸ਼ ਕਰਕੇ ਭੱਜਣ ਦਾ ਯਤਨ ਸਫਲ ਕਰ ਲਿਆ। ਜਰਨੈਲ ਸਿੰਘ ਇਨ੍ਹਾਂ ਨਕਲੀ ਧੀਆਂ ਨੂੰ ਲੈ ਕੇ ਮਾਝੇ ਦੇ ਇਕ ਪਿੰਡ 'ਚ ਕਿਸੇ ਜਾਣ-ਪਹਿਚਾਣ ਵਾਲੇ ਕੋਲ ਚਲਾ ਗਿਆ ਤੇ ਦੋ ਕੁ ਦਿਨਾਂ ਪਿੱਛੋਂ ਚੁੱਪ-ਚਾਪ ਅੰਮ੍ਰਿਤਸਰੋਂ ਕੈਨੇਡਾ ਲਈ ਰਵਾਨਾ ਹੋ ਗਿਆ। ਤੇ ਪੰਜਾਹ ਲੱਖ 'ਚੋਂ ਜੈ ਕੌਰ ਦੇ ਹੱਥ 'ਤੇ ਟਕਾ ਨਾ ਧਰਿਆ। ਪਿਆਰ ਦੀ ਪੀਂਘ ਦੇ ਟਾਹਣੇ ਨੂੰ ਮੋਛਾ ਪੈ ਗਿਆ।

ਤੇ ਜੋ ਥੋੜ੍ਹਾ ਜਿਹਾ ਚਾਅ ਹਾਲੇ ਜੈ ਕੌਰ ਦਾ ਬਚਦਾ ਸੀ ਤਾਂ ਉਹ ਇਹ ਸੀ ਕਿ ਕੁੜੀਆਂ ਦੇ ਕੈਨੇਡੀਅਨ ਪਾਸਪੋਰਟ ਜੈ ਕੌਰ ਕੋਲ ਹੀ ਸਨ। ਧੀਆਂ ਮਾਂ ਦੀ ਚਲਾਕੀ 'ਚ ਭਾਈਵਾਲ ਬਣ ਗਈਆਂ। ਪਾਸਪੋਰਟ ਵਾਲੇ ਨਾਂ ਕੁਲਵਿੰਦਰ ਕੌਰ 'ਤੇ ਜੈ ਕੌਰ ਨੇ ਪੰਜਾਹ ਲੱਖ 'ਚ ਇਕ ਹੋਰ ਗਾਹਕ ਪੱਟ ਲਿਆ। ਹਾਲਾਂ ਕਿ ਪਹਿਲੇ ਵਿਆਹਾਂ ਦੇ ਚਰਚੇ ਅਖ਼ਬਾਰਾਂ 'ਚ ਬੜੇ ਹੋਏ ਸਨ ਕਿ ਦੋ ਸ਼ਰੀਫ ਪਰਿਵਾਰਾਂ ਨੂੰ ਵਿਦੇਸ਼ੀ ਲਾੜੀਆਂ ਜੇਬਕਤਰੀਆਂ ਨਾਲੋਂ ਵੀ ਚਲਾਕੀ ਨਾਲ ਠੱਗ ਗਈਆਂ ਪਰ ਕੁਲਵਿੰਦਰ ਦੇ ਵਿਆਹ ਦੀ ਗੱਲ ਫਿਰ ਇਕ ਭੋਲੇ ਪਰਿਵਾਰ ਦੀ ਸ਼ਰਾਫਤ ਕਰਕੇ ਸਿਰੇ ਚੜ੍ਹ ਗਈ।

ਰੱਬ ਦੀ ਮਿਹਰਬਾਨੀ ਦੇਖੋ ਕਿ ਜਿਸ ਪੈਲੇਸ 'ਚ ਇਹ ਠੱਗ ਵਿਆਹ ਹੋ ਰਿਹਾ ਸੀ, ਉਥੇ ਕਿਤੇ ਪਹਿਲੇ ਲੁੱਟੇ ਗਏ ਲਾੜੇ ਦਾ ਭਰਾ ਆਪਣੇ ਦੋਸਤ ਭਰਾ ਦੇ ਵਿਆਹ 'ਚ ਸ਼ਾਮਲ ਹੋਣ ਲਈ ਆ ਗਿਆ। ਉਹਨੂੰ ਆਲੇ-ਪਾਲੇ ਤੋਂ ਸ਼ੱਕ ਪਿਆ ਤਾਂ ਪਹਿਲਾਂ ਉਸ ਨੇ ਜੈ ਕੌਰ ਪਛਾਣੀ ਤੇ ਫਿਰ ਵੇਖਿਆ ਕੁਲਵਿੰਦਰ ਕੌਰ ਤਾਂ ਉਹੀ ਰਜਨੀ ਹੀ ਹੈ। ਸ਼ਿਕਾਇਤ ਪੁਲਿਸ ਤੱਕ ਗਈ ਤੇ ਹਾਲੇ ਜੈ ਮਾਲਾ ਹੋ ਕੇ ਹੀ ਹਟੀ ਸੀ ਕਿ ਪੁਲਿਸ ਹਾਰ ਲੈ ਕੇ ਪਹੁੰਚ ਗਈ।

ਪਹਿਲੇ ਹੀ ਦਬਕੇ ਨਾਲ ਮਾਵਾਂ-ਧੀਆਂ ਮੰਨ ਗਈਆਂ ਕਿ ਕੁਲਵਿੰਦਰ ਕੌਰ ਰਜਨੀ ਹੈ ਤੇ ਰਾਮ ਕੌਰ ਅਸਲ 'ਚ ਜੈ ਕੌਰ। ਤੇ ਇਹ ਵੀ ਮੰਨ ਲਿਆ ਕਿ ਉਨ੍ਹਾਂ ਨੇ ਕੱਲ੍ਹ ਲਾੜੇ ਨੂੰ ਬੇਹੋਸ਼ ਕਰਕੇ ਬੀਕਾਨੇਰ ਭੱਜ ਜਾਣਾ ਸੀ। ਸ਼ਗਨਾਂ ਦੇ ਗਾਨੇ ਹੱਥਕੜੀਆਂ 'ਚ ਬਦਲ ਗਏ। ਜੈ ਕੌਰ ਦੇ ਜੋਬਨ ਦੀਆਂ ਚਲਾਕੀਆਂ ਸੀਖਾਂ ਪਿੱਛੇ ਸੁੰਗੜ ਗਈਆਂ। ਪਰ ਹਾਲੇ ਪੁਲਿਸ ਨੇ ਪੇਸ਼ਗੀ 'ਚ ਲਿਆ ਤੀਹ ਲੱਖ ਜ਼ਬਤ ਕਰਨਾ ਸੀ।

ਮੈਂ ਆਪਣੇ ਮਿੱਤਰ ਜਰਨੈਲ ਸਿੰਘ ਨੂੰ ਕਿਹਾ, 'ਕੁਝ ਕਹਿਣਾ ਹੁਣ ਤੂੰ?'

ਉਹ ਹੱਸ ਪਿਆ, 'ਮੈਨੂੰ ਤਾਂ ਪਿੱਤਲ ਦੀ ਗੜਵੀ ਚੋਰੀ ਹੋਣ ਦਾ ਦੁੱਖ ਹੈ। ਇਥੇ ਤਾਂ ਸੋਨੇ ਦੀਆਂ ਗਾਗਰਾਂ ਲੁਟਾਉਣ ਵਾਲੇ ਵੀ ਹੈਗੇ ਨੇ।'

ਤੇ ਉਹਨੇ ਉਹ ਅਖ਼ਬਾਰ ਟੁਕੜੇ ਕਰਕੇ ਮੁਨਸ਼ੀ ਦੀ ਰੱਦੀ ਵਾਲੀ ਟੋਕਰੀ 'ਚ ਸੁੱਟ ਦਿੱਤੀ।

ਤੇ ਮੁੜਦੀ ਵਾਰੀ ਉਹ ਗੱਡੀ 'ਚੋਂ ਇਕ ਗੱਲ ਢਿੱਲੇ ਜਿਹੇ ਮੂੰਹ ਨਾਲ ਕਹਿ ਕੇ ਉਤਰ ਗਿਆ, 'ਮਦਾਰੀਆਂ ਵਾਂਗ ਔਰਤ ਦੇ ਜੰਤਰ-ਮੰਤਰ ਨੂੰ ਸਮਝਣਾ ਮਨੁੱਖ ਲਈ ਹਾਲੇ ਔਖਾ ਹੈ। ਇਸ ਲਈ ਹੁਸਨ ਉਹਨੂੰ ਜਮੂਰਾ ਬਣਾਉਂਦਾ ਆਇਆ ਹੈ।'

ਪਾਪ ਵਧਣ ਕਰਕੇ ਹੀ ਸ਼ਰਧਾਲੂਆਂ ਦੀ ਭੀੜ 'ਚ ਸੰਤ ਸੁੰਗੜ ਗਏ ਹਨ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਸੋਕੇ-ਡੋਬੇ

ਪਹਿਲਾਂ ਬੂੰਦ ਬੂੰਦ ਨੂੰ ਤਰਸਦਾ ਸੀ, ਹੁਣ ਹੜ੍ਹਾਂ ਨੇ ਮਾਰ ਲਈ ਮੱਤ ਮੀਆਂ।
ਮਾੜੇ ਕਿੰਨੇ ਮੁਕੱਦਰ ਪੰਜਾਬ ਦੇ ਨੇ, ਵੱਜੀ ਕਾਮੇ ਦੇ ਢਿੱਡ ਵਿਚ ਲੱਤ ਮੀਆਂ।
ਅੰਨਦਾਤੇ ਨੇ ਦਾਤੇ ਦੇ ਹੱਥ ਦੇਖੇ, ਇੰਦਰ ਦੇਵਤੇ ਨੇ ਕਰੀ ਕੁਪੱਤ ਮੀਆਂ।
ਕਰਜ਼ੇ ਹੇਠ ਜੋ ਪਹਿਲਾਂ ਸੀ ਪਿਆ ਦੱਬਿਆ, ਮਾਰੀ ਫੇਰ ਕਪਾਲ 'ਚ ਘੱਤ ਮੀਆਂ।
ਘੱਗਰ ਭੂਤਰੇ ਨੂੰ ਨਹੀਂ ਪੈਂਦੀ ਨੱਥ ਦੇਖੋ, ਚੁੱਕੀ ਸਾਨ੍ਹ ਨੇ ਗਊਆਂ ਵਿਚ ਅੱਤ ਮੀਆਂ।
ਅੱਗੇ ਸਾਉਣ ਤੇ ਭਾਦੋਂ ਵਿਚ ਛੱਤ ਚੋਵੇ, ਹੁਣ ਤਾਂ ਪਾਣੀ ਵਿਚ ਡੁੱਬ ਗਈ ਛੱਤ ਮੀਆਂ।
ਤੀਲਾ ਫਿਕਰ 'ਚ ਸੁੱਕ ਸੁਖਬੀਰ ਹੋਇਐ? ਦੁਖੀ ਦੇਣਗੇ ਕਿਥੇ ਵਡੱਤ ਮੀਆਂ।
ਮਾਰ ਸੋਕਿਆਂ ਡੋਬਿਆਂ ਦੀ ਆਏ ਝੱਲਦੇ, ਵੇਖੇ ਡਾਢੇ ਦੇ ਲੰਮੇ ਨੇ ਹੱਥ ਮੀਆਂ।
ਬੰਦਾ ਹੋਵੇ ਪਿਆਰ ਨਾਲ ਗਲੇ ਲਾਈਏ, ਦੇਵੇ ਕੁਦਰਤ ਨੂੰ ਕਿਹੜਾ ਸੁਮੱਤ ਮੀਆਂ।
ਚੂਹੇ ਟੱਲੀਆਂ ਵਜਾਉਂਦੇ ਫਿਰਨ ਲੱਖਾਂ, ਕਿਥੇ ਬਿੱਲੀ ਦੇ ਪੈਂਦੀ ਏ ਨੱਥ ਮੀਆਂ?

## ਤੁਹਾਡੀ ਗੱਲ

# ਗੁਰਮਤਿ ਅਤੇ ਸੂਫੀਵਾਦ ਬਾਰੇ ਚਰਚਾ

**ਹਰਜਿੰਦਰ ਦੁਸਾਂਝ***

ਇਕ ਵੱਖਰੀ ਦਿੱਖ ਅਤੇ ਅਦਾ ਨਾਲ ਪੰਜਾਬੀ ਗਾਇਕੀ ਦੇ ਪਿੜ 'ਚ ਵੜ੍ਹੇ ਸਰਤਾਜ ਨਾਲ ਸੂਫੀ ਗਾਇਕੀ ਅਤੇ ਸ਼ਾਇਰੀ ਬਾਰੇ ਪੰਜਾਬੀ ਮੀਡੀਏ 'ਚ ਤੁਰੀ ਚਰਚਾ ਸ਼ਾਇਰੀ ਅਤੇ ਗਾਇਕੀ ਦੀਆਂ ਹੱਦਾਂ ਟੱਪ ਕੇ ਸੂਫੀਵਾਦ ਅਤੇ ਸਿੱਖ ਫਲਸਫੇ ਦੀ ਸਿਧਾਂਤਕ ਸਾਂਝ ਅਤੇ ਵਖਰੇਵਿਆਂ ਤਕ ਪੁੱਜ ਗਈ। ਕੁਝ ਅਖਬਾਰਾਂ ਨੇ ਸੂਫੀਵਾਦ ਅਤੇ ਸਿੱਖ ਫਲਸਫੇ ਦੇ ਟਕਰਾ ਵਾਲੇ ਲੇਖ ਵੀ ਛਾਪੇ ਹਨ। ਇਤਿਹਾਸ ਅਤੇ ਫਲਸਫੇ 'ਚ ਰੁਚੀ ਰੱਖਣ ਵਾਲਿਆਂ ਨੂੰ ਪਤਾ ਹੈ ਕਿ 'ਸੂਫੀਵਾਦ ਅਤੇ ਸਿੱਖ ਫਲਸਫਾ' ਇਕ ਬਹੁਤ ਹੀ ਅਹਿਮ ਤੇ ਗੰਭੀਰ ਵਿਸ਼ਾ ਹੈ। ਅਧਿਐਨ ਪੱਖੋਂ ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਫਿਰ ਵੀ ਇਹ ਵਿਸ਼ਾ ਖੋਜਕਾਰਜਾਂ ਲਈ ਮੋਕਲਾ ਪਿਆ ਹੈ। ਇਸ ਵਿਸ਼ੇ ਬਾਰੇ ਅਖਬਾਰੀ ਲੇਖਾਂ ਦੇ ਦਾਇਰੇ 'ਚ ਰਹਿ ਕੇ ਵਿਚਾਰ ਕਰਨੀ ਸੰਭਵ ਨਹੀਂ ਲਗਦੀ। ਸਿੱਖ ਧਰਮ ਅਤੇ ਸੂਫੀ ਵਿਚਾਰਧਾਰਾ ਵਿਚ ਭਾਵੇਂ ਕੁਝ ਵਖਰੇਵੇਂ ਹਨ ਪਰ ਇਨ੍ਹਾਂ ਦੀ ਸਿਧਾਂਤਕ ਨੇੜਤਾ ਅਤੇ ਇਤਿਹਾਸਕ ਸਾਂਝ ਦੋਵਾਂ ਦਾ ਤੋੜ-ਵਿਛੋੜਾ ਵੀ ਨਹੀਂ ਕਰ ਸਕਦੇ।

ਗੁਰੂ ਸਾਹਿਬਾਨ ਦੇ ਮੁਗਲਾਂ ਨਾਲ ਸਬੰਧਾਂ ਅਤੇ 1947 ਦੀ ਵੰਡ ਨੇ ਸਿੱਖਾਂ ਅਤੇ ਮੁਸਲਮਾਨਾਂ ਦੇ ਆਪਸੀ ਸਬੰਧਾਂ ਨੂੰ ਏਨਾ ਧੁੰਦਲਾ ਕੀਤਾ ਹੋਇਆ ਹੈ ਕਿ ਦੋਵੇਂ ਪੰਜਾਬੀ ਭਾਈਚਾਰਿਆਂ ਦੀ ਬਹੁ-ਗਿਣਤੀ ਆਪਣੇ ਆਪ ਨੂੰ ਇਕ ਦੂਜੇ ਦੀ ਵਿਰੋਧੀ ਸਮਝਦੀ ਹੈ ਜਿਸ ਦੀ ਬਦੌਲਤ ਅਸੀਂ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਤੇ ਸੂਫੀ ਸਿਧਾਂਤਾਂ ਦੀ ਸਾਂਝ ਨੂੰ ਵੀ ਨਫ਼ਰਤ ਦੀ ਭੇਟ ਚੜ੍ਹਾ ਦਿੰਦੇ ਹਾਂ।

ਇਤਿਹਾਸ ਗਵਾਹ ਹੈ, ਗੁਰੂ ਨਾਨਕ ਸਾਹਿਬ ਦੇ ਸਭ ਤੋਂ ਨੇੜਲੇ ਵਿਸ਼ਵਾਸੀ ਭਾਈ ਮਰਦਾਨਾ ਸੂਫ਼ੀ ਵਿਚਾਰਧਾਰਾ ਦੇ ਧਾਰਨੀ ਸਨ। ਮਰਦੇ ਦਮ ਤਕ ਗੁਰੂ ਸਾਹਿਬ ਦੇ ਅੰਗ ਸੰਗ ਰਹੇ ਤੇ ਸੂਫ਼ੀਵਾਦ ਦਾ ਦਾਮਨ ਨਹੀਂ ਛੱਡਿਆ। ਏਨਾ ਹੀ ਨਹੀਂ ਗੁਰੂ ਸਾਹਿਬਾਨ ਦੇ ਸੂਫ਼ੀ ਸੰਤਾਂ ਨਾਲ ਸੁਖਾਵੇਂ ਸੰਬੰਧਾਂ ਦੀ ਗਵਾਹੀ ਉਨ੍ਹਾਂ ਦੀ ਮੱਕੇ ਅਤੇ ਬਗਦਾਦ ਦੀ ਯਾਤਰਾ ਤੋਂ ਮਿਲ ਜਾਂਦੀ ਹੈ। ਗੁਰੂ ਸਾਹਿਬ ਬਗਦਾਦ ਇਸੇ ਲਈ ਗਏ ਸਨ ਕਿਉਂਕਿ ਇਹ ਉਸ ਵਕਤ ਸੂਫ਼ੀਵਾਦ ਦਾ ਇਕ ਵੱਡਾ ਕੇਂਦਰ ਸੀ। ਬਗਦਾਦ ਵਿਖੇ ਸੂਫੀ ਸੰਤ ਹਜ਼ਰਤ ਬਹਿਲੋਲ ਦੁਨਾਈ ਦੀ ਦਰਗਾਹ ਉਤੇ ਗੁਰੂ ਨਾਨਕ ਸਾਹਿਬ ਦਾ ਜੋੜਾ (ਅਰਬ ਰਵਾਇਤਾਂ ਵਾਲਾ), ਇਕ ਚਤਾਈ (ਮੈਟ), ਇਕ ਕੰਬਲ ਅਤੇ ਗੁਰੂ ਸਾਹਿਬ ਦੇ ਹੱਥਾਂ ਦੀ ਛੋਹ ਪ੍ਰਾਪਤ ਕੁਰਾਨ ਦੀ ਜਿਲਦ ਸਾਂਭੀ ਪਈ ਹੈ। ਹਜ਼ਰਤ ਬਹਿਲੋਲ ਦੀ ਦਰਗਾਹ ਦੇ ਵਾਰਿਸ ਦਾਅਵਾ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਉਥੇ ਸੂਫੀ ਫਕੀਰਾਂ ਨਾਲ ਛੇ ਮਹੀਨੇ ਦੇ ਕਰੀਬ ਸਮਾਂ ਬਿਤਾਇਆ। ਸੂਫੀ ਸਾਈਂ ਮੀਆਂ ਮੀਰ ਜਦੋਂ ਸੂਬਾ ਸਿੰਧ ਤੋਂ ਲਾਹੌਰ ਆਏ ਤਾਂ ਗੁਰੂ ਅਰਜਨ ਸਾਹਿਬ ਨੇ ਉਚੇਚੇ ਤੌਰ 'ਤੇ ਅੰਮ੍ਰਿਤਸਰ ਆਉਣ ਦਾ ਸੱਦਾ ਦਿੱਤਾ ਅਤੇ ਪਾਵਨ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦਾ ਮਾਣ ਵੀ ਉਨ੍ਹਾਂ ਨੂੰ ਦਿੱਤਾ। ਇਸ ਤੋਂ ਬਿਨਾਂ ਸਰਹਿੰਦ ਵਾਲੇ ਸੂਫ਼ੀ ਫਕੀਰ ਸ਼ੇਖ ਅਹਿਮਦ ਸਰਹਿੰਦੀ ਹੁਰਾਂ ਦੇ ਵੀ ਗੁਰੂ ਘਰ ਨਾਲ ਬੜੇ ਨੇੜੇ ਦੇ ਸਬੰਧ ਸਨ। ਆਦਿ ਗ੍ਰੰਥ ਦੀ ਸੰਪਾਦਨਾ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਸੂਫ਼ੀ ਭਗਤ ਭੀਖਣ ਸ਼ਾਹ, ਬਾਬਾ ਫਰੀਦ ਅਤੇ ਭਗਤ ਸਧਨਾ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਦਾ ਦਰਜਾ ਦਿੱਤਾ। ਭਗਤ ਕਬੀਰ ਜਿਹੜੇ ਹਿੰਦੂ ਭਗਤੀ ਲਹਿਰ ਅਤੇ ਸੂਫ਼ੀਵਾਦ ਵਿਚਾਲੇ ਇਕ ਕੜੀ ਹਨ, ਦੀ ਬਾਣੀ ਵੀ ਆਦਿ ਗ੍ਰੰਥ 'ਚ ਸ਼ਾਮਿਲ ਕੀਤੀ। ਅੱਜ ਜਦੋਂ ਸਿੱਖ ਦਾ ਸਿਰ ਗੁਰੂ ਗ੍ਰੰਥ ਸਾਹਿਬ ਅੱਗੇ ਝੁਕਦਾ ਹੈ ਤਾਂ ਇਨ੍ਹਾਂ ਸੂਫ਼ੀ ਵਿਚਾਰਧਾਰਾ ਦੇ ਸੰਤਾਂ ਅੱਗੇ ਵੀ ਝੁਕਦਾ ਹੈ। ਪੀਰ ਭੀਖਣ ਸ਼ਾਹ ਵੀ ਸੂਫ਼ੀ ਸਨ, ਗੁਰੂ ਸਾਹਿਬ ਦੇ ਮਿਸ਼ਨ ਖਾਤਿਰ ਆਪਣਾ ਸਰਬੰਸ ਕੁਰਬਾਨ ਕਰਨ ਵਾਲੇ ਪੀਰ ਬੁੱਧੂ ਸ਼ਾਹ ਵੀ ਸੂਫੀ ਸਨ। ਗੁਰੂ ਗੋਬਿੰਦ ਸਿੰਘ ਹੁਰਾਂ ਨੂੰ ਉਚ ਦਾ ਪੀਰ ਬਣਾ ਕੇ ਮੁਗਲਾਂ ਦੇ ਘੇਰੇ 'ਚੋਂ ਬਾਹਰ ਕੱਢਣ ਵਾਲੇ ਨਬੀ ਖਾਨ ਤੇ ਗਨੀ ਖਾਨ ਭਰਾ ਵੀ ਸੂਫੀ ਵਿਚਾਰਧਾਰਾ 'ਚ ਆਸਥਾ ਰੱਖਦੇ ਸਨ।

ਸਿੱਖ ਧਰਮ ਅਤੇ ਸੂਫੀ ਵਿਚਾਰਧਾਰਾ ਦਾ ਮਨੋਰਥ ਸਾਂਝਾ ਹੈ। ਇਕ ਸਾਫ ਸੁਥਰਾ ਤੇ ਲੁੱਟ-ਘਸੁੱਟ ਰਹਿਤ ਸਮਾਜ ਸਿਰਜਣਾ। ਇਸੇ ਲਈ ਤਾਂ ਪੀਰ ਬੁੱਧੂ ਸ਼ਾਹ ਹੁਰਾਂ ਨੇ ਗੁਰੂ ਸਾਹਿਬ ਵਾਂਗ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ਸੀ। ਔਰੰਗਜੇਬ ਨੇ ਜਦੋਂ ਰਾਜ ਭਾਗ ਦੀ ਖਾਤਰ ਆਪਣੇ ਘਰ ਦੇ ਜੀਆਂ ਦਾ ਜੀਆਘਾਤ ਸ਼ੁਰੂ ਕੀਤਾ ਤਾਂ ਗੁਰੂ ਘਰ ਨੇ ਉਸ ਦੇ ਭਰਾ ਦਾਰਾ ਸ਼ਿਕੋਹ ਦਾ ਸਾਥ ਦਿੱਤਾ। ਦਾਰਾ ਸ਼ਿਕੋਹ ਖੁਦ ਸੂਫੀ ਵਿਚਾਰਾਂ ਦਾ ਧਾਰਨੀ ਸੀ। ਦਾਰਾ ਸ਼ਿਕੋਹ ਨੂੰ ਧੋਖੇ ਨਾਲ ਕਾਬੂ ਕਰ ਲੈਣ ਤੋਂ ਬਾਅਦ ਜਦੋਂ ਔਰੰਗਜ਼ੇਬ ਨੇ ਕਹਿਰ ਵਰਤਾਉਣਾ ਸ਼ੁਰੂ ਕੀਤਾ ਤਾਂ ਜਿਹੜੀ ਨੀਤੀ ਉਸ ਦੀ ਸਿੱਖਾਂ ਬਾਰੇ ਸੀ, ਉਹੀ ਨੀਤੀ ਸੂਫੀ ਸੰਤਾਂ ਬਾਰੇ ਵੀ ਸੀ। ਉਸ ਨੇ ਦਿੱਲੀ ਦੇ ਆਸ-ਪਾਸ ਦੇ ਅਨੇਕਾਂ ਸੂਫੀ ਕੇਂਦਰ ਤਬਾਹ ਕੀਤੇ। ਇਹ ਵੀ ਇਕ ਦੁਖਦਾਈ ਪਹਿਲੂ ਹੈ ਕਿ ਭਾਰਤ ਦੇ ਲੋਕ ਮੁਗਲਾਂ ਨੂੰ ਮੁਸਲਮਾਨ ਸਮਝਦੇ ਹਨ ਕਿ ਅਰਬ ਲੋਕਾਂ ਨੇ ਮੁਗਲਾਂ (ਮੁਗਲ ਦਾ ਅਰਥ ਹੈ ਮੰਗੋਲ) ਨੂੰ ਕਦੇ ਵੀ ਮੁਸਲਮਾਨ ਨਹੀਂ ਮੰਨਿਆ। ਇਤਿਹਾਸ ਵਿਚ ਉਹ ਇਨ੍ਹਾਂ ਨੂੰ ਇਸਲਾਮ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੁਰਕ ਲੁਟੇਰੇ ਸਮਝਦੇ ਹਨ। ਸੂਫੀਵਾਦ ਤੇ ਇਸਲਾਮ ਦੇ ਕੱਟੜ ਮਜ਼ਹਬੀ ਲੋਕਾਂ ਦਾ ਹਮੇਸ਼ਾ ਆਪਸ 'ਚ ਟਕਰਾ ਰਿਹਾ ਹੈ। ਇੰਗਲੈਂਡ ਦੀ ਕੌਮਾਂਤਰੀ ਪ੍ਰਸਿੱਧੀ ਵਾਲੀ ਇਤਿਹਾਸਕਾਰਾ ਅਲੀਸ ਅਲਬੀਨੀਆ ਨੇ ਆਪਣੀ ਤਾਜ਼ੀ ਕਿਤਾਬ 'ਦੀ ਸਟੋਰੀ ਆਫ ਇੰਡਸ ਰਿਵਰ' (ਸਿੰਧ ਦਰਿਆ ਦੀ ਕਹਾਣੀ) ਵਿਚ ਜ਼ਿਕਰ ਕੀਤਾ ਹੈ ਕਿ ਸਿੰਧ ਸੂਬੇ 'ਚ ਸੂਫੀ ਸੰਤ ਸ਼ਾਹ ਅਨਾਇਤ ਅਤੇ ਪੰਜਾਬ 'ਚ ਗੁਰੂ ਨਾਨਕ ਦੇ ਮਿਸ਼ਨ ਵਲੋਂ ਜਿਵੇਂ ਅਨਾਰਕੀ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਗਈ, ਉਹ ਕਿਸੇ ਤਰ੍ਹਾਂ ਫਰਾਂਸ ਦੀ ਕ੍ਰਾਂਤੀ ਨਾਲੋਂ ਘੱਟ ਨਹੀਂ ਪਰ ਕੌਮਾਂਤਰੀ ਪੱਧਰ ਉਤੇ ਇਸ ਦਾ ਫਰਾਂਸ ਦੀ ਕ੍ਰਾਂਤੀ ਵਾਂਗ ਪ੍ਰਚਾਰ ਨਹੀਂ ਹੋ ਸਕਿਆ। ਇਸ ਗੱਲ ਨਾਲ ਸੂਫੀਵਾਦ ਤੇ ਸਿੱਖ ਧਰਮ ਦੇ ਸੰਬੰਧਾਂ ਦੀ ਸਾਂਝ ਹੋਰ ਪਕੇਰੀ ਹੋਣ ਦੀ ਪੁਸ਼ਟੀ ਹੁੰਦੀ ਹੈ।

ਪੰਜਾਬ ਦੇ ਬਹੁਤ ਸਾਰੇ ਸਾਹਿਤਕਾਰ ਤੇ ਆਲੋਚਕ ਜਦੋਂ ਸੂਫੀਵਾਦ ਦੀ ਗੱਲ ਕਰਦੇ ਹਨ ਤਾਂ ਉਹ ਪੰਜਾਬ ਦੇ ਕਿੱਸਾਕਾਰਾਂ ਤੋਂ ਅੱਗੇ ਨਹੀਂ ਤੁਰਦੇ। ਉਹ ਗੁਰੂ ਸਾਹਿਬਾਨ ਦੇ ਸੂਫੀਵਾਦ ਨਾਲ ਸਬੰਧ ਇਨ੍ਹਾਂ ਕਿੱਸਾਕਾਰਾਂ ਦੇ ਸੰਦਰਭ 'ਚ ਹੀ ਦੇਖਦੇ ਹਨ। ਇਨ੍ਹਾਂ ਸੂਫੀ ਕਿੱਸਾਕਾਰਾਂ ਨੇ ਆਤਮਾ ਤੇ ਪਰਮਾਤਮਾ ਦੇ ਪਿਆਰ ਨੂੰ ਦਰਸਾਉਣ ਲਈ ਪੰਜਾਬ 'ਚ ਪ੍ਰਚੱਲਤ ਪਿਆਰ ਗਾਥਾਵਾਂ ਨੂੰ ਆਧਾਰ ਬਣਾਇਆ। ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ 'ਚ ਇਨ੍ਹਾਂ ਪਿਆਰ ਗਾਥਾਵਾਂ ਦਾ ਜ਼ਿਕਰ ਕੀਤਾ ਹੈ। ਭਾਵੇਂ ਬਾਬਾ ਬੁਲ੍ਹੇਸ਼ਾਹ ਤੇ ਸੁਲਤਾਨ ਬਾਹੂ ਵਰਗੇ ਸੂਫੀਆਂ ਨੇ ਆਪਣੀਆਂ ਰਚਨਾਵਾਂ 'ਚ ਅਧਿਆਤਮਿਕਤਾ ਦਾ ਪੱਲਾ ਨਹੀਂ ਛੱਡਿਆ ਪਰ ਗੁਰੂ ਸਾਹਿਬਾਨ ਦੀ ਗੁਰਬਾਣੀ ਸਬੰਧੀ ਕਸਵੱਟੀ ਤੋਂ ਇਹ ਥੱਲੇ ਰਹਿ ਜਾਂਦੇ ਹਨ, ਕਿਉਂਕਿ ਇਹ ਇਸ਼ਕ ਇਲਾਹੀ ਤੇ ਇਸ਼ਕ ਲੋਕਾਈ ਨੂੰ ਰਲਗੱਡ ਕਰ ਜਾਂਦੇ ਹਨ। ਜੇਕਰ ਗੁਰੂ ਸਾਹਿਬਾਨ ਨੇ ਇਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਵਾਲੀ ਮਾਨਤਾ ਨਹੀਂ ਦਿੱਤੀ ਤਾਂ ਅਸੀਂ ਸੂਫੀਵਾਦ ਨਾਲ ਗੁਰੂ ਸਾਹਿਬਾਨ ਦੇ ਸਮੁੱਚੇ ਸੰਬੰਧਾਂ ਨੂੰ ਅਤੇ ਬਾਬਾ ਫਰੀਦ, ਭਗਤ ਸਧਨਾ ਤੇ ਭਗਤ ਭੀਖਣ ਸ਼ਾਹ ਨੂੰ ਤੇ ਉਨ੍ਹਾਂ ਦੀ ਬਾਣੀ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ।

ਸੂਫੀਵਾਦ ਅਤੇ ਸਿੱਖ ਧਰਮ ਦੇ ਸਬੰਧ ਕੇਵਲ ਪੰਜਾਬ ਤਕ ਸੀਮਤ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਸਮੁੱਚੇ ਬ੍ਰਹਿਮੰਡ ਤਕ ਫੈਲੇ ਹੋਏ ਹਨ ਪਰ ਪੰਜਾਬ ਦੇ ਬਹੁਤੇ ਸਾਹਿਤਕਾਰ ਸੂਫੀਆਂ ਨੂੰ ਗਾਉਣ-ਵਜਾਉਣ ਵਾਲਿਆਂ ਦੇ ਦਾਇਰੇ ਵਿਚ ਹੀ ਰੱਖ ਕੇ ਦੇਖਦੇ ਹਨ ਕਿਉਂਕਿ ਕੁਝ ਸੂਫੀਆਂ ਨੇ ਆਪਣੇ ਆਪ ਨੂੰ ਇਥੋਂ ਤਕ ਹੀ ਸੀਮਤ ਕਰ ਲਿਆ ਸੀ।

ਸੂਫੀਆਂ ਦਾ ਸਬੰਧ ਭਾਵੇਂ ਇਸਲਾਮ ਧਰਮ ਨਾਲ ਹੈ ਪਰ ਇਹ ਇਸਲਾਮ ਧਰਮ ਦੇ ਸਕਾਲਰ ਹਨ। ਇਸੇ ਕਰਕੇ ਇਨ੍ਹਾਂ ਦਾ ਸ਼ੁਰੂ ਤੋਂ ਲੈ ਕੇ ਹੁਣ ਤਕ ਮੂਲਵਾਦੀਆਂ ਨਾਲ ਟਕਰਾ ਹੈ। ਸੂਫੀਵਾਦ ਦੀ ਚੜ੍ਹਤ ਦੇ ਦਿਨਾਂ 'ਚ ਹੀ ਇਸਲਾਮ ਅਰਬ 'ਚੋਂ ਅਮਨ ਦੇ ਪੈਗਾਮ ਲੈ ਕੇ ਦੁਨੀਆਂ 'ਚ ਫੈਲਿਆ, ਉਦੋਂ ਹੀ ਅਰਬਾਂ ਨੇ ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ ਅਤੇ ਡਾਕਟਰੀ ਵਿਦਿਆ 'ਚ ਦੁਨੀਆਂ ਨੂੰ ਅਹਿਮ ਦੇਣ ਦਿੱਤੀ। ਅਰਬਾਂ ਨੇ ਜਦੋਂ ਸੂਫੀਵਾਦ ਦਾ ਰਾਹ ਛੱਡ ਕੇ ਤਾਕਤ ਨਾਲ ਇਸਲਾਮ ਫੈਲਾਉਣ ਦਾ ਰਾਹ ਫੜਿਆ, ਇਸਲਾਮ ਦਾ ਘੇਰਾ ਵੀ ਛੋਟਾ ਹੋਇਆ ਤੇ ਸਮੁੱਚਾ ਇਸਲਾਮੀ ਅਵਾਮ ਸ਼ੱਕ ਤੇ ਨਫਰਤ ਦੇ ਘੇਰੇ 'ਚ ਘਿਰ ਗਿਆ।

ਸ਼ੁਰੂ 'ਚ ਸੂਫੀ ਇਸਲਾਮ ਧਰਮ ਦੇ ਬਾਨੀ ਹਜਰਤ ਮੁਹੰਮਦ ਸਾਹਿਬ ਦੀਆਂ ਸਿਖਿਆਵਾਂ ਨੂੰ, ਮੁਹੰਮਦ ਸਾਹਿਬ ਤੋਂ ਪਹਿਲੇ ਧਾਰਮਿਕ ਗ੍ਰੰਥਾਂ ਦੇ ਹਵਾਲੇ ਅਤੇ ਵੱਖੋ-ਵੱਖਰੇ ਭਾਈਚਾਰਿਆਂ ਦੇ ਸੱਭਿਆਚਾਰ ਨਾਲ ਮੇਲ ਕੇ ਇਕ ਚੰਗਾ ਸਮਾਜ ਸਿਰਜਣ ਦਾ ਪ੍ਰਚਾਰ ਕਰਦੇ ਸਨ। ਅੱਜ ਵੀ ਬਹੁਤ ਸਾਰੇ ਸੂਫੀ ਰਾਮ, ਕ੍ਰਿਸ਼ਨ ਅਤੇ ਬੁੱਧ ਨੂੰ ਆਪਣੇ ਸਮੇਂ ਦੇ ਪੈਗੰਬਰ ਮੰਨਦੇ ਹਨ। ਯਹੂਦੀਆਂ ਤੇ ਈਸਾਈਆਂ ਨਾਲ ਇਨ੍ਹਾਂ ਦੀ ਇਤਿਹਾਸਕ ਸਾਂਝ ਨੂੰ ਤਾਂ ਵੱਖ ਹੀ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਨੂੰ ਇਹ ਪੈਗੰਬਰ ਦਾ ਰੁਤਬਾ ਦਿੰਦੇ ਹਨ, ਭਾਵੇਂ ਕੱਟੜ ਮੁਸਲਮਾਨ ਇਨ੍ਹਾਂ ਦਾ ਵਿਰੋਧ ਕਰਦੇ ਹਨ।

ਹਜਰਤ ਮੁਹੰਮਦ ਦੀ ਮੌਤ ਤੋਂ ਬਾਅਦ ਜਦੋਂ ਤੀਜੇ ਖਲੀਫ਼ੇ ਨੇ ਕੁਰਾਨ ਸ਼ਰੀਫ ਪ੍ਰਕਾਸ਼ਤ ਕੀਤੀ ਤਾਂ ਸੂਫੀਆਂ ਤੇ ਧਾਰਮਿਕ ਕੱਟੜਪ੍ਰਸਤਾਂ 'ਚ ਟਕਰਾ ਸ਼ੁਰੂ ਹੋ ਗਿਆ। ਸੂਫੀਵਾਦ ਅੱਜ ਪੂਰੇ ਸੰਸਾਰ 'ਚ ਫੈਲਿਆ ਹੋਇਆ ਹੈ। ਹਰ ਦੇਸ਼ ਵਿਚ ਇਹ ਉਥੋਂ ਦੇ ਸੱਭਿਆਚਾਰ 'ਚ ਰਚ-ਮਿਚ ਕੇ ਚੰਗਾ ਸਮਾਜ ਸਿਰਜਣ ਦੀ ਪ੍ਰਕਿਰਿਆ 'ਚ ਸਰਗਰਮ ਹਨ। ਪੰਜਾਬ 'ਚ ਆਏ ਸੂਫੀਆਂ ਨੇ ਵੀ ਪੰਜਾਬੀ ਸੱਭਿਆਚਾਰ ਨੂੰ ਅਪਨਾ ਕੇ ਚੰਗੇ ਸਮਾਜ ਦੇ ਨਿਰਮਾਣ ਲਈ ਜਦੋਜਹਿਦ 'ਚ ਅਹਿਮ ਰੋਲ ਅਦਾ ਕੀਤਾ। ਭਾਵੇਂ ਕੁਝ ਸੂਫੀਆਂ ਦੀ ਰਚਨਾ ਬਾਣੀ ਦੇ ਪੱਧਰ ਤੋਂ ਬਹੁਤ ਥੱਲੇ ਦੀ ਹੈ ਪਰ ਉਸ ਸਮੇਂ ਦੀ ਸੱਭਿਆਚਾਰਕ ਤੇ ਰਾਜਸੀ ਸੱਚਾਈ ਦਾ ਇਤਿਹਾਸ ਛੁਪਿਆ ਪਿਆ ਹੈ। ਦੂਜਾ ਕੁਝ ਕਿੱਸਾਕਾਰਾਂ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਸਮੁੱਚੀ ਮਨੁੱਖਤਾ ਨੂੰ ਉਨ੍ਹਾਂ ਵਲੋਂ ਦਿੱਤੀ ਦੇਣ ਨੂੰ ਕਦੇ ਵੀ ਛੋਟਾ ਕਰਕੇ ਨਹੀਂ ਦੇਖਿਆ ਜਾ ਸਕਦਾ। ਜਿਹੜੇ ਲੋਕ ਭਾਰਤ ਨੂੰ ਭਗਵੇਂ ਰੰਗ 'ਚ ਰੰਗਣਾ ਚਾਹੁੰਦੇ ਹਨ, ਉਹ ਭੁੱਲ ਜਾਂਦੇ ਹਨ ਕਿ ਉਪਨਿਸ਼ਦਾਂ ਦਾ ਅਰਬੀ-ਫਾਰਸੀ 'ਚ ਪਹਿਲਾ ਤਰਜ਼ਮਾ ਸੂਫੀਆਂ ਨੇ ਹੀ ਕੀਤਾ ਸੀ। ਸਭ ਤੋਂ ਪਹਿਲਾਂ ਇਹ ਕੰਮ ਦਾਰਾ ਸ਼ਿਕੋਹ ਨੇ ਕੀਤਾ, ਫਿਰ ਬਹਾਦਰ ਸ਼ਾਹ ਪਹਿਲੇ ਨੇ ਅਤੇ ਬਹਾਦਰ ਸ਼ਾਹ ਜ਼ਫਰ ਨੇ ਜਾਰੀ ਰੱਖਿਆ।

ਇਹ ਵੀ ਇਤਫਾਕ ਹੀ ਹੋਇਆ ਜਦੋਂ ਇਹ ਲਾਈਨਾਂ ਲਿਖ ਰਿਹਾ ਸਾਂ ਤਾਂ ਲਾਹੌਰ 'ਚ ਤਾਲਿਬਾਨ ਮਜ਼ਹਬਪ੍ਰਸਤਾਂ ਨੇ ਇਕ ਸੂਫੀ ਮਜ਼ਾਰ ਉਤੇ ਹਮਲਾ ਕਰਕੇ ਦੋ ਦਰਜਨ ਲੋਕ ਮਾਰ ਦਿੱਤੇ। ਸੋ ਜਿਹੜੇ ਕੱਟੜ ਮਜ਼ਹਬੀ ਮੁਸਲਮਾਨ, ਗੈਰ ਮੁਸਲਮਾਨਾਂ ਦੇ ਖਿਲਾਫ ਹਨ, ਉਹ ਸੂਫੀਆਂ ਦੇ ਵੀ ਖਿਲਾਫ ਹਨ।

*ਫੋਨ:530-301-1753

# ਸਿੱਖਿਆ ਦੀ ਡੁੱਬਦੀ ਬੇੜੀ ਬਚਾਉਣ ਲਈ ਜਾਗਦੀ ਜ਼ਮੀਰ ਵਾਲਿਆਂ ਨੂੰ ਹੋਕਾ

**ਡਾ. ਦੇਵਿੰਦਰ ਸੈਫ਼ੀ**

ਔਰੰਗਜ਼ੇਬ ਦੇ ਰਾਜਕਾਲ ਦੀ ਘਟਨਾ ਸੁਣਦੇ ਹਾਂ ਕਿ ਉਸ ਦੌਰ ਵਿਚ ਸੰਗੀਤ ਤੇ ਸੰਗੀਤਕਾਰਾਂ ਦੀ ਦੁਨੀਆਂ ਨਾਲ ਏਨੀ ਬੁਰੀ ਹੋਈ ਜਿਸ ਕਰਕੇ ਸੰਗੀਤਕਾਰਾਂ ਨੂੰ ਇਕ ਸਵਾਂਗ ਰਚਣਾ ਪਿਆ। ਪ੍ਰਸਿੱਧ ਸੰਗੀਤਕਾਰਾਂ ਨੇ ਸੰਗੀਤ ਦਾ ਜਨਾਜ਼ਾ ਬਣਾ ਕੇ ਔਰੰਗਜ਼ੇਬ ਦੇ ਮਹਿਲਾਂ ਅੱਗੋਂ ਲੰਘਣ ਦੀ ਯੋਜਨਾ ਬਣਾਈ। ਉਨ੍ਹਾਂ ਦਾ ਖ਼ਿਆਲ ਸੀ, ਸ਼ਾਇਦ ਇਸ ਵਿਧੀ ਨਾਲ ਔਰੰਗਜ਼ੇਬ ਦੀ ਜੰਗਾਲੀ ਹੋਈ ਸੰਗੀਤਕ ਸੂਝ ਉਪਰ ਰੇਗਮਾਰ ਮਾਰ ਸਕੀਏ, ਉਸ ਦੀ ਸੁੱਤੀ ਜ਼ਮੀਰ ਨੂੰ ਹਲੂਣ ਸਕੀਏ। ਪਰ ਅਫਸੋਸ! ਔਰੰਗਜ਼ੇਬ ਨੇ ਇਸ ਜਨਾਜ਼ੇ ਨੂੰ ਵੇਖ ਕੇ ਕਿਹਾ ਸੀ, "ਇਸ ਨੂੰ ਇੰਨਾ ਡੂੰਘਾ ਦਫਨਾਉ ਕਿ ਮੁੜ ਕਦੇ ਕਬਰ 'ਚੋਂ ਬਾਹਰ ਨਾ ਆ ਸਕੇ।" ਹੁਣ ਪੰਜਾਬ ਦੇ ਸਿਖਿਆ ਸ਼ਾਸਤਰੀ, ਲੇਖਕ, ਸੰਪਾਦਕ, ਪੱਤਰਕਾਰ, ਕਲਾ ਪ੍ਰੇਮੀ, ਰਾਜਨੀਤਕ ਤੇ ਸਮਾਜਕ ਚਿੰਤਕ ਅੱਜ ਦੇ ਔਰੰਗਜੇਬਾਂ ਦੇ ਮਹਿਲਾਂ ਅੱਗੋਂ ਸਿੱਖਿਆ ਦੇ ਕਿੰਨੇ ਕੁ ਜਨਾਜ਼ੇ ਲੈ ਕੇ ਲੰਘਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਨੂੰ ਇਤਿਹਾਸ ਦੇ ਕਟਹਿਰੇ ਵਿਚ ਲਿਆ ਕੇ ਇਨ੍ਹਾਂ ਦੀ ਅਕਲ ਦੇ ਜਨਾਜ਼ਿਆਂ ਨੂੰ ਯੁੱਗਾਂ-ਯੁੱਗਾਂ ਤਕ ਲਾਂਬੂ ਲਾਉਂਦੇ ਰਹਿਣ? ਔਰੰਗਜ਼ੇਬ ਦੇ ਜ਼ਮਾਨੇ ਦੇ ਸੰਗੀਤਕਾਰਾਂ ਨੇ ਆਪਣੀ ਕਲਾਤਮਕ ਸੂਝ ਨਾਲ ਔਰੰਗਜ਼ੇਬ ਦੀ ਅਕਲ ਦਾ ਜਨਾਜ਼ਾ ਇਤਿਹਾਸ ਨੂੰ ਵਿਖਾ ਦਿੱਤਾ। ਅੱਜ ਸਿੱਖਿਆ ਦੇ ਜਨਾਜ਼ੇ ਦੀ ਗੱਲ ਕਰੀਏ ਤਾਂ ਬੇਸ਼ੁਮਾਰ ਕੂਟਨੀਤੀਆਂ ਹਨ ਜਿਨ੍ਹਾਂ ਨੇ ਸਿੱਖਿਆ ਦੇ ਅੰਮ੍ਰਿਤ ਵਿਚ ਆਪਣੇ ਕੋਝੇ ਹਿਤਾਂ ਦਾ ਜ਼ਹਿਰ ਭਰਿਆ ਤੇ ਸਿੱਖਿਆ ਨੂੰ ਮੌਤ ਦੇ ਕੰਡੇ ਪਹੁੰਚਾਇਆ।

ਪਹਿਲੀ ਗੱਲ, ਪੰਜਾਬ ਵਿਚ ਪਿਛਲੇ ਸਾਲਾਂ ਤੋਂ ਜਿੰਨੇ ਵੀ ਅਧਿਆਪਕਾਂ ਦੀ ਭਰਤੀ ਹੁੰਦੀ ਰਹੀ ਹੈ, ਉਹ ਚੋਣਾਂ ਵਿਚ ਭਰਤੀ ਦਾ ਲਾਹਾ ਲੈਣ ਲਈ ਹੁੰਦੀ ਰਹੀ ਹੈ। ਜਿੰਨੀ ਵਾਰ ਵੀ ਭਰਤੀ ਹੋਈ ਹੈ, ਉਹ ਤੁੱਛ ਬੁੱਧੀ ਬਲਕਿ ਮੰਦਬੁੱਧੀ ਕੂਟਨੀਤਕਾਂ ਦੀ ਬਣਾਈ ਵਕਤੀ ਨੀਤੀ ਤਹਿਤ ਹੁੰਦੀ ਰਹੀ ਹੈ। ਕਿਧਰੇ ਤਿੰਨ ਤੋਂ ਚਾਰ ਲੱਖ ਤਕ ਦੀ ਬੋਲੀ ਲਗਦੀ ਰਹੀ ਹੈ, ਕਿਧਰੇ ਸਭ ਤਰ੍ਹਾਂ ਦੇ ਤਜ਼ਰਬੇ, ਉਚ ਯੋਗਤਾਵਾਂ, ਗੋਲਡ ਮੈਡਲ ਅਤੇ ਇੰਟਰ ਯੂਨੀਵਰਸਿਟੀ ਪੱਧਰ ਤਕ ਦੇ ਜੇਤੂ ਯੁਵਾ ਮੁਕਾਬਲਿਆਂ ਦੇ ਸਰਟੀਫਿਕੇਟਾਂ ਨੂੰ ਅੱਖੋਂ ਪਰੋਖੇ ਕਰ ਕੇ ਐਜੂਕੇਸ਼ਨ ਦੀਆਂ ਦੁਕਾਨਾਂ ਤੋਂ ਪ੍ਰਾਪਤ ਨੰਬਰਾਂ ਨੂੰ ਹੀ ਮੁੱਖ ਰੱਖ ਲਿਆ ਗਿਆ। ਕਿਧਰੇ ਅਧਿਆਪਕਾਂ ਨੂੰ ਸਰੀਰਕ, ਮਾਨਸਿਕ, ਆਰਥਕ ਤੌਰ 'ਤੇ ਜ਼ਲੀਲ ਕਰਨ ਲਈ ਸਫਾਈ ਕਰਮਚਾਰੀਆਂ ਤੋਂ ਘੱਟ ਤਨਖਾਹ (4500 ਰੁਪਏ) ਦੇ ਕੇ ਜੇਲ੍ਹ ਦੇ ਕੈਦੀਆਂ ਵਰਗੀਆਂ ਸ਼ਰਤਾਂ ਲਾ ਕੇ, ਠੇਕੇ 'ਤੇ, ਕੱਚੀ ਭਰਤੀ ਦੀ ਤਲਵਾਰ ਹੇਠ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਮੈਰਿਟ ਦੇ ਆਧਾਰ 'ਤੇ, ਚੋਣ ਅਨੁਸਾਰ ਆਪਣੀ ਮਰਜ਼ੀ ਦੇ ਸਟੇਸ਼ਨ ਦੇਣ ਦਾ ਪ੍ਰਚਾਰ ਕੀਤਾ ਜਾਂਦਾ ਹੈ ਪਰ ਘਰਾਂ ਤੋਂ ਦੋ-ਦੋ ਸੌ ਕਿਲੋਮੀਟਰ ਦੀ ਦੂਰੀ 'ਤੇ ਸੁਟਿਆ ਜਾਂਦਾ ਹੈ, ਜਿਥੋਂ ਆਉਣ ਜਾਣ ਲਈ ਅੱਠ-ਅੱਠ ਘੰਟੇ ਰੋਜ਼ ਬੱਸਾਂ ਵਿਚ ਗੁਜ਼ਰਦੇ ਹਨ। ਦੂਜੇ ਪਾਸੇ ਸਿਰਫ ਪੱਕੇ ਹੋਣ ਦੀ ਆਸ ਵਿਚ ਛੇ ਹਜ਼ਾਰ ਰੁਪਏ ਕਿਰਾਇਆ ਖਰਚ ਕੇ ਚਾਰ-ਪੰਜ ਹਜ਼ਾਰ ਰੁਪਏ ਤਨਖਾਹ ਲੈਂਦੇ ਹੋਏ, ਅਧਿਆਪਕ ਰੋਜ਼ ਆਪਣੀ ਸਰੀਰਕ, ਮਾਨਸਿਕ, ਆਤਮਕ ਤੇ ਆਰਥਿਕ ਸਥਿਤੀ ਨੂੰ ਨਿਘਾਰ ਵਲ ਤੋਰਦੇ ਰਹਿੰਦੇ ਹਨ।

ਕਿਧਰੇ ਹਨ੍ਹੇਰੇ ਨਾਲ ਭਰੇ ਦਿਮਾਗ, ਕੌਮ ਨਿਰਮਾਤਾਵਾਂ ਦੇ ਰੌਸ਼ਨ ਦਿਮਾਗਾਂ ਨੂੰ ਲਾਠੀਆਂ ਨਾਲ ਤਹਿਸ-ਨਹਿਸ਼ ਕਰਨ ਦਾ ਹੁਕਮ ਸੁਣਾਉਂਦੇ ਹਨ। ਕਿਧਰੇ ਕਿਸੇ ਸਥਾਨਕ ਪਾਰਟੀ, ਅਹੁਦੇਦਾਰਾਂ ਦਾ ਡਰਾਵਾ ਦੇ ਕੇ ਨਕਲ ਦੀ ਖੁਲ੍ਹ ਮਾਣ ਲਈ ਜਾਂਦੀ ਹੈ। ਕਿਧਰੇ ਵਿਦਿਆਰਥੀਆਂ ਦੁਆਰਾ ਦਿਤੇ ਜਾਂਦੇ ਪੀ.ਟੀ.ਏ. ਫੰਡ ਵਿਚੋਂ ਹੀ ਤਨਖਾਹ ਦਾ ਪ੍ਰਬੰਧ ਕਰ ਕੇ ਕੇਵਲ ਛੇ-ਛੇ ਮਹੀਨਿਆਂ ਲਈ ਅਧਿਆਪਕ ਰੱਖੇ ਜਾਂਦੇ ਹਨ। ਕਿਧਰੇ ਪ੍ਰਤਿਭਾ, ਉਚ-ਯੋਗਤਾ, ਤਜ਼ਰਬੇ, ਸਮਾਜਕ, ਸੱਭਿਆਚਾਰਕ, ਸਿਰਜਨਾਤਮਕ ਯੋਗਦਾਨ ਨਾਲ ਸੰਬੰਧਿਤ ਉਚ ਮਾਨਵੀ ਗੁਣਾਂ, ਜਿਹੜੇ ਕਿ ਸਿਖਿਆ ਪ੍ਰਬੰਧ ਦੇ ਹਰ ਅਹੁਦੇ ਨਾਲ ਸੰਬੰਧਿਤ ਮੁਢਲੇ ਗੁਣ ਹੋਣੇ ਚਾਹੀਦੇ ਹਨ, ਉਨ੍ਹਾਂ ਨੂੰ ਤਾਂ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਅਸਿਖਿਅਕ, ਕਮ-ਅਕਲ ਰਾਜਨੀਤਿਕਾਂ ਦੁਆਰਾ ਆਪਣੇ ਚਾਪਲੂਸਾਂ ਦੀ ਨਲਾਇਕੀ ਨੂੰ ਹੀ ਜ਼ਿੰਮੇਵਾਰ ਉਚੇਰੇ ਸਿੱਖਿਆ ਅਹੁਦਿਆਂ ਉਪਰ ਬਿਠਾ ਦਿੱਤਾ ਜਾਂਦਾ ਹੈ। ਕਿਧਰੇ ਸੌ ਪ੍ਰਤੀਸ਼ਤ ਨਤੀਜੇ ਨੂੰ ਅਧਿਆਪਕਾਂ ਦੀ ਤਨਖਾਹ ਦੇ ਵਾਧੇ ਨਾਲ ਸੰਬੰਧਿਤ ਕਰ ਕੇ ਅਧਿਆਪਕਾਂ ਦੀ ਪੂਰੀ ਤਾਕਤ ਸਿਰਫ ਨਤੀਜਿਆਂ ਉਪਰ ਕੇਂਦਰਿਤ ਕਰਵਾ ਕੇ ਉਨ੍ਹਾਂ ਨੂੰ ਨਕਲ ਮਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ।

ਜ਼ਿੰਮੇਵਾਰ ਅਹੁਦਿਆਂ ਉਪਰ ਕਾਬਜ਼ ਲੋਕਾਂ ਦੇ ਅੰਨ੍ਹੇਪਣ ਤੇ ਬੋਲੇਪਣ ਤੋਂ ਨਿਰਮਤ ਹੋਏ ਸਿਸਟਮ ਦੇ ਅਜਿਹੇ ਬੇਸ਼ੁਮਾਰ ਖੰਜਰ, ਸਾਡੀ ਸਿੱਖਿਆ ਦੀ ਆਤਮਾ ਨੂੰ ਲਹੂ ਲੁਹਾਣ ਕਰ ਰਹੇ ਹਨ। ਇਨ੍ਹਾਂ ਪ੍ਰਬੰਧਾਂ ਦਾ ਹੀ ਸਿੱਟਾ ਹੈ ਕਿ ਪੰਜਾਬ ਦੀ ਸਰਕਾਰੀ ਸਿੱਖਿਆ ਦੀ ਦਿਖ ਦਿਨ-ਬ-ਦਿਨ ਵਿਗੜਦੀ ਗਈ। ਇਥੋਂ ਦੇ ਅਧਿਆਪਕਾਂ ਦੀ ਪ੍ਰਤਿਭਾ ਨੂੰ ਦਿਨ-ਬ-ਦਿਨ ਖੋਰਾ ਲਗਦਾ ਰਿਹਾ। ਜਦੋਂ ਗਿਆਨ, ਸਿਰਜਣਾ-ਸ਼ਕਤੀ, ਮੌਲਿਕਤਾ, ਪ੍ਰਤਿਭਾ, ਬੋਧ ਆਦਿ ਅਹਿਮ ਯੋਗਤਾਵਾਂ ਨੂੰ ਅਧਿਆਪਨ ਭਰਤੀ ਅਤੇ ਤਰੱਕੀਆਂ ਨਾਲੋਂ ਅਲੱਗ ਕਰ ਦਿਤਾ ਤਾਂ ਅਧਿਆਪਕਾਂ ਸਾਹਮਣੇ ਕੋਈ ਚੁਣੌਤੀ ਨਾ ਰਹੀ। ਪੈਸਾ, ਸਿਫਾਰਸ਼ ਅਤੇ ਰਾਜਨੀਤਕ ਪਹੁੰਚ ਅਧਿਆਪਕਾਂ ਲਈ ਆਦਰਸ਼ ਬਣਦੇ ਗਏ। ਸਿੱਟੇ ਵਜੋਂ ਅੱਜ ਸਾਡੇ ਅਧਿਆਪਕਾਂ ਦੀਆਂ ਕੋਠੀਆਂ ਤੇ ਕਾਰਾਂ ਤਾਂ ਵੱਡੀਆਂ ਹੋ ਰਹੀਆਂ ਹਨ ਪਰ ਲਾਇਬਰੇਰੀਆਂ ਸੁੰਗੜਦੀਆਂ-ਸੁੰਗੜਦੀਆਂ ਦਮ ਹੀ ਤੋੜ ਗਈਆਂ ਹਨ। ਉਨ੍ਹਾਂ ਅੰਦਰੋਂ ਗਿਆਨ ਦਾ ਗੌਰਵ, ਸਵੈਮਾਣ ਦੀ ਚਮਕ, ਅਨਿਆਂ ਵਿਰੁਧ ਆਵਾਜ਼ ਬੁਲੰਦ ਕਰਨ ਦਾ ਹੌਸਲਾ, ਨਵੇਂ ਨੂੰ ਜਾਣਨ ਦੀ ਉਤਸੁਕਤਾ ਆਦਿ ਅਹਿਮ ਅਧਿਆਪਕੀ ਗੁਣ ਨਿਰੰਤਰ ਘਟਦੇ ਗਏ। ਇਸ ਦੁਰਘਟਨਾ ਦਾ ਹੀ ਨਤੀਜਾ ਹੈ ਕਿ ਸਾਡੇ ਅਧਿਆਪਕ ਪੰਜ-ਪੰਜ ਸਾਲਾਂ ਦੀਆਂ ਛੁੱਟੀਆਂ ਲੈ ਕੇ ਇਥੋਂ ਇੱਜ਼ਤ ਵਾਲੀ ਨੌਕਰੀ ਤੋਂ ਲਾਂਭੇ ਹੋ ਕੇ ਬਾਹਰ ਚਲੇ ਜਾਂਦੇ ਹਨ। ਫਿਰ ਇਥੇ ਆ ਕੇ ਮੈਡੀਕਲ ਛੁੱਟੀ ਵਗੈਰਾ ਭਰ ਕੇ ਆਪਣੇ ਪੈਨਸ਼ਨ ਦੇ ਦਿਨ ਨੇੜੇ ਕਰਦੇ ਹਨ। ਇਸੇ ਲਈ ਹੀ ਉਹ ਰੋਜ਼ ਤਿੰਨ-ਤਿੰਨ ਵਾਰ ਛੁੱਟੀਆਂ ਦੇ ਕੈਲੰਡਰ ਵੇਖਦੇ ਹਨ। ਇਸੇ ਲਈ ਹੀ ਉਹ ਆਪਣੇ ਬੱਚਿਆਂ ਨੂੰ ਅਧਿਆਪਕ ਦੀ ਬਜਾਇ ਕੁਝ ਹੋਰ ਬਣਾਉਣਾ ਚਾਹੁੰਦੇ ਹਨ।

ਸਰਕਾਰੀ ਸਿੱਖਿਆ ਪ੍ਰਬੰਧ ਦੇ ਅਜਿਹੇ ਦੁਸ਼ਟ ਚੱਕਰ ਨੇ ਬਹੁਤ ਸਾਰੇ ਵਪਾਰੀਆਂ ਨੂੰ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਖੋਲ੍ਹਣ ਲਈ ਪ੍ਰੇਰਤ ਕੀਤਾ। ਇਨ੍ਹਾਂ ਵਪਾਰੀਆਂ ਨੇ ਅਤਿਅੰਤ ਬੁੱਧੀਮਾਨ ਅਧਿਆਪਕਾਂ ਦੀ ਬੌਧਿਕ ਕਿਰਤ ਨੂੰ ਬਹੁਤ ਸਾਰੀਆਂ ਵਿਧੀਆਂ ਨਾਲ ਪੂਰੀ ਤਰ੍ਹਾਂ ਨਿਚੋੜਿਆ। ਇਹ ਨਿਚੋੜੀ ਹੋਈ ਕਿਰਤ ਬੇਸ਼ਕ ਇਨ੍ਹਾਂ ਸੰਸਥਾਵਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੀ ਮਿਲੀ ਪ੍ਰੰਤੂ ਬਹੁਤੀ ਉਨ੍ਹਾਂ ਵਪਾਰੀਆਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਵਿਚ ਹੋਰ ਤੇ ਹੋਰ ਵਾਧਾ ਕਰਨ ਲਈ, ਨੀਹਾਂ ਵਿਚ ਚਿਣੀ ਜਾਂਦੀ ਰਹੀ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰ ਕੇ, ਇਹ ਵਪਾਰੀ ਲੋਕ ਆਪਣੀਆਂ ਸੰਸਥਾਵਾਂ ਦੇ ਨਾਮ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦਈ ਰਹੇ ਮਹਾਂਪੁਰਸ਼ਾਂ ਦੇ ਨਾਮ 'ਤੇ ਰੱਖਦੇ ਹਨ ਪਰੰਤੂ ਜੇਕਰ ਉਥੇ ਕੋਈ ਬੱਚਾ ਜਾਂ ਅਧਿਆਪਕ ਇਕ ਸ਼ਬਦ ਵੀ ਭੁਲੇਖੇ ਨਾਲ ਪੰਜਾਬੀ ਦਾ ਬੋਲ ਦੇਵੇ ਤਾਂ ਉਸ ਤੋਂ 100 ਰੁਪਏ ਜੁਰਮਾਨਾ ਲਿਆ ਜਾਂਦਾ ਹੈ। ਬੱਚੇ ਨੂੰ ਪਰੇਅਰ ਵਿਚ ਸਭ ਦੇ ਸਾਹਮਣੇ ਖੜਾ ਕਰ ਕੇ ਦੂਸਰੇ ਬੱਚਿਆਂ ਤੋਂ ਉਸ ਨੂੰ 'ਸ਼ੇਮ ਸ਼ੇਮ' ਅਖਵਾ ਕੇ ਉਸ ਵਿਚ ਹੀਣ ਭਾਵ ਭਰਿਆ ਜਾਂਦਾ ਹੈ। ਇਹ ਘਟਨਾਵਾਂ ਸਮੁੱਚੇ ਵਰਤਾਰੇ ਦੇ ਸਿਰਫ ਅੰਸ਼ਕ ਨਮੂਨੇ ਹਨ।

ਅਜਿਹੀ ਹਰ ਸਥਿਤੀ ਜਦੋਂ ਸਿੱਖਿਆ ਦੀ ਆਤਮਾ ਨੂੰ ਨਸ਼ਟ ਕਰ ਰਹੀ ਹੋਵੇ, ਸਿੱਖਿਆ ਦਾ ਜਨਾਜ਼ਾ ਤਿਆਰ ਕਰਨ ਵਿਚ ਲੱਗੀ ਹੋਵੇ ਤਾਂ ਜਾਗਦੀ ਜ਼ਮੀਰ ਵਾਲਿਆਂ ਨੂੰ ਆਪਣੀ ਜ਼ਿੰਮੇਵਾਰੀ ਸੰਭਾਲਣ ਦੀ ਡਾਢੀ ਲੋੜ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :

"ਸੂਚੇ ਭਾਂਡੇ ਸਾਚੁ ਸਮਾਵੈ, ਵਿਰਲੇ ਸੂਚਾਚਾਰੀ॥" (ਸੋਰਠਿ : 597)

ਅਜਿਹੀ ਸਥਿਤੀ ਵਿਚ ਸਿਖਿਆ ਦੇ ਖੇਤਰ ਵਿਚ ਗਤੀਸ਼ੀਲ ਸ਼ਖਸੀਅਤਾਂ ਨੂੰ ਅਹਿਮ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ। ਸਾਡੇ ਪੰਜਾਬ ਵਿਚ ਪ੍ਰਤਿਭਾ ਦੀ ਕੋਈ ਕਮੀ ਨਹੀਂ। ਇਥੇ ਮਨੋਵਿਗਿਆਨਕ ਵੀ ਹਨ, ਸਮਾਜ ਸ਼ਾਸਤਰੀ ਵੀ ਹਨ, ਉਚ ਕੋਟੀ ਦੇ ਸਾਹਿਤਕਾਰ ਅਤੇ ਨੀਤੀ ਘਾੜੇ ਵੀ ਹਨ। ਉੱਘੇ ਸਿੱਖਿਆ ਸ਼ਾਸਤਰੀਆਂ ਅਤੇ ਮਨੁੱਖਤਾ ਨੂੰ ਸਮਰਪਿਤ ਚਿੰਤਕਾਂ, ਸੰਪਾਦਕਾਂ ਅਤੇ ਇਨ੍ਹਾਂ ਸਭ ਰੌਸ਼ਨ ਦਿਮਾਗਾਂ ਨੂੰ ਨਾਲ ਲੈ ਕੇ ਪੰਜਾਬ ਦੀ ਸਿੱਖਿਆ ਨੀਤੀ ਨਾਲ ਸੰਬੰਧਿਤ ਅਧਿਕਾਰੀ ਪੰਜਾਬ ਦੇ ਸਕੂਲਾਂ ਨੂੰ ਅਜਿਹੇ ਅਧਿਆਪਕ ਮੁਹੱਈਆ ਕਰਵਾ ਸਕਦੇ ਹਨ ਜਿਹੜੇ ਆਉਣ ਵਾਲੇ ਦਸ ਸਾਲਾਂ ਵਿਚ ਹੀ ਸਿੱਖਿਆ ਦੀ ਰੂਹ ਨੂੰ ਮਹਿਕਾ ਸਕਦੇ ਹਨ। ਜਦੋਂ ਭ੍ਰਿਸ਼ਟ ਨੀਤੀਆਂ ਤਹਿਤ ਕੋਈ ਅਯੋਗ ਅਧਿਆਪਕ ਭਰਤੀ ਹੁੰਦਾ ਹੈ ਤਾਂ ਉਹ ਆਪਣੀ 30-35 ਸਾਲਾਂ ਦੀ ਸਰਵਿਸ ਦੌਰਾਨ ਲਗਪਗ ਪੰਜ ਹਜ਼ਾਰ ਬੱਚਿਆਂ ਦਾ ਭਵਿੱਖ ਤਬਾਹ ਕਰਦਾ ਹੈ। ਇਸ ਲਈ ਇਹ ਕਦਮ ਬਹੁਤ ਸੋਚਣ ਵਿਚਾਰਨ ਅਤੇ ਚਿੰਤਨ ਦੀ ਮੰਗ ਕਰਦੇ ਹਨ। ਇਸ ਸੋਚ, ਵਿਚਾਰ ਤੇ ਚਿੰਤਨ ਦਾ ਸਿੱਧਾ ਸੰਬੰਧ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਭਵਿੱਖ ਨਾਲ ਹੈ। ਇਸ ਭਵਿੱਖ ਪ੍ਰਤੀ ਚਿੰਤਨਸ਼ੀਲ ਹੋਣਾ ਸਾਡਾ ਸਭਨਾਂ ਦਾ ਮੁੱਢਲਾ ਫਰਜ਼ ਹੈ।

# 'ਜੰਗਲਨਾਮਾ' ਇਕ ਸਫ਼ਰਨਾਮਾ, ਇਕ ਦਸਤਾਵੇਜ਼

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

'ਜੰਗਲਨਾਮਾ:ਮਾਓਵਾਦੀ ਗੁਰੀਲਿਆਂ ਦੀ ਧਰਤੀ ਦਾ ਸਫ਼ਰ' ਸਿਰਲੇਖ ਹੈ ਉਸ ਕਿਤਾਬ ਦਾ ਜੋ ਪੰਜਾਬ ਦੇ ਖੱਬੇਪੱਖੀ ਲੇਖਕ ਤੇ ਪੱਤਰਕਾਰ ਸਤਨਾਮ ਨੇ ਇਸ ਦਹਾਕੇ ਦੇ ਸ਼ੁਰੂ 'ਚ ਲਿਖੀ ਸੀ। ਮੂਲ ਰੂਪ 'ਚ ਇਹ ਕਿਤਾਬ ਪੰਜਾਬੀ 'ਚ ਛਪੀ ਸੀ, ਜਿਸ ਕਰਕੇ ਇਸ ਕਿਤਾਬ ਦਾ ਓਨਾ ਨੋਟਿਸ ਨਹੀਂ ਲਿਆ ਗਿਆ ਜਿੰਨੀ ਮਹੱਤਵਪੂਰਨ ਇਹ ਪੁਸਤਕ ਹੈ। ਹੌਲੀ-ਹੌਲੀ ਇਸਦਾ ਚਰਚਾ ਹੋਇਆ ਤੇ ਮਰਾਠੀ, ਬੰਗਾਲੀ ਤੇ ਹਿੰਦੀ ਵਿਚ ਇਸਦਾ ਅਨੁਵਾਦ ਵੀ ਹੋਇਆ। ਕੁਝ ਸਮਾਂ ਪਹਿਲਾਂ ਵਿਸ਼ਵ ਭਾਰਤੀ ਨੇ ਇਸਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ, ਜਿਸਨੂੰ ਦੁਨੀਆਂ ਦੇ ਮਸ਼ਹੂਰ ਪ੍ਰਕਾਸ਼ਕ ਪੈਂਗੂਇਨ ਨੇ ਛਾਪਿਆ ਹੈ। ਅੰਗਰੇਜ਼ੀ 'ਚ ਛਪਣ ਨਾਲ ਇਸ ਕਿਤਾਬ ਬਾਰੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਚਰਚੇ ਹੋ ਰਹੇ ਹਨ, ਰੀਵਿਊ ਛਪ ਰਹੇ ਹਨ। ਕੁਝ ਲੋਕਾਂ ਨੇ ਇਸ ਪੁਸਤਕ ਨੂੰ ਅਮਰੀਕੀ ਪੱਤਰਕਾਰ ਐਡਗਰ ਸਨੋਅ ਦੀ ਸੰਸਾਰ ਪ੍ਰਸਿੱਧ ਕਿਤਾਬ 'ਰੈਡ ਸਟਾਰ ਓਵਰ ਚਾਈਨਾ' ਨਾਲ ਤੁਲਨਾ ਦਿੱਤੀ ਹੈ ਕਿਉਂਕਿ ਜੇ ਸਨੋਅ ਨੇ 1937 'ਚ ਮਾਓ ਜੇ ਤੁੰਗ ਦੇ ਗੁਰੀਲਿਆਂ ਦਾ ਸਿਰੜ, ਅਨੁਸ਼ਾਸਨ, ਮਿਸ਼ਨ ਅਤੇ ਚੀਨ ਦੇ ਲੋਕਾਂ ਦੀ ਤਰਸਯੋਗ ਹਾਲਤ ਦਾ ਸੱਚ ਪਹਿਲੀ ਵਾਰ ਜੱਗ ਜ਼ਾਹਰ ਕੀਤਾ ਸੀ ਤਾਂ ਸਤਨਾਮ ਨੇ ਵੀ ਇਸ ਕਿਤਾਬ 'ਚ ਆਦਿਵਾਸੀਆਂ ਦੀ ਦੋਜ਼ਖ ਵਰਗੀ ਜ਼ਿੰਦਗੀ ਤੇ ਮਾਓਵਾਦੀਆਂ ਵਲੋਂ ਹਰ ਹੀਲੇ ਇਸ ਨਿਜ਼ਾਮ ਨੂੰ ਖ਼ਤਮ ਕਰਨ ਦਾ ਤਹੱਈਆ ਪਾਠਕਾਂ ਨਾਲ ਸਾਂਝਾ ਕੀਤਾ ਹੈ। ਭਾਵੇਂ ਇਹ ਗੱਲ ਪਹਿਲਾਂ ਵੀ ਇੰਨੀ ਗੁੱਝੀ ਨਹੀਂ ਸੀ ਪਰ ਸਤਨਾਮ ਵਲੋਂ ਅੱਖੀਂ ਡਿੱਠੇ ਦਾ ਬਿਰਤਾਂਤ ਇੰਨਾ ਦਿਲ-ਟੁੰਬਵਾਂ ਅਤੇ ਬਰੀਕ ਵੇਰਵਿਆਂ ਭਰਪੂਰ ਹੈ ਕਿ ਸਾਡੀਆਂ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ।

ਇਹ ਕਿਤਾਬ ਲਿਖਣ ਤੋਂ ਪਹਿਲਾਂ ਸਤਨਾਮ ਪੂਰੇ ਦੋ ਮਹੀਨੇ ਬਸਤਰ ਦੇ ਸੰਘਣੇ ਤੇ ਡੂੰਘੇ ਜੰਗਲਾਂ 'ਚ ਵਿਚਰਿਆ, ਜਿਥੇ ਉਹ ਸਾਧਾਰਨ ਆਦਿਵਾਸੀਆਂ ਤੇ ਕਬਾਇਲੀਆਂ ਨੂੰ ਵੀ ਮਿਲਿਆ, ਮਾਓਵਾਦੀ ਬੁੱਧੀਜੀਵੀਆਂ, ਗੁਰੀਲਿਆਂ ਅਤੇ ਉਨ੍ਹਾਂ ਦੇ ਹਮਦਰਦ ਸਥਾਨਕ ਲੋਕਾਂ ਨੂੰ ਵੀ। ਉਨ੍ਹਾਂ ਵਾਂਗ ਹੀ ਖਾਂਦਾ, ਪੀਂਦਾ ਤੇ ਰਹਿੰਦਾ ਰਿਹਾ। ਉਸਨੇ ਇਨ੍ਹਾਂ ਜੰਗਲਾਂ 'ਚ ਤਿੰਨੇ ਧਿਰਾਂ ਆਦਿਵਾਸੀ, ਮਾਓਵਾਦੀ ਤੇ ਸਟੇਟ ਨੂੰ ਸਮਝਣ ਤੇ ਜਾਨਣ ਦੀ ਕੋਸ਼ਿਸ਼ ਕੀਤੀ ਜਿਸਨੂੰ ਉਸਨੇ ਉਥੋਂ ਆ ਕੇ ਸਿਰਫ ਸੋਲਾਂ ਦਿਨਾਂ 'ਚ ਹੀ ਇਕੋ ਸਾਹੇ ਬੈਠ ਕੇ ਕਾਗਜ਼ 'ਤੇ ਉਤਾਰ ਦਿੱਤਾ ਅਤੇ ਇਹ 200 ਤੋਂ ਵਧ ਸਫਿਆਂ ਦੀ ਬਹੁਚਰਚਿਤ ਕਿਤਾਬ ਸਾਡੇ ਸਾਹਮਣੇ ਹੈ।

ਅਸਲ 'ਚ ਇਹ ਕਿਤਾਬ ਕੋਈ ਸਫ਼ਰਨਾਮਾ ਨਾ ਹੋ ਕੇ ਇਕ ਬਾ-ਦਲੀਲ ਦਿੱਤੀ ਗਈ ਸਟੇਟਮੈਂਟ ਹੈ ਕਿ ਇਹ ਆਦਿਵਾਸੀ ਤੇ ਕਬਾਇਲੀ ਲੋਕ ਵੀ ਇਨਸਾਨ ਹਨ, ਇਨ੍ਹਾਂ ਵਿਚਲੇ ਮਨੁੱਖ ਨੂੰ ਪਹਿਚਾਣੋ, ਜਿਹੜੇ ਅੱਜ ਸਾਡੀ ਮੁੱਖ ਧਾਰਾ ਦੇ ਸਮਾਜ ਨਾਲ ਆਢਾ ਲਾਈ ਖਲੋਤੇ ਹਨ ਅਤੇ ਉਨ੍ਹਾਂ ਦੀਆਂ ਅੱਖਾਂ 'ਚ ਸਮੋਏ ਲੁੱਟ ਤੋਂ ਬਰੀ ਸਮਾਜ ਦੇ ਸੁਪਨੇ ਨੂੰ ਮਹਿਸੂਸ ਕਰੋ ਤੇ ਮਾਨਤਾ ਦਿਓ। ਭਾਵੇਂ ਇਹ ਕਿਤਾਬ ਇਕ ਦਹਾਕਾ ਪਹਿਲਾਂ ਲਿਖੀ ਗਈ ਸੀ ਪਰ ਬਿਰਤਾਂਤ ਤੇ ਟਿੱਪਣੀਆਂ ਇੰਨੀਆਂ ਦਿਲ ਹਲੂਣਵੀਆਂ ਹਨ ਕਿ ਲਗਦਾ ਹੈ ਕਿਤਾਬ ਕੱਲ੍ਹ ਹੀ ਲਿਖੀ ਗਈ ਹੋਵੇ।

ਕਿਤਾਬ ਅਨੁਸਾਰ ਬਸਤਰ 'ਚ ਜ਼ਿਆਦਾ ਮਾਓਵਾਦੀ ਕਾਡਰ ਆਂਧਰਾ ਦੇ ਪੀਪਲਜ਼ ਵਾਰ ਗਰੁੱਪ ਨਾਲ ਸੰਬਧਤ ਹੈ। 1980ਵਿਆਂ 'ਚ ਆਂਧਰਾ ਸਰਕਾਰ ਵਲੋਂ ਤੇਜ਼ ਤੇ ਸਖ਼ਤ ਕਾਰਵਾਈ ਕਾਰਨ ਇਹ ਲੋਕ ਇਧਰ ਆ ਗਏ ਸਨ। ਮਾਓਵਾਦੀਆਂ ਲਈ ਇਹ ਬੜੀ ਮੁਸ਼ਕਲ ਦਾ ਸਮਾਂ ਸੀ ਕਿਉਂਕਿ ਆਦਿਵਾਸੀ ਤੇ ਕਬਾਇਲੀ ਲੋਕ ਰਵਾਇਤ ਅਨੁਸਾਰ ਓਪਰਿਆਂ ਨੂੰ ਛੇਤੀ ਕੀਤਿਆਂ ਮੂੰਹ ਨਹੀਂ ਲਾਉਂਦੇ ਪਰ ਅੱਜ ਇਥੇ ਮਾਓਵਾਦੀਆਂ ਦੀ ਧੰਨ-ਧੰਨ ਹੋਈ ਪਈ ਹੈ, ਜਿਹੜੇ ਉਸ ਸਟੇਟ ਨੂੰ ਬਸਤਰ ਦੇ ਨੇੜੇ ਨਹੀਂ ਫਟਕਣ ਦਿੰਦੇ, ਜਿਹੜੀ ਸਟੇਟ ਉਸ ਅਣਗੌਲੇ ਬਸਤਰ ਨੂੰ ਆਪਣੇ ਸਮਾਜ ਦਾ ਹਿੱਸਾ ਬਣਾਉਣ ਲਈ ਧਨ ਅਤੇ ਗੰਨ ਦੀ ਅੰਨ੍ਹੇਵਾਹ ਵਰਤੋਂ ਕਰ ਰਹੀ ਹੈ। ਭਾਵੇਂ ਸਰਕਾਰ ਤੇ ਸਰਕਾਰ ਪੱਖੀ ਮੀਡੀਆ ਇਹ ਦੱਸਦਾ ਨਹੀਂ ਥੱਕਦਾ ਕਿ ਮਾਓਵਾਦੀ ਭਾਰਤੀ ਸਮਾਜ ਲਈ ਵੱਡਾ ਖ਼ਤਰਾ ਹਨ ਪਰ ਲੇਖਕ ਅਨੁਸਾਰ ਇਹ ਲੋਕ ਬਹੁਕੌਮੀ ਕੰਪਨੀਆਂ ਜਾਂ ਕਾਰਪੋਰੇਸ਼ਨਾਂ ਲਈ ਤਾਂ ਖ਼ਤਰਾ ਹੋ ਸਕਦੇ ਹਨ ਪਰੰਤੂ ਸਾਡੇ ਸਮਾਜ ਅਤੇ ਲੋਕਾਂ ਲਈ ਬਿਲਕੁਲ ਵੀ ਨਹੀਂ।

ਬਸਤਰ ਦੇ ਜੰਗਲਾਂ ਦੀ ਯਾਤਰਾ 'ਤੇ ਜਾਣ ਵੇਲੇ ਲੇਖਕ ਦੇ ਮਨ 'ਚ ਕੁਝ ਸਵਾਲ ਸਨ ਕਿ ਇਹ ਆਦਿਵਾਸੀ ਲੋਕਾਂ ਦਾ ਸਮਾਜ ਕਿਸ ਤਰ੍ਹਾਂ ਦਾ ਹੈ, ਮਾਓਵਾਦੀ ਇਥੇ ਕੀ ਕਰ ਰਹੇ ਹਨ ਤੇ ਇੰਨੇ ਹਰਮਨ ਪਿਆਰੇ ਕਿਵੇਂ ਹੋ ਗਏ, ਉਹ ਆਪਣੇ ਤੇ ਆਦਿਵਾਸੀਆਂ ਬਾਰੇ ਕੀ ਸੋਚਦੇ ਹਨ, ਉਨ੍ਹਾਂ ਦਾ ਮਿਸ਼ਨ ਕੀ ਹੈ। ਇਨ੍ਹਾਂ ਸਵਾਲਾਂ ਦਾ ਜਵਾਬ ਹੀ ਹੈ ਇਹ ਕਿਤਾਬ। ਲੇਖਕ ਅਨੁਸਾਰ ਇਹ ਕਬਾਇਲੀ ਲੋਕ ਨਾ ਹਿੰਦੂ ਹਨ, ਨਾ ਮੁਸਲਮਾਨ ਤੇ ਨਾ ਹੀ ਇਸਾਈ। ਇਨ੍ਹਾਂ ਨੇ ਰਾਮ, ਮੁਹੰਮਦ ਜਾਂ ਜੀਸਸ ਤਕ ਦਾ ਨਾਂ ਕਦੇ ਵੀ ਨਹੀਂ ਸੁਣਿਆ। ਇਹ ਗਾਂ ਦਾ ਮਾਸ ਵੀ ਖਾ ਲੈਂਦੇ ਹਨ, ਸੂਰ ਦਾ ਵੀ ਤੇ ਜੇ ਲੋੜ ਪਵੇ ਤਾਂ ਕੀੜੇ ਮਕੌੜੇ ਵੀ। ਅੱਜ ਵੀ ਇਨ੍ਹਾਂ 'ਚ ਕਈ ਲੋਕ ਆਦਿ ਮਨੁੱਖ ਵਾਂਗ ਕੱਪੜੇ ਨਹੀਂ ਪਹਿਨਦੇ। ਪੁੰਨ, ਪਾਪ, ਦਾਨ, ਧਰਮ ਜਾਂ ਡੀਪਰੈਸ਼ਨ ਆਦਿ ਲਈ ਕੋਈ ਥਾਂ ਨਹੀਂ ਇਨ੍ਹਾਂ ਦੀ ਦੁਨੀਆਂ 'ਚ, ਡਬਲ ਸਟੈਂਡਰਡ ਜਾਂ ਹਿਪੋਕੇਸੀ ਤਾਂ ਦੂਰ ਦੀ ਗੱਲ ਰਹੀ। ਇਥੇ ਸਮਾਂ ਮਿੰਟਾਂ ਜਾਂ ਘੰਟਿਆਂ ਨਾਲ ਨਹੀਂ ਸਗੋਂ ਦਿਨ, ਰਾਤ ਜਾਂ ਮੌਸਮ ਦੇ ਹਿਸਾਬ ਨਾਲ ਮਿਣਿਆ ਜਾਂਦਾ ਹੈ। 20ਵੀਂ ਸਦੀ ਦੇ ਸ਼ੁਰੂਆਤ ਦੇ ਪੰਜਾਬੀ ਬਜ਼ੁਰਗਾਂ ਵਾਂਗ ਇਨ੍ਹਾਂ 'ਚੋਂ ਵੀ ਬਹੁਤਿਆਂ ਨੂੰ 20 ਤੋਂ ਵਧ ਨਹੀਂ ਗਿਣਨਾ ਆਉਂਦਾ। ਕਈਆਂ ਨੇ ਕਦੇ ਬੱਸ ਜਾਂ ਗੱਡੀ ਨਹੀਂ ਦੇਖੀ। ਇਨ੍ਹਾਂ 'ਚ ਜ਼ਿਆਦਾ ਲੋਕ ਗੋਂਡ ਕਬੀਲੇ ਨਾਲ ਸੰਬੰਧਤ ਹਨ, ਜਿਨ੍ਹਾਂ ਨੇ ਸਾਂਝੇ ਪਰਿਵਾਰ ਤੇ ਸਾਂਝੇ ਸਭਿਆਚਾਰ ਦੀ ਰਵਾਇਤ ਕਾਇਮ ਰੱਖੀ ਹੋਈ ਹੈ। ਇਹ ਕਦੇ ਵੀ ਇਕੱਲੇ ਨੱਚਣਾ-ਗਾਉਣਾ ਪਸੰਦ ਨਹੀਂ ਕਰਦੇ ਸਗੋਂ ਹਰ ਖ਼ੁਸ਼ੀ ਸਮੂਹਾਂ 'ਚ ਮਨਾਉਂਦੇ ਹਨ। ਇਹ ਹਨ ਉਹ ਲੋਕ ਜੋ ਅੱਜ ਮਾਓਵਾਦੀਆਂ ਦੀ ਰੀੜ੍ਹ ਦੀ ਹੱਡੀ ਬਣੇ ਹੋਏ ਹਨ।

ਅਗਲਾ ਸਵਾਲ ਹੈ ਕਿ ਇਹ ਮਾਓਵਾਦੀ ਕੌਣ ਤੇ ਕਿਹੋ ਜਿਹੇ ਲੋਕ ਹਨ? ਸਤਨਾਮ ਅਨੁਸਾਰ ਇਹ ਨੌਜਵਾਨ ਮੁੰਡੇ-ਕੁੜੀਆਂ ਅਤੇ ਸਿਆਣੀ ਉਮਰ ਦੇ ਮਰਦ, ਔਰਤਾਂ ਹਨ ਜੋ ਜ਼ਿਆਦਾਤਰ ਬਸਤਰ 'ਚ ਤਾਂ ਗੋਂਡ ਕਬੀਲੇ ਨਾਲ ਹੀ ਸੰਬੰਧਤ ਹਨ। ਇਨ੍ਹਾਂ ਦੀ ਅਗਵਾਈ ਕਰ ਰਹੇ ਲੋਕ ਸਾਰੇ ਭਾਰਤ 'ਚੋਂ ਹੀ ਹਨ ਜੋ ਤੇਲਗੂ ਵੀ ਬੋਲਦੇ ਹਨ, ਬੰਗਾਲੀ ਵੀ ਤੇ ਹਿੰਦੀ ਵੀ। ਲੇਖਕ ਇਥੇ ਇਕ ਵਿਗਿਆਨੀ ਨੂੰ ਵੀ ਮਿਲਿਆ ਹੈ ਤੇ ਇਕ ਡਾਕਟਰ ਨੂੰ ਵੀ। ਗੁਰੀਲੇ ਹਮੇਸ਼ਾ ਹਥਿਆਰਬੰਦ, ਬਾਵਰਦੀ ਅਤੇ ਪੂਰੀ ਤਰ੍ਹਾਂ ਚੌਕਸ ਰਹਿੰਦੇ ਹਨ। ਇਹ ਲੋਕ ਜਦੋਂ ਵੀ ਕਿਸੇ ਪਿੰਡ 'ਚ ਦਾਖਲ ਹੁੰਦੇ ਹਨ ਤਾਂ ਪੇਂਡੂ ਇਨ੍ਹਾਂ ਨੂੰ ਜੀ ਆਇਆਂ ਕਹਿੰਦੇ ਹਨ ਤੇ ਸਮਰੱਥਾ ਅਨੁਸਾਰ ਚੌਲਾਂ ਤੇ ਸਬਜ਼ੀ ਨਾਲ ਇਨ੍ਹਾਂ ਦੀ ਖ਼ਾਤਰ ਕਰਦੇ ਹਨ। ਜੇ ਇਹ ਗੁਰੀਲੇ ਕਿਸੇ ਪਿੰਡ 'ਚ ਕੈਂਪ ਲਾ ਲੈਣ ਤਾਂ ਪੇਂਡੂ ਲੋਕ ਵਾਰੀ ਨਾਲ ਪਹਿਰਾ ਦਿੰਦੇ ਹਨ ਤੇ ਆਪਣੇ ਮਹਿਮਾਨਾਂ ਦੀ ਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਹਰ ਗੁਰੀਲੇ ਕੋਲ ਇਕੋ ਹੀ ਵਰਦੀ ਹੈ ਜੋ ਉਸਨੇ ਹਰ ਵੇਲੇ ਪਾਉਣੀ ਵੀ ਹੈ ਤੇ ਗਾਹੇ-ਬਗਾਹੇ ਧੋਣੀ ਤੇ ਸੁਕਾਉਣੀ ਵੀ ਹੈ। ਇਹ ਲੜਾਕੇ ਇਕ ਥਾਂ 'ਤੇ ਇਕ ਰਾਤ ਤੋਂ ਵਧ ਨਹੀਂ ਟਿਕਦੇ। ਇਹ ਦਰਿਆ ਦਾ ਪਾਣੀ ਪੀਂਦੇ ਹਨ, ਆਦਿਵਾਸੀ ਭੋਜਨ ਖਾਂਦੇ ਹਨ ਅਤੇ ਇਨ੍ਹਾਂ 'ਚ ਕਈ ਸ਼ਹਿਰਾਂ 'ਚੋਂ ਆਏ ਬੜੇ ਪੜ੍ਹੇ-ਲਿਖੇ ਲੋਕ ਵੀ ਹਨ। ਨੌਜਵਾਨ ਗੁਰੀਲਾ ਕੁੜੀਆਂ ਦੀ ਗਿਣਤੀ ਅੱਧ ਨਾਲੋਂ ਵਧ ਹੈ। ਹਰ ਗੁਰੀਲੇ ਲਈ ਹਰ ਰੋਜ਼ ਕੁਝ ਨਾ ਕੁਝ ਸਮਾਂ ਪੜ੍ਹਨਾ-ਲਿਖਣਾ ਜ਼ਰੂਰੀ ਹੈ। ਜੇ ਹਰ ਇਕ ਦੇ ਹੱਥ 'ਚ ਹਥਿਆਰ ਹੈ ਤਾਂ ਹਰ ਇਕ ਦੀ ਜੇਬ 'ਚ ਪੈਨ ਵੀ ਜ਼ਰੂਰ ਹੈ।

ਕਿਤਾਬ 'ਚ ਇਸ ਸਵਾਲ ਦਾ ਜਵਾਬ ਵੀ ਮਿਲਦਾ ਹੈ ਕਿ ਇਹ ਮਾਓਵਾਦੀ ਜਦੋਂ ਆਂਧਰਾ ਤੇ ਬੰਗਾਲ ਵਲੋਂ ਇਥੇ ਆਏ ਸਨ ਤਾਂ ਆਦਿਵਾਸੀਆਂ ਲਈ ਬਿਗਾਨੇ ਤੇ ਓਪਰੇ ਸਨ ਪਰ ਇਥੇ ਇਹ ਇੰਨੀ ਜਲਦੀ ਤੇ ਇੰਨਾ ਜ਼ਿਆਦਾ ਹਰਮਨ ਪਿਆਰੇ ਕਿਵੇਂ ਹੋ ਗਏ। ਮਾਓਵਾਦੀਆਂ ਦੇ ਇਥੇ ਆਉਣ ਤੋਂ ਪਹਿਲਾਂ, ਇਨ੍ਹਾਂ ਪੰਜਾਂ ਵੀਹਾਂ ਦਾ ਸੌ ਗਿਣਨ ਵਾਲੇ ਸਿੱਧੇ-ਸਾਦੇ ਲੋਕਾਂ ਦਾ ਸਿੱਧਾ ਵਾਹ ਸੱਤਾਂ ਵੀਹਾਂ ਦੇ ਸੌ ਵਾਲੇ ਸ਼ਾਤਰ ਲੋਕਾਂ ਨਾਲ ਸੀ, ਜਿਨ੍ਹਾਂ 'ਚ ਭ੍ਰਿਸ਼ਟ ਅਫ਼ਸਰ, ਪੁਲਸੀਏ ਤੇ ਠੇਕੇਦਾਰ ਸ਼ਾਮਲ ਸਨ, ਜੋ ਅੱਗੇ ਵੱਡੇ ਲੋਕਾਂ ਦੇ ਕਰਿੰਦੇ ਸਨ। ਸਰਕਾਰ ਹਜ਼ਾਰਾਂ ਦੇ ਭਾਅ ਇਨ੍ਹਾਂ ਦੀ ਜ਼ਮੀਨ ਇਕਵਾਇਰ ਕਰਕੇ ਲੱਖਾਂ ਦੇ ਭਾਅ ਬਹੁਕੌਮੀ ਕੰਪਨੀਆਂ ਦੇ ਹੱਥ ਦੇ ਦਿੰਦੀ ਸੀ, ਜਿਥੋਂ ਉਹ ਅਰਬਾਂ ਦਾ ਮਾਲ ਲੈ ਕੇ ਤੁਰ ਜਾਂਦੇ ਸਨ। ਕੋਲੇ ਦੀਆਂ ਖਾਣਾਂ ਦੇ ਠੇਕੇਦਾਰ ਸਰਕਾਰ ਨੂੰ 26 ਰੁਪਏ




ਪ੍ਰਤੀ ਟਨ ਦੇ ਕੇ 1000 ਰੁਪਏ ਪ੍ਰਤੀ ਟਨ ਵੇਚਦੇ ਹਨ। ਇਹ ਕੰਪਨੀਆਂ ਦੇ ਕਰਿੰਦੇ ਇਨ੍ਹਾਂ ਤੋਂ ਪਸ਼ੂਆਂ ਵਾਂਗ ਕੰਮ ਵੀ ਲੈਂਦੇ ਸਨ, ਇਨ੍ਹਾਂ ਦੀਆਂ ਔਰਤਾਂ ਦਾ ਸ਼ੋਸ਼ਣ ਵੀ ਕਰਦੇ ਸਨ ਅਤੇ ਇਨ੍ਹਾਂ ਨੂੰ ਜ਼ਿੰਦਗੀ ਦੀਆਂ ਮੁਢਲੀਆਂ ਸਹੂਲਤਾਂ ਤੋਂ ਵਿਰਵਾ ਵੀ ਰੱਖਦੇ ਸਨ। ਮਾਓਵਾਦੀ ਇਨ੍ਹਾਂ ਨੂੰ ਉਹ ਸਭ ਕੁਝ ਤਾਂ ਮੁਹੱਈਆ ਨਹੀਂ ਕਰਵਾ ਸਕੇ ਜੋ ਇਕ ਸੱਭਿਆ ਸਮਾਜ ਦੇ ਮਨੁੱਖ ਲਈ ਜ਼ਰੂਰੀ ਹੈ ਪਰ ਫਿਰ ਵੀ ਉਨ੍ਹਾਂ ਕਾਫੀ ਕੁਝ ਕੀਤਾ ਹੈ ਤੇ ਕਰ ਰਹੇ ਹਨ, ਜਿਸ ਕਰਕੇ ਇਹ ਆਦਿਵਾਸੀ ਮਾਓਵਾਦੀਆਂ ਨੂੰ ਆਪਣਾ ਮਸੀਹਾ ਮੰਨਦੇ ਹਨ। ਇਹੋ ਕਾਰਨ ਹੈ ਕਿ ਸਰਕਾਰੀ ਰਿਪੋਰਟ ਅਨੁਸਾਰ ਭਾਰਤ ਦੇ 40 ਜ਼ਿਲ੍ਹੇ ਪੂਰੀ ਤਰ੍ਹਾਂ ਇਨ੍ਹਾਂ ਦੇ ਕੰਟਰੋਲ ਹੇਠ ਹਨ।

ਸਤਨਾਮ ਅਨੁਸਾਰ ਮਾਓਵਾਦੀਆਂ ਨੇ ਇਨ੍ਹਾਂ ਜੰਗਲਾਂ 'ਚ ਠੇਕੇਦਾਰਾਂ ਤੇ ਪੁਲਸੀਆਂ ਦਾ ਬੋਲਬਾਲਾ ਬੰਦ ਕਰ ਦਿੱਤਾ ਹੈ। ਲਾਲ ਖੇਤਰਾਂ 'ਚ ਔਰਤਾਂ ਬੇਖੌਫ ਤੇ ਇਕੱਲੀਆਂ ਘੁੰਮਦੀਆਂ ਦੇਖੀਆਂ ਜਾ ਸਕਦੀਆਂ ਹਨ ਜੋ ਪਹਿਲਾਂ ਨਾਮੁਮਕਿਨ ਸੀ। ਇਨ੍ਹਾਂ ਖੇਤਰਾਂ 'ਚ ਹੁਣ ਭੁੱਖ ਨਾਲ ਕੋਈ ਮੌਤ ਨਹੀਂ ਹੁੰਦੀ। ਦੇਹ ਵਪਾਰ ਤੇ ਮਨੁੱਖੀ ਬਲੀ ਇਕ ਸਮਾਜਿਕ ਕਲੰਕ ਬਣ ਗਈਆਂ ਹਨ। ਮਾਓਵਾਦੀਆਂ ਵਿਚਲੇ ਇੰਜੀਨੀਅਰ ਮੁੰਡਿਆਂ ਦੀ ਸਹਾਇਤਾ ਨਾਲ ਆਦਿਵਾਸੀਆਂ ਨੇ ਬਾਰਸ਼ਾਂ ਦੇ ਪਾਣੀ ਦੇ ਭੰਡਾਰ ਲਈ ਡੈਮ ਬਣਾਏ ਹਨ। ਪਿੰਡਾਂ 'ਚ ਛੋਟੀਆਂ-ਛੋਟੀਆਂ ਚੌਲ ਮਿੱਲਾਂ ਲੱਗੀਆਂ ਵੇਖੀਆਂ ਜਾ ਸਕਦੀਆਂ ਹਨ। ਖੇਤੀ ਦੇ ਨਵੇਂ ਢੰਗ ਸਿਖਾਏ ਹਨ। ਸਿੰਚਾਈ ਦਾ ਪ੍ਰਬੰਧ ਕੀਤਾ ਹੈ। ਅੰਬ, ਅਮਰੂਦ ਤੇ ਨਿੰਬੂਆਂ ਦੇ ਬਾਗ ਲੱਗੇ ਵੇਖੇ ਜਾ ਸਕਦੇ ਹਨ। ਮਾਓਵਾਦੀਆਂ ਨੇ ਆਪਣੇ ਵਿਚਲੇ ਅਧਿਆਪਕਾਂ ਤੇ ਡਾਕਟਰਾਂ ਦੀ ਸਹਾਇਤਾ ਨਾਲ ਆਦਿਵਾਸੀਆਂ ਲਈ ਮੁਢਲੀ ਵਿੱਦਿਆ ਅਤੇ ਸਿਹਤ ਸੁਰੱਖਿਆ ਦਾ ਪ੍ਰਬੰਧ ਵੀ ਕੀਤਾ ਹੈ। ਇਨ੍ਹਾਂ ਨੂੰ ਹੱਥ ਧੋ ਕੇ ਖਾਣਾ ਤੇ ਪਾਣੀ ਉਬਾਲ ਕੇ ਪੀਣ ਵਰਗੀਆਂ ਗੱਲਾਂ ਦੀ ਸਮਝ ਦਿੱਤੀ ਹੈ। ਹੁਣ ਜੱਚੇ-ਬੱਚੇ ਦੀ ਸਾਂਭ ਸੰਭਾਲ ਦਾ ਵੀ ਆਦਿਵਾਸੀਆਂ ਨੂੰ ਪੂਰਾ ਚੱਜ ਆ ਗਿਆ ਹੈ। ਇਨ੍ਹਾਂ ਲੋਕਾਂ ਦੀ ਹੁੰਦੀ ਆਰਥਿਕ ਲੁੱਟ ਵੀ ਕਾਫੀ ਘਟ ਗਈ ਹੈ। ਮਾਓਵਾਦੀਆਂ ਦੇ ਪ੍ਰਵੇਸ਼ ਤੋਂ ਪਹਿਲਾਂ ਟੈਂਡੂ ਦੇ ਹਜ਼ਾਰ ਪੱਤੇ ਇਕੱਠੇ ਕਰਨ ਦਾ ਇਕ ਰੁਪਿਆ ਮਿਲਦਾ ਸੀ ਤੇ ਹੁਣ 50 ਪੈਸੇ ਪ੍ਰਤੀ ਪੱਤਾ ਮਿਲ ਰਹੇ ਹਨ ਭਾਵ 500 ਰੁਪਏ ਪ੍ਰਤੀ 1000 ਪੱਤਾ। ਇਸੇ ਤਰ੍ਹਾਂ ਪਹਿਲਾਂ ਕਾਗਜ਼ ਮਿੱਲਾਂ ਬਾਂਸ ਦੇ ਇਕ ਬੰਡਲ ਦੇ 50 ਪੈਸੇ ਦਿੰਦੀਆਂ ਸਨ ਹੁਣ 55 ਰੁਪਏ ਪ੍ਰਤੀ ਬੰਡਲ ਮਿਲਦਾ ਹੈ। ਮਾਓਵਾਦੀ ਦਸਦੇ ਹਨ ਕਿ ਇਹ ਲੁੱਟ ਸੌਖਿਆਂ ਬੰਦ ਨਹੀਂ ਹੋਈ। ਇਸ ਨੂੰ ਬੰਦ ਕਰਵਾਉਣ ਲਈ ਉਨ੍ਹਾਂ ਦੇ 60 ਜਣੇ ਮਾਰੇ ਗਏ। ਇਸ ਤਰ੍ਹਾਂ ਮਾਓਵਾਦੀਆਂ ਨੇ ਉਨ੍ਹਾਂ ਦੀਆਂ ਉਹ ਫੌਰੀ ਲੋੜਾਂ ਪੂਰੀਆਂ ਕੀਤੀਆਂ ਜਾਂ ਕਰਵਾਈਆਂ ਹਨ ਜੋ ਸਰਕਾਰ ਨਹੀਂ ਕਰ ਸਕੀ। ਦੂਜੀ ਗੱਲ ਮਾਓਵਾਦੀਆਂ ਨੇ ਇਨ੍ਹਾਂ ਦੇ ਅੰਦਰਲੇ ਮਨੁੱਖ ਨੂੰ ਉਹ ਮਾਣ ਬਖ਼ਸ਼ਿਆ ਹੈ, ਜਿਸਦਾ ਚਿੱਤ-ਚੇਤਾ ਵੀ ਨਹੀਂ ਸੀ। ਹੁਣ ਇਹ ਦੋਵੇਂ ਧਿਰਾਂ ਇਸ ਜਲ, ਜੰਗਲ ਤੇ ਜ਼ਮੀਨ ਦੀ ਰੱਖਿਆ ਲਈ ਚੱਟਾਨ ਵਾਂਗ ਇਕੱਠੇ ਖੜ੍ਹੀਆਂ ਦਿਸਦੀਆਂ ਹਨ।

ਲੇਖਕ ਨੇ ਇਹ ਵੀ ਦੱਸਿਆ ਹੈ ਕਿ ਇਹ ਮਾਓਵਾਦੀ ਆਪਣੀਆਂ ਖੂਬੀਆਂ ਤੇ ਕਮਜ਼ੋਰੀਆਂ ਅਤੇ ਜਿੱਤਾਂ ਤੇ ਹਾਰਾਂ ਦਾ ਲਗਾਤਾਰ ਵਿਸ਼ਲੇਸ਼ਣ ਕਰਦੇ ਰਹਿੰਦੇ ਹਨ। ਇਕ ਆਗੂ ਨੇ ਦਸ ਸਾਲ ਪਹਿਲਾਂ ਲੇਖਕ ਨੂੰ ਦੱਸਿਆ ਸੀ ਕਿ ਖਰੀ ਇਨਕਲਾਬੀ ਲਹਿਰ ਭਾਰਤੀ ਸਿਆਸਤ ਨੂੰ ਓਨਾ ਪ੍ਰਭਾਵਤ ਨਹੀਂ ਕਰ ਸਕੀ, ਜਿਵੇਂ ਦੀਆਂ ਸਮਾਜਿਕ ਹਾਲਤਾਂ ਹਨ। ਉਸ ਅਨੁਸਾਰ ਸ਼ਹਿਰਾਂ 'ਚ ਪਾਰਟੀ ਉਸਾਰੀ ਦਾ ਕੰਮ ਮੁਸ਼ਕਲ ਹੀ ਨਹੀਂ ਸਗੋਂ ਜ਼ੋਖਮ ਭਰਿਆ ਵੀ ਹੈ। ਦੂਜੀ ਗੱਲ ਜੋ ਉਸ ਆਗੂ ਨੇ ਦੱਸੀ ਕਿ ਪਹਿਲਾਂ ਉਹ ਸੋਚਦੇ ਸਨ ਕਿ ਸ਼ਾਇਦ ਉਨ੍ਹਾਂ ਨੂੰ ਇਸ ਲੜਾਈ 'ਚ ਲੜਾਕਿਆਂ ਤੇ ਹਥਿਆਰਾਂ ਦੀ ਘਾਟ ਰਹੇਗੀ ਪਰ ਉਨ੍ਹਾਂ ਦਾ ਅੰਦਾਜ਼ਾ ਗਲਤ ਸਾਬਤ ਹੋਇਆ ਹੈ। 10 ਸਾਲ ਪਹਿਲਾਂ ਉਸਨੇ ਕਿਹਾ ਸੀ ਕਿ ਸਾਡੀ ਚਾਲ ਕਾਫ਼ੀ ਧੀਮੀ ਹੈ ਪਰ ਖਿਆਲ ਹੈ ਕਿ ਹੌਲੀ ਹੌਲੀ ਤੇਜ਼ੀ ਫੜ ਲਵਾਂਗੇ। ਨਾਲ ਬੈਠੇ ਇਕ ਲੇਖਕ ਕਿਸਮ ਦੇ ਇਨਕਲਾਬੀ ਨੇ ਕਿਹਾ ਸੀ ਕਿ ਇਹ ਜੰਗ ਬਸਤਰ ਤਕ ਹੀ ਸੀਮਤ ਨਹੀਂ ਰਹੇਗੀ। ਇਸ ਨੇ ਸਾਰੇ ਭਾਰਤ 'ਚ ਜੰਗਲ ਦੀ ਅੱਗ ਵਾਂਗ ਫੈਲਣਾ ਹੈ। ਇਹ ਦੋਵੇਂ ਅੰਦਾਜ਼ੇ ਠੀਕ ਸਾਬਤ ਹੋ ਰਹੇ ਹਨ।

ਐਡਗਰ ਸਨੋਅ ਦੀ ਕਿਤਾਬ ਵਾਂਗ ਇਹ 'ਜੰਗਲਨਾਮਾ' ਵੀ ਇਕ ਚਸ਼ਮਦੀਦ ਗਵਾਹ ਦਾ ਬਿਆਨ ਹੈ, ਉਸ ਇਲਾਕੇ ਬਾਰੇ ਜੋ ਅੱਜਕਲ ਭਾਰਤੀ ਸਮਾਜ ਤੇ ਸਰਕਾਰ ਦੀ ਤਵੱਜੋਂ ਤੇ ਫ਼ਿਕਰ ਦਾ ਕੇਂਦਰ ਬਣਿਆ ਹੋਇਆ ਹੈ। ਇਹੋ ਜਿਹੀਆਂ ਤਹਿਰੀਕਾਂ ਬਾਰੇ ਲਿਖੀਆਂ ਆਮ ਕਿਤਾਬਾਂ ਵਾਂਗ ਇਸ ਵਿਚ ਕਿਸੇ ਸਿਧਾਂਤ, ਪਾਰਟੀ, ਡਾਕੂਮੈਂਟ ਜਾਂ ਮੈਨੀਫੈਸਟੋ ਦਾ ਕੋਈ ਜ਼ਿਕਰ ਨਹੀਂ। ਲੇਖਕ ਨੇ ਬੜੇ ਸਹਿਜ ਨਾਲ ਉਹੋ ਕੁਝ ਕਾਗਜ਼ 'ਤੇ ਉਤਾਰ ਦਿਤਾ ਹੈ ਜੋ ਉਸਨੇ ਬਸਤਰ ਦੇ ਜੰਗਲਾਂ 'ਚ ਵਿਚਰਦੇ ਨੇ ਦੇਖਿਆ ਤੇ ਸੁਣਿਆ ਹੈ ਪਰ ਆਪਣੇ ਸਫ਼ਰਨਾਮੇ ਦੀ ਉਸਦੀ ਇਹ ਲਿਖਤੀ ਜਾਣਕਾਰੀ ਸਾਡੇ ਲਈ ਇਕ ਦਸਤਾਵੇਜ਼ ਬਣ ਗਿਆ ਹੈ।

**ਪ੍ਰਕਾਸ਼ਕ:ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**
**ਈ-ਮੇਲ:** tarksheel@yahoo.com
**ਕੀਮਤ: ਪੇਪਰ ਬੈਕ 60 ਰੁਪਏ**
**ਪੁਸਤਕ ਹੇਠਾਂ ਦਿੱਤੀ ਵੈਬਸਾਈਟ 'ਤੇ ਆਰਡਰ ਕੀਤੀ ਜਾ ਸਕਦੀ ਹੈ:**
Website: www.thepunjabi.com

## ਖਰੀ ਗੱਲ

# ਦਸਮੇਸ਼ ਤੇਰੀ ਕੌਮ ਨੂੰ

**ਬਲਬੀਰ ਸਿੰਘ ਬੈਦਵਾਨ**

ਕਰੀਬ ਪਿਛਲੇ 160 ਸਾਲਾਂ ਤੋਂ ਸਿੱਖਾਂ ਨਾਲ ਕੁਝ ਅਜਿਹਾ ਹੀ ਵਾਪਰ ਰਿਹਾ ਹੈ। ਆਪਣਿਆਂ ਵਲੋਂ ਆਪਣਿਆਂ ਨਾਲ ਕੀਤੀ ਗੱਦਾਰੀ ਨਾਲ ਸਿੱਖ ਇਤਿਹਾਸ ਨੱਕੋ-ਨੱਕ ਭਰਿਆ ਪਿਆ ਹੈ। ਸਿੱਖ ਰਾਜ ਵੇਲੇ ਡੋਗਰਿਆਂ ਵਲੋਂ ਕੀਤੀਆਂ ਗੱਦਾਰੀਆਂ ਕਾਰਨ ਸਿੱਖ ਕੌਮ ਅੱਜ ਤਕ ਆਪਣਾ ਸਵੈਮਾਣ ਲੱਭਣ ਦੀਆਂ ਨਿਰੰਤਰ ਕੋਸ਼ਿਸ਼ਾਂ ਕਰ ਰਹੀ ਹੈ। ਅਸੀਂ ਕਿਸੇ ਹੱਦ ਤਕ ਜਿਥੇ ਦੁਨੀਆਂ ਨੂੰ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਦਾ ਸੰਕਲਪ ਸਮਝਾਉਣ ਵਿਚ ਸਫਲ ਹੋਏ ਹਾਂ, ਉਥੇ ਨਾਲ ਹੀ 'ਜਉ ਤਉ ਪ੍ਰੇਮ ਖੇਲਣ ਕਾ ਚਾਉ' ਤੋਂ ਲੈ ਕੇ 'ਚੂੰ ਕਾਰ ਅਜ ਹਮਾਂ ਹੀਲਤੇ' ਦਾ ਪ੍ਰਸੰਗ ਪੜ੍ਹਾਉਣ ਵਿਚ ਅਸਫਲ ਸਾਬਿਤ ਹੋਏ ਹਾਂ।

ਗੱਲ ਨੂੰ ਵਰਤਮਾਨ ਸਮੇਂ ਦੇ ਸੰਕਲਪ ਵਿਚ ਰੱਖੀਏ, ਕਿਹਾ ਜਾ ਰਿਹਾ ਹੈ ਕਿ ਦੁਨੀਆਂ ਦੀ ਤੀਜੀ ਸੰਸਾਰ ਜੰਗ ਪਾਣੀ ਨੂੰ ਲੈ ਕੇ ਹੋਵੇਗੀ, ਗੱਲ ਦਿਲ ਨੂੰ ਟੁੰਬਦੀ ਹੈ। ਵਰਤਮਾਨ ਸਿੱਖ ਮਸਲਾ, ਬਹੁਗਿਣਤੀ ਅਨਪੜ੍ਹ ਅਤੇ ਬੇਵਕੂਫ ਅਕਾਲੀ ਲਾਣੇ ਵਲੋਂ ਅਜਿਹਾ ਉਲਝਾਇਆ ਗਿਆ ਜਿਸਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦਿਆਂ ਅਣਗਿਣਤ ਜ਼ਿੰਦਗੀਆਂ ਬੇਵਕਤੀ ਮੌਤ ਨੂੰ ਜਾ ਮਿਲੀਆਂ ਤੇ ਕਈ ਸਾਰੀ ਉਮਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਗਏ (ਇਸ ਦੀ ਸ਼ੁਰੂਆਤ ਪਾਣੀ ਦੀ ਵੰਡ ਤੋਂ ਹੋਈ ਸੀ)। ਇਸ ਮਸਲੇ ਦੀ ਹੱਦ ਟੱਪਦਿਆਂ ਮੌਕੇ ਦੀ ਭਾਲ ਵਿਚ ਗੋਦਾਂ ਗੁੰਦੀ ਬੈਠੀ ਵਕਤ ਦੀ ਕੇਂਦਰੀ ਸਰਕਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ (ਸਿੱਖਾਂ ਦੀ ਰੂਹ) ਨੂੰ ਆਪਣੀ ਕਰੋਪੀ ਦਾ ਨਿਸ਼ਾਨਾ ਬਣਾਇਆ। ਨਤੀਜੇ ਵਜੋਂ ਅਣਖੀ ਤੇ ਜਜ਼ਬਾਤੀ ਜੁਆਨੀਆਂ ਨੇ ਹਥਿਆਰਾਂ ਨੂੰ ਆਪਣੇ ਸਾਥੀ ਬਣਾਇਆ। ਫਿਰ ਇਥੋਂ ਹੀ ਸ਼ੁਰੂ ਹੁੰਦਾ ਹੈ ਅਜੋਕਾ ਸਿੱਖ ਸੰਘਰਸ਼ ਜਿਹੜਾ ਕਿ ਕਈ ਹਿੱਸਿਆਂ ਵਿਚ ਵੰਡਿਆ ਗਿਆ, ਅੱਜ ਵੀ ਗਾਹੇ-ਬਗਾਹੇ ਕਈ ਪਾਸਿਆਂ ਤੋਂ ਸਿੱਖਾਂ ਨੂੰ ਇਨਸਾਫ ਦੁਆਉਣ ਦੀਆਂ ਬਹੁਤ ਜ਼ਿਆਦਾ ਝੂਠੀਆਂ ਤੇ ਕੁਝ ਕੁ ਸੱਚੀਆਂ ਕੋਸ਼ਿਸ਼ਾਂ ਜਾਰੀ ਹਨ।

ਅੱਜ-ਕੱਲ੍ਹ ਜੋ ਚਰਚਾ ਵਿਚ ਹੈ, ਉਨ੍ਹਾਂ ਵਿਚੋਂ ਇਕ ਕੈਨੇਡਾ ਸੰਸਦ ਵਿਚ 1984 ਦੇ ਸਿੱਖ ਕਤਲੇਆਮ 'ਤੇ ਪੇਸ਼ ਕੀਤੀ ਪਟੀਸ਼ਨ ਹੈ। ਉਮੀਦ ਕੀਤੀ ਜਾ ਰਹੀ ਹੈ ਜਾਂ ਉਮੀਦ ਕੀਤੀ ਜਾਂਦੀ ਸੀ ਕਿ ਇਹ ਪਟੀਸ਼ਨ ਪਾਸ ਹੋ ਜਾਵੇਗੀ ਤੇ ਫਿਰ ਯੂ ਐਨ ਓ ਸਿੱਖ ਕਤਲੇਆਮ 'ਤੇ ਸਿੱਖਾਂ ਦੀ ਨਸਲਕੁਸ਼ੀ ਵਜੋਂ ਆਪਣੀ ਮੋਹਰ ਲਾਵੇਗੀ।

ਫਿਰ ਅਖਬਾਰ ਵਿਚ ਖਬਰ ਛਪਦੀ ਹੈ ਕਿ ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਇਸ ਪਟੀਸ਼ਨ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, ਨਾਲ ਹੀ ਓਟਵਾ ਵਿਖੇ ਜੀ-20 ਮਿਲਾਪ ਵਿਚ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸੰਸਾਰ ਦੇ ਮੀਡੀਆ ਸਾਹਮਣੇ ਭਾਰਤੀ ਸਰਕਾਰ ਤੇ ਰਾਸ਼ਟਰ ਵਲੋਂ ਮੰਗੀ ਮੁਆਫੀ, ਇਸ ਪਟੀਸ਼ਨ ਦੀ ਭਰੂਣ ਹੱਤਿਆ ਵਲ ਸਿੱਧਾ ਇਸ਼ਾਰਾ ਕਰਦੀ ਹੈ। ਨਾਲ ਇਹ ਵੀ ਕਹਿਣਾ ਕਿ ਅੱਜ ਸਿੱਖ ਦੁਨੀਆਂ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਬਿਰਾਜਮਾਨ ਹਨ, ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ, ਤਾਂ ਕਿ ਕੋਈ ਬਾਹਰਲਾ ਸ਼ਾਇਦ 26 ਸਾਲ ਪਹਿਲਾਂ ਵਾਪਰੇ ਸਿੱਖ ਦੁਖਾਂਤ ਨਾਲ ਹਮਦਰਦੀ ਸਾਂਝੀ ਨਾ ਕਰੇ ਤੇ ਸੋਚੇ ਕਿ ਹਥਿਆਰ ਚੁੱਕਣ ਵਾਲੇ ਲੋਕ ਵਾਕਿਆ ਹੀ ਅਤਿਵਾਦੀ ਸਨ। ਡਾ. ਮਨਮੋਹਨ ਸਿੰਘ ਸਿੱਖ ਕਤਲੇਆਮ ਬਾਰੇ ਇਨਸਾਫ ਦੁਆਉਣ ਦੀ ਗੱਲ ਕਰਦੇ ਹਨ, ਉਨ੍ਹਾਂ ਪਿਛਲੇ 6 ਸਾਲਾਂ ਤੋਂ ਪ੍ਰਧਾਨ ਮੰਤਰੀ ਹੁੰਦਿਆਂ 84 ਬਾਰੇ ਕਿਹੜਾ ਇਨਸਾਫ ਕੀਤਾ ਹੈ? ਸਗੋਂ ਕਤਲੇਆਮ ਦੇ ਸ਼ੱਕੀ ਤੇ ਖੁਲ੍ਹੇ ਰੂਪ ਵਿਚ ਦਾਗੀ ਬੰਦਿਆਂ ਨੂੰ ਸਰਕਾਰ ਵਿਚ ਮੰਤਰੀ ਬਣਾਇਆ ਹੈ। ਜੇ ਉਨ੍ਹਾਂ ਨੂੰ ਸੱਚਮੁੱਚ ਹੀ ਦਰਦ ਹੈ ਤਾਂ ਪ੍ਰੈਸ ਕਾਨਫਰੰਸਾਂ ਵਿਚ ਮੁਆਫੀ ਦੀ ਥਾਂ ਭਾਰਤੀ ਸੰਸਦ ਵਿਚ ਮਤਾ ਲੈ ਕੇ ਆਉਣ ਤੇ ਖੁੱਲ੍ਹੀ ਬਹਿਸ ਕਰਵਾਉਣ, ਉਸ ਵੇਲੇ ਦੇ ਜ਼ਿੰਮੇਵਾਰ ਲੋਕਾਂ ਨੂੰ ਦੋਸ਼ੀ ਠਹਿਰਾਉਣ ਤੇ ਸਾਲ ਵਿਚ ਆਉਂਦੀਆਂ ਉਨ੍ਹਾਂ ਦੀਆਂ ਬਰਸੀਆਂ ਤੇ ਜਨਮ ਦਿਨਾਂ 'ਤੇ ਉਨ੍ਹਾਂ ਦੀਆਂ ਯਾਦਗਾਰਾਂ 'ਤੇ ਜਾਣਾ ਬੰਦ ਕਰਨ। ਨਹੀਂ ਤਾਂ ਉਨ੍ਹਾਂ ਦੇ ਹੰਝੂ ਸਿੱਖ ਕੌਮ ਲਈ ਮਗਰਮੱਛ ਦੇ ਹੰਝੂਆਂ ਤੋਂ ਵਧ ਕੁਝ ਵੀ ਨਹੀਂ।

ਪੰਜਾਬ ਦੀਆਂ ਹੱਕੀ ਮੰਗਾਂ ਨਾਲ ਸੰਬੰਧਤ ਹਰ ਮਸਲਾ, ਪਤਾ ਨਹੀਂ ਕਿਉਂ ਸਿੱਖਾਂ ਦੀ ਧਾਰਮਿਕ ਮੰਗ ਨਾਲ ਜੋੜ ਕੇ ਵੇਖਿਆ ਜਾਂਦਾ ਹੈ, ਉਹ ਭਾਵੇਂ ਚੰਡੀਗੜ੍ਹ, ਪਾਣੀ ਜਾਂ ਭਾਸ਼ਾ ਦਾ ਮਸਲਾ ਕਿਉਂ ਨਾ ਹੋਵੇ। ਕਾਰਨ ਸਪੱਸ਼ਟ ਹੈ ਕਿ ਅਕਾਲੀ ਦਲ ਨੇ ਹੀ ਹਮੇਸ਼ਾਂ ਇਹ ਮੁੱਦੇ ਉਠਾਏ ਕਿਉਂਕਿ ਅਕਾਲੀ ਦਲ (ਆਪਣੇ ਆਪ ਵਿਚ) ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦਾ ਹੈ। ਜਦੋਂ ਕੋਈ ਹੋਰ ਪਾਰਟੀ ਅਕਾਲੀ ਦਲ ਦੀ ਮੰਗ ਦੀ ਹਾਮੀ ਨਹੀਂ ਭਰਦੀ ਤਾਂ ਉਹ ਮਸਲਾ ਖੁਦ-ਬਖੁਦ ਸਿੱਖ ਕੌਮ ਨਾਲ ਜੁੜ ਜਾਂਦਾ ਹੈ। ਉਪਰੋਕਤ ਤਿੰਨਾਂ ਮੰਗਾਂ ਦੇ ਬਲਬੂਤੇ ਅੱਗੜ-ਪਿੱਛੜ ਅਕਾਲੀ ਆਪਣੀ ਸਰਕਾਰ ਬਣਾਉਣ ਵਿਚ ਸਫਲ ਹੋਏ ਹਨ ਤੇ ਸਕੱਤਰੇਤ ਵਿਚ ਪੈਰ ਪਾਉਂਦਿਆਂ ਤਿੰਨੇ ਮੰਗਾਂ ਫਿਰ ਤੋਂ ਅਗਲੇ ਪੰਜ ਸਾਲਾ ਮੰਗ ਪੱਤਰ ਵਿਚ ਸ਼ਾਮਿਲ ਕਰ ਲੈਂਦੇ ਹਨ। ਕੀ ਪੰਜਾਬ ਵਿਚ ਸਮਝਦਾਰ ਲੋਕਾਂ ਦਾ ਅਕਾਲ ਪੈ ਗਿਆ ਹੈ ਕਿ ਜੋ ਹਰ ਵਾਰੀ ਪੰਜ ਸਾਲਾਂ ਮਗਰੋਂ ਪਹਿਲਾਂ ਤੋਂ ਅਜਮਾਏ ਹੋਏ ਗੱਦਾਰ ਕਿਸਮ ਦੇ ਲੋਕਾਂ ਨੂੰ ਸਿਆਸਤ ਦੀ ਡੰਗੋਰੀ ਫੜਾ ਕੇ, ਫਿਰ ਤੋਂ ਜਲੀਲ ਹੋਣ ਲਈ ਤਿਆਰ ਹੋ ਜਾਂਦੇ ਹਨ। ਰੱਬ ਖੈਰ ਕਰੇ!

ਖਾਲਸਾ ਪੰਥ

# ਢਾਡੀ ਪਰੰਪਰਾ ਦਾ ਮਾਣਮੱਤਾ ਇਤਿਹਾਸ

-ਗਿ. ਕੁਲਜੀਤ ਸਿੰਘ ਦਿਲਬਰ

ਢਾਡੀ ਕਲਾ ਓਨੀ ਹੀ ਪੁਰਾਣੀ ਹੈ, ਜਿੰਨੀ ਕਿ ਮਨੁੱਖੀ ਸੱਭਿਅਤਾ। ਇਸ ਦੀ ਸ਼ੁਰੂਆਤ ਸਬੰਧੀ ਕਈ ਰਾਵਾਂ ਹਨ। ਜਦੋਂ ਮਨੁੱਖ ਕਬੀਲਿਆਂ ਵਿਚ ਵਸ ਰਿਹਾ ਸੀ ਤਾਂ ਕਬੀਲਿਆਂ ਵਿਚ ਮਾਲਕੀ ਦਾ ਸਵਾਲ ਪੈਦਾ ਹੋਣਾ ਸੁਭਾਵਿਕ ਸੀ। ਮਾਲਕੀ ਦੇ ਆਧਾਰ 'ਤੇ ਕਬੀਲੇ ਦੋ ਭਾਗਾਂ ਵਿਚ ਵੰਡੇ ਗਏ। ਦੋ ਕਬੀਲਿਆਂ ਵਿਚ ਜੰਗ ਹੋਣੀ, ਜਿਹੜੇ ਕਬੀਲੇ ਨੇ ਹਾਰ ਜਾਣਾ, ਉਸ ਦੇ ਗੱਭਰੂ ਬੇਹੌਂਸਲਾ ਹੋ ਜਾਂਦੇ। ਲੋੜ ਪੈਂਦੀ ਕਿ ਉਨ੍ਹਾਂ ਦੀ ਹਾਰੀ ਹਿੰਮਤ ਨੂੰ ਨਵੇਂ ਸਿਰਿਓਂ ਟੁੰਬ ਕੇ ਜਗਾਇਆ ਜਾਵੇ। ਇਹ ਕੰਮ ਹੁੰਦਾ ਸੀ ਕਲਾਕਾਰ ਦਾ। ਹਾਰਨ ਵਾਲੇ ਸਰਦਾਰ ਨੂੰ, ਭੱਟ ਉਨ੍ਹਾਂ ਦੇ ਵੱਡੇ-ਵਡੇਰਿਆਂ ਦੀਆਂ ਬਹਾਦਰੀਆਂ ਦੀਆਂ ਗਾਥਾ ਸੁਣਾ ਕੇ ਨਵੇਂ ਸਿਰਿਓਂ ਪ੍ਰੇਰਨਾ ਦਿੰਦੇ।



ਰਾਜਸਥਾਨ ਵਿਚ ਰਾਜਪੂਤ ਘਰਾਣੇ ਉਭਰੇ ਤਾਂ ਉਥੇ ਭੱਟਾਂ ਦੇ ਹੁਨਰ ਦੀ ਕਦਰ ਵਧੀ। ਰਾਜਿਆਂ-ਮਹਾਰਾਜਿਆਂ ਦੀਆਂ ਲੜਾਈਆਂ ਨੂੰ ਉਨ੍ਹਾਂ ਦੇ ਦਰਬਾਰੀ ਕਵੀ ਲਿਖਦੇ ਅਤੇ ਦਰਬਾਰੀ ਗਵੱਈਏ ਗਾ ਕੇ ਰਾਜਿਆਂ ਨੂੰ ਖ਼ੁਸ਼ ਕਰਦੇ। ਹਰ ਘਰਾਣੇ ਦਾ ਆਪਣਾ ਭੱਟ ਹੁੰਦਾ ਸੀ। ਉਹ ਆਪਣੇ ਸਰਦਾਰ ਨੂੰ ਛੱਡ ਕੇ ਕਿਸੇ ਹੋਰ ਦੇ ਬੂਹੇ ਨਹੀਂ ਸੀ ਜਾਂਦਾ। ਕਿਸੇ ਹੋਰ ਬੂਹੇ 'ਤੇ ਜਾਣਾ ਉਸ ਲਈ ਬਹੁਤ ਵੱਡਾ ਉਲਾਂਭਾ ਮੰਨਿਆ ਜਾਂਦਾ ਸੀ। ਗਉੜੀ ਦੀ ਵਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋਡੇ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥

ਪੁਰਾਤਨ ਗ੍ਰੰਥਾਂ ਤੇ ਮਿਥਿਹਾਸਕ ਵਿਚਾਰਾਂ ਅਨੁਸਾਰ ਢਾਡੀ ਦੇ ਗਾਉਣ ਦੀ ਪਿਰਤ ਸ਼ਿਵਜੀ ਦੇ ਸਮੇਂ ਤੋਂ ਪਈ। ਉਸ ਸਮੇਂ ਲੋਕ ਡਮਰੂ ਨਾਲ ਗਾਉਂਦੇ ਸਨ। ਪਿੰਡ-ਪਿੰਡ ਗੁੱਗੇ ਦੀਆਂ ਵਾਰਾਂ ਦਾ ਗਾਇਨ ਕਰਦੇ। ਇਹ ਡਮਰੂ ਦਾ ਆਕਾਰ ਘਟ ਕੇ ਢੱਡ ਬਣ ਗਈ। ਰਾਜਸਥਾਨ ਵਿਚ ਸਾਜ਼ਾਂ ਨਾਲ ਗਾਉਣ ਵਾਲਿਆਂ ਲਈ ਸ਼ਬਦ 'ਘੜਕਾ' ਪੈ ਗਿਆ। 'ਘੜਕਾ' ਅਖਵਾਉਣ ਵਾਲੇ ਗਾਇਕ ਪੰਜਾਬ ਵਿਚ ਆ ਕੇ ਢਾਡੀ ਬਣ ਗਏ। 'ਘੜਕਾ' ਦਾ ਬਦਲਿਆ ਰੂਪ ਹੈ 'ਢਾਡੀ'। ਪੰਜਾਬ ਵਿਚ ਆ ਕੇ ਉਨ੍ਹਾਂ ਦੇ ਸਾਜ਼ ਬਦਲ ਗਏ। ਪੁਰਾਤਨ ਸਾਜ਼ ਸਰੰਦਾ ਤੇ ਮਰਦੰਗ ਸੀ ਬਾਅਦ ਵਿਚ ਸਰੰਦੇ ਦੀ ਥਾਂ ਸਾਰੰਗੀ ਅਤੇ ਮਰਦੰਗ ਦੀ ਥਾਂ ਢੱਡ ਨੇ ਲੈ ਲਈ।

ਪੁਰਾਤਨ ਸਮਿਆਂ ਵਿਚ ਪ੍ਰਸਿੱਧ ਕਬੀਲਿਆਂ ਦੇ ਆਪਣੇ ਢਾਡੀ ਹੁੰਦੇ ਸਨ ਤੇ ਢਾਡੀ ਦਾ ਪਹਿਲਾ ਕੰਮ ਆਪਣੇ ਮਾਲਕ ਨੂੰ ਖ਼ੁਸ਼ ਕਰਨਾ ਸੀ। ਅਮਨ ਦੇ ਸਮੇਂ ਵੱਡੇ ਲੋਕਾਂ ਦੇ ਮਨੋਰੰਜਨ ਲਈ ਵਾਰਾਂ ਗਾਈਆਂ ਜਾਂਦੀਆਂ ਸਨ। ਇਸ ਮਨੋਰਥ ਨੂੰ ਪੂਰਾ ਕਰਨ ਲਈ ਢਾਡੀਆਂ ਨੇ ਸ਼ਿੰਗਾਰ ਰਸ ਭਾਵ ਪਿਆਰ, ਪ੍ਰੀਤ ਦੀਆਂ ਵਾਰਾਂ ਲਿਖ ਕੇ ਗਾਈਆਂ ਜਿਵੇਂ ਹੀਰ-ਰਾਂਝਾ, ਸੱਸੀ-ਪੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ ਸਾਹਿਬਾਂ ਆਦਿ। ਜਿਸ ਤਰ੍ਹਾਂ ਭੈਰਵੀ, ਤਿਲੰਗ ਆਦਿ ਸਾਡੇ ਪੁਰਾਤਨ ਕਲਾਸੀਕਲ ਰਾਗ ਹਨ, ਉਸੇ ਤਰ੍ਹਾਂ ਢਾਡੀਆਂ ਦੀਆਂ ਵੀ ਕਲਾਸੀਕਲ ਤਰਜ਼ਾਂ ਹਨ, ਜਿਵੇਂ ਕਿਸੇ ਢਾਡੀ ਨੇ ਵੱਖਰੀ ਲੈਅ ਵਿਚ ਹੀਰ ਦੀ ਕਹਾਣੀ ਲਿਖੀ ਤੇ ਗਾਈ, ਉਹ ਤਰਜ਼ ਐਨੀ ਪ੍ਰਸਿੱਧ ਹੋਈ ਕਿ ਉਸ ਧੁਨ ਦਾ ਨਾਂ ਹੀਰ ਪੈ ਗਿਆ। ਇਸੇ ਤਰ੍ਹਾਂ ਮਿਰਜ਼ਾ, ਦੁੱਲਾ, ਸੱਸੀ, ਸੋਹਣੀ, ਪੂਰਨ, ਬੈਂਤ, ਸਾਕਾ, ਢਾਹੀਆ, ਰਸਾਲੂ ਆਦਿ ਢਾਡੀਆਂ ਦੀਆਂ ਕਲਾਸੀਕਲ ਧੁਨਾਂ ਹਨ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚੀਆਂ ਤਿੰਨ ਵਾਰਾਂ, ਆਸਾ ਦੀ ਵਾਰ, ਮਾਝ ਦੀ ਵਾਰ ਅਤੇ ਮਲਾਰ ਦੀ ਵਾਰ ਤੋਂ ਪਹਿਲਾਂ ਵਾਰਾਂ ਦੀਆਂ ਨੌਂ ਧੁਨੀਆਂ ਦਾ ਸਬੂਤ ਮਿਲਦਾ ਹੈ। ੨੨ ਵਾਰਾਂ ਨੂੰ ਪੁਰਾਤਨ ਪ੍ਰਸਿੱਧ ਵਾਰਾਂ ਦੀਆਂ ੯ ਧੁਨੀਆਂ ਵਿਚ ਗਾਉਣ ਦਾ ਉਪਦੇਸ਼ ਹੈ।

ਰਾਜੇ ਅਸਰਾਜ ਦੀ ਵਾਰ ਗੁਰੂ ਜੀ ਦੇ ਸਮੇਂ ਤੋਂ ਪਹਿਲਾਂ ਦੀ ਉਦਾਹਰਣ ਹੈ:

ਭਬਕਿਆ ਸ਼ੇਰ ਸਰਦੂਲ ਰਾਇ ਮਣ ਮਾਰੂ ਵਜੇ।
ਖਾਨ ਸੁਲਤਾਨ ਵਡ ਸੂਰਮੇ ਵਿਚ ਰਣ ਗਜੇ।
ਖ਼ਤ ਲਿਖ ਟੁੰਡੇ ਅਸਰਾਜ ਨੂੰ ਪਾਤਸ਼ਾਹ ਅਜੇ।
ਟਿੱਕਾ ਸਾਰੰਗ ਬਾਪ ਨੂੰ ਦਿੱਤਾ ਭਰ ਲਜੇ।
ਫਤਿਹ ਪਾਈ ਅਸਰਾਜ ਦੀ ਸਾਹੀ ਪਰ ਸਜੇ।

ਪੰਜਾਬ ਵਿਚ ਢਾਡੀ ਕਲਾ ਦਾ ਅਹਿਮ ਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਪਾਤਸ਼ਾਹ ਤਕ ਸਿੱਖਾਂ ਵਿਚ ਆਮ ਤੌਰ 'ਤੇ ਗੁਰਬਾਣੀ ਦਾ ਕੀਰਤਨ ਹੀ ਪ੍ਰਚੱਲਤ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸਾਰੰਦਾ ਵਜਾ ਕੇ ਕੀਰਤਨ ਕਰਿਆ ਕਰਦੇ ਸਨ ਅਤੇ ਆਪ ਜੀ ਉਚਕੋਟੀ ਦੇ ਰਾਗੀ ਸਨ। ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਐਲਾਨ ਕੀਤਾ ਕਿ ਹੁਣ ਕੌਮ ਨੂੰ ਬੀਰ-ਰਸ ਦੀ ਲੋੜ ਹੈ। ਉਸ ਵੇਲੇ ਦੋ ਤਖ਼ਤ ਬੜੇ ਮਸ਼ਹੂਰ ਸਨ-ਦਿੱਲੀ ਦਾ ਤਖ਼ਤ ਤੇ ਲਾਹੌਰ ਦਾ ਤਖ਼ਤ। ਇਨ੍ਹਾਂ ਦੋ ਤਖ਼ਤਾਂ ਦੇ ਮੁਕਾਬਲੇ ਹਜ਼ੂਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਢਾਡੀਆਂ ਨੂੰ ਸਿੱਖ ਦਰਬਾਰ ਵਿਚ ਥਾਂ ਦਿੱਤੀ। ਭਾਈ ਬਿਧੀ ਚੰਦ ਨੂੰ ਆਖਿਆ ਕਿ ਕੋਈ ਢਾਡੀ ਜਥਾ ਲਿਆਓ। ਭਾਈ ਬਿਧੀ ਚੰਦ ਪਿੰਡ ਸੁਰਸਿੰਘ ਤੋਂ ਢਾਡੀ ਨੱਥਾ ਜੀ ਤੇ ਢਾਡੀ ਅਬਦੁੱਲਾ ਜੀ ਨੂੰ ਲੈ ਕੇ ਆਏ। ਜਦੋਂ ਭਾਈ ਨੱਥਾ ਜੀ ਨੇ ਮਾਰਿਆ ਢੱਡ 'ਤੇ ਹੱਥ, ਭਾਈ ਅਬਦੁੱਲਾ ਜੀ ਨੇ ਫੇਰਿਆ ਸਾਰੰਗੀ ਉਤੇ ਗਜ਼ ਤਾਂ ਵਾਤਾਵਰਣ ਬੀਰ-ਰਸ ਨਾਲ ਗੂੰਜ ਉਠਿਆ। ਉਨ੍ਹਾਂ ਨੇ ਵਾਰ ਪੜ੍ਹੀ:

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰ ਦੀ
ਇਕ ਅਜਮਤ ਦੀ ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ,
ਮਾਰ ਦੁਸ਼ਟਾਂ ਕਰੇ ਤਾਗੀਰ ਦੀ,
ਪੱਗ ਤੇਰੀ, ਕੀ ਜਹਾਂਗੀਰ ਦੀ?

ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਆਪਣੇ ਦਰਬਾਰ ਵਿਚ ਢਾਡੀ ਪੈਦਾ ਕੀਤੇ। ਉਨ੍ਹਾਂ ਨੂੰ ਨਿਵੇਕਲਾ ਰੂਪ ਦਿੱਤਾ। ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਨੱਥਾ ਜੀ ਤੇ ਭਾਈ ਅਬਦੁੱਲਾ ਜੀ ਢਾਡੀ ਰੱਖੇ ਉਨ੍ਹਾਂ ਇਸ ਤਰੀਕੇ ਨਾਲ ਵਾਰਾਂ ਗਾਈਆਂ ਕਿ ਕਾਇਰ ਵੀ ਲੜਨ ਵਾਸਤੇ ਹੌਂਸਲਾ ਧਾਰਨ ਲੱਗੇ। ਭਾਈ ਨੱਥਾ ਜੀ ਤੇ ਭਾਈ ਅਬਦੁੱਲਾ ਜੀ ਦੀ ਵਾਰ ਦਾ ਨਮੂਨਾ ਪੇਸ਼ ਹੈ:

ਸਚਾ ਤਖਤ ਸਾਹਯੋ ਸ੍ਰੀ ਗੁਰੂ ਪਾਇ ਕੈ।
ਛੱਬ ਬਰਨੀ ਨਹਿ ਜਾਇ ਕਹੋ ਕਿਆ ਗਾਇ ਕੈ।
ਰਵਿ ਸਸ ਭਏ ਮਲੀਨ ਸੁ ਦਰਸ ਦਿਖਾਇ ਕੈ।
ਸ੍ਰੀ ਗੁਰੂ ਤਖਤ ਬਿਰਾਜੇ ਪ੍ਰਭ ਬਿਆਇ ਕੈ।
ਮੀਰ ਅਦਬੁਲ ਔ ਨਥਾ ਕਹੈ ਬਨਾਇ ਕੈ।

ਕੌਮ ਦੇ ਵਿਰਸੇ ਨੂੰ ਸੰਭਾਲਣ ਲਈ ਦਾਨੇ ਕਵੀ ਸੱਚ ਨੂੰ ਪ੍ਰਸੰਗ ਵਿਚ ਬੰਨ੍ਹਦੇ ਹਨ। ਸ਼ਹੀਦਾਂ ਦੇ ਸਾਕੇ, ਸੂਰਬੀਰਾਂ ਦੇ ਕਾਰਨਾਮੇ ਵਾਰਾਂ ਵਿਚ ਬੰਨ੍ਹ ਕੇ ਢਾਡੀ, ਢੱਡ, ਸਾਰੰਗੀ ਨਾਲ ਗਾ ਕੇ ਪੇਸ਼ ਕਰਕੇ ਕੌਮ ਵਿਚ ਬੀਰ-ਰਸ ਪੈਦਾ ਕਰਨ ਦੀ ਪੁਰਾਣੀ ਪਰੰਪਰਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਭਾਈ ਮੁਸ਼ਕੀ ਜੀ ਤੇ ਭਾਈ ਛਬੀਲਾ ਜੀ ਨਾਂ ਦੇ ਢਾਡੀ ਸਨ। 'ਢਾਡੀ' ਤੇ 'ਵਾਰ' ਦੋ ਵੱਖਰੇ-ਵੱਖਰੇ ਨਾਂ ਹਨ ਪਰ ਅੱਜਕਲ੍ਹ ਢਾਡੀ ਵਾਰ ਇੱਕੋ ਸ਼ਬਦ ਨਾਲ ਜਾਣਿਆ ਜਾਣ ਲੱਗਾ ਹੈ।

'ਵਾਰ' ਅੰਗਰੇਜ਼ੀ ਵਿਚ ਜੰਗ ਨੂੰ ਕਹਿੰਦੇ ਹਨ। ਕਿਸੇ ਉੱਤੇ ਹਮਲਾ ਕਰਨ ਨੂੰ ਵੀ 'ਵਾਰ' ਕਹਿੰਦੇ ਹਨ। 'ਵਾਰ ਕੀਤਾ' ਕਈ ਸੂਰਮੇ ਕਹਿੰਦੇ ਸੀ ਬਈ ਪਹਿਲੋਂ 'ਵਾਰ' ਕਰ ਲੈ ਮੇਰਾ 'ਵਾਰ' ਖਾਲੀ ਨਈਓਂ ਜਾਣਾ। ਪੰਜਾਬੀਆਂ ਦਾ ਸੰਗੀਤ ਨਾਲ ਅੰਤਾਂ ਦਾ ਮੋਹ ਹੈ। ਹਰ ਖ਼ੁਸ਼ੀ ਤੇ ਗ਼ਮੀ ਦੇ ਮੌਕੇ ਸੰਗੀਤ ਰਾਹੀਂ ਹੀ ਪ੍ਰਗਟਾਅ ਕੀਤਾ ਜਾਂਦਾ ਹੈ। ਅੱਜ ਹਰ ਲੋਕ-ਗਾਇਕ ਆਪਣੇ ਗੀਤਾਂ ਵਿਚ ਢੱਡ ਵੀ ਵਜਾ ਰਿਹਾ ਹੈ ਤੇ ਸਾਰੰਗੀ ਵੀ। ਅਖੌਤੀ ਕਲਾਕਾਰਾਂ ਦੇ ਹੱਥਾਂ ਵਿਚ ਢੱਡ ਤੇ ਸਾਰੰਗੀ ਫੜਾ ਕੇ ਢਾਡੀ ਹੁਨਰ ਦਾ ਤ੍ਰਿਸਕਾਰ ਕੀਤਾ ਜਾ ਰਿਹਾ ਹੈ। ਪੱਛਮੀ ਸੰਗੀਤ ਦੀਆਂ ਪੌਪ ਧੁਨਾਂ ਦੇ ਵਾਵਰੋਲੇ ਵਿਚ ਢਾਡੀ ਕਲਾ ਨੂੰ ਬਹੁਤ ਵੱਡੀ ਢਾਹ ਲੱਗੀ ਹੈ। ਸਭ ਤੋਂ ਵੱਡਾ ਨੁਕਸਾਨ ਜੋ ਸਾਡੀ ਝੋਲੀ ਵਿਚ ਪੈ ਰਿਹਾ, ਉਹ ਹੈ ਸਾਡੀ ਨੌਜਵਾਨ ਪੀੜ੍ਹੀ ਦਾ ਨੈਤਿਕ ਪਤਨ। ਡਰ ਲੱਗ ਰਿਹਾ ਹੈ ਕਿ ਗਿਰਝਾਂ ਦੇ ਰੂਪ ਵਿਚ ਉਡਾਰੀਆਂ ਮਾਰਦੇ ਪੱਛਮੀ ਸੱਭਿਅਤਾ ਅਤੇ ਸੱਭਿਆਚਾਰ ਦੇ ਬਾਜ਼ ਸਾਡੇ ਅਮੀਰ ਵਿਰਸੇ ਨੂੰ ਖੋਹ ਕੇ ਨਾ ਲੈ ਜਾਣ। ਨੌਜਵਾਨੋ! ਢਾਡੀ ਬਣਨ ਤੋਂ ਸ਼ਰਮਾਵੋ ਨਾ। ਅਫਸੋਸ ਇਸ ਗੱਲ ਦਾ ਕਿ ਅੱਜ ਦਾ ਨੌਜਵਾਨ ਗਾਇਕ ਤਾਂ ਬਣਨਾ ਚਾਹੁੰਦਾ ਹੈ ਪਰ ਢਾਡੀ ਨਹੀਂ।

ਵੀਰੋ ਯਾਦ ਰੱਖੋ! ਕੌਮ ਵਿਚ ਬੀਰ-ਰਸ ਕੇਵਲ ਢਾਡੀ ਭਰ ਸਕਦਾ ਹੈ ਕਿਉਂਕਿ ਬੀਰ-ਰਸ ਕੇਵਲ ਢਾਡੀਆਂ ਦੇ ਹਿੱਸੇ ਆਇਆ ਹੈ। ਉੱਠੋ- ਜਾਗੋ ਸਾਡੇ ਅਵੇਸਲੇਪਨ ਦਾ ਇਹ ਨਤੀਜਾ ਨਾ ਨਿਕਲੇ ਕਿ ਪੱਛਮੀ ਸੱਭਿਅਤਾ ਦੇ ਕਾਲੇ-ਬੋਲੇ ਬੱਦਲ ਸਾਡੀ ਪੁੰਗਰ ਰਹੀ ਪਨੀਰੀ ਨੂੰ ਜੜ੍ਹੋਂ ਖੋਖਲੇ ਕਰ ਕੇ ਰੱਖ ਦੇਣ।

ਢਾਡੀ ਕਲਾ ਦੇ ਖੇਤਰ ਵਿਚ ਮਰਹੂਮ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਜੀ ਨੂੰ ਢਾਡੀਆਂ ਦੇ ਸਿਰਤਾਜ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਆਪਣੀ ਕਲਮ ਨਾਲ ਜੋ ਢਾਡੀਆਂ ਨੂੰ ਲਿਖਤਾਂ ਦਿੱਤੀਆਂ ਅੱਜ ਢਾਡੀ ਉਨ੍ਹਾਂ ਲਿਖਤਾਂ ਨੂੰ ਸਟੇਜ 'ਤੇ ਪੇਸ਼ ਕਰਕੇ ਆਪਣੀ ਰੋਜ਼ੀ-ਰੋਟੀ ਚਲਾ ਰਹੇ ਹਨ। ਸੀਤਲ ਜੀ ਮਹਾਨ ਢਾਡੀ, ਮਹਾਨ ਬੁਲਾਰੇ, ਮਹਾਨ ਸਾਹਿਤਕਾਰ, ਮਹਾਨ ਨਾਵਲਕਾਰ ਸਨ। ਉਨ੍ਹਾਂ ਦਾ ਨਾਂ ਸੁਣ ਕੇ ਢਾਡੀਆਂ ਦਾ ਸਿਰ ਫ਼ਖ਼ਰ ਨਾਲ ਉੱਚਾ ਹੋ ਜਾਂਦਾ ਹੈ। ਮਰਹੂਮ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਹੋਰਾਂ ਦਾ ਜ਼ਿਕਰ ਨਾ ਕਰੀਏ ਤਾਂ ਢਾਡੀ ਕਲਾ ਅਧੂਰੀ ਰਹਿ ਜਾਏਗੀ। ਢਾਡੀ ਹੁਨਰ ਵਿਚ ਦਿਲਬਰ ਹੋਰਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਚਮਕ ਰਿਹਾ ਹੈ। ਉਨ੍ਹਾਂ ਦੀ ਪੇਸ਼ਕਾਰੀ ਅੰਦਾਜ਼-ਏ-ਬਿਆਨੀ ਕਮਾਲ ਦੀ ਸੀ। ਉਨ੍ਹਾਂ ਦੀ ਆਵਾਜ਼ ਵਿਚ ਕਹਿਰਾਂ ਦਾ ਬੀਰ-ਰਸ ਸੀ। ਉਨ੍ਹਾਂ ਦੀਆਂ ਮਕਬੂਲ ਰਚਨਾਵਾਂ ਢਾਡੀ ਸਟੇਜ 'ਤੇ ਪੇਸ਼ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਢਾਡੀ ਭਾਈ ਸੌਦਾਗਰ ਸਿੰਘ ਬੇਪਰਵਾਹ, ਢਾਡੀ ਭਾਈ ਰਾਮ ਸਿੰਘ ਝਾਬੇਵਾਲ, ਢਾਡੀ ਭਾਈ ਉਦੈ ਸਿੰਘ ਮੁੰਡੀਆਂ, ਢਾਡੀ ਭਾਈ ਪਾਲ ਸਿੰਘ ਪੰਛੀ, ਢਾਡੀ ਭਾਈ ਗੁਰਦੀਪ ਸਿੰਘ ਸਾਜਨ, ਢਾਡੀ ਭਾਈ ਨਰੈਣ ਸਿੰਘ ਚੰਦਨ, ਢਾਡੀ ਗਿਆਨੀ ਜਸਵੰਤ ਸਿੰਘ ਤਾਨ, ਢਾਡੀ ਭਾਈ ਚਰਨ ਸਿੰਘ ਭੌਰਾ ਅਤੇ ਗਿਆਨੀ ਬਿੱਕਰ ਸਿੰਘ ਪ੍ਰਦੇਸੀ ਬਜ਼ੁਰਗ ਢਾਡੀਆਂ ਵਿੱਚੋਂ ਹਨ।

ਢਾਡੀ ਹੁਨਰ ਦੇ ਨੌਜਵਾਨ ਢਾਡੀ ਵੀ ਇਸ ਪਰੰਪਰਾ ਨੂੰ ਅੱਗੇ ਤੋਰਨ ਲਈ ਯਤਨਸ਼ੀਲ ਹਨ। ਇਹ ਢਾਡੀ ਜਥੇ ਸਿੱਖ ਸਟੇਜਾਂ ਉੱਤੇ ਬੜਾ ਮਾਣ ਤੇ ਸਤਿਕਾਰ ਪਾ ਰਹੇ ਹਨ। ਇਸ ਕਲਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਸ਼ਾਲਾ! ਇਹ ਢਾਡੀ ਕਲਾ ਅਕਾਸ਼ ਦੀਆਂ ਬੁਲੰਦੀਆਂ ਛੋਹੇ।

# ਢਾਡੀ ਕਲਾ ਦਾ ਵਿਰਸਾ ਤੇ ਵਰਤਮਾਨ

ਪ੍ਰੋ. ਹਰਸੁਖ ਮਨਜੀਤ ਸਿੰਘ

ਪੁਰਾਣੇ ਸਮਿਆਂ ਵਿਚ ਰਾਜੇ-ਮਹਾਰਾਜੇ ਰਾਜ ਕਰਿਆ ਕਰਦੇ ਸਨ ਅਤੇ ਕਿਉਂਕਿ ਕਿਸੇ ਵੀ ਪਾਸਿਓਂ ਕਿਸੇ ਵੀ ਸਮੇਂ ਹਮਲਾ ਹੋਣ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਸੀ, ਇਸ ਲਈ ਫੌਜੀਆਂ ਨੂੰ ਹਮਲੇ ਦਾ ਸਾਹਮਣਾ ਕਰਨ ਲਈ ਸਦਾ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਸੀ। ਫੌਜੀਆਂ ਨੂੰ ਮਾਨਸਿਕ ਤੌਰ 'ਤੇ ਤਿਆਰ ਰੱਖਣ ਲਈ ਸਾਰੀ ਜ਼ਿੰਮੇਵਾਰੀ ਢਾਡੀਆਂ ਨੂੰ ਸੌਂਪੀ ਜਾਂਦੀ ਸੀ ਜੋ ਕਿ 'ਯੁੱਧ ਦੇ ਸੋਹਲੇ', 'ਯੋਧਿਆਂ ਦੀਆਂ ਕਥਾਵਾਂ' ਅਤੇ 'ਕਾਰਨਾਮਿਆਂ ਦੇ ਬਿਰਤਾਂਤ' ਸੁਣਾ ਕੇ ਸਿਪਾਹੀਆਂ 'ਚ ਜੋਸ਼ ਭਰ ਦਿੰਦੇ ਸਨ ਅਤੇ ਫਿਰ ਉਹ ਦੇਸ਼, ਕੌਮ, ਧਰਮ ਤੇ ਚੰਗਿਆਈ ਲਈ ਲੜਣ-ਮਰਨ ਲਈ ਤਿਆਰ ਹੋ ਜਾਂਦੇ ਸਨ। ਇਸੇ ਲਈ ਲਗਭਗ ਹਰ ਰਾਜੇ ਦੇ ਦਰਬਾਰ ਵਿਚ ਢਾਡੀ ਵਿਸ਼ੇਸ਼ ਤੌਰ 'ਤੇ ਰੱਖੇ ਜਾਂਦੇ ਸਨ ਜੋ ਕਿ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਦੇ ਨਾਲ ਨਿਭਾਉਂਦੇ ਸਨ। ਉਹ ਚੜ੍ਹਾਈ ਕਰਨ ਜਾ ਰਹੀਆਂ ਫੌਜਾਂ ਨੂੰ ਸੂਰਬੀਰਾਂ ਦੇ ਜੰਗੀ ਕਾਰਨਾਮਿਆਂ ਅਤੇ ਜੰਗ ਦੇ ਮੈਦਾਨ ਵਿਚ ਵਾਪਰਦੀਆਂ ਘਟਨਾਵਾਂ ਦਾ ਵਾਰਾਂ ਦੇ ਰੂਪ ਵਿਚ ਵਰਨਣ ਕਰਕੇ, ਉੱਚੀ ਆਵਾਜ਼ ਵਿਚ ਹੇਕਾਂ ਲਾ ਕੇ ਇਸ ਕਦਰ ਉਲੇਖ ਕਰਦੇ ਸਨ ਕਿ ਸਿਪਾਹੀਆਂ ਦੇ ਡੌਲੇ ਫਰਕਣ ਲੱਗ ਜਾਂਦੇ ਅਤੇ ਉਹ ਜਿੱਤ ਦਾ ਸੁਪਨਾ ਅੱਖਾਂ ਵਿਚ ਲੈ ਕੇ ਇਸ ਨੂੰ ਸਾਕਾਰ ਕਰਨ ਲਈ ਆਪਣੇ ਅੰਤਿਮ ਸਾਹਾਂ ਤਕ ਲੜਦੇ ਰਹਿੰਦੇ ਜਾਂ ਸ਼ਹੀਦ ਹੋ ਜਾਂਦੇ।

ਵਿਦੇਸ਼ੀਆਂ ਦੇ ਹਮਲਿਆਂ ਦਾ ਸ਼ੁਰੂ ਤੋਂ ਹੀ ਅਖਾੜਾ ਹੋਣ ਕਰਕੇ ਪੰਜਾਬ ਵਿਚ ਢਾਡੀਆਂ ਦੀ ਪਰੰਪਰਾ ਬਹੁਤ ਹੀ ਪੁਰਾਣੀ ਅਤੇ ਅਮੀਰ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਫੌਜਾਂ ਵਿਚ ਬੀਰਤਾ ਦਾ ਸੰਚਾਰ ਕਰਨ ਲਈ ਵਿਸ਼ੇਸ਼ ਤੌਰ 'ਤੇ ਢਾਡੀ ਜਥਿਆਂ ਦਾ ਗਠਨ ਵੀ ਕੀਤਾ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਖ਼ੁਦ ਕਈ ਵਾਰਾਂ ਦੀ ਰਚਨਾ ਵੀ ਕੀਤੀ ਸੀ।

ਢਾਡੀ ਸ਼ਬਦ ਕੰਨੀਂ ਪੈਂਦਿਆਂ ਹੀ ਸਾਡੀਆਂ ਅੱਖਾਂ ਦੇ ਸਾਹਮਣੇ ਚਾਰ ਤਿਆਰ-ਬਰ-ਤਿਆਰ ਸਿੰਘਾਂ ਦੀ ਤਸਵੀਰ ਸਾਕਾਰ ਹੋ ਜਾਂਦੀ ਹੈ, ਜੋ ਕਿ ਵਜਦ ਵਿਚ ਆ ਕੇ ਪੂਰੇ ਹਿੱਕ ਦੇ ਜ਼ੋਰ ਨਾਲ ਸੰਗਤਾਂ ਨੂੰ ਕੋਈ ਨਾ ਕੋਈ ਇਤਿਹਾਸਕ ਜਾਂ ਧਾਰਮਿਕ ਪ੍ਰਸੰਗ ਸੁਣਾ ਰਹੇ ਹੋਣ। ਸੱਚਮੁਚ ਢਾਡੀ ਸਿੰਘ ਆਪਣੀ ਅਦੁੱਤੀ ਕਲਾ ਦੇ ਜਾਦੂ ਨਾਲ ਕੀਲੇ ਸਰੋਤਿਆਂ ਨੂੰ ਇਕ ਵੱਖਰੀ ਹੀ ਦੁਨੀਆਂ ਵਿਚ ਲੈ ਜਾਂਦੇ ਹਨ, ਜਿਥੇ ਮਾਨੋ ਸਾਖਿਆਤ ਭਾਈ ਮਤੀ ਦਾਸ ਨੂੰ ਆਰਿਆਂ ਨਾਲ ਚੀਰਿਆ ਜਾ ਰਿਹਾ ਹੈ, ਭਾਈ ਤਾਰੂ ਜੀ ਦੀ ਖੋਪੜੀ ਲਾਹੀ ਜਾ ਰਹੀ ਹੈ, ਸਿੱਖ ਬੱਚਿਆਂ ਦੇ ਜਿਸਮਾਂ ਦੇ ਟੋਟੇ ਕਰ ਕੇ ਮਾਵਾਂ ਦੇ ਗਲਾਂ ਵਿਚ ਇਨ੍ਹਾਂ ਦੇ ਹਾਰ ਪੈ ਰਹੇ ਹਨ...! ਢਾਡੀਆਂ ਦੇ ਪ੍ਰਸੰਗਾਂ ਵਿਚ ਅਣਗਿਣਤ ਸਾਖੀਆਂ, ਕਿੱਸੇ ਅਤੇ ਪ੍ਰਸੰਗ ਸ਼ਾਮਲ ਹਨ। ਖੂਨੀ ਹਾਥੀ ਦੇ ਫੌਲਾਦੀ ਤਵਿਆਂ ਨੂੰ ਚੀਰ ਕੇ ਲੰਘਦੀ ਭਾਈ ਬਚਿੱਤਰ ਸਿੰਘ ਦੀ ਇਤਿਹਾਸਕ ਨਾਗਣੀ, ਛੋਟੇ ਸਾਹਿਬਜ਼ਾਦਿਆਂ ਦਾ ਸਿਦਕ, ਚਮਕੌਰ ਦੀ ਗੜ੍ਹੀ, ਬਾਬਾ ਦੀਪ ਸਿੰਘ ਜੀ ਦਾ ਖੰਡੇ ਨਾਲ ਮੁਗਲਾਂ ਦੇ ਆਹੂ ਲਾਹੁਣਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੀਸ 'ਤੇ ਤੱਤੀ ਰੇਤ ਪਾਉਣੀ, ਉਬਲਦੀ ਦੇਗ ਵਿਚ ਅਡੋਲ ਬੈਠੇ ਭਾਈ ਦਿਆਲਾ ਜੀ.... ਤੇ ਜਦ ਇਸ ਤਰ੍ਹਾਂ ਦਾ ਇਤਿਹਾਸਕ ਯਾਦਾਂ ਦਾ ਲੰਮਾ ਅਮੁੱਕ ਸਿਲਸਲਾ ਜੀਵੰਤ ਹੁੰਦਾ ਹੈ ਤਾਂ ਸਰੋਤਿਆਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ, ਅੱਖਾਂ ਵਿਚ ਹੰਝੂ ਆ ਜਾਂਦੇ ਹਨ ਅਤੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਜਿਥੇ ਕਰੁਣਾਮਈ ਪ੍ਰਸੰਗ ਸੁਣਦਿਆਂ ਸਰੋਤੇ ਗੰਭੀਰ ਹੋ ਜਾਂਦੇ ਹਨ, ਉਥੇ ਬੀਰ-ਰਸੀ ਵਾਰਾਂ ਸੁਣਨ 'ਤੇ ਸਰਦ ਰੁੱਤ ਵਿਚ ਵੀ ਖ਼ੂਨ ਉਬਾਲੇ ਖਾਣ ਲਗਦਾ ਹੈ। ਆਪਣੇ ਵੱਡੇ-ਵਡੇਰਿਆਂ ਦੇ ਲਾਸਾਨੀ ਕਾਰਨਾਮੇ ਸੁਣ ਕੇ ਪੰਥ ਪ੍ਰਤੀ ਉਤਪੰਨ ਸ਼ਰਧਾ ਅਤੇ ਭਾਵੁਕ ਸੰਵੇਦਨਾ ਦਾ ਸੰਚਾਰ ਵੇਖਦਿਆਂ ਹੀ ਬਣਦਾ ਹੈ ਅਤੇ ਇਸ ਦਾ ਅਮਿੱਟ ਤੇ ਲਾਸਾਨੀ ਪ੍ਰਭਾਵ ਵੀ ਖ਼ੂਬ ਪੈਂਦਾ ਹੈ।

ਇਕ ਸਮਾਂ ਸੀ ਜਦ ਮੁਗ਼ਲ ਸਾਮਰਾਜ ਦੀ ਗ਼ੁਲਾਮੀ ਦੇ ਦੌਰਾਨ ਵੀ ਢਾਡੀ ਕਲਾ ਖ਼ੂਬ ਸਿਖ਼ਰ 'ਤੇ ਸੀ ਜਦਕਿ ਅਜੋਕੇ ਅਜ਼ਾਦੀ ਦੇ ਯੁੱਗ ਵਿਚ ਇਹ ਅਮੀਰ ਤੇ ਖ਼ੂਬਸੂਰਤ ਪਰੰਪਰਾ ਖੇਰੂੰ-ਖੇਰੂੰ ਹੋ ਰਹੀ ਹੈ। ਸਿੱਖ ਰਾਜ ਦੀ ਚੜ੍ਹਦੀ ਕਲਾ ਦੇ ਦੌਰ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਆਪਣੇ



ਸ਼ਾਹੀ ਦਰਬਾਰ ਵਿਚ ਢਾਡੀ ਸਿੰਘਾਂ ਦਾ ਉਚੇਚਾ ਮਾਣ-ਸਤਿਕਾਰ ਕੀਤਾ ਜਾਂਦਾ ਸੀ ਅਤੇ ਗੁਰੂ ਸਾਹਿਬਾਨ ਵੀ ਆਪਣੀਆਂ ਜਾਂਬਾਜ਼ ਫੌਜਾਂ ਦਾ ਮਨੋਬਲ ਬੁਲੰਦ ਤੇ ਕਾਇਮ ਰੱਖਣ ਅਤੇ ਜੋਸ਼ੀਲਾ ਕਰਨ ਲਈ ਵਿਸ਼ੇਸ਼ ਤੌਰ 'ਤੇ ਢਾਡੀ ਦਰਬਾਰ ਕਰਵਾਇਆ ਕਰਦੇ ਸਨ। ਨਤੀਜੇ ਵਜੋਂ ਢਾਡੀ ਪਰੰਪਰਾ ਦਿਨੋਂ-ਦਿਨ ਪ੍ਰਫੁਲਤ ਹੁੰਦੀ ਰਹੀ। ਜਿਥੇ ਰਾਜ ਦਰਬਾਰਾਂ ਦੇ ਢਾਡੀ ਸਰੀਰਕ ਤੌਰ 'ਤੇ ਲੜਨ ਲਈ ਉਕਸਾਉਂਦੇ ਸਨ, ਉਥੇ ਧਾਰਮਿਕ ਦਰਬਾਰਾਂ ਦੇ ਢਾਡੀ ਮਾਨਸਿਕ ਅਤੇ ਆਤਮਿਕ ਬੁਰਾਈਆਂ ਨਾਲ ਲੜਨ ਲਈ ਪ੍ਰੇਰਨਾ ਦਿੰਦੇ ਸਨ ਅਤੇ ਹਨ। ਕੁਝ ਲੋਕਾਂ ਦੀ ਦਲੀਲ ਹੈ ਕਿ ਢਾਡੀ ਤਾਂ ਸਿਰਫ ਜੰਗ ਦੇ ਮਾਹੌਲ ਸਮੇਂ ਹੀ ਕੰਮ ਦਿੰਦੇ ਸਨ ਅਤੇ ਆਪਣੇ ਜੋਸ਼ੀਲੇ ਤੇ ਜੰਗਜੂ ਪ੍ਰਸੰਗਾਂ ਤੇ ਵਾਰਾਂ ਦੇ ਰਾਹੀਂ ਸਰੋਤੇ ਦੇ ਮਨ ਵਿਚ ਮਰ-ਮਿਟਣ ਦੀ ਤੀਬਰਤਾ ਅਤੇ ਜੋਸ਼ ਤੇ ਬੇਚੈਨੀ ਪੈਦਾ ਕਰਨ ਦੇ ਸਮਰੱਥ ਹੁੰਦੇ ਹਨ, ਜੋ ਲੜਾਈ ਦੇ ਦ੍ਰਿਸ਼ਟੀਕੋਣ ਤੋਂ ਲਾਜ਼ਮੀ ਹੈ ਅਤੇ ਅਜੋਕੇ ਯੁਗ ਵਿਚ ਉਨ੍ਹਾਂ ਦੀ ਕੋਈ ਸਾਰਥਕਤਾ ਨਹੀਂ ਹੈ ਪਰ ਅਮਨ ਦੇ ਇਨ੍ਹਾਂ ਚਾਹਵਾਨਾਂ ਨੂੰ ਹਮੇਸ਼ਾਂ ਜੰਗ ਲਈ ਵੀ ਤਾਂ ਤਿਆਰ ਰਹਿਣਾ ਹੀ ਚਾਹੀਦਾ ਹੈ। ਸੋ ਅਮਨ ਸ਼ਾਂਤੀ ਦੇ ਠੰਡੇ ਮਾਹੌਲ ਵਿਚ ਵੀ ਕੌਮਾਂ ਨੂੰ ਆਪਣਾ ਖ਼ੂਨ ਗਰਮ ਰੱਖਣਾ ਪੈਂਦਾ ਹੈ ਅਤੇ ਇਹ ਢਾਡੀ ਸਿਰਫ਼ ਸਰੀਰਕ ਯੁੱਧਾਂ ਲਈ ਹੀ ਪ੍ਰੇਰਨਾ-ਸ੍ਰੋਤ ਨਹੀਂ ਬਣਦੇ ਸਗੋਂ ਮਾਨਵ ਨੂੰ ਚੰਗਿਆਈ ਅਤੇ ਨੈਤਿਕਤਾ ਦਾ ਸਬਕ ਵੀ ਪੜ੍ਹਾਉਂਦੇ ਹਨ ਅਤੇ ਇੰਵ ਸਥਾਈ ਅਮਨ ਅਤੇ ਮੁਹੱਬਤ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹਨ। ਉਂਞ ਵੀ ਕਿਸੇ ਕਲਾ ਨੂੰ ਕਿਸੇ ਸੌੜੀ ਵਲਗਣ ਵਿਚ ਕੈਦ ਕਰਨਾ ਕਲਾ ਦੀ ਤੌਹੀਨ ਹੈ। ਢਾਡੀ ਕਲਾ ਸਾਡਾ ਵਿਰਸਾ ਹੈ, ਇਕ ਅਮੀਰ ਸੰਸਕ੍ਰਿਤੀ ਦਾ ਅੰਗ ਅਤੇ ਅਜੋਕੇ ਪ੍ਰਤੀਕੂਲ ਹਾਲਾਤਾਂ ਵਿਚ ਵੀ ਕੁਝ ਢਾਡੀ ਵੀਰ ਇਹ ਅਮੋਲਕ ਦਾਤ ਸਾਂਭੀ ਬੈਠੇ ਹਨ। ਅਸਲੀਅਤ ਇਹ ਹੈ ਕਿ ਢਾਡੀ ਸਿਰਫ ਸਰੀਰਕ ਤੌਰ 'ਤੇ ਹੀ ਨਹੀਂ ਮਾਨਸਿਕ ਤੌਰ 'ਤੇ ਵੀ ਲੜਨ ਦੀ ਪ੍ਰੇਰਨਾ ਦਿੰਦੇ ਹਨ ਅਤੇ ਇਹ ਲੜਾਈ ਮੰਦੇ ਕੰਮਾਂ, ਬੁਰਾਈਆਂ ਆਦਿ ਨਾਲ ਹੁੰਦੀ ਹੈ ਅਤੇ ਇੰਵ ਇਹ ਢਾਡੀ ਇਨਸਾਨੀਅਤ ਨੂੰ ਸਹੀ ਰਸਤੇ ਪਾ ਕੇ ਪਰਉਪਕਾਰ ਕਰਦੇ ਹਨ। ਟੀ. ਵੀ., ਰੇਡੀਓ ਆਦਿ ਤੇ ਢਾਡੀਆਂ ਦੇ ਨਿਯਮਿਤ ਪ੍ਰੋਗਰਾਮ ਪੇਸ਼ ਹੋਣੇ ਚਾਹੀਦੇ ਹਨ ਅਤੇ ਸਕੂਲਾਂ, ਕਾਲਜਾਂ ਵਿਚ ਵੀ ਢਾਡੀ ਕਲਾ ਦੇ ਮੁਕਾਬਲੇ ਕਰਵਾ ਕੇ ਨਵੀਂ ਪੀੜ੍ਹੀ ਨੂੰ ਇਸ ਪ੍ਰਤੀ ਉਤਸ਼ਾਹਤ ਕਰਨਾ ਚਾਹੀਦਾ ਹੈ।

ਢਾਡੀਆਂ ਕੋਲ ਸਾਰੰਗੀ ਦੀ ਸੁਰ, ਢੱਡਾਂ ਦੀ ਤਾਲ ਕਵਿਤਾ ਦੇ ਬੋਲ ਅਤੇ ਗਰਜਵੀਂ ਆਵਾਜ਼ ਦਾ ਪ੍ਰਭਾਵਸ਼ਾਲੀ ਸਮਤੋਲ ਤਾਂ ਹੁੰਦਾ ਹੀ ਹੈ, ਉਨ੍ਹਾਂ ਦੀ ਇਤਿਹਾਸਕ ਜਾਣਕਾਰੀ ਦੇ ਅਮੀਰ ਖ਼ਜ਼ਾਨੇ ਨੂੰ ਪੇਸ਼ ਕਰਨ ਦਾ ਅੰਦਾਜ਼ ਵੀ ਖ਼ੂਬ ਨਿਰਾਲਾ ਅਤੇ ਜ਼ਬਰਦਸਤ ਹੁੰਦਾ ਹੈ। ਢਾਡੀਆਂ ਦੀਆਂ ਵਾਰਾਂ ਦੇ ਵਿਚ ਛੰਦਾਬੰਦੀ, ਰਸ, ਅਲੰਕਾਰ, ਬੋਲੀ, ਸ਼ੈਲੀ, ਦ੍ਰਿਸ਼ ਚਿਤਰਣ ਅਤੇ ਪਾਤਰ ਚਿਤਰਣ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ ਅਤੇ ਅਧਿਕਤਰ ਵਾਰਾਂ ਪਉੜੀਆਂ ਜਾਂ ਬੈਂਤ ਛੰਦ ਵਿਚ ਰਚੀਆਂ ਜਾਂਦੀਆਂ ਹਨ। ਵਧੇਰੇ ਵਾਰਾਂ ਵਿਚ ਬੀਰ ਰਸ ਦੀ ਪ੍ਰਧਾਨਗੀ ਹੁੰਦੀ ਹੈ ਭਾਵੇਂ ਕਿ ਕਰੁਣਾ-ਰਸ ਤੇ ਭਿਆਨਕ-ਰਸ ਦੀ ਵਰਤੋਂ ਕਰਕੇ ਵਾਰ ਨੂੰ ਹੋਰ ਤੀਬਰ, ਪ੍ਰਭਾਵਸ਼ਾਲੀ ਤੇ ਜ਼ੋਰਦਾਰ ਬਣਾਇਆ ਜਾਂਦਾ ਹੈ। ਅਸਲ ਵਿਚ ਵਾਰ ਦਾ ਮਕਸਦ ਸਰੋਤੇ ਦੇ ਦਿਲ 'ਤੇ ਸਥਾਈ ਤੇ ਡੂੰਘਾ ਅਸਰ ਛੱਡਣਾ ਹੁੰਦਾ ਹੈ। ਵਾਰਾਂ ਦੀ ਸ਼ਬਦਾਵਲੀ ਠੇਠ ਪੰਜਾਬੀ, ਗੁਰਬਾਣੀ 'ਤੇ ਆਧਾਰਿਤ ਅਤੇ 'ਨਿਹੰਗ ਸਿੰਘਾਂ ਦੇ ਬੋਲਿਆਂ' ਨਾਲ ਮਿਲਦੀ-ਜੁਲਦੀ ਹੁੰਦੀ ਹੈ। ਇਨ੍ਹਾਂ ਵਿਚ ਔਖੇ ਸ਼ਬਦਾਂ ਦੀ ਵਰਤੋਂ ਤੋਂ ਅਕਸਰ ਗੁਰੇਜ਼ ਕੀਤਾ ਜਾਂਦਾ ਹੈ । ਵਾਰਾਂ ਵਿਚ ਆਉਣ ਵਾਲੇ ਇਤਿਹਾਸਕ ਹਵਾਲਿਆਂ ਨੂੰ ਸਮਝਾਉਣ ਲਈ ਢਾਡੀ ਸਿੰਘ ਆਪਣੇ ਗਿਆਨ ਨੂੰ ਵਾਰਤਕ ਦੇ ਰੂਪ ਵਿਚ ਪੇਸ਼ ਕਰਦੇ ਹਨ। ਢਾਡੀ ਸਿੰਘ ਦੀ ਆਵਾਜ਼ ਵਿਚਲੀ ਗੜਕ ਅਤੇ ਉਸ ਦੀ ਜਾਣਕਾਰੀ ਸਰੋਤੇ ਨੂੰ ਬੰਨ੍ਹੀ ਰੱਖਦੀ ਹੈ।

ਢਾਡੀ ਕਲਾ ਵਿਚ ਕਾਫੀ ਤਬਦੀਲੀਆਂ ਆਈਆਂ ਹਨ। ਪਹਿਲਾਂ ਢਾਡੀ ਢੱਡ ਅਤੇ ਸਾਰੰਗੀ ਦੀ ਵਰਤੋਂ ਕਰਦੇ ਸਨ। ਅੱਜਕਲ੍ਹ ਤਾਂ ਕਈ ਜਥੇ 'ਸਿੰਥੇਸਾਈਜ਼ਰ' ਬੈਂਜੋ ਆਦਿ ਸਾਜ਼ਾਂ ਦੀ ਵਰਤੋਂ ਕਰਨ ਲੱਗ ਹਨ। ਕਈ ਬੀਬੀਆਂ ਦੇ ਜਥੇ ਵੀ ਇਸ ਖੇਤਰ ਵਿਚ ਆਏ ਹਨ। ਢਾਡੀ ਜਥਿਆਂ ਦੀਆਂ ਕੈਸੇਟਾਂ ਵੀ ਰਿਲੀਜ਼ ਹੋਣ ਲੱਗੀਆਂ ਹਨ। ਪਰ ਜਿਸ ਤਰ੍ਹਾਂ ਲੋੜੀਂਦੀ ਜਾਗਰੂਕਤਾ ਅਤੇ ਸਾਂਭ-ਸੰਭਾਲ ਦੀ ਘਾਟ ਨਾਲ ਕੀਮਤੀ ਤੋਂ ਕੀਮਤੀ ਸ਼ੈਅ 'ਤੇ ਵੀ ਸਮੇਂ ਦੀ ਕਰੂੰਬਤ ਗਰਦ ਜੰਮਣੀ ਅਰੰਭ ਹੋ ਜਾਂਦੀ ਹੈ, ਢਾਡੀ ਪਰੰਪਰਾ ਵੀ ਇਸ ਸਮੇਂ ਅਨਿਸ਼ਚਤਤਾ ਅਤੇ ਅਣਗੌਲੇਪਣ ਦੇ ਭਵਜਲ ਅੰਦਰ ਗੋਤੇ ਖਾਂਦੀ ਵਿਖਾਈ ਦਿੰਦੀ ਹੈ। ਮੀਡੀਏ ਦੀ ਸਰਦਾਰੀ ਦੇ ਦਿਨਾਂ ਵਿਚ 'ਚਲੰਤ' ਕਿਸਮ ਦੀ ਗਾਇਕੀ ਨੂੰ ਪੰਜਾਬੀ ਸੱਭਿਆਚਾਰ ਦੇ ਨਾਮ ਹੇਠ ਵੇਚਿਆ ਜਾ ਰਿਹਾ ਹੈ ਅਤੇ 'ਦੋ ਚਾਰ ਸੁਰਾਂ ਸਿੱਖ ਕੇ ਗਾਇਕ ਬਣੇ ਹੀ 'ਤਾਨਸੈਨ' ਬਣੇ ਫਿਰਦੇ ਹਨ ਜਦਕਿ ਅਮੀਰ ਤੇ ਦੁਰਲੱਭ ਢਾਡੀ ਵਿਰਸਾ ਰੁਲ ਰਿਹਾ ਹੈ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਹੁਣ ਅਗਲਾ ਪ੍ਰੋਗਰਾਮ ਸੀ ਪੰਜਾ ਸਾਹਿਬ ਪਹੁੰਚਣ ਦਾ। ਇਸ ਵਾਰੀ ਟੈਕਸੀ ਉਨ੍ਹਾਂ ਹੋਰ ਸੜਕ ਰਾਹੀਂ ਪਾਈ। ਇਹ ਨਾਰੋਵਾਲ ਤੋਂ ਸਿਆਲਕੋਟ ਨੂੰ ਜਾਂਦੀ ਹੈ। ਇਹ ਟੈਕਸੀ ਵੀ ਸੀ. ਐਨ. ਜੀ. ਨਾਲ ਚਲਦੀ ਸੀ ਤੇ ਨਾਰੋਵਾਲ ਲੰਘ ਕੇ ਇਹਦੀ ਗੈਸ ਮੁੱਕ ਗਈ। ਉਦਾਂ ਨਾਲ ਹੀ ਪੈਟਰੋਲ ਹੁੰਦਾ ਤੇ ਗੈਸ ਮੁੱਕਣ 'ਤੇ ਇੰਜਣ ਪੈਟਰੋਲ ਨਾਲ ਚੱਲ ਪੈਂਦਾ ਪਰ ਉਹ ਗੈਸ ਮੁੱਕਣ 'ਤੇ ਬੰਦ ਹੋ ਗਈ ਤੇ ਪੈਟਰੋਲ



ਮਤੈਲ ਸਿੰਘ ਸਰਾਂ

ਨਾਲ ਸਟਾਰਟ ਨਾ ਹੋਵੇ। ਉਨ੍ਹਾਂ ਨੇ ਗੱਡੀ ਸੜਕ ਦੀ ਸਾਈਡ 'ਤੇ ਲਾ ਲਈ। ਇਕ ਟਰੈਕਟਰ ਵਾਲਾ ਆਉਂਦਾ ਸੀ, ਉਹਨੂੰ ਹੱਥ ਦਿੱਤਾ ਕਿ ਟੋਚਨ ਕਰਕੇ ਲੈ ਜਾ ਕਿਉਂਕਿ 4 ਕੁ ਕਿਲੋਮੀਟਰ 'ਤੇ ਗੈਸ ਪੰਪ ਆਉਣਾ ਸੀ ਪਰ ਉਹ ਕਹਿੰਦਾ ਕਿ ਮੈਂ ਤਾਂ ਆਹ ਨਾਲ ਹੀ ਖੇਤ ਨੂੰ ਮੁੜਨ ਲੱਗਿਆਂ। ਫਿਰ ਇਕ ਫੋਰਵੀਲ੍ਹਰ ਆਉਂਦਾ ਦੇਖ ਕੇ ਉਨ੍ਹਾਂ ਨੇ ਸੜਕ 'ਤੇ ਖੜ੍ਹ ਕੇ ਹੱਥ ਦਿੱਤਾ ਤਾਂ ਉਨ੍ਹਾਂ ਨੇ ਰੋਕ ਤਾਂ ਲਿਆ ਪਰ ਟੈਕਸੀ ਟੋਚਨ ਕਰਕੇ ਲਿਜਾਣ ਨੂੰ ਨਾ ਮੰਨੇ। ਕਾਦਿਰ ਭਾਈ ਕਹਿੰਦਾ ਪੈਸੇ ਲੈ ਲਿਓ, ਸਾਨੂੰ ਜ਼ਰੂਰੀ ਹੈ ਪਰ ਉਹ ਉਚੀ ਸਾਰੀ ਕਹਿੰਦਾ, 'ਸਾਨੂੰ ਵੀ ਕਾਹਲੀ ਹੈ' ਤੇ ਨਾਲ ਹੀ ਉਹਨੇ ਫੋਰਵੀਲ੍ਹਰ ਤੋਰ ਲਿਆ। ਕਾਦਿਰ ਭਾਈ ਨੇ ਫਿਰ ਉਚੀ ਆਵਾਜ਼ ਮਾਰ ਕੇ ਤੁਰੇ ਜਾਂਦਿਆਂ ਨੂੰ ਕਿਹਾ ਕਿ ਮੇਰੀ ਟੈਕਸੀ ਵਿਚ ਬਾਹਰੋਂ ਆਏ ਸਰਦਾਰ ਬੈਠੇ ਹਨ। ਮੈਂ ਉਨ੍ਹਾਂ ਨੂੰ ਲਿਜਾ ਰਿਹਾਂ। ਸ਼ਾਇਦ ਇਹ ਆਵਾਜ਼ ਫੋਰਵੀਲਰ ਵਿਚ ਬੈਠੇ ਦੋਹਾਂ ਬੰਦਿਆਂ 'ਚੋਂ ਕਿਸੇ ਨੇ ਸੁਣ ਲਈ ਤਾਂ ਤਕਰੀਬਨ 100 ਕੁ ਮੀਟਰ ਅੱਗੇ ਜਾ ਕੇ ਉਨ੍ਹਾਂ ਨੇ ਫੋਰਵੀਲਰ ਰੋਕ ਲਿਆ ਤੇ ਬੈਕ ਕਰਕੇ, ਆਪਣੇ ਕੋਲੋਂ ਹੀ ਟੋਚਨ ਕੱਢ ਕੇ, ਟੈਕਸੀ ਮਗਰ ਪਾ ਲਈ। ਕਾਦਿਰ ਭਾਈ ਫਿਰ ਕਹਿੰਦਾ ਕਿ ਮੇਰੀ ਟੈਕਸੀ ਵਿਚ ਜਦ ਸਰਦਾਰ ਹੁੰਦੇ ਹਨ ਤਾਂ ਕਦੇ ਰੁਕਾਵਟ ਨਹੀਂ ਆਉਂਦੀ। ਉਥੋਂ 4-5 ਕਿਲੋਮੀਟਰ 'ਤੇ ਗੈਸ ਪੰਪ ਆ ਗਿਆ। ਉਹਨੇ ਫੋਰਵੀਲਰ ਵਾਲਿਆਂ ਨੂੰ ਪੈਸੇ ਦੇਣ ਲਈ ਬਟੂਆ ਕੱਢਿਆ ਤਾਂ ਉਹ ਕਹਿੰਦੇ ਕਿ ਸਰਦਾਰਾਂ ਤੋਂ ਪੈਸੇ ਥੋੜ੍ਹੇ ਲੈਣੇ ਨੇ। ਉਹ ਸਾਨੂੰ ਵੀ ਦੁਆ ਸਲਾਮ ਕਰ ਕੇ ਗਏ।

ਸਾਡੀ ਟੈਕਸੀ ਵੀ ਅੱਗੇ ਚੱਲ ਪਈ ਤੇ ਕਾਦਿਰ ਭਾਈ ਨੇ ਗੁਰਬਾਣੀ ਦੇ ਸ਼ਬਦਾਂ ਦੀ ਰੀਲ ਲਾ ਦਿੱਤੀ। ਸਾਨੂੰ ਹੁਣ ਲੱਗੇ ਹੀ ਨਾ ਕਿ ਅਸੀਂ ਪਾਕਿਸਤਾਨ ਵਿਚ ਘੁੰਮਦੇ ਹਾਂ। ਇਕ ਤਾਂ ਕਾਦਿਰ ਦੀ ਬੋਲੀ ਅਤੇ ਲਹਿਜਾ ਹੀ ਇਹੋ ਜਿਹਾ ਸੀ ਕਿ ਉਹ ਮੁਸਲਮਾਨ ਨਾਲੋਂ ਸਿੱਖ ਵਧ ਲਗਦਾ ਸੀ। ਉਹਨੂੰ 10 ਗੁਰੂ ਸਾਹਿਬਾਨ ਬਾਰੇ ਕਾਫੀ ਜਾਣਕਾਰੀ ਹੈ ਤੇ ਇਹ ਸਾਰਾ ਸਮਾਂ ਗੱਲਾਂ ਵੀ ਗੁਰ-ਇਤਿਹਾਸ 'ਤੇ ਹੀ ਹੁੰਦੀਆਂ ਰਹੀਆਂ। ਮੈਂ ਉਹਨੂੰ ਪੁੱਛਿਆ ਕਿ ਇਹ ਸ਼ਬਦਾਂ ਦੀ ਰੀਲ ਤੂੰ ਸਾਡੇ ਕਰਕੇ ਹੀ ਲਾਈ ਹੈ ਕਿ ਆਪ ਵੀ ਸੁਣਦਾ ਹੁੰਨਾਂ ਤਾਂ ਉਹ ਕਹਿੰਦਾ ਕਿ ਅੱਜ ਤੁਹਾਡੇ ਕਰਕੇ ਹੀ ਲਾਈ ਹੈ, ਪਰ ਉਦਾਂ ਮੈਨੂੰ ਸ਼ਬਦ ਸੁਣਨੇ ਵੀ ਬਹੁਤ ਵਧੀਆ ਲਗਦੇ ਹਨ। ਅੱਗੇ ਮੈਂ ਕਿਹਾ ਜਿੱਦਾਂ ਸਿੱਖ ਧਰਮ ਵਿਚ ਇਹ ਸ਼ਬਦਾਂ ਦੀਆਂ ਰੀਲਾਂ ਗੁਰਬਾਣੀ ਵਿਚੋਂ ਹਨ, ਕੀ ਮੁਸਲਮਾਨੀ ਮੱਤ ਵਿਚ ਵੀ ਇਹੋ ਜਿਹੀਆਂ ਕੁਝ ਰੀਲਾਂ ਹਨ ਜੋ ਕੁਰਾਨ ਸ਼ਰੀਫ ਵਿਚੋਂ ਸ਼ਬਦਾਂ ਵਾਂਗ ਗਾਈਆਂ ਹੋਣ ਤਾਂ ਉਹ ਕਹਿੰਦਾ ਕਿ ਇੰਦਾਂ ਤਾਂ ਹੈ ਨਹੀਂ ਕਿਉਂਕਿ ਮੁਸਲਮਾਨੀ ਮੱਤ ਮਿਊਜ਼ਿਕ ਨੂੰ ਇਜਾਜ਼ਤ ਨਹੀਂ ਦਿੰਦਾ, ਪਰ ਉਦਾਂ ਕੁਰਾਨ 'ਚੋਂ ਕੁਝ ਆਇਤਾਂ ਪੜ੍ਹ ਕੇ ਰੀਲਾਂ ਭਰੀਆਂ ਹੋਈਆਂ ਹਨ। ਜਾਂ ਫਿਰ ਕਵਾਲੀਆਂ ਦੀਆਂ ਰੀਲਾਂ ਹਨ ਜਿਨ੍ਹਾਂ ਨੂੰ ਵੀ ਧਾਰਮਿਕ ਹੀ ਸਮਝਿਆ ਜਾਂਦਾ। ਇੰਦਾਂ ਹੀ ਗੱਲਾਂ-ਬਾਤਾਂ ਕਰਦਿਆਂ ਅਸੀਂ ਸਿਆਲਕੋਟ ਪਹੁੰਚ ਗਏ। ਇਹ ਬਹੁਤ ਪੁਰਾਣਾ ਸ਼ਹਿਰ ਹੈ, ਇਸ ਬਾਰੇ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ। ਇਥੇ ਵੀ ਗੁਰਦੁਆਰਾ ਬੇਰ ਸਾਹਿਬ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਨਾਲ ਹੀ ਸੰਬੰਧਿਤ ਹੈ ਪਰ ਕਾਦਿਰ ਭਾਈ ਨੇ ਦੱਸਿਆ ਕਿ ਚੱਲਣਾ ਤਾਂ ਚੱਲ ਪੈਨੇਂ ਆ ਪਰ ਇਹ ਗੁਰਦੁਆਰਾ ਹੈ ਬੰਦ। ਸਿਆਲਕੋਟ ਵਿਚੋਂ ਜਾਂਦਿਆਂ-ਜਾਂਦਿਆਂ ਹੀ ਉਹਨੇ ਮੂਲੇ ਖੱਤਰੀ ਵਾਲੀ ਸਾਖੀ ਵੀ ਸੁਣਾਈ ਜੋ ਕਿ ਇਸੇ ਸ਼ਹਿਰ ਦਾ ਰਹਿਣ ਵਾਲਾ ਸੀ, ਇਕ ਹੋਰ ਸਾਖੀ ਵੀ ਉਹਨੇ ਇੱਦਾਂ ਦੱਸੀ ਕਿ ਇਸ ਸ਼ਹਿਰ ਨੂੰ ਇਕ ਮੁਸਲਮਾਨ ਫ਼ਕੀਰ ਨੇ ਸਰਾਪ ਦੇ ਦਿੱਤਾ ਕਿ ਏਨੇ ਦਿਨਾਂ ਵਿਚ ਇਹ ਨਸ਼ਟ ਹੋ ਜਾਊਗਾ ਤਾਂ ਲੋਕੀਂ ਬਾਬੇ ਨਾਨਕ ਨੂੰ ਕਹਿੰਦੇ, 'ਇਸ ਸਰਾਪ ਤੋਂ ਬਚਾਵੋ' ਤਾਂ ਬਾਬੇ ਨਾਨਕ ਨੇ ਉਸ ਫ਼ਕੀਰ ਨੂੰ ਸਮਝਾਇਆ ਕਿ ਰੱਬ ਨੇ ਜੇ ਤੈਨੂੰ ਕੋਈ ਸ਼ਕਤੀ ਦਿੱਤੀ ਹੈ ਤਾਂ ਉਸ ਦੀ ਬਣਾਈ ਹੋਈ ਖਲਕਤ ਨੂੰ ਹੀ ਨਸ਼ਟ ਕਰਕੇ ਤਾਂ ਤੂੰ ਰੱਬ ਨੂੰ ਵੀ ਨਾਰਾਜ਼ ਕਰ ਲਵੇਂਗਾ ਤਾਂ ਫ਼ਕੀਰ ਨੇ ਆਪਣਾ ਸਰਾਪ ਵਾਪਿਸ ਲੈ ਲਿਆ।

ਇਕ ਥਾਂ ਉਹਨੇ ਦੱਸਿਆ ਕਿ ਇਥੇ ਪੂਰਨ ਦਾ ਖੂਹ ਹੈ। ਰਾਜਾ ਸਲਵਾਨ ਦਾ ਰਾਜ ਵੀ ਸਿਆਲਕੋਟ ਵਿਚ ਹੀ ਰਿਹਾ। ਹੋਰ ਉਹਨੇ ਦੱਸਿਆ ਕਿ ਇਥੇ ਹਨੂੰਮਾਨ ਮੰਦਿਰ ਵੀ ਸੀ ਪਰ ਜਦੋਂ ਬਾਬਰੀ ਮਸਜਿਦ ਢਾਹੀ ਗਈ ਤਾਂ ਲੋਕਾਂ ਨੇ ਉਸ ਮੰਦਿਰ ਨੂੰ ਕਾਫੀ ਨੁਕਸਾਨ ਪਹੁੰਚਾਇਆ ਪਰ ਉਸਤੋਂ ਬਾਅਦ ਸਰਕਾਰ ਨੇ ਉਹ ਬੰਦ ਕਰ ਦਿੱਤਾ ਹੈ। ਸਿਆਲਕੋਟ ਤੋਂ ਨਿਕਲ ਕੇ ਜੀ ਟੀ ਰੋਡ ਆ ਗਈ ਜਿਹੜੀ ਪੰਜਾ ਸਾਹਿਬ ਜਾਂਦੀ ਹੈ ਪਰ ਕਾਦਿਰ ਭਾਈ ਕਹਿੰਦਾ ਕਿ ਉਹਨੇ ਵਾਪਿਸ ਲਾਹੌਰ ਚਲੇ ਜਾਣਾ ਅਤੇ ਸਾਡੇ ਨਾਲ ਉਹਦਾ ਡਰਾਈਵਰ ਹੀ ਜਾਊਗਾ। ਓਦਾਂ ਉਹ ਕਹਿੰਦਾ ਕਿ ਮੇਰਾ ਵੀ ਤੁਹਾਡੇ ਨਾਲ ਜੀਅ ਬੜਾ ਲੱਗਾ ਹੈ ਪਰ ਲਾਹੌਰ ਵਿਚ ਟੈਕਸੀਆਂ ਕਿਸੇ ਫੰਕਸ਼ਨ ਤੇ ਜਾਣੀਆਂ ਹਨ ਤੇ ਇਕ ਮੈਂ ਲੈ ਕੇ ਜਾਣੀ ਹੈ। ਉਹ ਉਥੋਂ ਬੱਸ ਲੈ ਕੇ ਲਾਹੌਰ ਆ ਗਿਆ ਤੇ ਸਾਨੂੰ ਡਰਾਈਵਰ ਬਾਬੂ ਖਾਂ ਜਿਸਦਾ ਅਸਲੀ ਨਾਂ ਜ਼ਾਹਿਦ ਹੈ, ਜੋ ਪਹਿਲਾਂ ਵੀ ਨਾਲ ਹੀ ਸੀ, ਪੰਜਾ ਸਾਹਿਬ ਨੂੰ ਲੈ ਕੇ ਚਲ ਪਿਆ। ਸਾਨੂੰ ਤਾਂ ਏਨਾ ਪਤਾ ਨਹੀਂ ਸੀ ਕਿ ਪੰਜਾ ਸਾਹਿਬ ਕਿੰਨਾ ਕੁ ਦੂਰ ਹੋਣਾ, ਅਸੀਂ ਤਾਂ ਸਮਝਿਆ ਕਿ ਤ੍ਰਿਕਾਲਾਂ ਤੱਕ ਪੁੱਜ ਜਾਵਾਂਗੇ ਕਿਉਂਕਿ ਉਸ ਵੇਲੇ ਵੀ 3 ਕੁ ਵੱਜ ਗਏ ਸਨ ਪਰ ਜਦੋਂ ਅੱਗੇ ਇਕ ਕਿਲੋਮੀਟਰ ਪੱਥਰ 'ਤੇ ਪੰਜਾ ਸਾਹਿਬ 300 ਕਿਲੋਮੀਟਰ ਤੋਂ ਵੀ ਵਧ ਲਿਖਿਆ ਪੜ੍ਹਿਆ ਤਾਂ ਹੈਰਾਨੀ ਹੋਈ ਕਿ ਇਹ ਤਾਂ ਬਹੁਤ ਦੂਰ ਹੈ ਪਰ ਡਰਾਈਵਰ ਕਹਿੰਦਾ, 'ਕੋਈ ਗੱਲ ਨਹੀਂ। ਆਪਾਂ ਭਾਵੇਂ ਅੱਧੀ ਰਾਤ ਨੂੰ ਪੁੱਜੀਏ, ਸਾਡੇ ਲਈ ਗੁਰਦੁਆਰੇ ਦਾ ਗੇਟ ਜ਼ਰੂਰ ਖੁੱਲ੍ਹੂਗਾ ਕਿਉਂਕਿ ਉਨ੍ਹਾਂ ਨੇ ਉਥੇ ਸਕਿਉਰਿਟੀ ਵਾਲਿਆਂ ਨੂੰ ਫੋਨ 'ਤੇ ਦੱਸ ਦਿੱਤਾ ਸੀ।'

ਜੀ.ਟੀ. ਰੋਡ 'ਤੇ ਟਰੈਫਿਕ ਜ਼ਿਆਦਾ ਨਹੀਂ ਸੀ ਤੇ ਸੜਕ ਵੀ ਬੜੀ ਵਧੀਆ ਹੈ। ਰਸਤੇ ਵਿਚ ਗੁਜਰਾਤ, ਜਿਹਲਮ, ਰਾਵਲਪਿੰਡੀ ਜ਼ਿਲ੍ਹੇ ਆਏ, ਇਸਲਾਮਾਬਾਦ ਥੋੜ੍ਹਾ ਜਿਹਾ ਜੀ.ਟੀ. ਰੋਡ ਤੋਂ ਹੱਟਵਾਂ ਹੈ। ਪਹਿਲਾਂ ਝਨਾਂ ਦਰਿਆ ਆਇਆ। ਉਹਦੇ 'ਤੇ ਇਕ ਬਹੁਤ ਵਧੀਆ ਰੈਸਟੋਰੈਂਟ ਬਣਿਆ ਹੋਇਆ ਤੇ ਨਾਲ ਹੀ ਗੈਸ ਪੰਪ ਵੀ ਹੈ। ਉਥੇ ਡਰਾਈਵਰ ਨੇ ਗੈਸ ਪੁਆਉਣ ਲਈ ਟੈਕਸੀ ਰੋਕ ਲਈ। ਅਸੀਂ ਵੀ ਬਾਹਰ ਨਿਕਲ ਕੇ ਬਾਥਰੂਮ ਜਾਣ ਲੱਗੇ ਤਾਂ ਇਕ 25 ਕੁ ਸਾਲ ਦਾ ਮੁੰਡਾ ਸਾਡੇ ਵਲ ਨੂੰ ਦੌੜਿਆ ਆਵੇ। ਕੋਲ ਆ ਕੇ ਬੜੇ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਈ ਤੇ ਜੱਫੀ ਪਾ ਕੇ ਸਾਨੂੰ ਮਿਲਿਆ ਤੇ ਇਕ ਫੁੱਲ ਸਾਨੂੰ ਦਿੱਤਾ। ਨਾਲੇ ਕਹੇ ਕਿ ਮੈਂ ਤੁਹਾਨੂੰ ਕੁਝ ਖੁਆਉਣਾ, ਦੱਸੋ ਕੀ ਲੈ ਕੇ ਆਵਾਂ। ਸਾਡੇ ਨਾਂਹ ਕਹਿਣ 'ਤੇ ਕਹਿੰਦਾ ਕਿ ਮੈਂ ਸੋਡੇ ਦੀਆਂ ਬੋਤਲਾਂ ਲਿਆਉਨਾਂ, ਜਾਇਓ ਨਾ, ਸਾਨੂੰ ਸਮਝ ਨਾ ਲੱਗੇ ਕਿ ਇਹਨੂੰ ਕਾਹਦਾ ਚਾਅ ਚੜ੍ਹਿਆ ਹੋਇਆ। ਅਸੀਂ ਉਹਨੂੰ ਸੋਡਾ ਲਿਆਉਣ ਤੋਂ ਵੀ ਰੋਕ ਦਿੱਤਾ। ਅਸੀਂ ਕਿਹਾ ਕਿ ਤੂੰ ਇੰਨੇ ਪਿਆਰ ਨਾਲ ਮਿਲਿਆਂ, ਇਹ ਕੋਈ ਘੱਟ ਆ। ਆਪਣਾ ਨਾਂ ਸ਼ਾਇਦ ਉਹਨੇ ਬਸ਼ੀਰ ਦੱਸਿਆ ਤੇ ਕਹਿੰਦਾ ਕਿ ਮੈਂ ਰਹਿਣ ਵਾਲਾ ਮੁਲਤਾਨ ਦਾ ਹਾਂ। ਸਾਨੂੰ ਕਹੇ ਕਿ ਤੁਸੀਂ ਮੈਨੂੰ ਇੰਡੀਆ ਦਾ ਆਪਣਾ ਟੈਲੀਫੋਨ ਦਿਓ, ਮੈਂ ਜ਼ਰੂਰ ਕਰੂੰਗਾ। ਆਪਣਾ ਟੈਲੀਫੋਨ ਵੀ ਸਾਨੂੰ ਲਿਖਾਇਆ ਕਿ ਪਾਕਿਸਤਾਨ ਜਿੰਨੇ ਦਿਨ ਰਹਿਣਾ, ਕੋਈ ਮੁਸ਼ਕਿਲ ਆਵੇ ਤਾਂ ਮੈਨੂੰ ਫੋਨ ਕਰਿਓ। ਉਹ ਪੰਜਾਬੀ ਗਾਉਣ ਵਾਲਿਆਂ ਜਿੱਦਾਂ ਗੁਰਦਾਸ ਮਾਨ, ਹਰਭਜਨ ਮਾਨ, ਸੁਰਿੰਦਰ ਸ਼ਿੰਦਾ ਦੇ ਗਾਣਿਆਂ ਦਾ ਸ਼ੌਕੀਨ ਲਗਦਾ ਸੀ। ਉਹਦੇ ਨਾਲ ਵਾਲੇ ਗੱਡੀ 'ਚ ਬੈਠੇ ਉਹਨੂੰ ਹਾਕਾਂ ਮਾਰੀ ਜਾਂਦੇ ਸਨ ਤੇ ਉਹ ਹੱਥ ਖੜ੍ਹਾ ਕਰਕੇ ਆਉਣ ਦਾ ਇਸ਼ਾਰਾ ਕਰਕੇ ਸਾਡੇ ਨਾਲ ਗੱਲਾਂ ਕਰੀ ਜਾਵੇ। ਕਹਿੰਦਾ ਮੈਨੂੰ ਪੱਗਾਂ ਵਾਲੇ ਸਰਦਾਰ ਬਹੁਤ ਚੰਗੇ ਲੱਗਦੇ ਨੇ। ਜਾਣ ਲੱਗਾ ਫਿਰ ਸਾਨੂੰ ਜੱਫੀ ਪਾ ਕੇ ਮਿਲਿਆ ਤੇ ਦੌੜ ਕੇ, ਜਾ ਕੇ ਆਪਣੀ ਗੱਡੀ 'ਚ ਬੈਠ ਗਿਆ।

ਝਨਾਂ ਦਰਿਆ ਦਾ ਪੁਲ ਵੀ ਕਾਫੀ ਲੰਮਾ ਹੈ। ਦਰਿਆ ਵਿਚ ਪਾਣੀ ਬੜਾ ਨਿਤਰਵਾਂ ਤੇ ਸ਼ਾਂਤ ਵਗ ਰਿਹਾ ਸੀ। ਤ੍ਰਿਕਾਲਾਂ ਤੱਕ ਅਸੀਂ ਜੇਹਲਮ ਦਰਿਆ ਤੱਕ ਹੀ ਗਏ। ਜ਼ਿੰਦਗੀ ਵਿਚ ਪਹਿਲੀ ਵਾਰੀ ਪੰਜਾਬ ਦੇ ਪੂਰੇ ਪੰਜਾਂ ਦਰਿਆਵਾਂ ਨੂੰ ਦੇਖਣ ਦਾ ਸਬੱਬ ਵੀ ਬਣ ਗਿਆ ਕਿਉਂਕਿ ਇਕੱਲਾ ਜੇਹਲਮ ਹੀ ਸੀ ਜਿਹੜਾ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਝਨਾਂ ਤਾਂ 1980-81 ਵਿਚ ਜਦੋਂ ਮੈਂ ਜੰਮੂ ਨੌਕਰੀ ਕਰਦਾ ਸੀ, ਅਖਨੂਰ ਜਾ ਕੇ ਦੇਖ ਆਇਆ ਸਾਂ। ਮੇਰਾ ਭਰਾ ਤਾਂ ਕਦੇ ਪਠਾਨਕੋਟ ਤੱਕ ਵੀ ਨਹੀਂ ਆਇਆ ਸੀ। ਉਸ ਨੇ ਤਾਂ ਪਹਿਲਾਂ ਦੋ ਦਰਿਆ ਸਤਲੁਜ ਤੇ ਬਿਆਸ ਹੀ ਦੇਖੇ ਸਨ। ਉਸ ਦਿਨ ਸਾਨੂੰ ਅਸਲ ਵਿਚ ਪੰਜਾਬੀ ਹੋਣ ਦਾ ਮਾਣ ਵੀ ਮਹਿਸੂਸ ਹੋਇਆ ਕਿਉਂਕਿ ਜਿਸ ਪੰਜਾਬ ਦਾ ਨਾਂ ਜਿਨ੍ਹਾਂ ਪੰਜਾਂ ਪਾਣੀਆਂ ਕਰਕੇ ਹੈ, ਉਨ੍ਹਾਂ ਦੇ ਦਰਸ਼ਨ ਪੂਰੇ ਹੋ ਗਏ। ਜੇਹਲਮ ਲੰਘ ਕੇ ਮਾੜਾ-ਮਾੜਾ ਹਨ੍ਹੇਰਾ ਵੀ ਸ਼ੁਰੂ ਹੋ ਗਿਆ, ਅਜੇ ਵੀ ਪੰਜਾ ਸਾਹਿਬ 100 ਕਿਲੋਮੀਟਰ ਤੋਂ ਵਧ ਸੀ। 9 ਕੁ ਵਜੇ ਇਕ ਸ਼ਹਿਰ ਵਿਚੋਂ ਜਦੋਂ ਲੰਘੇ ਤਾਂ ਅੱਗੇ ਸੜਕ ਪਹਾੜੀ ਵਾਂਗ ਚੜ੍ਹਾਈ ਨੂੰ ਜਾਂਦੀ ਲੱਗੀ। ਅਸਲ ਵਿਚ ਹਸਨ ਅਬਦਾਲ ਸ਼ਹਿਰ ਜਿਥੇ ਪੰਜਾ ਸਾਹਿਬ ਗੁਰਦੁਆਰਾ ਹੈ, ਉਹ ਹੈ ਈ ਪਹਾੜੀ ਦੀ ਉਚਾਈ 'ਤੇ। ਦੂਰੋਂ ਸਾਨੂੰ ਬੱਤੀਆਂ ਜਗਦੀਆਂ ਦਿਸਣ ਲੱਗ ਪਈਆਂ ਤਾਂ ਬਾਬੂ ਖਾਂ ਨੇ ਦੱਸਿਆ ਕਿ ਇਹੋ ਹਸਨ ਅਬਦਾਲ ਹੈ। ਅਸੀਂ 10 ਵਜੇ ਪੰਜਾ ਸਾਹਿਬ ਗੁਰਦੁਆਰੇ ਦੇ ਬਾਹਰ ਪਹੁੰਚ ਗਏ ਤਾਂ ਸਕਿਉਰਿਟੀ ਵਾਲੇ ਨੇ ਗੇਟ ਖੋਲ੍ਹ ਦਿੱਤਾ। ਡਰਾਈਵਰ ਨੇ ਉਨ੍ਹਾਂ ਤੋਂ ਸਾਡੇ ਲਈ ਕਮਰਾ ਲੈ ਲਿਆ ਤੇ ਸਾਮਾਨ ਅੰਦਰ ਰਖਵਾ ਕੇ ਲੰਗਰ ਵਲ ਨੂੰ ਲੈ ਗਿਆ ਕਿਉਂਕਿ ਉਸ ਵਕਤ ਉਦਾਂ ਤਾਂ ਲੰਗਰ ਦਾ ਟਾਈਮ ਨਹੀਂ ਸੀ ਪਰ ਜਦੋਂ ਲੰਗਰ ਦੇ ਸੇਵਾਦਾਰਾਂ ਨੇ ਸਾਨੂੰ ਦੇਖਿਆ ਕਿ ਇੰਡੀਆ ਤੋਂ ਆਏ ਹਨ, ਉਨ੍ਹਾਂ ਨੇ ਰੋਟੀਆਂ, (ਅਸਲ ਵਿਚ ਉਹ ਵੱਡੇ-ਵੱਡੇ ਨਾਨ ਜਿਹੇ ਪਕਾਉਂਦੇ ਹਨ ਤੇ ਫਿਰ ਉਹਦੇ 4 ਹਿੱਸੇ ਕਰ ਦਿੰਦੇ ਹਨ) ਪਕਾ ਦਿੱਤੀਆਂ। ਦਾਲ ਹੈਗੀ ਸੀ, ਉਨ੍ਹਾਂ ਨੇ ਬੜੇ ਪਿਆਰ ਨਾਲ ਲੰਗਰ ਛਕਾਇਆ।

ਲੰਗਰ ਛਕ ਕੇ ਸੌਣ ਲਈ ਕਮਰੇ ਵਿਚ ਆ ਗਏ। ਬਿਸਤਰੇ ਭੁੰਜੇ ਹੀ ਵਿਛਾਏ ਹੋਏ ਸਨ। ਰਾਤ ਹੋਣ ਕਰਕੇ ਅਸੀਂ ਗੁਰਦੁਆਰੇ ਨੂੰ ਦੇਖ ਨਹੀਂ ਸੀ ਸਕੇ, ਦੂਜਾ ਜਦੋਂ ਅਸੀਂ ਅੰਦਰ ਗਏ ਤਾਂ ਬਿਜਲੀ ਬੰਦ ਹੋ ਗਈ ਸੀ। ਸਫਰ ਦੀ ਥਕਾਵਟ ਕਰਕੇ ਅਸੀਂ ਝੱਟ ਹੀ ਸੌਂ ਗਏ।

23 ਅਕਤੂਬਰ ਨੂੰ ਅਸੀਂ ਥੋੜ੍ਹੇ ਲੇਟ ਹੀ ਉਠੇ। ਸ਼ਾਇਦ ਮੈਂ ਹੀ ਸਾਰਿਆਂ ਤੋਂ ਬਾਅਦ 'ਚ ਉਠਿਆ। ਉਦੋਂ ਸਵੇਰ ਦੇ ਨਿਤਨੇਮ ਦੀ ਅਰਦਾਸ ਹੋ ਰਹੀ ਸੀ। ਇਸ ਕਰਕੇ ਅਸੀਂ ਗੁਰਦੁਆਰੇ ਅੰਦਰ ਜਾ ਕੇ ਅਰਦਾਸ ਵਿਚ ਸ਼ਾਮਲ ਨਹੀਂ ਹੋ ਸਕੇ। ਮੈਂ ਜਦੋਂ ਨਹਾਉਣ ਤੋਂ ਬਾਅਦ ਕਮਰੇ ਵਿਚ ਆਇਆ ਤਾਂ ਮੇਰਾ ਭਰਾ ਨਿਤਨੇਮ ਕਰ ਚੁੱਕਾ ਸੀ। ਉਦੋਂ ਵੀ ਉਹ ਮੇਰੇ ਨਾਲੋਂ ਛੇਤੀ ਤਿਆਰ ਹੋ ਜਾਂਦਾ ਸੀ। ਇਕ ਤਾਂ ਉਹ ਦਾੜ੍ਹੀ ਖੁੱਲ੍ਹੀ ਰੱਖਦਾ ਤੇ ਮੈਂ ਫਿਕਸੋ ਲਾ ਕੇ ਬੰਨ੍ਹਣੀ ਹੁੰਦੀ ਏ। ਸਾਡਾ ਰਿਸ਼ਤੇਦਾਰ ਵੀ ਤਿਆਰ ਹੋ ਗਿਆ, ਮੈਂ ਹੀ ਫਾਡੀ ਸੀ। ਅਸਲ ਵਿਚ ਮੈਂ ਕੁਝ ਦੇਰ ਬਾਹਰ ਦੇਖਣ ਨੂੰ ਵੀ ਜ਼ਿਆਦਾ ਹੀ ਲਾ ਦਿੱਤਾ ਕਿਉਂਕਿ ਰਾਤੀਂ ਤਾਂ ਕੁਝ ਪਤਾ ਨਹੀਂ ਲੱਗਾ ਸੀ ਹਨ੍ਹੇਰਾ ਹੋਣ ਕਰਕੇ। ਸਭ ਤੋਂ ਪਹਿਲਾਂ ਮੈਂ ਉਹ ਪੱਥਰ ਜਿਸ ਤੇ ਪੰਜੇ ਦਾ ਨਿਸ਼ਾਨ ਹੈ, ਦੇਖਣਾ ਚਾਹੁੰਦਾ ਸੀ। ਗੁਰਦੁਆਰੇ ਦੀ ਬਣਤਰ ਇੰਦਾਂ ਹੈ ਕਿ ਇਹ ਨੀਵੀਂ ਥਾਂ ਹੈ ਤੇ ਆਲੇ ਦੁਆਲੇ ਚੌਹੀਂ ਪਾਸੀਂ ਦੁਮੰਜ਼ਲੀ ਰਿਹਾਇਸ਼ ਲਈ ਮਕਾਨ ਬਣੇ ਹੋਏ ਹਨ। ਇਹ ਸਾਰੇ ਹੀ ਗੁਰਦੁਆਰੇ ਦੇ ਹਨ। ਇਕ ਪਾਸੇ ਲੰਗਰ ਹੈ, ਅੰਦਰੋਂ ਖੜ੍ਹ ਕੇ ਬਾਹਰ ਦਾ ਪਤਾ ਨਹੀਂ ਲੱਗਦਾ। ਇਨ੍ਹਾਂ ਰਿਹਾਇਸ਼ੀ ਕਮਰਿਆਂ ਦੇ ਬੂਹੇ ਅੰਦਰ ਵਲ ਨੂੰ ਮਤਲਬ ਕਿ ਗੁਰਦੁਆਰੇ ਵਲ ਨੂੰ ਖੁਲ੍ਹਦੇ ਹਨ। ਗੁਰਦੁਆਰੇ ਦੀ ਬਿਲਡਿੰਗ ਦੇ ਦੁਆਲੇ ਚਸ਼ਮੇ ਦਾ ਪਾਣੀ ਹੈ ਜੋ ਲਗਾਤਾਰ ਕਾਫੀ ਮਾਤਰਾ ਵਿਚ ਬੜੀ ਤੇਜ਼ੀ ਨਾਲ ਨਿਕਲਦਾ ਹੈ ਤੇ ਦੂਜੇ ਪਾਸੇ ਵਲੋਂ ਅੰਦਰੋ-ਅੰਦਰੀ ਸੁਰੰਗ ਜਿਹੀ ਬਣਾ ਕੇ ਬਾਹਰ ਕੱਢ ਦਿੱਤਾ ਹੋਇਆ ਹੈ ਕਿਉਂਕਿ ਉਦਾਂ ਤਾਂ ਸਾਰੇ ਦੁਆਲਾ ਛੱਤਿਆ ਹੋਇਆ ਹੈ। ਜਿੱਥੋਂ ਚਸ਼ਮਾ ਫੁੱਟਦਾ ਹੈ, ਉਹ ਜਗ੍ਹਾ ਵੀ ਪਹਾੜੀ ਵਾਂਗ ਹੈ ਤੇ ਉਸਦੇ ਮੋਹਰੇ ਹੀ ਇਨਸਾਨੀ ਪੰਜੇ ਦੇ ਨਿਸ਼ਾਨ ਵਾਲਾ ਵੱਡਾ ਪੱਥਰ ਵੀ ਪਿਆ ਹੈ। ਇਸੇ ਨੂੰ ਹੀ ਬਾਬੇ ਨਾਨਕ ਦੇ ਹੱਥ ਦਾ ਨਿਸ਼ਾਨ ਦੱਸਿਆ ਜਾਂਦਾ ਹੈ ਤੇ ਇਹੀ ਉਹ ਪੱਥਰ ਹੈ ਜਿਹੜਾ ਵਲੀ ਕੰਧਾਰੀ ਨੇ ਪਹਾੜ ਤੋਂ ਬਾਬੇ ਵਲ ਨੂੰ ਰੋੜ੍ਹਿਆ ਸੀ। ਪਾਣੀ ਅੰਦਰੋਂ ਪ੍ਰੈਸ਼ਰ ਨਾਲ ਨਿਕਲਦਾ ਹੈ ਤੇ ਤਾਹੀਓਂ ਵੱਡਾ ਪੱਥਰ ਸਿੱਧਾ ਰੁੜ੍ਹਦਾ ਆਇਆ।

ਰਾਤੀਂ ਜਦੋਂ ਅਸੀਂ ਪੰਜਾ ਸਾਹਿਬ ਨੂੰ ਆਉਂਦੇ ਸਾਂ ਤਾਂ ਡਰਾਈਵਰ ਨੇ ਵੀ ਵਲੀ ਕੰਧਾਰੀ ਤੇ ਗੁਰੂ ਨਾਨਕ ਦੀ ਸਾਖੀ ਸੁਣਾਈ ਸੀ। ਉਸ ਦੱਸਿਆ ਸੀ ਕਿ ਵਲੀ ਕੰਧਾਰੀ ਵੀ ਇਕ ਪਹੁੰਚਿਆ ਹੋਇਆ ਪੀਰ ਸੀ ਪਰ ਉਹ ਦੁਨੀਆਂਦਾਰ ਬੰਦਿਆਂ ਤੋਂ ਨਿਰਲੇਪ ਦੂਰ ਉਚੀ ਪਹਾੜੀ 'ਤੇ ਰਹਿੰਦਾ ਸੀ ਤੇ ਕਿਸੇ ਦੇ ਵੀ ਮੱਥੇ ਨਹੀਂ ਸੀ ਲੱਗਦਾ। ਬਾਬੇ ਨਾਨਕ ਨੇ ਆਪਣਾ ਡੇਰਾ ਸਭ ਤੋਂ ਨੀਵੀਂ ਥਾਂ 'ਤੇ ਲਾਇਆ ਜਿਥੇ ਹੁਣ ਚਸ਼ਮਾ ਫੁੱਟਦਾ ਹੈ। ਜਦ ਬਾਬੇ ਨੇ ਮਰਦਾਨੇ ਦੀ ਰਬਾਬ 'ਤੇ ਰੱਬੀ ਬਾਣੀ ਦਾ ਕੀਰਤਨ ਕੀਤਾ ਤਾਂ ਲੋਕੀਂ ਬਾਬੇ ਦੇ ਦਰਸ਼ਨਾਂ ਨੂੰ ਉਥੇ ਇਕੱਠੇ ਹੋ ਗਏ। ਉਨ੍ਹਾਂ ਨੇ ਹੀ ਬਾਬੇ ਨੂੰ ਵਲੀ ਕੰਧਾਰੀ ਬਾਰੇ ਦੱਸਿਆ ਕਿ ਉਹ ਵੀ ਰੱਬੀ ਰੂਪ ਹੈ ਪਰ ਲੋਕਾਂ ਨੂੰ ਨਹੀਂ ਮਿਲਦਾ। ਉਹਦੇ ਸਰਾਪ ਤੋਂ ਡਰਦਾ ਕੋਈ ਵੀ ਉਥੇ ਜਾਂਦਾ ਨਹੀਂ ਤਾਂ ਬਾਬੇ ਨੇ ਕਿਹਾ ਕਿ ਉਹ ਵੀ ਅੱਗੋਂ ਤੋਂ ਆਪ ਨੂੰ ਰੱਬ ਦੇ ਘਰ ਦੀਆਂ ਗੱਲਾਂ ਦੱਸਿਆ ਕਰੂਗਾ। ਅਗਲੇ ਦਿਨ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਭੇਜਿਆ ਕਿ ਇਕ ਫ਼ਕੀਰ ਤੇਰੇ ਦਰਸ਼ਨ ਕਰਨੇ ਚਾਹੁੰਦਾ ਹੈ। ਜਦ ਮਰਦਾਨਾ ਔਖੀ ਪਹਾੜੀ ਚੜ੍ਹ ਕੇ ਸਿਖਰ ਉਹਦੀ ਝੌਂਪੜੀ ਕੋਲ ਅਪੜਿਆ ਤਾਂ ਵਲੀ ਕੰਧਾਰੀ



ਪੱਥਰ 'ਤੇ ਲੱਗਿਆ ਪੰਜਾ

ਉਹਨੂੰ ਬੁਰਾ-ਭਲਾ ਕਹਿਣ ਲੱਗ ਪਿਆ, ਤੂੰ ਦੁਨੀਆਂਦਾਰ ਆਦਮਜਾਤ ਮੇਰੇ ਮੱਥੇ ਕਿਉਂ ਲੱਗਾ? ਮੈਂ ਤੈਨੂੰ ਸਰਾਪ ਦੇ ਕੇ ਹੁਣੇ ਭਸਮ ਕਰ ਦੇਊਂਗਾ, ਜਦੋਂ ਭਾਈ ਮਰਦਾਨੇ ਨੇ ਬਾਬੇ ਦੇ ਦਰਸ਼ਨਾਂ ਦੀ ਗੱਲ ਕੀਤੀ ਤਾਂ ਵਲੀ ਕੰਧਾਰੀ ਨੇ ਬਾਬੇ ਨਾਨਕ ਬਾਰੇ ਵੀ ਮਾੜਾ-ਚੰਗਾ ਕਿਹਾ। ਉਹਨੇ ਮਰਦਾਨੇ ਨੂੰ ਮੰਗਣ 'ਤੇ ਵੀ ਪਾਣੀ ਪੀਣ ਨੂੰ ਨਾ ਦਿੱਤਾ ਤੇ ਕਿਹਾ ਕਿ ਜਾਹ ਆਪਣੇ ਫ਼ਕੀਰ ਤੋਂ ਪੀ ਜਾ ਕੇ। ਮਰਦਾਨੇ ਨੇ ਵਾਪਿਸ ਆ ਕੇ ਸਾਰੀ ਗੱਲ ਬਾਬਾ ਜੀ ਨੂੰ ਦੱਸੀ ਤੇ ਪੀਣ ਲਈ ਪਾਣੀ ਮੰਗਿਆ ਤਾਂ ਬਾਬੇ ਨਾਨਕ ਨੇ ਕਿਹਾ ਕਿ ਐਸ ਛੋਟੇ ਪੱਥਰ ਨੂੰ ਪਰ੍ਹਾ ਕਰ। ਜਦ ਭਾਈ ਮਰਦਾਨੇ ਨੇ ਪੱਥਰ ਪਰ੍ਹੇ ਕੀਤਾ ਤਾਂ ਪਾਣੀ ਦਾ ਚਸ਼ਮਾ ਫੁਟ ਪਿਆ।

ਬਾਬਾ ਨਾਨਕ ਰੋਜ਼ ਉਸ ਜਗ੍ਹਾ ਤੇ ਕੀਰਤਨ ਕਰਿਆ ਕਰਦੇ ਸਨ ਤੇ ਭਾਈ ਮਰਦਾਨਾ ਮਿੱਠੀ ਸੁਰ ਵਿਚ ਰਬਾਬ ਵਜਾਉਂਦੇ ਸਨ। ਬਾਬੇ ਨਾਨਕ ਦੇ ਰੱਬੀ ਸੱਚ ਦਾ ਸੁਨੇਹਾ ਹੈ ਵੀ ਸਾਰੇ ਲੋਕਾਂ ਲਈ। ਇਸ ਕਰਕੇ ਸੰਗਤਾਂ ਆਲੇ-ਦੁਆਲੇ ਤੋਂ ਵੀ ਆਉਣ ਲੱਗ ਪਈਆਂ ਤਾਂ ਪਹਾੜੀ ਦੇ ਸਿਖਰ 'ਤੇ ਬੈਠੇ ਵਲੀ ਕੰਧਾਰੀ ਨੂੰ ਹੋਰ ਵੀ ਕ੍ਰੋਧ ਆ ਗਿਆ ਕਿ ਇਹ ਫ਼ਕੀਰ ਤਾਂ ਸ਼ਰੀਅਤ ਦੇ ਉਲਟ ਗੀਤ-ਸੰਗੀਤ ਨਾਲ ਲੋਕਾਂ 'ਤੇ ਪ੍ਰਭਾਵ ਵਧਾ ਰਿਹਾ ਹੈ। ਇਕ ਦਿਨ ਉਹਨੇ ਉਹ ਵੱਡਾ ਪੱਥਰ ਹੇਠਾਂ ਵਲ ਨੂੰ, ਜਿੱਥੇ ਬਾਬਾ ਜੀ ਬੈਠੇ ਸਨ, ਬਾਬਾ ਜੀ ਨੂੰ ਮਾਰਨ ਦੀ ਨੀਅਤ ਨਾਲ ਰੇੜ੍ਹ ਦਿੱਤਾ ਤਾਂ ਬਾਬੇ ਨਾਨਕ ਨੇ ਹੱਥ ਨਾਲ ਪੱਥਰ ਰੋਕ ਲਿਆ। ਨਾਲ ਹੀ ਭਾਈ ਮਰਦਾਨੇ ਨੂੰ ਕਿਹਾ, 'ਰਬਾਬ ਵਜਾ' ਤੇ ਬਾਬੇ ਨਾਨਕ ਨੇ ਜਦ ਉਚੀ ਸੁਰ ਵਿਚ ਰੱਬੀ ਬਾਣੀ ਦਾ ਕੀਰਤਨ ਕੀਤਾ ਤਾਂ ਵਲੀ ਕੰਧਾਰੀ ਸਮਝ ਗਿਆ ਕਿ ਇਹ ਫ਼ਕੀਰ ਤਾਂ ਉਸ ਤੋਂ ਉਪਰ ਹੈ। ਉਸ ਨੇ ਆਪ ਪਹਾੜੀ ਤੋਂ ਉਤਰ ਕੇ ਬਾਬੇ ਨਾਨਕ ਦੇ ਦਰਸ਼ਨ ਕੀਤੇ। ਬਾਬਾ ਜੀ ਦੇ ਚਿਹਰੇ ਦੇ ਨੂਰ ਵਿਚ ਵਲੀ ਕੰਧਾਰੀ ਨੂੰ ਅੱਲਾ ਪਾਕਿ ਦਾ ਨੂਰ ਹੀ ਦਿਸਿਆ ਤਾਂ ਬਾਬੇ ਦੇ ਚਰਨੀਂ ਪੈ ਕੇ ਭੁੱਲ ਬਖ਼ਸ਼ਾਈ। ਪਰ ਬਾਬਾ ਨਾਨਕ ਤਾਂ ਆਇਆ ਹੀ ਉਹਨੂੰ ਇਹ ਸਮਝਾਉਣ ਸੀ ਕਿ ਜਿਸ ਰੱਬ ਨੂੰ ਤੂੰ ਪਾਇਆ ਹੈ, ਉਹਦੀ ਵਡਿਆਈ ਸਾਰੇ ਲੋਕਾਂ ਨੂੰ ਵੀ ਦੱਸ, ਉਨ੍ਹਾਂ ਤੋਂ ਦੂਰ ਨੱਠ ਕੇ ਨਹੀਂ ਸਗੋਂ ਉਨ੍ਹਾਂ ਦੇ ਵਿਚ ਬਹਿ ਕੇ। ਉਸ ਤੋਂ ਬਾਅਦ ਵਲੀ ਕੰਧਾਰੀ ਨੇ ਇਲਾਕੇ ਵਿਚ ਬਾਬੇ ਨਾਨਕ ਦੀ ਸਿੱਖਿਆ ਦਾ ਹੀ ਪ੍ਰਚਾਰ ਕੀਤਾ। ਉਹਦੀ ਸੁਣਾਈ ਇਹ ਸਾਖੀ ਵੀ ਮੈਨੂੰ ਬਹੁਤ ਵਧੀਆ ਲੱਗੀ। ਇਸ ਕਰਕੇ ਵੀ ਕਿ ਇਹ ਦੂਸਰੇ ਮਜ਼੍ਹਬ ਵਿਚ ਹੋ ਕੇ ਵੀ ਕਿੰਨਾ ਅਦਬ ਰੱਖਦੇ ਹਨ ਮਨ ਵਿਚ ਬਾਬੇ ਨਾਨਕ ਦਾ।

*(ਬਾਕੀ ਅਗਲੇ ਅੰਕ 'ਚ)*



ਗੁਰਦੁਆਰਾ ਪੰਜਾ ਸਾਹਿਬ, ਪਾਕਿਸਤਾਨ



ਕਹਾਣੀ

# ਰੇਪ ਕੇਸ

**ਗੁਰਪਾਲ ਲਿੱਟ**

ਅਖੀਰ ਛਾਂਟੀ ਦਾ ਫੈਸਲਾ ਹੋ ਕੇ ਹੀ ਰਿਹਾ। ਟਿੱਕ-ਟਿੱਕ...ਟਿੱਕ ਟਿੱਕ...ਟਿੱਕ ਟਿੱਕ...ਟਾਈਪਰਾਈਟਰ ਉਤੇ ਚਿੱਠੀਆਂ ਟਾਈਪ ਹੋ ਰਹੀਆਂ ਨੇ। ਫੈਸਲਾ ਹਵਾ ਦੇ ਖੰਭਾਂ 'ਤੇ ਸਵਾਰ ਹੋ ਸਭ ਤਕ ਪਹੁੰਚ ਚੁਕਾ ਹੈ। ਸਿਰਫ 7 ਮੁਲਾਜ਼ਮ ਰੱਖੇ ਗਏ ਨੇ। ਬਾਕੀ ਦੇ ਬਾਰਾਂ ਮੁਲਾਜ਼ਮਾਂ ਦੀ ਛਾਂਟੀ ਦਾ ਫੈਸਲਾ...। ਰਿਟਰੈਂਚਮੈਂਟ...।

ਅਚਾਨਕ ਹੀ ਦਫਤਰ ਦੇ ਸਾਰੇ ਕਮਰਿਆਂ ਵਿਚ ਖਾਮੋਸ਼ੀ ਛਾ ਗਈ ਹੈ। ਰਚਨਾ ਨੇ ਮੂੰਹ ਚੁੱਕ ਆਪਣੇ ਕਮਰੇ ਦੇ ਸਾਥੀ ਮੁਲਾਜ਼ਮਾਂ ਵਲ ਵੇਖਿਆ। ਵੇਖਦੀ ਰਹੀ। ਸੇਵਾ, ਬੀਜਾ, ਜਗਮੀਤ। ਤਿੰਨੇ ਚੁੱਪ ਨੇ। ਖੋਏ ਹੋਏ ਨੇ। ਸ਼ਾਇਦ ਕਲਪਨਾ ਵਿਚ, ਆਉਣ ਵਾਲੇ ਉਜਾੜ ਦਾ ਸਫਰ ਕਰ ਰਹੇ ਨੇ। ਅੱਗੇ ਤਾਂ ਇਹ ਇੰਜ ਕਦੀ ਚੁੱਪ ਨਹੀਂ ਰਹੇ। ਸਾਰੇ ਮੁਲਾਜ਼ਮ ਪੇਂਡੂ ਨੇ ਤੇ ਪਿੰਡਾਂ ਵਾਂਗ ਹੀ ਖੁੱਲ੍ਹੇ ਦਿਲ ਨੇ ਇਨ੍ਹਾਂ ਦੇ। ਥੋੜ੍ਹਾ ਵਕਤ ਮਿਲਿਆ ਨਹੀਂ ਕਿ ਇਕ ਦੂਸਰੇ ਨਾਲ ਛੇੜਖਾਨੀ, ਮਖੌਲ। ਕਹਿਕਹੇ ਰਹਿ-ਰਹਿ ਕੇ ਗੂੰਜਦੇ ਰਹੇ ਨੇ ਇਨ੍ਹਾਂ ਦੀਵਾਰਾਂ ਅੰਦਰ। ਅੱਜ ਜਿਹੀ ਬੋਝਲ ਖਾਮੋਸ਼ੀ ਤਾਂ ਇਨ੍ਹਾਂ ਦੀਵਾਰਾਂ ਨੇ ਅੱਗੇ ਕਦੀ ਨਹੀਂ ਵੇਖੀ ਹੋਈ। ਟਾਈਪਰਾਈਟਰ ਦੀ ਇਸ ਕਮਰੇ ਵਿਚ ਆ ਰਹੀ ਟਿੱਕ-ਟਿੱਕ ਦੀ ਆਵਾਜ਼ ਬੜੀ ਮੱਧਮ ਹੈ। ਪਰ ਇਹ ਟਿੱਕ-ਟਿੱਕ ਉਸਦੇ ਮਨ ਉਤੇ ਹਥੌੜੇ ਵਾਂਗ ਕਿਉਂ ਵੱਜ ਰਹੀ ਹੈ? ਬਾਕੀ ਸਭ ਦੇ ਮਨਾਂ ਉਤੇ ਵੀ ਤਾਂ ਇਸੇ ਤਰ੍ਹਾਂ ਵੱਜ ਰਹੀ ਹੋਵੇਗੀ ਸ਼ਾਇਦ। ਸ਼ਾਇਦ ਕਿਉਂ? ਜ਼ਰੂਰ ਵੱਜ ਰਹੀ ਹੋਵੇਗੀ। ਨੌਕਰੀ ਦਾ ਇਸ ਤਰ੍ਹਾਂ ਹੱਥੋਂ ਖੁੱਸ ਜਾਣਾ। ਕੋ-ਆਪਰੇਟਿਵ ਅਦਾਰੇ ਚਲਾਉਣ ਵਿਚ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੈ, ਤੇ ਸਜ਼ਾ? ਸਜ਼ਾ ਮੁਲਾਜ਼ਮਾਂ ਨੂੰ ਮਿਲ ਰਹੀ ਹੈ।

'ਚਾਹ ਮੰਗਾਈਏ...?' ਰਚਨਾ ਨੇ ਪੁੱਛਿਆ। ਚਾਹ ਦੀ ਲੋੜ ਨਹੀਂ ਹੈ ਭਾਵੇਂ। ਪਰ ਕੋਈ ਤਾਂ ਰੁਝੇਵਾਂ ਚਾਹੀਦਾ ਹੈ। ਕੋਈ ਨਿੱਕਾ ਮੋਟਾ ਰੁਝੇਵਾਂ ਹੀ ਹੋਵੇ ਭਾਵੇਂ। ਚਾਹ ਦੀਆਂ ਚੁਸਕੀਆਂ ਲੈਣ ਜਿਹਾ ਹੀ ਸਹੀ।

ਇਕ ਦਮ ਕੋਈ ਨਹੀਂ ਬੋਲਿਆ। ਜਿਵੇਂ ਉਸ ਦੀ ਗੱਲ ਸੁਣੀ ਹੀ ਨਾ ਹੋਵੇ। ਫਿਰ ਅਚਾਨਕ ਸੇਵਾ ਤ੍ਰਭਕਿਆ...ਹੈਂ...ਐਂ? ਕੁਝ ਕਿਹਾ ਤੈਂ ਰਚਨਾ?

'ਚਾਹ ਮੰਗਾਈਏ?'

'ਹੈਂ...? ਹਾਂ...ਚਾਹ ਮੰਗਾਈਏ...।'

ਬਾਕੀ ਦੋਵੇਂ ਵੀ ਆਪਣੇ ਅੰਦਰਲੇ ਸ਼ੋਰ ਵਿਚੋਂ ਕਮਰੇ ਵਿਚ ਪਰਤ ਆਏ ਨੇ। ਨਜ਼ਰਾਂ ਵਿਚ ਰਚਨਾ ਲਈ ਧੰਨਵਾਦੀ ਜਿਹਾ ਭਾਵ ਹੈ ਜਿਵੇਂ ਉਨ੍ਹਾਂ ਨੂੰ ਅੰਦਰਲੀ ਦਹਿਸ਼ਤ ਵਿਚੋਂ ਕੱਢ ਕੇ, ਕੋਈ ਅਹਿਸਾਨ ਕੀਤਾ ਹੋਵੇ। ਅਜਿਹੇ ਮੌਕੇ 'ਤੇ ਅੰਦਰਲੇ ਸ਼ੋਰ ਦਾ ਸਾਹਮਣਾ ਕਰਨਾ ਕਿਹੜਾ ਸੌਖਾ ਹੁੰਦਾ ਹੈ?

ਚਾਹ ਆਉਣ ਤੱਕ ਉਨ੍ਹਾਂ ਵਿਚ ਗੱਲਾਂ ਚਲਦੀਆਂ ਰਹੀਆਂ...ਪਰ ਕਿਸੇ ਨੇ ਇਕ ਵਾਰ ਵੀ ਛਾਂਟੀ ਦਾ ਜਾਂ ਟਾਈਪ ਹੋ ਰਹੀ ਚਿੱਠੀ ਦਾ ਜ਼ਿਕਰ ਨਹੀਂ ਛੇੜਿਆ। ਆਪਣੇ ਅੰਦਰਲੀ ਟੁੱਟ ਦਾ ਸਾਹਮਣਾ ਕਰਨੋਂ ਕਤਰਾ ਰਹੇ ਨੇ। ਪਰ ਕਦੋਂ ਤੱਕ...? ਸਾਹਮਣਾ ਤਾਂ ਕਰਨਾ ਹੈ ਆਖਿਰ...। ਕਰਨਾ ਪੈਣਾ ਹੈ। ਸਾਹਮਣੇ ਨਜ਼ਰ ਆ ਰਹੇ ਆਪਣੀ ਜ਼ਿੰਦਗੀ ਦੇ ਤਪਦੇ ਰੇਗਿਸਤਾਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਉਸ ਉਤੇ ਤੁਰਨਾ ਤਾਂ ਹੈ। ਤੁਰਦੇ ਰਹਿਣਾ ਹੈ, ਪੈਰਾਂ ਦੇ ਛਾਲੇ ਬਣ ਜਾਣ ਤਕ...।

ਰਚਨਾ ਨੇ ਤਾਂ ਆਪਣੇ ਨਾਲ-ਨਾਲ ਪਾਸ਼ੀ ਨੂੰ ਵੀ ਸਾਂਭਣਾ ਹੈ। ਪਾਸ਼ੀ ਦਾ ਖਿਆਲ ਆਉਣ 'ਤੇ ਉਹ ਬੇਚੈਨ ਹੋ ਉਠਦੀ ਹੈ। ਆਪਣੇ ਅੰਦਰ ਅੱਚਵੀ ਜਿਹੀ ਮਹਿਸੂਸ ਕਰਦੀ ਹੈ। ਕਿਵੇਂ ਸੰਭਾਲ ਸਕੇਗੀ ਪਾਸ਼ੀ ਨੂੰ? ਸੰਭਾਲ ਸਕੇਗੀ ਵੀ? ਉਸ ਨੂੰ ਸ਼ੱਕ ਹੈ। ਸ਼ਾਇਦ ਸਕੇਗੀ। ਸ਼ਾਇਦ ਨਹੀਂ। ਤਿੰਨ-ਚਾਰ ਮਹੀਨੇ ਪਹਿਲਾਂ ਤਕ ਉਹ ਕਹਿ ਸਕਦੀ ਸੀ, ਹਾਂ। ਇਸ ਤਰ੍ਹਾਂ ਸ਼ਸ਼ੋਪੰਜ ਜਿਹੇ ਦੀ ਹਾਲਤ ਨਹੀਂ ਬਣੀ ਸੀ ਉਦੋਂ ਤਕ ਪਰ ਹੁਣ ਤਾਂ ਪਾਸ਼ੀ ਦਾ ਖਿਆਲ ਆਉਣ 'ਤੇ ਹੀ ਅੰਦਰ ਦਹਿਸ਼ਤ ਭਰਨ ਲੱਗ ਪੈਂਦੀ ਹੈ।

ਕਿੰਨਾ ਲੰਮਾ ਉਜਾੜ ਇਕੱਠਿਆਂ ਤੈਅ ਕੀਤਾ ਹੈ ਉਨ੍ਹਾਂ ਨੇ! ਇਕੱਠਿਆਂ ਤਾਂ ਬਸ ਉਜਾੜ ਹੀ ਤੈਅ ਕੀਤਾ ਹੈ। ਸੱਤ ਸਾਲ ਲੰਮਾ ਉਜਾੜ। ਵਿਆਹ ਤੋਂ ਬਾਅਦ ਕਦੀ ਸਥਿਰਤਾ ਨਹੀਂ ਆ ਸਕੀ ਜੀਵਨ ਵਿਚ। ਕਦੀ ਭਵਿੱਖ ਸੁਰੱਖਿਅਤ ਨਹੀਂ ਲੱਗ ਸਕਿਆ। ਕਦੀ ਇਕ ਦੀ ਨੌਕਰੀ ਹੈ ਤਾਂ ਦੂਸਰੇ ਦੀ ਨਹੀਂ। ਦੂਸਰੇ ਦੀ ਹੈ ਤਾਂ ਪਹਿਲੇ ਦੀ ਨਹੀਂ। ਜਦੋਜਹਿਦ, ਸਿਰਫ ਜਦੋਜਹਿਦ...। ਦੋ ਕੁ ਸਾਲ ਪਹਿਲਾਂ ਉਸਦੀ ਨੌਕਰੀ ਤਾਂ ਜਿਵੇਂ ਕਿਵੇਂ ਪੱਕੀ ਹੋ ਗਈ ਸੀ, ਪਰ ਪਾਸ਼ੀ...? ਪਾਸ਼ੀ ਤਾਂ ਟਿਕ ਹੀ ਨਹੀਂ ਸਕਿਆ। ਉਹੀ ਲੱਗਣ-ਹਟਾਏ ਜਾਣ ਦਾ ਚੱਕਰ, ਲਗਾਤਾਰ।

ਕਿੰਨੀ ਬੁਰੀ ਤਰ੍ਹਾਂ ਟੁੱਟਦੇ ਰਹੇ ਨੇ ਉਹ ਆਰਥਿਕ ਪੱਖੋਂ ਤੇ ਕਿੰਨੀ ਹੀ ਵਾਰ। ਪਰ ਪਾਸ਼ੀ ਨੇ ਆਪਸੀ ਸੰਬੰਧਾਂ ਵਿਚ ਬਹੁਤ ਕੁਝ ਬਚਾਈ ਰੱਖਿਆ ਸੀ। ਪਰਿਵਾਰਕ ਰਿਸ਼ਤਿਆਂ ਦੀ ਕੋਮਲਤਾ ਬਚਾਈ ਰੱਖਣ ਦੀ ਕੋਸ਼ਿਸ਼ ਕੀਤੀ ਸੀ ਕਿ ਦੋਵੇਂ ਬੱਚਿਆਂ ਨੂੰ ਜ਼ਿੰਦਗੀ ਦੀ ਇਸ ਤਪਸ਼ ਤੋਂ ਹੁਣੇ ਹੀ ਜਾਣੂ ਨਾ ਹੋਣ ਦਿੱਤਾ ਜਾਵੇ। ਜਿਉਂ-ਜਿਉਂ ਜੀਵਨ ਦੀਆਂ ਕਠੋਰਤਾਵਾਂ ਨਾਲ ਵਾਹ ਪੈਂਦਾ ਗਿਆ, ਦੋਵਾਂ ਦਾ ਆਪਸੀ ਰਿਸ਼ਤਾ ਤਿਉਂ-ਤਿਉਂ ਗਹਿਰਾਈ ਫੜਦਾ ਚਲਾ ਗਿਆ ਸੀ। ਰਚਨਾ ਨੇ ਸਦਾ ਹੀ ਮਹਿਸੂਸ ਕੀਤਾ ਕਿ ਘਰ ਦੇ ਮਰਦ ਦੁਆਰਾ ਜਿਹੜੀ ਇਕ ਹਿਫਾਜ਼ਤ ਜਿਹੀ ਦਾ ਅਹਿਸਾਸ ਪਰਿਵਾਰ ਨੂੰ ਮਿਲਦਾ ਹੁੰਦਾ ਹੈ, ਉਹ ਪਾਸ਼ੀ ਨੇ ਸਦਾ ਦਿੱਤਾ ਸੀ। ਕਦੀ ਟੁੱਟਣ ਨਹੀਂ ਦਿੱਤਾ। ਜਦੋਂ ਵੀ ਕਦੀ ਰਚਨਾ ਡੋਲੀ ਸੀ ਤਾਂ ਮੋਢਿਆਂ ਦੁਆਲੇ ਵਲੀ ਬਾਂਹ ਨੇ ਉਸ ਨੂੰ ਸਾਂਭਿਆ ਸੀ।

'ਘਬਰਾਉਂਦੀ ਕਿਉਂ ਹੈ...? ਮੈਂ ਜੁ ਹਾਂ...।'

ਹਿਫਾਜ਼ਤ ਦਾ ਇਕ ਕਵਚ ਕਿੰਨਾ ਜ਼ਰੂਰੀ ਹੁੰਦਾ ਹੈ ਕਿਸੇ ਵੀ ਪਰਿਵਾਰ ਲਈ ਪਰ ਹੁਣ ਕਿੱਥੇ ਚਲਾ ਗਿਆ ਉਹ ਕਵਚ? ਕਿਵੇਂ ਤਾਰ-ਤਾਰ ਹੋ ਚੁੱਕਿਆ ਹੈ! ਕਮਜ਼ੋਰ ਹੋ ਕੇ ਫਟ ਚੁੱਕਿਆ ਹੈ? ਪਰ ਕਦੋਂ...? ਸ਼ਾਇਦ ਇਕ ਦਮ ਨਹੀਂ। ਹੌਲੀ ਹੌਲੀ ਹੀ ਤਾਂ ਟੁੱਟਦਾ ਹੈ ਬੰਦਾ।

ਚਿੱਠੀਆਂ ਹੱਥਾਂ ਵਿਚ ਪਹੁੰਚ ਚੁੱਕੀਆਂ ਨੇ। ਯੂਅਰ ਸਰਵਿਸਿਜ਼ ਆਰ ਨੋ ਮੋਰ ਰਿਕੁਆਇਰਡ...। ਬਾਕੀ ਮੁਲਾਜ਼ਮ ਵੀ ਉਸੇ ਕਮਰੇ ਵਿਚ ਆ ਚੁੱਕੇ ਨੇ। ਸਭਨਾਂ ਦੇ ਮਨਾਂ ਅੰਦਰ ਗੁੱਸਾ ਉਬਲ ਰਿਹਾ ਹੈ। ਰਚਨਾ ਵੇਖ ਰਹੀ ਹੈ। ਫੈਸਲਾ ਹੋਣ ਤੋਂ ਪਹਿਲਾਂ ਦਾ ਡਰ, ਸਹਿਮ, ਫੈਸਲਾ ਹੋ ਜਾਣ ਪਿੱਛੋਂ ਕਿਵੇਂ ਗੁੱਸੇ ਵਿਚ ਬਦਲ ਜਾਂਦਾ ਹੈ। ਇਮਾਨਦਾਰ ਮੁਲਾਜ਼ਮਾਂ ਨੂੰ ਹੀ ਸਜ਼ਾ ਮਿਲੀ ਹੈ। ਜਿਹੜੇ ਸਦਾ ਤੋਂ ਤਨਖਾਹ 'ਤੇ ਗੁਜ਼ਾਰਾ ਕਰਦੇ ਆਏ ਨੇ। ਮਿਹਨਤ ਦੀ ਕਮਾਈ ਖਾਂਦੇ ਆਏ ਨੇ, ਉਹੀ ਕੱਢੇ ਗਏ ਨੇ। ਜਿਹੜੇ ਕਿੰਨਾ ਕਿੰਨਾ ਚਿਰ ਸਟਾਕ ਆਦਿ ਦੇ ਇੰਚਾਰਜ ਰਹੇ ਨੇ, ਹਜ਼ਾਰਾਂ ਰੁਪਏ ਖਾ ਚੁੱਕੇ ਨੇ, ਉਹ ਹੁਣ ਵੀ ਨੌਕਰੀ ਉਤੇ ਕਾਇਮ ਨੇ। ਜਿਸ ਗੱਲ ਦਾ ਡਰ ਸੀ, ਉਹੀ ਹੋਇਆ ਹੈ। ਉਨ੍ਹਾਂ ਸੱਤਾਂ ਵਲੋਂ ਪ੍ਰਧਾਨ ਦੀ ਜੇਬ ਅੰਦਰੋਗਤੀ ਭਰ ਦਿੱਤੀ ਗਈ ਹੈ ਤੇ ਉਹ ਕਾਇਮ ਨੇ।

'ਕੋਈ ਮਖੌਲ ਹੈ, ਇਹ ਸੁਸਾਇਟੀ ਅਸੀਂ ਉਸਾਰੀ ਹੈ। ਜਦੋਂ ਇਥੇ ਆਏ ਸੀ ਤਾਂ ਇਥੇ ਇਕ ਕਮਰਾ ਹੁੰਦਾ ਸੀ, ਬੱਸ। ਇਸ ਤਰ੍ਹਾਂ ਨਹੀਂ ਜਾਵਾਂਗੇ' ਸੇਵਾ ਕਹਿੰਦਾ ਹੈ।

'ਲੇਬਰ ਕੋਰਟ ਐਵੇਂ ਤਾਂ ਨਹੀਂ ਬਣੀ। ਕਿਵੇਂ ਚਲ ਸਕੇਗਾ ਇਹ ਧੱਕਾ?'

'ਘਬਰਾਉਣ ਦੀ ਲੋੜ ਨਹੀਂ, ਜੇ ਆਪਣੇ ਵਿਚ ਏਕਾ ਹੋਇਆ ਤਾਂ ਇਥੇ ਹੀ ਆਵਾਂਗੇ।'

ਕੀ ਕਰ ਰਹੇ ਨੇ ਸਾਰੇ? ਦਲੀਲਾਂ ਦੀਆਂ ਥੰਮ੍ਹੀਆਂ ਕਿਵੇਂ ਗੱਡ ਰਹੇ ਨੇ? ਦੂਸਰੇ ਨੂੰ ਸਹਾਰਾ ਦੇਣ ਲਈ ਜਾਂ ਖੁਦ ਸਹਾਰਾ ਭਾਲਣ ਲਈ। ਜਾਣਦੇ ਹੋਏ ਵੀ ਕਿ ਮਨ ਹਰ ਸਮੇਂ ਦਲੀਲਾਂ ਦੇ ਸਹਾਰੇ ਨੂੰ ਨਹੀਂ ਮੰਨਦਾ। ਫਿਰ ਵੀ ਕਿੰਨਾ ਜ਼ਰੂਰੀ ਹੋ ਜਾਂਦਾ ਹੈ ਇੰਜ ਥੰਮ੍ਹੀਆਂ ਗੱਡਦੇ ਚਲੇ ਜਾਣਾ। ਡਰਾਮਾ ਕਰਦੇ ਚਲੇ ਜਾਣਾ।

ਰਚਨਾ ਦੇ ਚੇਤੇ ਵਿਚ ਜ਼ਿੰਦਗੀ ਦੇ ਉਨ੍ਹਾਂ ਭਾਵੁਕ ਦਿਨਾਂ ਦਾ ਟੁਕੜਾ ਆ ਬੈਠਦਾ ਹੈ। ਉਦੋਂ ਰਚਨਾ ਦੀ ਸੱਜੀ ਛਾਤੀ ਵਿਚ ਅਚਾਨਕ ਪੀੜ ਉਠਣ ਲੱਗ ਪਈ ਸੀ। ਦਰਦ ਨਾਲ ਕਿੰਨਾ-ਕਿੰਨਾ ਚਿਰ ਤੜਪਦੀ ਰਹਿੰਦੀ। ਇਕ ਗੰਢ ਜਿਹੀ ਵੀ ਬਣ ਗਈ ਸੀ ਛਾਤੀ ਅੰਦਰ। ਫੈਮਲੀ ਡਾਕਟਰ ਕੋਲ ਗਏ ਤਾਂ ਸੁਣ ਕੇ ਦੋਵਾਂ ਦੇ ਹਵਾਸ ਉਡ ਗਏ। ਕੈਂਸਰ ਦਾ ਸ਼ੱਕ ਦੱਸਿਆ। ਪੀ.ਜੀ.ਆਈ. ਵਿਖਾਉਣ ਦੀ ਸਲਾਹ ਦਿੱਤੀ ਗਈ। ਪਾਸ਼ੀ ਤਾਂ ਇਕ ਦਮ ਹੀ ਡੌਰ-ਭੌਰ ਜਿਹਾ ਹੋ ਗਿਆ। ਅੰਦਰੋਂ ਰਚਨਾ ਵੀ ਉਖੜ ਗਈ। ਦੋ ਦਿਨਾਂ ਲਈ ਪਾਸ਼ੀ ਨੂੰ ਕੰਮ 'ਤੇ ਨਹੀਂ ਸੀ ਜਾਣ ਦਿੱਤਾ। ਸ਼ਾਇਦ ਪਾਸ਼ੀ ਨੂੰ ਸਹਾਰਾ ਦੇਣਾ ਚਾਹੁੰਦੀ ਸੀ। ਸ਼ਾਇਦ ਖੁਦ ਨੂੰ ਸੰਭਾਲਣ ਲਈ ਉਸ ਦਾ ਸਹਾਰਾ ਚਾਹੁੰਦੀ ਸੀ।

ਹਫਤੇ ਪਿਛੋਂ ਹੀ ਪਾਸ਼ੀ ਸਣੇ ਬਿਸਤਰ ਪਰਤ ਆਇਆ। ਉਸ ਕੱਚੀ ਨੌਕਰੀ ਦਾ ਵੀ 89 ਦਿਨ ਦਾ ਪੀਰੀਅਡ ਖਤਮ ਹੋ ਚੁੱਕਿਆ ਸੀ। ਇਸ ਤੋਂ ਪਿੱਛੋਂ ਦੂਸਰਾ ਬਜਰਪਾਤ। ਕਿੱਥੇ ਤਾਂ ਪਾਸ਼ੀ ਦਫਤਰੋਂ ਐਡਵਾਂਸ ਲੈਣ ਦੀ ਸੋਚ ਰਿਹਾ ਸੀ ਤੇ ਕਿਥੇ ਨੌਕਰੀ ਵੀ ਹੱਥੋਂ ਨਿਕਲ ਗਈ।

ਪਰ ਪਾਸ਼ੀ ਇਕ ਦਮ ਸਥਿਰ ਸੀ। ਜਿਵੇਂ ਜ਼ਰਾ ਵੀ ਡੋਲਿਆ ਨਹੀਂ ਹੁੰਦਾ। ਕੀ ਸੱਚ-ਮੁੱਚ ਹੀ ਨਹੀਂ ਸੀ ਡੋਲਿਆ? ਜਾਂ ਮਹਿਜ਼ ਨਾ ਡੋਲਣ ਦਾ ਨਾਟਕ ਕਰ ਰਿਹਾ ਸੀ। ਜੇ ਪਾਸ਼ੀ ਇਸ ਤਰ੍ਹਾਂ ਮਜ਼ਬੂਤ ਵਿਖਾਈ ਦੇ ਸਕਦਾ ਸੀ ਤਾਂ ਉਹ ਕਿਉਂ ਨਹੀਂ?

ਰਚਨਾ ਨੇ ਨਵਾਂ ਸੂਟ ਲੈਣ ਦੀ ਇੱਛਾ ਪ੍ਰਗਟ ਕੀਤੀ ਤਾਂ ਪਾਸ਼ੀ ਝੱਟ ਲੈ ਤੁਰਿਆ। ਜੋ ਕੱਪੜਾ ਰਚਨਾ ਨੂੰ ਪਸੰਦ ਆਇਆ, ਬਹੁਤ ਮਹਿੰਗਾ ਸੀ। ਉਸ ਨੇ ਮਨਜ਼ੂਰੀ ਲਈ ਖਾਮੋਸ਼ ਨਿਗਾਹਾਂ ਨਾਲ ਪਾਸ਼ੀ ਵਲ ਵੇਖਿਆ, "ਤੇਰੇ ਨਾਲ ਰਹਿ ਕੇ ਤਾਂ ਕਦੇ ਚੱਜ ਨਾਲ ਖਾ ਹੰਢਾ ਕੇ ਵੀ ਨਹੀਂ ਵੇਖਿਆ ਚੰਦਰਿਆ, ਹੁਣ ਆਖਰੀ ਵਾਰ ਤਾਂ...।" ਇਹ ਸ਼ਬਦ ਤਾਂ ਰਚਨਾ ਦੇ ਅੰਦਰ ਉਭਰੇ ਸੀ। ਪਾਸ਼ੀ ਨੇ ਕਿਹੜਾ ਸੁਣੇ ਸੀ। ਪਾਸ਼ੀ ਨੇ ਵੀ ਤਾਂ ਆਦਤ ਤੋਂ ਉਲਟ ਇਕ ਦਮ ਹਾਂ ਕਰ ਦਿੱਤੀ ਸੀ। ਉਸ ਦੇ ਅੰਦਰਲਾ ਸ਼ੋਰ ਵੀ ਤਾਂ ਰਚਨਾ ਦੇ ਕੰਨਾਂ ਤਕ ਨਹੀਂ ਸੀ ਪਹੁੰਚਿਆ, "ਬਹੁਤ ਸਿਹਾ ਹੈ ਤੈਂ, ਕਦੀ ਵੀ ਤਾਂ ਸੁਖ ਨਹੀਂ ਦੇ ਸਕਿਆ। ਹੁਣ ਆਖਰੀ ਸਮੇਂ ਤਾਂ...।"

ਤੇ ਇਹ ਡਰਾਮਾ ਚਲਿਆ ਸੀ। ਚਲਦਾ ਰਿਹਾ ਸੀ। ਇਕ ਦੂਸਰੇ ਨੂੰ ਖੁਸ਼ ਰੱਖਣ ਦਾ। ਇਕ ਦੂਸਰੇ ਦੀ ਖੁਸ਼ੀ ਲਈ ਕੁਝ ਕਰਦੇ ਰਹਿਣ ਦਾ।

ਅਚਾਨਕ ਇਕ ਗੰਧਲਾ ਜਿਹਾ ਖਿਆਲ ਰਚਨਾ ਦੇ ਮਨ ਵਿਚ ਉਭਰ ਆਇਆ ਸੀ ਕਿ ਕਿਤੇ ਪਾਸ਼ੀ ਸੱਚ-ਮੁੱਚ ਤਾਂ ਅਡੋਲ ਨਹੀਂ ਹੈ? ਕਿਤੇ ਉਸ ਦੀ ਮੌਤ ਨਾਲ ਪਾਸ਼ੀ ਨੂੰ ਸੱਚ-ਮੁੱਚ ਖੁਸ਼ੀ...? ਨਹੀਂ, ਨਹੀਂ! ਕਿੰਨਾ ਗਲਤ ਸੋਚ ਗਈ ਸੀ ਉਹ। ਉਸ ਦੀ ਸੋਚ ਉਸ ਰਾਤ ਕਿਵੇਂ ਸ਼ਰਮਸਾਰ ਕਰ ਗਈ ਸੀ ਉਸ ਨੂੰ...।

ਸੁੱਤੀ ਪਈ ਨੂੰ ਅਚਾਨਕ ਲੱਗਿਆ ਸੀ ਜਿਵੇਂ ਮੱਥੇ ਉਪਰ ਕੁਝ ਬਲਦਾ ਜਿਹਾ ਆ ਡਿੱਗਿਆ ਹੁੰਦਾ ਹੈ। ਇਕ ਦਮ ਅੱਖਾਂ ਖੁੱਲ੍ਹ ਗਈਆਂ ਸਨ। ਜ਼ੀਰੋ ਬਲਬ ਦੀ ਫਿੱਕੀ ਰੌਸ਼ਨੀ ਵਿਚ ਵੇਖਿਆ ਕਿ ਪਾਸ਼ੀ ਤੇਜ਼ੀ ਨਾਲ ਪਾਸਾ ਪਰਤ ਕੇ ਖੇਸੀ ਵਿਚ ਲਿਪਟ ਗਿਆ ਸੀ। ਮੱਥੇ ਉਤੇ ਹੱਥ ਗਿਆ। ਕੋਸੇ ਕੋਸੇ ਕੁਝ ਤੁਪਕੇ ਸਨ। ਓਹ! ਤਾਂ ਪਾਸ਼ੀ ਉਸ ਨੂੰ ਸੁੱਤੀ ਪਈ ਨੂੰ ਇਕ ਟੱਕ ਵੇਖਦਾ ਰਹਿੰਦਾ ਹੈ। ਰਚਨਾ ਦਾ ਅੰਦਰ ਪੰਘਰ ਉਠਿਆ।

'ਪਾਸ਼ੀ...।' ਰਚਨਾ ਨੇ ਉਸ ਨੂੰ ਮੋਢੇ ਤੋਂ ਫੜ ਕੇ ਮੂੰਹ ਆਪਣੇ ਵਲ ਕੀਤਾ। ਅੱਖਾਂ ਕਿਵੇਂ ਲਾਲ ਹੋਈਆਂ ਪਈਆਂ ਸਨ। 'ਤੂੰ ਏਨਾ ਕਮਜ਼ੋਰ ਤਾਂ ਕਦੀ ਨਹੀਂ ਹੋਇਆ ਪਾਸ਼ੀ।'

ਉਹ ਬੋਲਿਆ ਨਹੀਂ ਸੀ। ਕੁਝ ਪਲ ਰਚਨਾ ਵਲ ਵੇਖਦਾ ਰਿਹਾ। ਫਿਰ ਉਸ ਦੀਆਂ ਛਾਤੀਆਂ ਵਿਚ ਸਿਰ ਛੁਪਾ ਕੇ ਡਿੱਸ ਪਿਆ। ਰਚਨਾ ਨੇ ਉਸ ਦੇ ਸਿਰ ਨੂੰ ਬਾਹਵਾਂ ਦਾ ਸਹਾਰਾ ਦੇ ਕੇ ਜ਼ੋਰ ਨਾਲ ਘੁੱਟ ਲਿਆ। ਉਦੋਂ ਹੀ ਰਚਨਾ ਦੇ ਕੰਨਾਂ ਵਿਚ ਪਏ ਸਨ ਡਗਮਗਾਂਦੇ ਜਿਹੇ ਸ਼ਬਦ 'ਤੂੰ ਇਸ ਤਰ੍ਹਾਂ ਛੱਡ ਕੇ ਨਹੀਂ ਜਾ ਸਕਦੀ ਰਚਨਾ। ਤੂੰ ਸਾਨੂੰ ਛੱਡ ਕੇ ਨਹੀਂ ਜਾਏਂਗੀ...।'

ਦੋਵਾਂ ਹੱਥਾਂ ਵਿਚ ਲੈ ਕੇ ਉਸ ਦਾ ਸਿਰ ਰਚਨਾ ਨੇ ਉਤਾਂਹ ਚੁੱਕਿਆ ਸੀ। ਅੱਖਾਂ ਵਿਚ ਝਾਕਦੀ ਹੋਈ ਹੱਸ ਪਈ। ਜਾਣਦੀ ਸੀ ਕਿ ਭਰੇ ਹੋਏ ਮਨ ਨਾਲ ਹੱਸਣਾ ਕਿੰਨਾ ਔਖਾ ਹੁੰਦਾ ਹੈ। ਪਰ ਇਸ ਤਰ੍ਹਾਂ ਹੱਸਣਾ ਕਈ ਵਾਰ ਕਿੰਨਾ ਜ਼ਰੂਰੀ ਵੀ ਹੋ ਜਾਂਦਾ ਹੈ।

'ਬਿਮਾਰੀ ਦੀ ਪਹਿਲੀ ਸਟੇਜ ਤਾਂ ਹੈ ਪਗਲੇ। ਸਭ ਠੀਕ ਹੋ ਜਾਣਾ ਹੈ? ਏਡਾ ਵੱਡਾ ਬੰਦਾ ਹੈਂ। ਤੇਰੇ ਕੋਲੋਂ ਤਾਂ ਜੇ ਰੱਬ ਵੀ ਮੈਨੂੰ ਖੋਹਣ ਆਵੇ। ਤੂੰ ਤਾਂ ਵੀ ਨਾ ਲਿਜਾਣ ਦੇਵੇਂ।'

ਸੱਚ-ਮੁੱਚ ਉਸ ਨੂੰ ਕੋਈ ਨਹੀਂ ਸੀ ਖੋਹ ਸਕਿਆ। ਪੀ.ਜੀ.ਆਈ. ਜਾਣ ਤੋਂ ਪਹਿਲਾਂ, ਆਪਣੇ ਸ਼ਹਿਰ ਦੇ ਇਕ ਸਰਜਨ ਨੂੰ ਵਿਖਾ ਲੈਣ ਦੀ ਸਲਾਹ ਬਣ ਗਈ ਸੀ। ਸਰਜਨ ਨੇ ਚੈਕ ਕੀਤਾ ਤਾਂ ਪਾਸਾ ਹੀ ਪਲਟ ਗਿਆ। ਜਿਵੇਂ ਅਚਾਨਕ ਹੀ ਮੌਤ ਦੀ ਡਰਾਉਣੀ ਗੁਫਾ 'ਚੋਂ ਬਾਹਰ ਨਿਕਲ ਆਏ ਹੋਣ।

'ਇਨਫੈਕਸ਼ਨ ਨਾਲ ਦੁੱਧ ਦੀ ਗਿਲਟੀ ਬਣ ਗਈ ਹੈ ਅੰਦਰ, ਅਪਰੇਸ਼ਨ ਨਾਲ ਠੀਕ ਹੋ ਜਾਵੇਗੀ।'

ਪਾਸ਼ੀ ਅਚਾਨਕ ਭਾਵੁਕ ਹੋ ਉਠਿਆ ਸੀ, 'ਸੱਚ ਡਾਕਟਰ...? ਕੀ ਸਿਰਫ ਇਨਫੈਕਸ਼ਨ ਹੀ? ਇਹ ਬਚ ਜਾਏਗੀ ਨਾ?' ਪਾਸ਼ੀ ਦਾ ਹੱਥ ਡਾਕਟਰ ਦੀ ਬਾਂਹ ਨੂੰ ਜਾ ਪਿਆ ਸੀ।

'ਤੁਸੀਂ ਇੰਜ ਘਬਰਾਏ ਹੋਏ ਕਿਉਂ ਹੋ?'

'ਇਹ ਕੈਂਸਰ ਤਾਂ ਨਹੀਂ ਹੈ ਨਾ...? ਸਾਨੂੰ ਤਾਂ ਦੱਸਿਆ ਗਿਆ ਸੀ...।'

'ਫੂਲਿਸ਼...। ਹੂ ਸੇਜ਼...? ਬਈ ਮਾਈਨਰ ਅਪਰੇਸ਼ਨ ਹੈ। ਚਾਹੋ ਕੱਲ੍ਹ ਹੀ ਕਰਾ ਲਓ...।'

'ਜੂਸ ਮੈਡਮ...।' ਉਸ ਦਾ ਧਿਆਨ ਟੁੱਟਿਆ। ਸੇਵੇ ਨੇ ਉਸ ਦੇ ਸਾਹਮਣੇ ਸੰਤਰੇ ਦੇ ਰਸ ਦਾ ਗਿਲਾਸ ਲਿਆ ਰੱਖਿਆ ਹੈ। ਬਾਹਰ ਸੰਤਰਿਆਂ ਦੀ ਹੱਥ-ਰੇਹੜੀ ਖੜ੍ਹੀ ਹੈ। ਇਕ-ਇਕ ਗਲਾਸ ਉਨ੍ਹਾਂ ਦੇ ਹੱਥਾਂ ਵਿਚ ਵੀ ਹੈ। ਬਾਕੀ ਮੁਲਾਜ਼ਮ ਸ਼ਾਇਦ ਫਿਰ ਆਪਣੇ-ਆਪਣੇ ਕਮਰੇ ਵਲ ਜਾ ਚੁੱਕੇ ਨੇ। ਗਲਾਸ ਵੇਖ ਉਸ ਦੀਆਂ ਅੱਖਾਂ ਵਿਚ ਇਕਦਮ ਵਹਿਸ਼ਤ ਜਿਹੀ ਦਾ ਭਾਵ ਉਭਰ ਆਇਆ, 'ਨਹੀਂ, ਮੈਂ ਨਹੀਂ ਪੀਣਾ।'

ਉਸ ਦੀਆਂ ਅੱਖਾਂ ਵਿਚਲੇ ਭਾਵ ਤੋਂ ਸੇਵਾ ਹੈਰਾਨ ਹੋ ਉਠਿਆ, 'ਕਿਉਂ?'

'ਕਿਹਾ ਨਹੀਂ ਪੀਣਾ।'

'ਤੂੰ ਇਸ ਤਰ੍ਹਾਂ ਡੋਲ ਕਿਉਂ ਰਹੀ ਹੈਂ। ਸਭ ਠੀਕ ਹੋ ਜਾਣਾ ਹੈ।'

'ਮੈਂ ਡੋਲੀ ਨਹੀਂ। ਪਰ ਮੈਂ ਜੂਸ ਪੀ ਹੀ ਨਹੀਂ ਸਕਦੀ।'

'ਪੀ ਲੈ ਰਚਨਾ। ਅੱਜ ਇਕੱਠੇ ਇਸ ਤਰ੍ਹਾਂ ਸ਼ਾਇਦ ਆਖਰੀ ਵਾਰ...।' ਇਸ ਵਾਰ ਜਗਮੀਤ ਨੇ ਕਿਹਾ।

'ਇਕ ਵਾਰ ਕਹੇ 'ਤੇ ਸਮਝ ਨਹੀਂ ਪੈਂਦੀ', ਉਸ ਦੀ ਆਵਾਜ਼ ਕਠੋਰ ਹੋ ਉਠੀ। ਫਿਰ ਖੁਦ ਹੀ ਨਰਮ ਪੈ ਗਈ, 'ਸੌਰੀ ਵੀਰ। ਮੈਂ ਕਿਵੇਂ ਦੱਸਾਂ?'

ਹਾਂ! ਉਹ ਕਿਵੇਂ ਦੱਸ ਸਕਦੀ ਹੈ ਕਿ ਉਹ ਜੂਸ ਨਹੀਂ ਪੀ ਸਕੇਗੀ। ਪੀ ਹੀ ਨਹੀਂ ਸਕਦੀ। ਕਦੇ ਨਹੀਂ ਪੀ ਸਕੀ। ਉਸ ਤੋਂ ਪਿੱਛੋਂ ਕਦੀ ਵੀ ਨਹੀਂ।

ਉਹ ਘਟਨਾ...। ਫਰਾਟੇ ਭਰਦੀ ਹੋਈ ਬੱਸ। ਗਰਮੀ ਤੇ ਹੁੰਮਸ ਨਾਲ ਸਭ ਦਾ ਬੁਰਾ ਹਾਲ ਸੀ। ਸੰਘ ਰਹਿ ਰਹਿ ਕੇ ਸੁੱਕ ਰਿਹਾ ਸੀ। ਦੋਵੇਂ ਬੱਚਿਆਂ ਦੇ ਬੁੱਲ੍ਹਾਂ ਉਪਰ ਜਿਵੇਂ ਸਿਕਰੀ ਜੰਮ ਗਈ ਸੀ। ਰਹਿ ਰਹਿ ਕੇ ਬੁੱਲ੍ਹਾਂ ਉਤੇ ਜੀਭ ਫੇਰ ਰਹੇ ਸਨ। ਅੱਡੇ ਉਤੇ ਉਤਰੇ ਤਾਂ ਰਚਨਾ ਦੀ ਬੱਸ ਹੋ ਚੁੱਕੀ ਸੀ। ਇਕ ਤਾਂ ਉਂਜ ਅਪਰੇਸ਼ਨ ਨੇ ਕਮਜ਼ੋਰੀ ਪੈਦਾ ਕੀਤੀ ਪਈ ਸੀ, ਦੂਜਾ ਅੰਤਾਂ ਦੀ ਗਰਮੀ...।

'ਮੇਰਾ ਤਾਂ ਦਿਲ ਬੁਰੀ ਤਰ੍ਹਾਂ ਘਟ ਰਿਹਾ ਹੈ।'

ਉਦੋਂ ਹੀ ਬੱਚਾ ਬੋਲ ਉਠਿਆ ਸੀ, 'ਜੂਸ ਪੀਣਾ ਹੈ ਪਾਪਾ।'

ਪਲ ਕੁ ਸੋਚਣ ਪਿੱਛੋਂ ਪਾਸ਼ੀ ਸਾਹਮਣੇ ਸੰਤਰਿਆਂ ਦੀ ਰੇਹੜੀ ਕੋਲ ਚਲਾ ਗਿਆ। ਇਕ ਗਲਾਸ ਰਚਨਾ ਨੂੰ ਲਿਆ ਫੜਾਇਆ ਸੀ ਅਤੇ ਇਕ ਦੇ ਦੋ ਹਿੱਸੇ ਕਰ ਕੇ ਦੋਵਾਂ ਬੱਚਿਆਂ ਦੇ ਹੱਥਾਂ ਵਿਚ। ਰਚਨਾ ਨੇ ਦੋ ਕੁ ਘੁੱਟਾਂ ਹੀ ਭਰੀਆਂ ਸਨ ਕਿ ਪਾਸ਼ੀ ਦੀ ਆਵਾਜ਼ ਨਾਲ ਧਿਆਨ ਖਿੱਚਿਆ ਗਿਆ ਸੀ।

'ਇਕ ਗਿਲਾਸ ਫੋਕਾ ਪਾਣੀ ਦਿਓ', ਪਾਸ਼ੀ ਨੇ ਦੁਕਾਨਦਾਰ ਨੂੰ ਕਹਿ ਦਿੱਤਾ ਸੀ।

'ਜੂਸ ਹੀ ਲੈ ਲਓ ਇਕ ਗਲਾਸ।'

'ਨਹੀਂ ਬੱਸ, ਫੋਕਾ ਪਾਣੀ ਹੀ...।'

'ਗਰਮੀ ਬਹੁਤ ਹੈ ਸਰਦਾਰ ਜੀ। ਇਕ ਦਮ ਤਾਜ਼ਾ ਫਲ ਹੈ। ਠੰਢਾ ਪੀ ਕੇ ਤਾਂ ਵੇਖੋ।'

ਪਾਸ਼ੀ ਨੇ ਇਕ ਪਲ ਇਧਰ ਉਧਰ ਵੇਖਿਆ ਸੀ, 'ਨਹੀਂ, ਤੁਸੀਂ ਪਾਣੀ ਦਾ ਇਕ ਗਿਲਾਸ...। ਅਸਲ 'ਚ ਜੂਸ ਮੈਨੂੰ ਚੰਗਾ ਨਹੀਂ ਲੱਗਦਾ।'

ਛੰਨ...ਨ...ਨ...

ਕੁਝ ਟੁੱਟਿਆ ਸੀ ਸ਼ਾਇਦ। ਕੀ ਟੁੱਟਿਆ ਸੀ? ਰਚਨਾ ਦੇ ਹੱਥ ਫੜਿਆ ਗਲਾਸ ਤਾਂ ਸਾਬਤ ਸੀ...। ਤਾਂ ਜੂਸ ਵਿਚ ਅਚਾਨਕ ਹੀ ਕੱਚ ਦੇ ਅਣਗਿਣਤ ਟੁਕੜੇ ਕਿਵੇਂ ਆ ਰਲੇ ਸੀ? ਸੰਘ ਵਿਚ ਕਿਵੇਂ ਚੁੱਭ ਰਹੇ ਸੀ। ਜੂਸ ਅਚਾਨਕ ਗਰਮ ਕਿਉਂ ਹੋ ਉਠਿਆ ਸੀ। ਗਲਾਸ ਵਿਚ ਬਰਫ ਦੇ ਟੁਕੜੇ ਤਾਂ ਸਾਫ ਵਿਖਾਈ ਦੇਂਦੇ ਸੀ ਤਾਂ ਫਿਰ ਜੂਸ ਸੰਘ ਦੇ ਅੰਦਰ ਤਕ ਬਲਦਾ ਜਿਹਾ ਕਿਉਂ ਪ੍ਰਤੀਤ ਹੋ ਰਿਹਾ ਸੀ। ਜਿਵੇਂ ਇਕ ਲਾਵਾ ਅੰਦਰ ਤਕ ਲੂੰਹਦਾ ਚਲਿਆ ਜਾ ਰਿਹਾ ਹੋਵੇ...। ਪਾਸ਼ੀ ਸੰਤਰਿਆਂ ਦਾ ਕਿੰਨਾ ਸ਼ੁਕੀਨ, ਪਰ ਉਸ ਦਿਨ ਫੋਕਾ ਪਾਣੀ..। ਛੰਨ...ਨ...ਨ...। ਥੁੜਾਂ ਬੰਦੇ ਨੂੰ ਕਿਸ ਹੱਦ ਤੱਕ ਤੋੜ....?

***

ਹਾਂ! ਘਰ ਦੀਆਂ ਤੰਗੀਆਂ ਕਿੰਨੀ ਦੂਰ ਤੱਕ ਤੜਦੀਆਂ ਚਲੇ ਜਾਂਦੀਆਂ ਨੇ ਬੰਦੇ ਨੂੰ। ਇਸ ਦਾ ਘਿਨਾਉਣਾ ਰੂਪ ਉਸ ਨੇ ਵੇਖਿਆ ਹੈ ਆਪਣੇ ਹੀ ਘਰ ਵਿਚ। ਬੜਾ ਨੇੜੇ ਰਹਿ ਕੇ ਵੇਖਿਆ ਹੈ। ਹੁਣ ਵੀ ਤਾਂ ਵੇਖ ਰਹੀ ਹੈ। ਪਾਸ਼ੀ...। ਪਾਸ਼ੀ ਦਾ ਖਿਆਲ ਆਉਣ 'ਤੇ ਇਕ ਡਰਾਉਣੀ ਧੁੜਧੁੜੀ ਉਸ ਦੇ ਅੰਦਰ ਲਹਿਰਾ ਜਾਂਦੀ ਹੈ।

ਕੁਝ ਗਹਿਣੇ ਰਚਨਾ ਦੇ ਇਲਾਜ ਦੀ ਭੇਟ ਚੜ੍ਹ ਗਏ ਸੀ। ਬਾਕੀ ਪਾਸ਼ੀ ਦੇ ਵਪਾਰ ਦੇ। ਵਾਰ-ਵਾਰ ਨੌਕਰੀ ਵਿਚੋਂ ਹਟਾਏ ਜਾਣ ਪਿੱਛੋਂ ਦੇ ਡਿਪਰੈਸ਼ਨ ਤੋਂ ਪਾਸ਼ੀ ਨੇ ਛੁਟਕਾਰਾ ਪਾਉਣਾ ਚਾਹਿਆ ਸੀ। ਨਿੱਕਾ ਮੋਟਾ ਵਪਾਰ ਤੋਰਨ ਦੀ ਸੋਚੀ। ਨੌਂ ਦਸ ਹਜ਼ਾਰ ਰੁਪਏ ਨਾਲ ਵਪਾਰ ਤੋਰਨ ਦੀ ਗੱਲ, ਸੀ ਤਾਂ ਹਾਸੋਹੀਣੀ ਹੀ, ਪਰ ਪਾਸ਼ੀ ਨੇ ਉਸ ਵਿਤ ਦੇ ਅੰਦਰਲਾ ਕੰਮ ਤੋਰ ਲਿਆ ਸੀ। ਪੁਰਾਣੀਆਂ ਬੋਰੀਆਂ ਫੇਰੀ ਵਾਲਿਆਂ ਤੋਂ ਖਰੀਦਣੀਆਂ ਅਤੇ ਠੀਕ ਕਰਵਾ ਕੇ ਖਲ, ਫੀਡ ਆਦਿ ਬਣਾਉਣ ਵਾਲੀਆਂ ਫੈਕਟਰੀਆਂ ਨੂੰ ਵੇਚਣੀਆਂ। ਉਦੋਂ ਵੀ ਅਚਾਨਕ ਹੀ ਇਕ ਬਜਰਪਾਤ ਹੋਰ ਹੋਇਆ ਸੀ। ਇਕ ਦਮ ਹੀ ਬਿਜਲੀ ਦੀ ਕਟੌਤੀ ਹੋ ਗਈ। ਦਿਨ ਵਿਚ ਮਸੀਂ ਚਾਰ ਕੁ ਘੰਟੇ ਬਿਜਲੀ ਮਿਲਦੀ ਸੀ। ਖਲ, ਫੀਡ ਬਣਨ ਦੀ ਰਫਤਾਰ ਇਕ ਦਮ ਘਟ ਜਾਣ ਕਾਰਨ ਖਾਲੀ ਬੋਰੀਆਂ ਦਾ ਰੇਟ ਇਕ ਦਮ ਹੀ ਟੁੱਟ ਗਿਆ। ਮੰਗ ਹੀ ਨਾ ਰਹੀ। ਬਦਕਿਸਮਤੀ ਨਾਲ ਉਦੋਂ ਤੱਕ ਇਕੱਠੀਆਂ ਵੇਚਣ ਦੇ ਲਾਲਚ ਵਿਚ ਪਾਸ਼ੀ ਦੋ-ਢਾਈ ਹਜ਼ਾਰ ਬੋਰੀ ਇਕੱਠੀ ਕਰ ਬੈਠਿਆ ਸੀ। ਖਾਲੀ ਬੋਰੀਆਂ ਦਾ ਮੁੱਲ ਉਸ ਦੇ ਖਰੀਦ ਮੁੱਲ ਤੋਂ ਵੀ ਹੇਠਾਂ ਆ ਗਿਆ। ਪਾਸ਼ੀ ਅਚਾਨਕ ਹੀ ਘਬਰਾ ਉਠਿਆ ਸੀ। ਏਨਾ ਪੈਸਾ ਕੋਲ ਨਹੀਂ ਸੀ ਕਿ ਬਿਜਲੀ ਦੀ ਹਾਲਤ ਸੁਧਰਨ ਤਕ ਸਟਾਕ ਜਮ੍ਹਾਂ ਰੱਖ ਸਕਦਾ। ਉਤੋਂ ਦੁਕਾਨ ਦਾ ਖਰਚ। ਰਿਪੇਅਰ ਕਰਨ ਵਾਲਿਆਂ ਦੀ ਮਜ਼ਦੂਰੀ। ਦੁਕਾਨ ਦਿਨਾਂ ਵਿਚ ਹੀ ਖੁਰਦ-ਬੁਰਦ ਹੋ ਗਈ। ਕੰਮ ਬੰਦ ਕਰਨਾ ਪੈ ਗਿਆ।

ਦੁਕਾਨ ਕਾਹਦੀ ਟੁੱਟੀ, ਪਾਸ਼ੀ ਦਾ ਆਤਮ ਵਿਸ਼ਵਾਸ ਹੀ ਟੁੱਟ ਗਿਆ। ਅਜੀਬ ਹਾਲਤ ਹੋ ਗਈ। ਜਿਵੇਂ ਬੰਦੇ ਦੀ ਆਖਰੀ ਕੋਸ਼ਿਸ਼ ਵਿਚੋਂ ਤਿਲਕ ਜਾਣ ਪਿੱਛੋਂ ਹੋ ਸਕਦੀ ਸੀ। ਇਕ ਦਮ ਗੁੰਮ ਸੁੰਮ ਜਿਹਾ ਹੋ ਗਿਆ ਸੀ, ਡੌਰ ਭੌਰ ਜਿਹਾ। ਸੁਭਾਅ ਵਿਚ ਵੀ ਕਿੰਨੀ ਤੇਜ਼ੀ ਨਾਲ ਤਬਦੀਲੀ ਆਈ ਸੀ। ਨਾ ਬੋਲਦਾ ਤੇ ਕਿੰਨਾ ਚਿਰ ਚੁੱਪ ਰਹਿੰਦਾ। ਬੁਲਾਏ 'ਤੇ ਵੀ ਨਾ ਬੋਲਦਾ ਜਿਵੇਂ ਕੁਝ ਸੁਣਿਆ ਹੀ ਨਾ

ਹੋਵੇ। ਖਿਝਦਾ ਤਾਂ ਨਿੱਕੀ ਤੋਂ ਨਿੱਕੀ ਗੱਲ 'ਤੇ ਖਿਝ ਕੇ ਗੁੱਸੇ ਵਿਚ ਪਾਗਲ ਹੋ ਜਾਂਦਾ। ਬੱਚੇ ਵੀ ਉਸ ਕੋਲੋਂ ਸਹਿਮੇ ਜਿਹੇ ਰਹਿਣ ਲੱਗ ਪਏ।

ਕਿੱਥੇ ਚਲਾ ਗਿਆ ਸੀ ਉਹ ਪਾਸ਼ੀ! ਕਿੱਥੇ ਚਲਾ ਗਿਆ ਸੀ ਘਰ ਵਿਚਲਾ ਉਹ ਸ਼ਾਂਤ ਮਹੌਲ। ਰਿਸ਼ਤਿਆਂ ਦਾ ਉਹ ਸੁਖਾਵਾਂਪਣ।

ਕਮਰੇ ਦੇ ਸ਼ੋਰ ਨੇ ਉਸ ਨੂੰ ਫਿਰ ਵਰਤਮਾਨ ਵਿਚ ਖਿੱਚ ਲਿਆਂਦਾ ਹੈ। ਸਭ ਕੇਸ ਕਰਨ ਦੀਆਂ ਸਲਾਹਾਂ ਵਿਚ ਰੁੱਝੇ ਹੋਏ ਨੇ। ਤਨਖਾਹ ਆਦਿ ਦੇ ਕੇ ਕੱਲ੍ਹ ਨੂੰ ਸ਼ਾਇਦ ਵਿਦਾ ਕਰ ਦਿੱਤੇ ਜਾਣ। ਸਭ ਘਰਾਂ ਨੂੰ ਜਾਣ ਦੀ ਤਿਆਰੀ ਵਿਚ ਨੇ। ਘਰ ਦਾ ਖਿਆਲ ਆਉਂਦੇ ਹੀ ਰਚਨਾ ਦੇ ਅੰਦਰ ਇਕ ਡਰ ਲਰਜ਼ ਜਾਂਦਾ ਹੈ। ਪਿਛਲੇ ਕਈ ਦਿਨਾਂ ਤੋਂ ਇਸੇ ਤਰ੍ਹਾਂ ਲਰਜ਼ ਰਿਹਾ ਹੈ। ਪਾਸ਼ੀ ਵਿਚਲੀ ਹਰ ਤਬਦੀਲੀ ਨੂੰ ਉਹ ਸਹਿ ਗਈ ਸੀ ਪਰ ਆਖਰੀ ਤਬਦੀਲੀ? ਇਹ ਉਸ ਕੋਲੋਂ ਕਿਵੇਂ ਵੀ ਸਹਿਣ ਨਹੀਂ ਕਰ ਹੋ ਰਹੀ। ਪਰ ਜਬਰੀ ਸਹਿਣੀ ਪੈ ਰਹੀ ਹੈ। ਕੋਈ ਉਪਾਅ ਵੀ ਤਾਂ ਨਜ਼ਰ ਨਹੀਂ ਆਉਂਦਾ। ਪਾਸ਼ੀ ਦੇ ਇਸ ਰੂਪ ਬਾਰੇ ਉਹ ਸੋਚ ਵੀ ਨਹੀਂ ਸੀ ਸਕਦੀ। ਹੁਣ ਵੀ ਕਲਪਨਾ ਨਾਲ ਹੀ ਕੰਬ ਜਾਂਦੀ ਹੈ। ਜਦੋਂ ਤੋਂ ਛਾਂਟੀ ਦਾ ਪੱਕਾ ਯਕੀਨ ਹੋ ਗਿਆ ਹੈ, ਪਾਸ਼ੀ ਹੋਰ ਵੀ ਚੁੱਪ ਰਹਿਣ ਲੱਗ ਪਿਆ ਹੈ। ਗੁੰਮ-ਸੁੰਮ। ਜਿਵੇਂ ਇਕ ਪੱਥਰ ਹੋਵੇ ਬਸ। ਤੇ ਰਾਤ ਨੂੰ...! ਰਾਤ ਨੂੰ ਅਚਾਨਕ ਹੀ ਪਸ਼ੂ ਬਣ ਉਠਦਾ ਹੈ। ਅਚਾਨਕ ਹੀ ਦਰਿੰਦੇ ਵਾਂਗ ਉਸ ਨੂੰ ਕੋਹਣ ਲੱਗ ਪੈਂਦਾ ਹੈ। ਰਚਨਾ ਕੋਲੋਂ ਸਹਿ ਨਹੀਂ ਹੁੰਦਾ ਇਹ ਸਭ। ਹੁਣ ਏਨੀ ਤਾਕਤ ਵੀ ਤਾਂ ਉਸ ਵਿਚ ਨਹੀਂ ਰਹੀ ਹੈ। ਅਪਰੇਸ਼ਨ ਨੇ ਸਰੀਰ ਤੋੜ ਕੇ ਰੱਖ ਦਿੱਤਾ ਹੈ...ਤੇ ਮਨ? ਮਨ ਦੀ ਛੱਤ ਤਾਂ ਕਦੋਂ ਦੀ ਜਰਜਰੀ ਹੋਈ ਪਈ ਹੈ। ਪਾਸ਼ੀ ਨੂੰ ਰੋਕਣ ਦੀ ਉਸ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਹੁੰਦੀ। ਦਫਤਰੋਂ ਘਰ ਵਲ ਜਾਂਦੇ ਹੋਏ ਉਸ ਦੇ ਅੰਦਰ ਇਕ ਡਰ ਉਤਰਨ ਲੱਗ ਪੈਂਦਾ ਹੈ ਤੇ ਰਾਤ ਹੁੰਦੇ-ਹੁੰਦੇ ਉਹ ਡਰ ਦਹਿਸ਼ਤ ਵਿਚ ਬਦਲ ਜਾਂਦਾ ਹੈ। ਪਰ ਘਰ ਤਾਂ ਜਾਣਾ ਹੈ। ਜਾਣਾ ਹੀ ਪੈਣਾ ਹੈ।

ਘਰ ਪਹੁੰਚੀ ਹੈ ਤਾਂ ਪਾਸ਼ੀ ਕੁਝ ਲਿਖਣ ਵਿਚ ਰੁਝਿਆ ਹੋਇਆ ਹੈ। ਉਹ ਨੂੰ ਵੇਖ ਪੈਨ ਇਕ ਪਾਸੇ ਰੱਖ ਦੇਂਦਾ ਹੈ-ਏਨੀ ਛੇਤੀ? ਉਸ ਨੂੰ ਉਤਰ ਨਹੀਂ ਦੇਣਾ ਪੈਂਦਾ। ਉਹ ਖੁਦ ਹੀ ਠੰਢਾ ਸਾਹ ਭਰਦਾ ਹੈ, 'ਤਾਂ ਫੈਸਲਾ ਹੋ ਹੀ ਗਿਆ?'

ਰਚਨਾ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਪਾਸ਼ੀ ਫਿਰ ਕੁਝ ਨਹੀਂ ਬੋਲਿਆ। ਰਚਨਾ ਦੇ ਅੰਦਰ ਹਰਖ ਭਰ ਆਇਆ। ਦੋ ਸ਼ਬਦ ਵੀ ਸਹਾਰੇ ਦੇ ਨਹੀਂ ਕਹੇ। ਝੂਠੀ ਤਸੱਲੀ ਵੀ ਨਹੀਂ ਦਿੱਤੀ।

ਰਚਨਾ ਨੇ ਨੋਟ ਕੀਤਾ, ਉਸ ਪਿੱਛੋਂ ਪਾਸ਼ੀ ਵੀ ਲਿਖ ਨਹੀਂ ਸਕਿਆ। ਬਸ ਮੰਜੇ ਉਤੇ ਪਿਆ ਖਿੜਕੀ ਤੋਂ ਬਾਹਰ ਵੇਖੀ ਗਿਆ। ਚਿਹਰਾ ਵੀ ਕੁਝ ਹੋਰ ਉਦਾਸ, ਹੋਰ ਚੁੱਪ ਹੋ ਗਿਆ। ਰਾਤ ਘਿਰ ਆਈ ਹੈ। ਨਾਲ ਹੀ ਰਚਨਾ ਦੇ ਅੰਦਰ ਵੀ ਦਹਿਸ਼ਤ ਘਿਰ ਆਈ ਹੈ।

'ਏਨਾ ਚੁੱਪ ਕਿਉਂ ਹੈਂ ਪਾਸ਼ੀ? ਕੀ ਸੋਚਦਾ ਹੈਂ?'

ਉਸ ਨੇ ਉਤਰ ਨਹੀਂ ਦਿੱਤਾ। ਇਕ ਵਾਰ ਉਸ ਵਲ ਵੇਖ ਫਿਰ ਛੱਤ ਵਲ ਵੇਖਣ ਲੱਗ ਪਿਆ।

'ਏਨਾ ਕਿਉਂ ਫੀਲ ਕਰਦਾ ਹੈਂ। ਅਸੀਂ ਕੇਸ ਕਰਾਂਗੇ। ਫੈਸਲਾ ਤਾਂ ਸਾਡੇ ਹੱਕ ਵਿਚ ਹੀ...।'

ਉਹ ਨਹੀਂ ਬੋਲਿਆ। ਰਚਨਾ ਦੇ ਨੇੜੇ ਸਰਕ ਆਇਆ। ਰਚਨਾ ਇਕਵਾਰਗੀ ਕੰਬ ਗਈ, 'ਨਹੀਂ ਪਾਸ਼ੀ। ਮੇਰੇ ਵਿਚ ਏਨੀ ਹਿੰਮਤ ਨਹੀਂ ਹੈ।'

ਪਰ ਉਹ ਬੋਲਿਆ ਨਹੀਂ। ਜਾਣਦੀ ਹੈ, ਬੋਲੇਗਾ ਵੀ ਨਹੀਂ।

'ਛਾਤੀ ਦਾ ਜ਼ਖਮ ਅੰਦਰੋਂ ਕੱਚਾ ਹੈ ਪਾਸ਼ੀ। ਇਹ ਕੀ ਹੋ ਜਾਂਦਾ ਹੈ ਤੈਨੂੰ? ਕਿਉਂ ਏਨਾ ਵਹਿਸ਼ੀ ਹੋ ਜਾਂਦਾ ਹੈਂ? ਪਾਸ਼ੀ ਤਕਲੀਫ਼ ਹੁੰਦੀ ਹੈ। ਛਾਤੀ ਦਾ ਜ਼ਖਮ ਅੰਦਰੋਂ ਅੱਲਾ ਹੈ...। ਤੂੰ...।'

ਉਸ ਦਾ ਵਹਿਸ਼ੀਪੁਣਾ ਪੈਰ-ਪੈਰ ਭਿਆਨਕ ਹੁੰਦਾ ਜਾ ਰਿਹਾ ਹੈ।

'ਤੂੰ ਇਨ੍ਹਾਂ ਸੰਬੰਧਾਂ ਨੂੰ ਕੋਮਲਤਾ ਨਾਲ ਨਹੀਂ ਲੈ ਸਕਦਾ। ਕਿਉਂ ਜਾਨਵਰ ਬਣਦਾ ਜਾਂਦਾ ਹੈਂ? ਪਾਸ਼ੀ...ਪਲੀਜ਼...ਉਫ...।'

ਉਹ ਨਹੀਂ ਰੁਕੇਗਾ। ਜਾਣਦੀ ਹੈ ਨਹੀਂ ਰੁਕੇਗਾ।

'ਮੇਰਾ ਮਨ ਖਿੰਡਰਿਆ ਪਿਆ ਹੈ ਪਾਸ਼ੀ...। ਮੈਨੂੰ ਸਹਾਰੇ ਦੀ ਲੋੜ ਹੈ। ਤੂੰ ਇਸ ਤਰ੍ਹਾਂ ਕਿਉਂ ਕੋਹ ਰਿਹਾ ਹੈਂ? ਪਾਸ਼ੀ...ਪਾ...ਸ਼ੀ....ਉਫ਼...।'

ਉਹ ਬੇਵਸ ਹੈ। ਉਸ ਦੇ ਬੋਲ ਬੇਵਸ ਨੇ। ਛਾਤੀ ਦਾ ਦਰਦ ਸਾਰੇ ਸਰੀਰ ਨੂੰ ਇਕੱਠਿਆਂ ਕਰ ਰਿਹਾ ਹੈ। ਉਹ ਰੋਈ ਜਾ ਰਹੀ ਹੈ। ਬੱਕਰੇ ਦੇ ਹਲਾਲ ਹੋਣ ਵਾਂਗ। ਵਹਿਸ਼ੀ ਬਣਿਆ ਪਾਸ਼ੀ ਉਸ ਦੇ ਜਿਸਮ ਨੂੰ ਨੋਚ ਰਿਹਾ ਹੈ...। ਨੋਚ ਰਿਹਾ ਹੈ...ਤੇ ਲਗਾਤਾਰ ਨੋਚ ਰਿਹਾ ਹੈ...।

ਬਰਾਬਰ ਪਿਆ ਪਾਸ਼ੀ ਹੌਂਕ ਰਿਹਾ ਹੈ ਹੁਣ। ਉਸ ਦੇ ਤੇਜ਼ ਸਾਹ ਸਾਫ ਸੁਣਾਈ ਦੇ ਰਹੇ ਨੇ। ਮਸਲੀ ਗਈ ਛਾਤੀ ਦੇ ਅੱਲ੍ਹੇ ਜ਼ਖਮ ਦੀ ਪੀੜ ਅਜੇ ਵੀ ਜਿਸਮ ਅੰਦਰ ਲਹਿਰ ਵਾਂਗ ਫਿਰ ਰਹੀ ਹੈ। ਉਸ ਦੇ ਅੰਦਰ ਨਫਰਤ ਜਾਗਦੀ ਹੈ। ਕੋਲ ਪਏ ਮਨੁੱਖ ਲਈ ਨਫਰਤ ਜਾਗਦੀ ਹੈ। ਜੀ ਕਰਦਾ ਹੈ ਉਸ ਦੇ ਮੂੰਹ ਉਤੇ ਥੁੱਕ ਦੇਵੇ। ਚਿਹਰਾ ਨੋਚ ਦੇਵੇ। ਉਸ ਦੇ ਸਿਰ ਨੂੰ ਇਕਵਾਰਗੀ ਗੁਬਾਰ ਚੜ੍ਹ ਜਾਂਦਾ ਹੈ।

'ਤੂੰ, ਕੁੱਤੇ ਆਦਮੀ। ਤੂੰ ਹਰ ਰੋਜ਼ ਮੈਨੂੰ, ਇਸ ਤਰ੍ਹਾਂ ਰੇਪ...।'

ਅਚਾਨਕ ਰਚਨਾ ਦੇ ਬੋਲ ਬੁੱਲ੍ਹਾਂ ਵਿਚ ਹੀ ਰੁਕ ਜਾਂਦੇ ਨੇ। ਛੱਤ ਵਲ ਇਕ ਟੱਕ ਵੇਖ ਰਹੇ ਪਾਸ਼ੀ ਦੀਆਂ ਅੱਖਾਂ ਹੰਝੂਆਂ ਨਾਲ ਕਿਵੇਂ ਭਰੀਆਂ ਪਈਆਂ ਨੇ। ਕੋਇਆਂ ਰਾਹੀਂ ਛਲਕ ਜਾਣ ਲਈ ਤਿਆਰ ਨੇ। ਰਚਨਾ ਤ੍ਰਭਕ ਪੈਂਦੀ ਹੈ, 'ਪਾਸ਼ੀ, ਕੀ ਹੋਇਆ ਤੈਨੂੰ...?'

ਉਹ ਕੁਝ ਚਿਰ ਚੁੱਪ ਰਹਿੰਦਾ ਹੈ। ਫਿਰ ਬੁੱਲ੍ਹਾਂ ਵਿਚ ਫੁਸਫੁਸਾਉਂਦਾ ਹੈ, 'ਬੱਸ ਰਚਨਾ, ਜ਼ਿੰਦਗੀ ਸਾਨੂੰ, ਇਸ ਤਰ੍ਹਾਂ ਕਿਉਂ ਰੇਪ ਕਰ ਰਹੀ ਹੈ? ਕਿਉਂ?'

ਰਚਨਾ ਦਾ ਮਨ ਅਚਾਨਕ ਭਰ ਆਇਆ ਹੈ। ਸਾਰਾ ਗੁੱਸਾ, ਸਾਰਾ ਗੁਬਾਰ ਪਤਾ ਨਹੀਂ ਕਿੱਥੇ ਕਾਫ਼ੂਰ ਹੋ ਗਿਆ ਹੈ? 'ਨਹੀਂ ਪਾਸ਼ੀ। ਇਸ ਹੱਦ ਤਕ ਨਹੀਂ ਟੁੱਟਣਾ। ਲੜਨਾ ਹੈ। ਜਦੋਂ ਏਨੀ ਦੇਰ ਲੜੇ ਹਾਂ, ਹੁਣ ਵੀ ਲੜਾਂਗੇ। ਤੂੰ ਘਬਰਾਉਂਦਾ ਕਿਉਂ ਹੈ...? ਮੈਂ ਜੁ ਹਾਂ...।' ਰਚਨਾ ਪਾਸ਼ੀ ਦੇ ਸਿਰ ਨੂੰ ਬਾਹਵਾਂ ਵਿਚ ਭਰ ਕੇ ਨਾਲ ਘੁੱਟ ਲੈਂਦੀ ਹੈ...ਘੁੱਟੀ ਰੱਖਦੀ ਹੈ।

# ਜਾਤਾਂ ਦੇ ਵਖਰੇਵੇਂ ਸੁੱਤੇ ਲੰਮੀਆਂ ਤਾਣ ਕੇ

**ਸੁਰਿੰਦਰ ਅਤੈ ਸਿੰਘ**

ਮੈਂ ਉਹਦੇ ਹੱਥਾਂ 'ਚ ਵਿਆਹੀ ਆਈ ਹਾਂ। ਵਕਤ ਅਸਰ-ਅੰਦਾਜ਼ ਹੈ। ਮੈਂ ਥੱਕਣ ਲੱਗ ਪਈ ਹਾਂ। ਉਹ ਵੀ ਰਹਿ ਗਈ ਹੈ ਸਰੀਰੋਂ, ਪਰ ਅਜੇ ਵੀ ਸਾਡੇ ਪਿੰਡ ਵਾਲੇ ਘਰ ਦਾ ਸਾਰਾ ਕੰਮ ਖਿੱਚੀ ਜਾ ਰਹੀ ਹੈ। ਭਾਵੇਂ ਕੰਮ ਪਹਿਲਾਂ ਜਿੰਨਾ ਨਹੀਂ ਹੈ, ਬੀਜੀ ਇਕੱਲੇ ਹੀ ਵੱਡੇ ਸਾਰੇ ਘਰ ਵਿਚ ਰਹਿੰਦੇ ਨੇ। ਇੱਕੋ ਵੱਡੇ ਸਾਰੇ ਦਲਾਨ 'ਚ ਉਨ੍ਹਾਂ ਦਾ ਡੇਰਾ ਹੈ। ਬਾਕੀ ਸਾਰੇ ਕਮਰੇ ਅਮੂਮਨ ਬੰਦ ਰਹਿੰਦੇ ਨੇ। ਫਿਰ ਵੀ ਸਾਰੇ ਘਰ ਦੀ ਸਾਫ-ਸਫਾਈ ਤੇ ਸਾਂਭ-ਸੰਭਾਲ ਜੀਤੋ ਦੀ ਹੀ ਜ਼ਿੰਮੇਵਾਰੀ ਹੈ। ਹੁਣ ਉਹ ਵੀ ਅਗਾਂਹ ਵਿਹੜੇ ਤੋਂ ਦੋ-ਤਿੰਨ ਬੀਬੀਆਂ ਬੁਲਾ ਲੈਂਦੀ ਹੈ, ਲੋੜ ਅਨੁਸਾਰ, ਜਦੋਂ ਛੱਤਾਂ ਲਿੰਬਣੀਆਂ ਹੋਣ, ਕੋਈ ਵਿਹੜੇ 'ਚ ਗੋਹਾ-ਮਿੱਟੀ ਫੇਰਨਾ ਹੋਵੇ ਜਾਂ ਰਜਾਈਆਂ ਵਗੈਰਾ ਭਰਨੀਆਂ ਹੋਣ। ਜੀਤੋ ਦੇ ਸਿਰ 'ਤੇ ਹੀ ਬੀਜੀ ਸਾਨੂੰ ਨੂੰਹਾਂ ਨੂੰ ਪੱਲੇ ਨਹੀਂ ਬੰਨਦੇ। ਜੀਤੋ ਕਰਕੇ ਹੀ ਅਸੀਂ ਸਾਰੇ ਬੇਫ਼ਿਕਰ ਹਾਂ। ਬੀਜੀ ਆਪਣੀ ਖੁਸ਼ੀ ਨਾਲ ਪਿੰਡ ਰਹੀ ਜਾ ਰਹੇ ਨੇ। ਉਥੋਂ ਵਰਗੀ ਰੌਣਕ ਇਥੇ ਸ਼ਹਿਰ 'ਚ ਕਿੱਥੇ ਲੱਭਦੀ ਹੈ। ਇਕ ਤਾਂ ਪੱਥਰਾਂ ਦਾ ਸ਼ਹਿਰ, ਦੂਸਰਾ ਨੂੰਹਾਂ ਦੇ ਘਰ। ਉਤੇ ਉਹ ਆਪਣੀ ਮਰਜ਼ੀ ਦੇ ਮਾਲਕ ਨੇ। ਸਾਰਾ ਦਿਨ ਉਨ੍ਹਾਂ ਦੇ ਕੋਲ ਤੀਆਂ ਵਰਗਾ ਮਾਹੌਲ ਬਣਿਆ ਰਹਿੰਦਾ ਹੈ। ਹਮੇਸ਼ਾ ਦੋ-ਚਾਰ ਬੀਬੀਆਂ, ਗਲੀ-ਗੁਆਂਢ ਦੀਆਂ ਔਰਤਾਂ ਬੈਠੀਆਂ ਹੀ ਰਹਿੰਦੀਆਂ ਨੇ। ਕੋਈ ਨਾ ਕੋਈ ਜੀਅ ਨਲਕੇ ਤੋਂ ਪਾਣੀ ਲੈਣ ਤੁਰਿਆ ਹੀ ਰਹਿੰਦਾ ਹੈ (ਜਦੋਂ ਦਾ ਪਾਣੀ ਦਾ ਪੱਧਰ ਜ਼ਮੀਨ 'ਚ ਡੂੰਘਾ ਲਹਿ ਗਿਆ ਹੈ, ਗਰੀਬ ਘਰਾਂ 'ਚ ਨਲਕਾ ਠੀਕ ਕਰਵਾਉਣ ਦੀ ਵੀ ਵਾਹ ਮੁੱਕ ਗਈ ਹੈ। ਠੀਕ ਕਰਵਾਉਣ 'ਤੇ ਹੀ ਹਜ਼ਾਰਾਂ ਰੁਪਏ ਲੱਗਣ ਲੱਗ ਪਏ ਨੇ।)

ਅਸਲ ਵਿਚ ਬੀਜੀ ਦੀ ਸ਼ਖਸੀਅਤ ਹੀ ਐਸੀ ਹੈ ਕਿ ਉਹ ਸਾਰੇ ਪਿੰਡ ਦੇ ਸਾਂਝੇ ਨੇ ਤੇ ਸਾਰਾ ਪਿੰਡ ਉਨ੍ਹਾਂ ਦਾ ਆਪਣਾ ਹੈ। ਉਹ ਪਿੰਡ ਦੇ ਸਕੂਲ ਦੇ ਮੋਢੀ ਨੇ। ਸਾਰੀ ਉਮਰ ਪਿੰਡ ਦੇ ਸਕੂਲ ਵਿਚ ਹੀ ਪੜ੍ਹਾਉਂਦੇ ਰਹੇ। ਇੱਥੋਂ ਹੀ ਰਿਟਾਇਰ ਹੋਏ ਨੇ। ਕੋਈ ਚਾਚੀ ਨਹੀਂ ਕਹਿੰਦਾ, ਕੋਈ ਤਾਈ ਨਾ ਮਾਂ ਜੀ। ਸਾਰੇ ਵੱਡੇ-ਨਿੱਕੇ ਬੀਜੀ ਹੀ ਆਖਦੇ ਨੇ। ਇਕ ਤਾਂ ਘਰ ਖੇਤੀ ਵਾਲਾ ਸੀ, ਦੂਸਰਾ ਨੌਕਰੀ ਵਾਲੇ ਸਨ, ਸੋ ਉਨ੍ਹਾਂ ਦਾ ਸਰਦਾ ਹੀ ਨਹੀਂ ਸੀ ਕੋਈ ਕੰਮ ਵਾਲੀ ਰੱਖੇ ਬਗੈਰ।

ਬੀਜੀ ਬਾਰੇ ਪਿੰਡ ਵਿਚ ਬੜੀਆਂ ਕਹਾਣੀਆਂ ਵਰਗੀਆਂ ਗੱਲਾਂ ਪ੍ਰਚੱਲਤ ਨੇ। ਜਿਹੜੀ ਮਜ੍ਹਬਣ ਪੰਜ-ਸੱਤ ਸਾਲ ਬੀਜੀ ਦੇ ਘਰ ਲਾ ਜਾਂਦੀ ਸੀ, ਉਹ ਫਿਰ ਵਿਹੜੇ ਵਾਲਿਆਂ ਨਾਲ ਰਲਦੀ ਨਹੀਂ ਸੀ, ਬੀਬੀ ਮੱਝ ਖੋਲ੍ਹ ਕੇ ਫੜਾ ਦੇਂਦੇ। ਕਿਸੇ ਦੇ ਘਰ ਨਲਕਾ ਲੁਆ ਦਿੰਦੇ। ਕਿਸੇ ਦੇ ਕਮਰੇ ਦੀ ਛੱਤ ਪੁਆ ਦਿੰਦੇ। ਕਿਸੇ ਨੂੰ ਨਵੀਂ ਰਜਾਈ ਦੇ ਦਿੰਦੇ। ਇਥੋਂ ਤਕ ਕਿ ਸਿਆਲ ਵਿਚ ਕੋਈ ਨਾ ਕੋਈ ਪੰਜੀਰੀ ਬਣਾ ਕੇ ਦੇ ਦੇਂਦੇ। ਕੋਈ ਵਿਤਕਰਾ ਨਹੀਂ ਸਨ ਕਰਦੇ। ਸਾਰਾ ਘਰ ਉਹਦੇ ਸਿਰ 'ਤੇ ਖੁੱਲ੍ਹਾ ਛੱਡ ਜਾਂਦੇ। ਘਰ ਦੁੱਧਾਂ ਦੇ ਕਾੜ੍ਹਨੇ, ਮੱਖਣ-ਮਲਾਈਆਂ ਤੇ ਗਜਰੇਲੇ-ਪੰਜੀਰੀਆਂ ਸਭ ਖੁੱਲ੍ਹੇ ਪਏ ਰਹਿੰਦੇ। ਇਕ-ਦੋ ਘਰ ਤਾਂ ਕਹਿੰਦੇ ਸਾਡੇ ਘਰ ਦਾ ਰਿੱਝਾ-ਪੱਕਾ ਵੀ ਨਹੀਂ ਸਨ ਖਾਂਦੇ। ਲੋਕ ਵਿਚਾਰ ਕਰਦੇ ਸਨ, ਜਾਤ-ਪਾਤ ਦੀ। ਇਥੋਂ ਤੱਕ ਕਿ ਬੀਜੀ ਨੇ ਧੀਆਂ ਨੂੰ ਦਾਜ ਦਿੱਤਾ ਨਾ ਤੇ ਨੂੰਹਾਂ ਦਾ ਕੁਝ ਲਿਆ ਨਾ। ਸਾਨੂੰ ਕੋਈ ਛਾਪ-ਛੱਲਾ ਵੀ ਨਹੀਂ ਪਾਇਆ, ਪਰ ਇਕ ਕੰਮ ਵਾਲੀ ਦੀ ਨੂੰਹ ਨੂੰ ਉਨ੍ਹਾਂ ਮੁੰਦਰੀ ਪਾਈ ਸੀ। ਕਦੇ-ਕਦੇ ਮੈਂ ਹੱਸਣਾ, "ਹਾਇ ਬੀਜੀ, ਸਾਡੇ ਨਾਲੋਂ ਤਾਂ ਗੰਗੋ ਦੀ ਨੂੰਹ ਹੀ ਚੰਗੀ ਹੋਈ, ਜਿਹਨੂੰ ਤੁਸਾਂ ਅੱਧੇ ਤੋਲੇ ਦੀ ਛਾਪ ਪਾ ਦਿੱਤੀ, ਮੈਨੂੰ ਤਾਂ ਤੁਸਾਂ ਹਵਾਈ ਚੱਪਲ ਵੀ ਨਾ ਲੈ ਕੇ ਦਿੱਤੀ।" ਉਨ੍ਹਾਂ ਬੜਾ ਹੱਸਣਾ, "ਭਾਈ, ਗੌਂ ਭੁੰਨਾਵੇਂ ਜੌਂ, ਮੈਨੂੰ ਗਰਜ਼ ਸੀ। ਮੇਰਾ ਸਰਦਾ ਨਹੀਂ ਸੀ ਉਨ੍ਹਾਂ ਬਿਨਾਂ। ਨੂੰਹਾਂ ਦਾ ਕੀ ਆ। ਹੁਣ ਤੁਸਾਂ ਕਿਤੇ ਚਲੇ ਤਾਂ ਜਾਣਾ ਨਹੀਂ।" ਫਿਰ ਇਕਦਮ ਜਿਵੇਂ ਚੇਤਾ ਆ ਜਾਣਾ ਕਿ ਨੂੰਹ ਕਿਤੇ ਹਾਵੀ ਨਾ ਹੋ ਜਾਵੇ, ਉਨ੍ਹਾਂ ਇਕਦਮ ਥੋੜ੍ਹਾ ਉਚੀ ਬੋਲ ਕੇ ਬੜੇ ਗੜ੍ਹਕੇ ਨਾਲ ਕਹਿਣਾ, "ਕੁੜੇ, ਤੈਨੂੰ ਹੀਰੇ ਵਰਗਾ ਪੁੱਤ ਦਿੱਤਾ ਆ ਆਪਣਾ, ਨਾਲੇ ਮਿਲਖਾਂ ਦੀਆਂ ਮਾਲਕ ਜੇ। ਅਜੇ ਕੋਈ ਕਸਰ ਬਾਕੀ ਆ। ਸਭ ਕੁਝ ਤੁਹਾਡਾ ਹੀ ਤਾਂ ਹੈ।"

ਖ਼ੈਰ, ਗੱਲ ਜੀਤੋ ਦੀ ਕਰਦੀ ਸਾਂ। ਜੀਤੋ ਦਾ ਘਰ ਵਾਲਾ ਸਾਡੇ ਘਰ ਕਾਮਾ ਹੋਇਆ ਕਰਦਾ ਸੀ। ਫਿਰ ਉਹਨੇ ਸੀਰ ਛੱਡ ਕੇ ਟਾਂਗਾ ਬਣਾ ਲਿਆ। ਕੁਝ ਵਰ੍ਹਿਆਂ ਬਾਅਦ ਉਹ ਛੋਟੇ-ਛੋਟੇ ਦੋ ਪੁੱਤ ਛੱਡ ਕੇ ਗੁਜ਼ਰ ਗਿਆ। ਇਕ ਜੁਆਕ ਹੋਰ ਹੋਣ ਵਾਲਾ ਸੀ ਉਦੋਂ। ਬੀਜੀ ਨੇ ਜੀਤੋ ਦੇ ਸਿਰ 'ਤੇ ਹੱਥ ਧਰਿਆ ਤੇ ਜੀਆ-ਜੰਤ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੀਤੋ ਦੇ



ਘਰ ਧੀ ਹੋਈ ਏਧਰੇ ਕੰਮ ਕਰਦਿਆਂ। ਦੋ ਪੁੱਤ ਨਾਲ ਹੀ ਆਉਣੇ। ਉਹ ਵੀ ਨਿੱਕੇ-ਨਿੱਕੇ ਕੰਮਾਂ ਨੂੰ ਹੱਥ ਪਾਉਣ ਲੱਗ ਪਏ। ਮੇਰੇ ਜੇਠ ਦੀ ਧੀ ਤੇ ਉਸ ਦੀ ਧੀ ਸੱਤੀ ਹਾਨਣਾਂ ਸਨ ਲਗਭਗ। ਜੇਠ ਦੀ ਬੇਟੀ ਦੇ ਨਾਲ ਹੀ ਖਿਚੜੀਆਂ-ਚੂਰੀਆਂ ਸੱਤੀ ਨੂੰ ਵੀ ਮਿਲੀ ਜਾਂਦੀਆਂ। ਜੀਤੋ ਦੇ ਪੁੱਤ ਗੱਭਰੂ ਹੋ ਕੇ ਨਾਲ ਹੀ ਸੀਰ ਕਮਾਉਣ ਲਗ ਪਏ। ਸੱਤੀ ਮੇਰੇ ਬੱਚਿਆਂ ਨੂੰ ਖਿਡਾਉਂਦੀ-ਸਾਂਭਦੀ ਵਿਆਹੁਣ ਯੋਗ ਹੋ ਗਈ। ਵਿਆਹ ਵੀ ਉਹਦਾ ਅਸਾਂ ਹੀ ਰਲ-ਮਿਲ ਕੇ ਕੀਤਾ ਸੀ। ਜੀਤੋ ਨੂੰ ਬੀਜੀ ਨੇ ਸਕੂਲ 'ਚ ਝਾੜੂ ਲਾਉਣ ਦੀ ਨੌਕਰੀ ਵੀ ਦੁਆਈ ਰੱਖੀ। ਜੀਤੋ ਘਰ ਵਿਚੋਂ ਜੋ ਮਰਜ਼ੀ ਚੁੱਕ ਕੇ ਲਿਜਾ ਸਕਦੀ ਸੀ, ਕੱਪੜੇ ਧੋਣ ਵਾਲਾ ਸਾਬਣ, ਲਸਣ, ਪਿਆਜ਼, ਅਚਾਰ ਜਾਂ ਸਰ੍ਹੋਂ ਦਾ ਤੇਲ। ਦੁੱਧ ਬਾਕਾਇਦਾ ਰਾਤ ਨੂੰ ਲੈ ਕੇ ਨੇਰ੍ਹੇ ਹੋਏ ਘਰ ਜਾਂਦੀ ਸੀ। ਉਸੇ ਦੁੱਧ ਦੀ ਚਾਹ ਸਵੇਰੇ ਸੁਵਖਤੇ ਪੀ ਕੇ ਘਰੋਂ ਨਿਕਲਣਾ ਹੁੰਦਾ ਸੀ।

ਜੀਤੋ ਦਾ ਤੇ ਉਸ ਦੇ ਬੱਚਿਆਂ ਦਾ ਰੰਗ ਬੜਾ ਕਾਲਾ ਸੀ। ਸ਼ਾਇਦ ਸਾਰੇ ਵਿਹੜੇ ਨਾਲੋਂ ਕਾਲੇ ਸਨ ਉਹ। ਸਾਨੂੰ ਉਨ੍ਹਾਂ ਤੋਂ ਕੋਈ ਨਫਰਤ ਨਹੀਂ ਸੀ। ਬੱਚੇ ਸਾਡੇ ਉਹਨੇ ਬੁਰਕੀਆਂ ਦੇ-ਦੇ ਕੇ ਪਾਲੇ ਹਨ। ਬੱਚੇ ਜੀਤੋ ਨੂੰ ਬੀਬੀ ਆਖਦੇ ਹਨ। ਜਿੰਨੀ ਮਰਜ਼ੀ ਨੇੜਤਾ ਸੀ, ਪਰ ਫਿਰ ਵੀ ਰੋਟੀ-ਟੁੱਕ ਅਸੀਂ ਆਪ ਹੀ ਕਰਦੇ ਸਾਂ। ਆਟੇ ਨੂੰ ਕਦੇ ਹੱਥ ਨਹੀਂ ਲਾਇਆ ਉਹਨੇ। ਹੁਣ ਜਦੋਂ ਸਾਰਾ ਪਰਿਵਾਰ ਨਿੱਖੜ ਗਿਆ, ਬੀਜੀ ਪਿੰਡ ਇਕੱਲੇ ਰਹਿ ਗਏ ਨੇ। ਬਿਰਧ ਅਵਸਥਾ ਹੈ। ਇਹ ਸਹੁੰ ਵੀ ਟੁੱਟ ਗਈ ਹੈ। ਹੁਣ ਉਹੋ ਫੁਲਕਾ ਲਾਹੁੰਦੀ, ਚਿਰਾਂ ਤੋਂ।

ਪੰਜ-ਛੇ ਸਾਲ ਪਹਿਲਾਂ ਦੀ ਗੱਲ ਹੈ। ਮੈਂ ਚੰਡੀਗੜ੍ਹੋਂ ਪਿੰਡ ਗਈ ਇਕੱਲੀ। ਤੜਕੇ ਤੁਰੀ ਸਾਂ। ਸੋ ਮੈਂ ਦੁਪਹਿਰ ਤੋਂ ਪਹਿਲਾਂ ਪਹੁੰਚ ਗਈ ਸੀ। ਮੈਂ ਇਤਲਾਹ ਨਹੀਂ ਸੀ ਦਿੱਤੀ। ਸੋ ਮੈਨੂੰ ਚਾਣਚੱਕ ਵੇਖ ਕੇ ਬੀਜੀ ਸੱਠੀ ਮੱਕੀ ਵਾਂਗ ਖਿੜ ਗਏ। ਕਹਿੰਦੇ, "ਸੱਚੇ ਦਿਲੋਂ ਯਾਦ ਕੀਤਾ ਸੀ ਧੀਏ, ਜੀਤੋ ਨੂੰ ਪੁੱਛ ਲੈ ਭਾਵੇਂ। ਅੱਜ ਤੇਰੀ ਪਸੰਦ ਦੀ ਰੋਟੀ ਬਣਾਈ ਹੈ ਅਸਾਂ। ਖਾਂਦਿਆਂ ਮੈਂ ਜੀਤੋ ਨੂੰ ਆਖਿਆ ਕਿ ਸੁਰਿੰਦਰ ਨੂੰ ਮੱਕੀ ਦੀ ਰੋਟੀ ਆਲੂਆਂ ਦੀ ਤਰੀ ਨਾਲ ਬੜੀ ਚੰਗੀ ਲੱਗਦੀ ਹੈ। ਜੀਤੋ ਨੇ ਧੀਏ ਤੇਰਾ ਨਾਂ ਲੈ ਕੇ ਦੋ ਰੋਟੀਆਂ ਮੱਕੀ ਦੀਆਂ ਵਧ ਪਕਾ ਲਈਆਂ ਸਨ।" ਫਿਰ ਆਵਾਜ਼ ਧੀਮੀ ਕਰ ਕੇ ਕਹਿੰਦੇ, "ਵੇਖ ਲਾ ਜੇ ਤੇਰਾ ਮਨ ਮੰਨਦਾ ਹੈ ਤਾਂ ਖਾ ਲੈ, ਭਾਈ ਮੈਂ ਤਾਂ ਵਿਚਾਰ ਕੀਤੀ ਕਦੇ ਨਹੀਂ, ਤੇਰਾ ਸੁਭਾਅ ਮੈਨੂੰ ਪਤਾ, ਜ਼ਰਾ ਛੂਤ ਮੰਨਦਾ...।" ਮੈਨੂੰ ਭੁੱਖ ਲੱਗੀ ਹੋਈ ਸੀ। ਆਪਣੇ ਦੋ ਫੁਲਕੇ ਲਾਹੁਣ ਦੀ ਹਿੰਮਤ ਵੀ ਨਹੀਂ ਸੀ। ਦੂਸਰਾ ਜੀਤੋ ਸਾਹਮਣੇ ਸੀ, ਉਹਦਾ ਦਿਲ ਦੁਖਦਾ। ਮੱਕੀ ਦੇ ਫੁਲਕੇ ਟੋਹ ਕੇ ਵੇਖੇ ਤਾਂ ਉਹ ਪੂਰੀਆਂ ਵਰਗੇ ਕੂਲੇ ਸਨ। ਮੈਂ ਵਿਚਾਰ ਵਾਲੀ ਸਾਂ, ਪਰ ਮੈਂ ਆਪਣੇ ਮਨ ਨੂੰ ਸਮਝਾਇਆ, ਮਨਾਂ ਵਿਆਹਾਂ 'ਚ ਜਿਹੜੇ ਕੁੱਕ ਹੁੰਦੇ ਆ, ਉਹ ਕੀ ਪਤਾ, ਕਿਹੜੀ-ਕਿਹੜੀ ਜਾਤ ਦੇ ਹੁੰਦੇ ਨੇ। ਜਿਹੜੇ ਭਾਈਆਂ ਤੋਂ ਆਪਾਂ ਗੋਲ-ਗੱਪੇ ਖਾਂਦੇ ਆਂ, ਕੀ ਪਤਾ ਉਹ ਕੌਣ ਹੁੰਦੇ ਨੇ। ਇਹ ਤਾਂ ਵਿਚਾਰੀ ਪੰਡ ਕੱਪੜਿਆਂ ਦੀ ਧੋਂਦੀ ਹੈ ਰੋਜ਼। ਇਹਦੇ ਹੱਥ ਤਾਂ ਸਾਫ ਹੋ ਈ ਜਾਂਦੇ ਨੇ। ਸੋ ਮੈਂ ਪ੍ਰਸ਼ਾਦੇ ਛਕ ਲਏ। ਹੁਣ ਕਦੇ ਕੋਈ ਵਿਚਾਰ ਨਹੀਂ ਆਉਂਦੀ।

ਜਿਥੋਂ ਤਕ ਇਸ ਵਿਤਕਰੇ ਭਰੀ ਸੋਚ ਦੀ ਗੱਲ ਹੈ, ਇਹ ਮੇਰੇ ਵਸ ਦੀ ਗੱਲ ਨਹੀਂ ਸੀ। ਇਹ ਸੰਸਕਾਰ ਸਨ। ਮੇਰੇ ਪਿੰਡ ਦਾ ਮਾਹੌਲ, ਮੇਰੇ ਘਰ ਦਾ ਮਾਹੌਲ, ਮੇਰਾ ਪਾਲਣ ਪੋਸ਼ਣ ਇਸ ਦੇ ਜਿੰਮੇਵਾਰ ਸਨ। ਮੇਰੇ ਵਡੇਰੇ ਮੇਰਾ ਦਾਦਾ, ਮੇਰਾ ਚਾਚਾ ਕਿਸੇ ਛੋਟੀ ਜਾਤ ਵਾਲੇ ਨੂੰ ਨਿਸਾਰ 'ਚੋਂ ਪਾਣੀ ਨਹੀਂ ਸਨ ਪੀਣ ਦਿੰਦੇ। ਖੂਹ 'ਤੇ ਚੜ੍ਹਨ ਨਹੀਂ ਸਨ ਦੇਂਦੇ। ਅਜੇ ਤਾਂ ਕੱਲ੍ਹ ਦੀਆਂ ਗੱਲਾਂ ਹਨ, ਮੇਰਾ ਮਾਮਾ ਬੰਦੇ ਨੂੰ 'ਵਾਜ ਹੀ ਬੜੀ ਕਸੂਤੀ ਮਾਰਦਾ ਸੀ। 'ਉਹ ਜੁਲਾਹਿਆ', 'ਉਹ ਨਾਈਆ' ਕਹਿ ਕੇ ਬੁਲਾਉਂਦਾ ਸੀ। ਮੇਰੀ ਮਾਂ ਬੜੀ ਪੁਣ-ਛਾਣ ਕਰਨ ਵਾਲੀ ਜੱਟੀ ਸੀ। ਮਜ੍ਹਬੀ ਮੁੰਡੇ ਦੇ ਭਾਂਡੇ ਵੱਖ ਰੱਖਦੀ ਸੀ, ਕਿਸੇ ਆਲੇ ਜਿਹੇ 'ਚ ਜਾਂ ਕਿਸੇ ਵਾਧਰੇ ਜਿਹੇ 'ਤੇ। ਸਫਾਈ-ਪਸੰਦ ਉਹ ਏਨੇ ਹਨ ਕਿ ਘਰ ਲਿਸ਼ਕਾਉਂਦਿਆਂ ਮਾਰਬਲ ਤੋਂ ਤਿਲਕ ਕੇ ਚੂਲਾ ਤੁੜਵਾ ਲਿਆ ਹੈ। ਅਪਰੇਸ਼ਨ ਕਰਵਾ ਕੇ ਪੰਡ ਰੁਪਈਆਂ ਦੀ ਲੁਆ ਕੇ ਮਸਾਂ ਸੋਟੀ ਫੜ ਕੇ ਤੁਰਨ ਜੋਗੇ ਹੋਏ ਹਨ, ਪਰ ਅਜੇ ਵੀ 'ਰੱਸੀ ਸੜ ਗਈ, ਪਰ ਵਲ ਨਾ ਗਿਆ' ਵਾਲੀ ਹਾਲਤ ਹੈ। ਸਫਾਈ ਕੀਤੇ ਬਗੈਰ ਰਹਿ ਵੀ ਨਹੀਂ ਸਕਦੇ, ਕਰੀ ਹੀ ਜਾਂਦੇ ਨੇ। ਮਿੱਟੀ ਨਾਲ ਲਿੱਬੜੀ ਜੁੱਤੀ ਲੈ ਕੇ ਘਰ ਵਿਚ ਪੁੱਤ-ਪੋਤਰੇ ਦੀ ਤਾਂ ਛੱਡੋ, ਉਹ ਜੁਆਈ-ਭਾਈ ਨੂੰ ਨਹੀਂ ਲੰਘਣ ਦਿੰਦੇ। ਮੇਰੀ ਮਾਂ ਨੂੰ ਸਾਡੇ ਹੱਥ ਧੁਆਉਣ ਦਾ ਏਨਾ ਖਬਤ ਸੀ ਕਿ ਸਾਡਾ ਬਚਪਨ ਹੀ ਦੂਸਰੇ ਹਾਣੀ ਬੱਚਿਆਂ ਨਾਲੋਂ ਵਧ ਹਮਕੀ-ਤੁਮਕੀ 'ਚ ਬੀਤਿਆ। ਰੋਟੀ ਖਾਂਦਿਆਂ ਘਰ ਦੇ ਕਿਸੇ ਹੋਰ ਜੀਅ ਨੂੰ ਫੁਲਕਾ ਫੜਾਉਣਾ ਪੈ ਜਾਣਾ ਤਾਂ ਉਨ੍ਹਾਂ ਦੁਪੱਟੇ ਦੇ ਪੱਲੇ ਨਾਲ ਫੁਲਕਾ ਫੜ ਕੇ ਅਗਲੇ ਨੂੰ ਦੇਣਾ। ਇਹੋ ਜਿਹੇ ਵਾਤਾਵਰਣ 'ਚੋਂ ਨਿਕਲ ਕੇ ਜਦੋਂ ਮੈਂ ਸਹੁਰੇ ਘਰ ਕਾਮਿਆਂ ਨਾਲ ਬੜਾ ਖੁੱਲ੍ਹਾ-ਡੁੱਲ੍ਹਾ ਤੇ ਸੁਖਾਵਾਂ ਜਿਹਾ ਵਰਤਾਉ ਵੇਖਿਆ ਤਾਂ ਮੈਨੂੰ ਬੜੀ ਹੈਰਾਨੀ ਹੋਈ ਸੀ। ਸਹਿਜੇ-ਸਹਿਜੇ ਮੈਂ ਵੀ ਰਚ-ਮਿਚ ਗਈ ਸਾਂ। ਹੁਣ ਮੈਂ ਆਪਣੇ ਘਰ ਵਿਚ ਕਿਸੇ ਕੰਮ ਵਾਲੇ ਨਾਲ ਕੋਈ ਵਿਤਕਰੇ ਭਰਿਆ ਸਲੂਕ ਨਹੀਂ ਕਰਦੀ। ਕਾਮਿਆਂ ਦੇ ਬਹਿਣ ਲਈ ਸਟੂਲ-ਕੁਰਸੀਆਂ ਹਨ। ਕਿਸੇ ਨੂੰ ਮੈਂ ਭੁੰਞੇ ਨਹੀਂ ਬੈਠਣ ਦਿੰਦੀ। ਕੋਈ ਬਰਤਨ ਅਲੱਗ ਨਹੀਂ ਰੱਖੇ। ਸਫਾਈਆਂ ਕਰਨ ਇਕ ਬਿਹਾਰਨ ਆਉਂਦੀ ਹੈ। ਗੱਡੀ ਧੋਣ ਲਈ ਨਿਪਾਲੀ ਲੜਕਾ ਆਉਂਦਾ ਹੈ। ਮਾਲੀ ਯੂ ਪੀ ਦਾ ਹੈ। ਸਭ ਨੂੰ ਸਰਦਾ-ਬਣਦਾ ਜਲ-ਪਾਣੀ ਛਕਾਈ ਜਾਂਦੀ ਹਾਂ। ਇਕ ਦਿਨ ਬਾਹਰ ਗੇਟ ਕੋਲ ਰੌਲਾ ਜਿਹਾ ਸੁਣਿਆ, ਗੁਆਂਢੀਆਂ ਦੀ ਕੰਮ ਵਾਲੀ ਰਾਹ ਜਾਂਦੀ ਕਿਸੇ ਹੋਰ ਕੰਮ ਵਾਲੀ ਨਾਲ ਲੜ ਰਹੀ ਸੀ। ਉਹ ਇੱਕ-ਦੂਸਰੀ ਨੂੰ ਨੀਵੀਂ ਜਾਤ ਦੀ ਆਖ ਕੇ ਛੁਟਿਆ ਰਹੀਆਂ ਸਨ। ਤਿੱਖੇ ਬੋਲ ਤੇ ਤੱਤੀਆਂ ਗਾਲ੍ਹਾਂ। ਸਾਡੀ ਕੰਮ ਵਾਲੀ ਨੇ ਦੱਸਿਆ ਕਿ "ਯੇ ਦੋਨੋਂ ਛੋਟੀ ਜਾਤ ਕੀ ਹੈਂ, ਇਸੀ ਲੀਏ ਝਗੜਾ ਕਰ ਰਹੀ ਹੈਂ। ਹਮ ਨਹੀਂ ਇਨ ਲੋਗੋਂ ਕੇ ਮੂੰਹ ਲਗਤੇ।"

ਮੇਰੀ ਕੰਮ ਵਾਲੀ ਨੇ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਵੱਖਰਿਆਂ ਕਰ ਲਿਆ ਸੀ, ਉਚੇਰਾ ਵੀ। ਮੈਂ ਸੋਚੀਂ ਪੈ ਗਈ। ਜਾਪਿਆ, ਅਸੀਂ ਇਨ੍ਹਾਂ ਵਖਰੇਵਿਆਂ ਨੂੰ ਵਕਤੀ ਤੌਰ 'ਤੇ ਸੁਆਲਿਆ ਹੋਇਆ ਹੈ, ਆਪਣੇ ਦਿਮਾਗਾਂ ਅੰਦਰ। ਇਹ ਖਤਮ ਤਾਂ ਹੋਏ ਹੀ ਨਹੀਂ (ਸ਼ਾਇਦ ਕਦੇ ਹੋਣੇ ਵੀ ਨਹੀਂ)।

# ਪੰਜਾਬੀ ਫ਼ਿਲਮਾਂ ਨੂੰ ਹੀ ਪਹਿਲ ਦੇਵੇਗੀ ਨੀਰੂ ਬਾਜਵਾ



ਪੰਜਾਬੀ ਫ਼ਿਲਮ 'ਹੀਰ ਰਾਂਝਾ', 'ਮੁੰਡੇ ਯੂ. ਕੇ. ਦੇ', 'ਫੂਂਕ-2' ਅਤੇ 'ਪ੍ਰਿੰਸ' ਵਰਗੀਆਂ ਬਾਲੀਵੁੱਡ ਦੀਆਂ ਫ਼ਿਲਮਾਂ 'ਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਲੈਣ ਵਾਲੀ ਅਭਿਨੇਤਰੀ ਨੀਰੂ ਬਾਜਵਾ ਲਈ ਅੱਜ ਕਿਸੇ ਤਰ੍ਹਾਂ ਦੀ ਪਹਿਚਾਣ ਦੀ ਲੋੜ ਨਹੀਂ ਹੈ। ਨੀਰੂ ਬਾਜਵਾ ਛੇਤੀ ਹੀ ਅਗਲੀ ਫ਼ਿਲਮ 'ਮੇਲ ਕਰਾ ਦੇ ਰੱਬਾ' 'ਚ ਇਕ ਪੰਜਾਬੀ ਕੁੜੀ ਦੇ ਕਿਰਦਾਰ 'ਚ ਨਜ਼ਰ ਆਵੇਗੀ।

ਇਸੇ ਫ਼ਿਲਮ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਨੀਰੂ ਬਾਜਵਾ ਨੇ ਕਿਹਾ ਕਿ ਭਾਵੇਂ ਉਹ ਬਾਲੀਵੁੱਡ ਦੀਆਂ ਹਿੰਦੀ ਫ਼ਿਲਮਾਂ ਵੀ ਕਰ ਰਹੀ ਹੈ ਪਰ ਉਹ ਹਮੇਸ਼ਾ ਪੰਜਾਬੀ ਫ਼ਿਲਮਾਂ ਨੂੰ ਹੀ ਪਹਿਲ ਦੇਵੇਗੀ।

ਆਪਣੀ ਆਉਣ ਵਾਲੀ ਫ਼ਿਲਮ 'ਮੇਲ ਕਰਾ ਦੇ ਰੱਬਾ' ਬਾਰੇ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਫ਼ਿਲਮ ਦੇ ਨਿਰਦੇਸ਼ਕ ਨਵਨੀਤ ਸਿੰਘ ਹਨ ਤੇ ਇਸ ਦੇ ਨਿਰਮਾਤਾ ਰਾਜਨ ਬੱਤਰਾ ਹਨ ਤੇ ਉਹ ਇਸ ਫ਼ਿਲਮ ਵਿਚ 'ਸੀਰਤ' ਦਾ ਕਿਰਦਾਰ ਅਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਫ਼ਿਲਮ 'ਚ ਅਭਿਨੇਤਾ ਜਿੰਮੀ ਸ਼ੇਰਗਿੱਲ ਹਨ, ਜਿਨ੍ਹਾਂ ਨੂੰ ਹਰ ਪੰਜਾਬੀ ਅੱਜ ਚੰਗੀ ਤਰ੍ਹਾਂ ਜਾਣਦਾ ਹੈ ਤੇ ਇਸ ਫ਼ਿਲਮ ਰਾਹੀਂ ਪੰਜਾਬੀ ਗਾਇਕ ਗਿੱਪੀ ਗਰੇਵਾਲ ਵੀ ਅਦਾਕਾਰੀ ਦੇ ਖੇਤਰ 'ਚ ਪੈਰ ਰੱਖਣ ਜਾ ਰਹੇ ਹਨ। ਇਹ ਇਕ ਚੰਗੀ ਅਤੇ ਸੰਦੇਸ਼ ਦੇਣ ਵਾਲੀ ਫ਼ਿਲਮ ਹੈ।

ਹਿੰਦੀ ਅਤੇ ਪੰਜਾਬੀ ਫ਼ਿਲਮਾਂ 'ਚ ਫਰਕ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਅੱਜ ਪੰਜਾਬੀ ਫ਼ਿਲਮਾਂ ਦਾ ਬਜਟ ਵੀ ਕਾਫ਼ੀ ਵੱਡਾ ਹੋ ਗਿਆ ਹੈ ਤੇ ਪੰਜਾਬੀ ਫ਼ਿਲਮਾਂ ਨੂੰ ਵੀ ਹਿੰਦੀ ਫ਼ਿਲਮਾਂ ਵਾਂਗ ਚੰਗਾ ਕਾਰੋਬਾਰ ਮਿਲ ਰਿਹਾ ਹੈ ਤੇ ਲੋਕ ਅੱਜ ਸਿਨੇਮਾ ਘਰਾਂ ਅਤੇ ਮਲਟੀਪਲੈਕਸ 'ਚ ਜਾ ਕੇ ਪੰਜਾਬੀ ਫ਼ਿਲਮ ਦੇਖਣਾ ਪਸੰਦ ਕਰਦੇ ਹਨ। ਹੋਰ ਜਾਣਕਾਰੀ ਦਿੰਦੇ ਹੋਏ ਉਸ ਨੇ ਕਿਹਾ ਕਿ ਇਹ ਫ਼ਿਲਮ ਇਕ ਸਾਫ ਸੁਥਰੀ ਫ਼ਿਲਮ ਹੈ ਜੋ ਹਰ ਵਰਗ ਦੇ ਲੋਕਾਂ ਨੂੰ ਪਸੰਦ ਆਵੇਗੀ। ਉਸ ਨੇ ਇਹ ਵੀ ਕਿਹਾ ਕਿ ਉਸਦਾ ਸਾਰਾ ਧਿਆਨ ਇਸੇ ਫ਼ਿਲਮ 'ਤੇ ਹੈ ਅਤੇ ਆਸ ਹੈ ਕਿ ਇਹ ਫ਼ਿਲਮ ਪੰਜਾਬੀ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਵੇਗੀ ਤੇ ਇਕ ਵੱਡੀ ਹਿੱਟ ਪੰਜਾਬੀ ਫ਼ਿਲਮ ਸਾਬਤ ਹੋਵੇਗੀ।

## ਕੰਮ/ਕੈਰੀਅਰ ਪ੍ਰਤੀ ਗੰਭੀਰ ਅਰਜੁਨ ਰਾਮਪਾਲ



ਇਕ ਪਾਸੇ ਜਿਥੇ 'ਰਾਜਨੀਤੀ' ਵਿਚ ਅਰਜੁਨ ਦੀ ਪਰਫਾਰਮੈਂਸ ਨੂੰ ਲੋਕਾਂ ਨੇ ਸਰਾਹਿਆ ਹੈ, ਉਥੇ ਬਹੁਤ ਸਾਰੇ ਲੋਕਾਂ ਨੇ ਇਸ ਫ਼ਿਲਮ ਵਿਚ ਸ਼ਰੂਤੀ ਸੇਠ ਦੇ ਨਾਲ ਉਨ੍ਹਾਂ ਦੇ ਲਵ ਮੇਕਿੰਗ ਦ੍ਰਿਸ਼ 'ਤੇ ਹੈਰਾਨੀ ਵੀ ਪ੍ਰਗਟਾਈ ਹੈ। ਫ਼ਿਲਮ ਦੇ ਇਕ ਦ੍ਰਿਸ਼ ਵਿਚ ਸ਼ਰੂਤੀ ਦਾ ਚਰਿੱਤਰ ਵੋਟਾਂ ਵਿਚ ਬਤੌਰ ਕੈਂਡੀਡੇਟ ਪਾਰਟੀ ਦੀ ਟਿਕਟ ਲੈਣ ਲਈ ਸਿਆਸਤਦਾਨ ਕੋਲ ਪਹੁੰਚ ਕਰਦਾ ਹੈ। ਅਰਜੁਨ ਉਸ ਕੁੜੀ ਤੋਂ ਕੰਮ ਲੈਂਦਾ ਹੈ ਅਤੇ ਉਹ ਕੁੜੀ ਵੀ ਆਪਣੇ ਨਿੱਜੀ ਫਾਇਦੇ ਲਈ ਇਹ ਸਭ ਸਵੀਕਾਰ ਕਰ ਲੈਂਦੀ ਹੈ। ਚਰਚਾ ਇਹ ਸੀ ਕਿ ਜਦੋਂ ਪ੍ਰਕਾਸ਼ ਅਤੇ ਅਰਜੁਨ ਨੇ ਫ਼ਿਲਮ ਦੇਖੀ ਤਾਂ ਉਨ੍ਹਾਂ ਨੂੰ ਲੱਗਿਆ ਕਿ ਕੁਝ ਜ਼ਿਆਦਾ ਹੀ ਹੋ ਗਿਆ ਹੈ ਅਤੇ ਉਹ ਦ੍ਰਿਸ਼ ਵਿਚ ਐਡੀਟਿੰਗ ਕਰਨ ਦੀ ਸੋਚ ਰਹੇ ਸਨ। ਗੱਲ ਦੀ ਗਹਿਰਾਈ ਤਕ ਜਾਣ ਲਈ ਅਰਜੁਨ ਨੂੰ ਸਵਾਲ ਕੀਤਾ ਗਿਆ ਕਿ ਕੀ ਉਹ ਇਸ ਦ੍ਰਿਸ਼ 'ਤੇ ਸ਼ਰਮਿੰਦਗੀ ਮਹਿਸੂਸ ਕਰ ਰਹੇ ਸਨ ਅਤੇ ਇਸ ਨੂੰ ਹਟਾਉਣਾ ਚਾਹੁੰਦੇ ਸਨ? ਅਰਜੁਨ ਨੇ ਹੱਸਦੇ ਹੋਏ ਕਿਹਾ, ''ਨਹੀਂ, ਬਿਲਕੁਲ ਵੀ ਨਹੀਂ। ਅਸਲ ਵਿਚ ਮੈਂ ਇਹ ਫ਼ਿਲਮ ਉਸ ਦ੍ਰਿਸ਼ ਲਈ ਹੀ ਕੀਤੀ ਹੈ। ਅਰਜੁਨ ਅੱਗੇ ਕਹਿੰਦੇ ਹਨ, ''ਬਹੁਤ ਘੱਟ ਹੀ ਹੁੰਦਾ ਹੈ ਜਦੋਂ ਕੋਈ ਡਾਇਰੈਕਟਰ ਕੁਝ ਬੋਲਡ ਐਕਸਪ੍ਰੈਸ ਕਰਦਾ ਹੈ, ਇਹ ਉਸ ਦੇ ਐਕਸਪ੍ਰੈਸ਼ਨ ਦੀ ਸੁਤੰਤਰਤਾ ਹੈ ਅਤੇ ਕੁਝ ਵੱਖਰਾ ਕਰਨ ਦੀ ਇੱਛਾ ਵਿਚ ਕੋਈ ਐਕਟ ਵੀ ਇਸ ਤਰ੍ਹਾਂ ਬਹੁਤ ਘੱਟ ਹੀ ਕਰਦਾ ਹੈ।'' ਰਾਸ਼ਟਰੀ ਐਵਾਰਡ ਜੇਤੂ ਅਰਜੁਨ ਅਸਲ ਵਿਚ ਇਸ ਸਮੇਂ ਆਪਣੇ ਕੈਰੀਅਰ ਅਤੇ ਕੰਮ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ। ਅਰਜੁਨ ਆਪਣੀਆਂ ਭਾਵਨਾਵਾਂ ਨੂੰ ਬਹੁਤ ਗੰਭੀਰਤਾ ਨਾਲ ਪ੍ਰਗਟ ਕਰਦਾ ਹੈ। ਉਹ ਕਹਿੰਦਾ ਹੈ, ''ਬੈਠ ਕੇ ਇਹ ਕਹਿਣਾ ਬਹੁਤ ਸੌਖਾ ਹੈ ਕਿ ਸਾਨੂੰ ਸਮਾਜ ਦੀ ਸੱਚਾਈ ਨੂੰ ਉਜਾਗਰ ਕਰਨਾ ਚਾਹੀਦਾ ਹੈ।'' ਤੁਸੀਂ ਕੀ ਕਰਦੇ, ਜੇਕਰ ਤੁਹਾਨੂੰ ਕੋਈ ਫ਼ਿਲਮ ਮਿਲਦੀ, ਜਿਸ ਵਿਚ ਇਸ ਤਰ੍ਹਾਂ ਦਾ ਦ੍ਰਿਸ਼ ਹੁੰਦਾ। ਕੀ ਤੁਸੀਂ ਇਸ ਦ੍ਰਿਸ਼ ਤੋਂ ਬਚਣ ਦੀ ਕੋਸ਼ਿਸ਼ ਕਰਦੇ ਜਾਂ ਫਿਰ ਪੂਰੀ ਗੰਭੀਰਤਾ ਨਾਲ ਇਸ ਨੂੰ ਲੈਂਦੇ ਹੋਏ ਆਪਣੇ ਚਰਿੱਤਰ ਨੂੰ ਜੀਵੰਤ ਬਣਾਉਂਦੇ? ਮੈਂ ਇਸ ਚਰਿੱਤਰ ਨੂੰ ਪੂਰੀ ਸੰਜੀਦਗੀ ਨਾਲ ਨਿਭਾਇਆ ਕਿਉਂਕਿ ਮੈਂ ਸਮਾਜ ਦੇ ਹਰ ਪਹਿਲੂ ਨੂੰ ਉਜਾਗਰ ਕਰਨ ਦੀ ਗੱਲ ਕਰਦਾ ਹਾਂ। ਮੈਂ ਮੰਨਦਾ ਹਾਂ ਕਿ ਕਲਾ ਅਤੇ ਸਿਰਜਣਾ ਲਈ ਵੀ ਸਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

ਅਰਜੁਨ ਦਾ ਕਹਿਣਾ ਹੈ ਕਿ ਦ੍ਰਿਸ਼ ਨੂੰ ਕੱਟਿਆ ਨਹੀਂ ਗਿਆ ਹੈ ਪਰ ਇਸ ਵਿਚ ਕੁਝ ਕਾਂਟ-ਛਾਂਟ ਜ਼ਰੂਰ ਕੀਤੀ ਗਈ ਹੈ। ਫਿਰ ਵੀ ਦ੍ਰਿਸ਼ ਦੀ ਦਿਲਚਸਪੀ ਆਸਾਨੀ ਨਾਲ ਸਮਝ ਆਉਂਦੀ ਹੈ। ਜਦੋਂ ਲੋਕ ਦ੍ਰਿਸ਼ ਨੂੰ ਦੇਖਦੇ ਹਨ ਤਾਂ ਮਹਿਸੂਸ ਕਰਦੇ ਹਨ ਕਿ ਉਹ ਕੀ ਕਰ ਰਿਹਾ ਹੈ? ਅਤੇ ਇਸ ਭਾਵਨਾ ਨੂੰ ਅਸੀਂ ਆਪਣੀ ਫ਼ਿਲਮ ਵਿਚ ਇਸ ਦ੍ਰਿਸ਼ ਵਿਚ ਲਿਆਉਣਾ ਚਾਹੁੰਦੇ ਸੀ। 'ਰਾਜਨੀਤੀ' ਦਾ ਹਾਂ ਪੱਖੀ ਹੁੰਗਾਰਾ ਮਿਲਣ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਅਰਜੁਨ ਆਖਿਰ ਵਿਚ ਇਸ ਗੱਲ ਨੂੰ ਵੀ ਸਾਫ ਕਰਦਾ ਹੋਇਆ ਕਹਿੰਦਾ ਹੈ, ''ਮੈਂ ਇਸ ਦ੍ਰਿਸ਼ 'ਤੇ ਕਦੀ ਇਤਰਾਜ਼ ਨਹੀਂ ਕੀਤਾ ਅਤੇ ਨਾ ਹੀ ਪ੍ਰਕਾਸ਼ ਜੀ ਨੂੰ ਇਸ ਨੂੰ ਨਰਮ ਕਰਨ ਨੂੰ ਕਿਹਾ। ਜੇਕਰ ਸਿਰਜਣਾ ਦੇ ਜ਼ਰੀਏ ਕੋਈ ਸਹੀ ਚੀਜ਼ ਨਿਕਲ ਕੇ ਸਾਹਮਣੇ ਆ ਰਹੀ ਹੋਵੇ ਤਾਂ ਇਸ ਦੇ ਰਸਤੇ ਵਿਚ ਮੈਂ ਕਦੀ ਨਹੀਂ ਆਉਂਦਾ।'' ਸੰਨ 2010 ਵਿਚ 'ਹਾਊਸਫੁੱਲ' ਅਤੇ 'ਰਾਜਨੀਤੀ' ਵਰਗੀਆਂ ਦੋ ਹਿੱਟ ਫ਼ਿਲਮਾਂ ਦੇਣ ਤੋਂ ਬਾਅਦ ਅਰਜੁਨ ਰਾਮਪਾਲ ਬਾਲੀਵੁੱਡ ਵਿਚ ਆਪਣੇ ਪੈਰ ਜਮਾਉਣ ਲੱਗੇ ਹਨ ਅਤੇ ਉਮੀਦ ਕਰਦੇ ਹਨ ਕਿ ਇਨ੍ਹਾਂ ਫ਼ਿਲਮਾਂ ਦੀ ਕਾਮਯਾਬੀ ਆਉਣ ਵਾਲੇ ਦਿਨਾਂ ਵਿਚ ਅਰਜੁਨ ਨੂੰ ਹੋਰ ਤਜਰਬੇ ਕਰਨ ਦੇ ਮੌਕੇ ਦੇਵੇਗੀ।

## ਪ੍ਰਿਯੰਕਾ ਦੀ ਚਮਕ ਘੱਟ ਹੋਣ ਲੱਗੀ

'ਫੈਸ਼ਨ' ਲਈ ਮਿਲੇ ਰਾਸ਼ਟਰੀ ਐਵਾਰਡ ਤੋਂ ਬਾਅਦ ਪ੍ਰਿਯੰਕਾ ਚੋਪੜਾ ਦੀ ਜ਼ਿੰਮੇਵਾਰੀ ਹੋਰ ਵੀ ਵਧ ਚੁੱਕੀ ਹੈ ਪਰ ਉਸ ਜ਼ਿੰਮੇਵਾਰੀ ਨੂੰ ਪ੍ਰਿਯੰਕਾ ਸਹੀ ਤਰੀਕੇ ਨਾਲ ਨਿਭਾਅ ਨਹੀਂ ਰਹੀ। ਉਸ ਦੀਆਂ ਪਿਛਲੀਆਂ ਦੋ ਫ਼ਿਲਮਾਂ 'ਵ੍ਹਟਸ ਯੂਅਰ ਰਾਸ਼ੀ' ਅਤੇ 'ਪਿਆਰ ਇੰਪਾਸੀਬਲ' ਬਾਕਸ ਆਫਿਸ 'ਤੇ ਮੂਧੇ ਮੂੰਹ ਜਾ ਡਿੱਗੀਆਂ ਹਨ। ਸੁਭਾਵਿਕ ਹੈ ਕਿ ਪ੍ਰਿਯੰਕਾ ਦੇ ਕੈਰੀਅਰ 'ਤੇ ਇਸ ਦਾ ਅਸਰ ਹੋਇਆ ਹੈ।



ਅੱਜ ਕਰੀਨਾ ਕਪੂਰ, ਦੀਪਿਕਾ ਪਾਦੁਕੋਨ ਅਤੇ ਦੂਜੀਆਂ ਅਭਿਨੇਤਰੀਆਂ ਨੂੰ ਪ੍ਰਿਯੰਕਾ ਦੇ ਮੁਕਾਬਲੇ ਅੱਗੇ ਮੰਨਿਆ ਜਾ ਰਿਹਾ ਹੈ। ਜਦੋਂ ਪ੍ਰਿਯੰਕਾ ਨੇ ਫ਼ਿਲਮ ਨਗਰੀ 'ਚ ਪਹਿਲਾ ਕਦਮ ਰੱਖਿਆ, ਉਦੋਂ ਤੋਂ ਹੀ ਪ੍ਰਿਯੰਕਾ ਦੀਆਂ ਸਾਰੀਆਂ ਕੋਸ਼ਿਸ਼ਾਂ ਯਸ਼ਰਾਜ ਬੈਨਰ ਨਾਲ ਕੰਮ ਕਰਨ ਦੀਆਂ ਨਜ਼ਰ ਆਉਂਦੀਆਂ ਸਨ ਪਰ ਯਸ਼ਰਾਜ ਬੈਨਰ ਦੀ ਫ਼ਿਲਮ 'ਪਿਆਰ ਇੰਪਾਸੀਬਲ' ਕਰਨ ਪਿਛੋਂ ਪ੍ਰਿਯੰਕਾ ਦੁਖੀ ਹੈ। ਨਾ ਚਾਹੁੰਦਿਆਂ ਵੀ ਉਸ ਨੂੰ ਇਸ ਫ਼ਿਲਮ 'ਚ ਉਦੈ ਚੋਪੜਾ ਨਾਲ ਕੰਮ ਕਰਨਾ ਪਿਆ, ਜਦਕਿ ਪ੍ਰਿਯੰਕਾ ਨੇ ਸੋਚਿਆ ਸੀ ਕਿ ਯਸ਼ ਚੋਪੜਾ ਉਸ ਨੂੰ ਵੀ ਸ੍ਰੀਦੇਵੀ, ਰੇਖਾ ਜਾਂ ਮਾਧੁਰੀ ਵਾਂਗ ਉਸ ਦੇ ਸਰਵੋਤਮ ਰੂਪ 'ਚ ਪੇਸ਼ ਕਰਨਗੇ। ਇਸ ਫ਼ਿਲਮ ਦੀ ਅਸਫਲਤਾ ਨੇ ਪ੍ਰਿਯੰਕਾ ਦੀ ਚਮਕ ਨੂੰ ਕਾਫੀ ਘਟਾ ਦਿੱਤਾ ਹੈ। ਸੁਭਾਵਿਕ ਤੌਰ 'ਤੇ ਇਸ ਪਿਛੋਂ ਪ੍ਰਿਯੰਕਾ ਦੇ ਪ੍ਰਸ਼ੰਸਕਾਂ 'ਚ ਬੇਹੱਦ ਕਮੀ ਆਈ ਹੈ।

## ਤ੍ਰਿਸ਼ਾ ਤੇ ਅਸਿਨ ਇਕ-ਦੂਜੇ ਤੋਂ ਅਗਾਂਹ ਨਿਕਲਣ ਦੀ ਦੌੜ 'ਚ

ਆਪਣੇ ਹਿੰਦੀ ਫਿਲਮੀ ਕੈਰੀਅਰ 'ਤੇ ਕਾਲੇ ਬੱਦਲ ਮੰਡਰਾਉਂਦਿਆਂ ਦੇਖ ਕੇ ਅਸਿਨ ਨੂੰ ਹੋਸ਼ ਆ ਗਿਆ ਹੈ ਅਤੇ ਉਸ ਨੇ ਇਕ ਵਾਰ ਫਿਰ ਹਿੰਦੀ ਫ਼ਿਲਮਾਂ ਨਾਲ ਆਪਣੀ ਝੋਲੀ ਭਰ ਲਈ ਹੈ। ਅਸਿਨ ਨੇ ਤਾਂ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਪਰ ਉਸ ਲਈ ਸਭ ਕੁਝ ਇੰਨਾ ਸੌਖਾ ਨਹੀਂ ਹੈ। ਉਸ ਲਈ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਉਹ ਹੁਣ ਹਿੰਦੀ ਫ਼ਿਲਮਾਂ 'ਚ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੱਖਣੀ ਫ਼ਿਲਮ ਨਗਰੀ ਦੀ ਇਕ ਹੋਰ ਖ਼ੂਬਸੂਰਤ ਮੁਟਿਆਰ ਤ੍ਰਿਸ਼ਾ ਕ੍ਰਿਸ਼ਨਨ ਬਾਲੀਵੁੱਡ 'ਚ ਦਸਤਕ ਦੇਣ ਲਈ ਤਿਆਰ ਹੈ।

ਦਿਲਚਸਪ ਗੱਲ ਇਹ ਹੈ ਕਿ ਦੱਖਣ ਦੀ ਫ਼ਿਲਮ ਨਗਰੀ 'ਚ ਤ੍ਰਿਸ਼ਾ ਅਤੇ ਅਸਿਨ ਵਿਚਾਲੇ ਪਹਿਲਾਂ ਤੋਂ ਹੀ ਸੀਤ-ਯੁੱਧ ਚਲ ਰਿਹਾ ਹੈ। ਦੋਵੇਂ ਹੀ ਦੱਖਣ ਦੀ ਫ਼ਿਲਮ ਨਗਰੀ ਦੀਆਂ ਨੰਬਰ ਵਨ ਹੀਰੋਇਨ ਦੀਆਂ ਦਾਅਵੇਦਾਰ ਹਨ। ਅਕਸਰ ਅਸਿਨ ਅਤੇ ਤ੍ਰਿਸ਼ਾ ਇਕ ਦੂਜੀ ਨੂੰ ਨੀਵਾਂ ਦਿਖਾਉਣ ਲਈ ਕੋਈ ਨਾ ਕੋਈ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ ਅਤੇ ਦੋਵਾਂ ਵਿਚ ਇਕ ਦੂਜੀ ਵਿਰੁਧ ਸਖਤ ਮੁਕਾਬਲੇਬਾਜ਼ੀ ਚਲ ਰਹੀ ਹੈ। ਅਸਿਨ ਨੂੰ ਲੱਗਦੈ ਕਿ ਜਦੋਂ ਤ੍ਰਿਸ਼ਾ ਲਗਾਤਾਰ ਹਿੱਟ ਫ਼ਿਲਮਾਂ ਦੇ ਸਕਦੀ ਹੈ ਤਾਂ ਉਹ ਕਿਉਂ ਨਹੀਂ? ਅਤੇ ਤ੍ਰਿਸ਼ਾ ਨੂੰ ਲੱਗਦੈ ਕਿ ਜਦੋਂ ਅਸਿਨ ਇੰਨੀ ਮਸ਼ਹੂਰ ਹੋ ਸਕਦੀ ਹੈ ਤਾਂ ਉਹ ਕਿਉਂ ਨਹੀਂ? ਦੋਹਾਂ ਵਿਚਕਾਰ ਇਕ-ਦੂਜੇ ਤੋਂ ਅਗਾਂਹ ਨਿਕਲਣ ਦੀ ਦੌੜ ਜਿਹੀ ਲੱਗੀ ਹੋਈ ਹੈ।



ਅਜਿਹੇ 'ਚ ਮੰਨਿਆ ਜਾ ਰਿਹੈ ਕਿ ਜੇਕਰ ਤ੍ਰਿਸ਼ਾ ਦੀ ਪਹਿਲੀ ਹਿੰਦੀ ਫ਼ਿਲਮ ਸਫਲ ਹੋ ਜਾਂਦੀ ਹੈ ਤਾਂ ਅਸਿਨ ਲਈ ਮੁਸ਼ਕਲ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਹੁਣ ਅਸਿਨ ਸੰਭਲ ਗਈ ਹੈ ਅਤੇ ਤ੍ਰਿਸ਼ਾ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਰਹੀ ਹੈ। ਅਸਿਨ ਲਈ ਖ਼ੁਸ਼ੀ ਦੀ ਗੱਲ ਇਹ ਹੈ ਕਿ ਤ੍ਰਿਸ਼ਾ ਉਸ ਵਾਂਗ ਫਰਾਟੇਦਾਰ ਹਿੰਦੀ ਨਹੀਂ ਬੋਲ ਸਕਦੀ।

ਇਸ ਦੇ ਬਾਵਜੂਦ ਅਸਿਨ ਘਬਰਾ ਰਹੀ ਹੈ ਕਿ ਕਿਤੇ ਹਿੰਦੀ ਫ਼ਿਲਮਾਂ 'ਚ ਵੀ ਤ੍ਰਿਸ਼ਾ ਦੀ ਕਿਸਮਤ ਉਸ ਦੇ ਆਕਰਸ਼ਣ 'ਤੇ ਭਾਰੀ ਪੈ ਗਈ ਤਾਂ ਉਹ ਕੀ ਕਰੇਗੀ?



# ਧੀਆਂ ਮਰਜਾਣੀਆਂ

ਭਰੂਣ ਹਤਿਆ ਖ਼ਿਲਾਫ਼ ਇਕ ਪੰਜਾਬੀ ਨਾਟਕ

# Dheeyan Marjaania

Saving Daughters - A Punjabi Play Targeting Female Foeticide

Based on "Neon Jarh" written by **Ajmer S. Aulakh**

Director : **Ashok Tangri**

Music : **Parminder Guri** Sound: Harinder Grewal Lighting: Shiva Premmanisakul




**Cast:**
Jasvinder Beesla, Ruby Deol, Amrit Sra, Jasvir Gill, Kulwinder Walia, Ray Walia Dimple Bains, Harmesh Sidhu, Rana Atwal, Narinder Kaur, Simran Sangha, Balvinder Mahay Nitin Kapoor, Amrit Dhaliwal, Dr. Rajwinder Kaur, Jaspreet Tangri, Darshan Kehal Dr. Satbir Kahlon, Ravinder Dhillon, Nimarta Grewal, Sunita Takhar, Peena Chahal, Jay Randhawa

Abortion of Girl-Child is one of the top five problems in Punjab (the other four being farmer-suicide, environment, casteism, and drugs). This Punjabi play brings to light various misconceptions and social beliefs that lead punjabis (and others) to commit this crime. A fundamental change is needed in our way of thinking. A change among not just those who commit this crime, but in ALL OF US, who (mostly unknowingly) create the causes that make punjabis KURI-MAAR (girl killers). Are we 'accessory to murder'? Come see this play to find out.

The performance is for the benefit of Sahaita, a charitable trust caring for orphans in Punjab and providing medical care to the needy
For more information, visit www.sahaita.org

**Saturday, July 24 7:30 pm Sharp**

## Chabot College Performing Arts Center

25555 Hesperian Blvd. Hayward CA 94545

**Tickets:** VVIP, VIP, $20 (general admission)
**Tickets :** (510) 394-5959 or desiclub.com/dm or sulekha.com

# ਨਾਨਕਾ ਪਿੰਡ ਨੂੰ ਮਾਣ ਹੈ ਸਤਿੰਦਰ ਸਰਤਾਜ 'ਤੇ

ਪਿੰਡ ਦਾ ਦੋਹਤਾ ਵੱਡੀਆਂ ਮੱਲਾਂ ਮਾਰੇ ਤਾਂ ਕਿਸ ਨੂੰ ਮਾਣ ਨਹੀਂ ਹੋਵੇਗਾ? ਬਿਲਕੁਲ ਇਸੇ ਤਰ੍ਹਾਂ ਜਲੰਧਰ ਜ਼ਿਲੇ 'ਚ ਆਦਮਪੁਰ ਨਜ਼ਦੀਕ

ਪਿੰਡ ਲੁਟੇਰਾ ਕਲਾਂ ਦੇ ਵਾਸੀਆਂ ਨੂੰ ਆਪਣੇ ਪਿੰਡ ਦੇ ਦੋਹਤਰੇ ਸਤਿੰਦਰ ਸਰਤਾਜ ਉਤੇ ਪੂਰਾ ਪੂਰਾ ਮਾਣ ਹੈ। ਪਿੰਡ ਦੇ ਲੋਕ ਹੁਣ ਬੜੀ ਚੰਗੀ ਤਰ੍ਹਾਂ ਚੇਤੇ ਕਰਦੇ ਹਨ ਜਦੋਂ ਨਿੱਕਾ ਹੁੰਦਾ ਸਤਿੰਦਰ ਅਕਸਰ ਇਸ ਪਿੰਡ ਆਇਆ ਕਰਦਾ ਸੀ। ਸੌ ਕੁ ਘਰਾਂ ਦੇ ਇਸ ਛੋਟੇ ਜਿਹੇ ਪਿੰਡ ਦੇ ਕਰੀਬ ਹਰ ਵਿਅਕਤੀ ਨੂੰ ਸਤਿੰਦਰ ਚੇਤੇ ਹੈ। ਇਸੇ ਪਿੰਡ ਦੇ ਕੁਝ ਪਰਿਵਾਰ ਸੈਕਰਾਮੈਂਟੋ ਵਿਚ ਵੱਸੇ ਹੋਏ ਹਨ।

ਪਿਛਲੇ ਦਿਨੀਂ ਜਦੋਂ ਸਤਿੰਦਰ ਸਰਤਾਜ ਸੈਕਰਾਮੈਂਟੋ ਸ਼ੋਅ ਕਰਨ ਪਹੁੰਚਿਆ ਤਾਂ ਉਸ ਦੇ ਇਸ ਨਾਨਕੇ ਪਿੰਡ ਦੇ ਵਾਸੀ ਫੁੱਲੇ ਨਹੀਂ ਸਨ ਸਮਾ ਰਹੇ। ਉਨ੍ਹਾਂ ਨੇ ਆਪਣੇ ਪਿੰਡ ਦੇ ਦੋਹਤੇ ਦਾ ਮਾਣ ਸਨਮਾਨ ਕਰਨ ਲਈ ਕਰਮਜੀਤ ਸਿੰਘ ਦੇ ਘਰ ਇਕ ਛੋਟਾ ਜਿਹਾ ਸਮਾਗਮ ਰੱਖਿਆ। ਪਿੰਡ ਦੇ ਲੋਕਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਦੋਹਤੇ ਨੇ ਸਾਫ ਸੁਥਰੀ ਪੰਜਾਬੀ ਗਾਇਕੀ ਵਿਚ ਵੱਡਾ ਨਾਂ ਚਮਕਾਇਆ ਹੈ।

ਇਸ ਮੌਕੇ ਸਤਿੰਦਰ ਸਰਤਾਜ ਨੂੰ ਮਾਣ ਵਜੋਂ ਇਕ ਯਾਦਗਾਰੀ ਪਲੇਕ ਦਿੱਤੀ ਗਈ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਕਰਮਜੀਤ ਸਿੰਘ ਮਿਨਹਾਸ, ਅਮਰੀਕ ਸਿੰਘ ਪਰਹਾਰ, ਯੂਬਾ ਸਿਟੀ ਦੇ ਪ੍ਰੀਤਮ ਸਿੰਘ ਅਤੇ ਬੇ-ਏਰੀਆ ਦੇ ਅਮਰੀਕ ਸਿੰਘ ਮਿਨਹਾਸ ਤੇ ਮਨਜੀਤ ਸਿੰਘ ਦੇ ਪਰਿਵਾਰ ਮੌਜੂਦ ਸਨ। ਸਤਿੰਦਰ ਸਰਤਾਜ ਨੇ ਆਪਣੇ ਨਾਨਕੇ ਪਿੰਡ ਦੇ ਵਾਸੀਆਂ ਵਲੋਂ ਕੀਤੇ ਗਏ ਇਸ ਮਾਣ ਲਈ ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ।




ਸਤਿੰਦਰ ਸਰਤਾਜ ਨਾਲ ਕਰਮਜੀਤ ਸਿੰਘ ਮਿਨਹਾਸ




ਸਤਿੰਦਰ ਸਰਤਾਜ ਆਪਣੇ ਨਾਨਕਾ ਪਰਿਵਾਰ ਨਾਲ







(ਖੱਬਿਓਂ) ਕਰਮਜੀਤ ਸਿੰਘ ਮਿਨਹਾਸ, ਪ੍ਰੀਤਮ ਸਿੰਘ, ਸਤਿੰਦਰ ਸਰਤਾਜ ਤੇ ਸੁਰਿੰਦਰ ਸਿੰਘ ਮਿਨਹਾਸ, ਅਤੇ ਕਰਮਜੀਤ ਸਿੰਘ ਮਿਨਹਾਸ ਦੇ ਪਰਿਵਾਰ ਦੇ ਲੋਕ




ਪ੍ਰੀਤਮ ਸਿੰਘ, ਅਮਰੀਕ ਸਿੰਘ ਪਰਹਾਰ ਅਤੇ ਸੁਰਿੰਦਰ ਮਿਨਹਾਸ ਵਲੋਂ ਸਤਿੰਦਰ ਸਰਤਾਜ ਦਾ ਸਿਰੋਪਾਓ ਤੇ ਪਲੇਕ ਨਾਲ ਸਨਮਾਨ




ਅਮਰੀਕ ਸਿੰਘ ਮਿਨਹਾਸ, ਮਨਜੀਤ ਸਿੰਘ, ਪ੍ਰੀਤਮ ਸਿੰਘ, ਅਮਰੀਕ ਪਰਹਾਰ, ਕਰਮਜੀਤ ਮਿਨਹਾਸ, ਸੁਰਿੰਦਰ ਮਿਨਹਾਸ ਸਤਿੰਦਰ ਸਰਤਾਜ ਦਾ ਸਨਮਾਨ ਕਰਦੇ ਹੋਏ




ਸਮੁੱਚਾ ਨਾਨਕਾ ਪਰਿਵਾਰ




ਜੈਸਨ (ਚਾਹਲ ਵੀਡੀਓ) ਸਤਿੰਦਰ ਸਰਤਾਜ ਨਾਲ

Advt.

# SIDHU TRUCK LINE INC.

**Exit 36, Interstate Highway 40, Vega TX 79092**

# ਟਰੱਕ ਮਕੈਨਿਕ ਦੀ ਲੋੜ ਹੈ

ਪਰਿਵਾਰ ਸਮੇਤ ਰਿਹਾਇਸ਼ ਅਤੇ ਕੰਮ ਦਾ ਪ੍ਰਬੰਧ ਵੀ ਕਰ ਸਕਦੇ ਹਾਂ

## ਸਾਨੂੰ ਓਨਰ ਆਪਰੇਟਰਾਂ ਅਤੇ ਡਰਾਇਵਰਾਂ ਦੀ ਲੋੜ ਹੈ

## NEED OWNER OPERATOR & DRIVERS

**CALIFORNIA TO TEXAS**
**DEDICATED VAN & REFER**




SABH Foundation proudly presents
Bhangra King Gurdas Maan
Tickets $29, $39, $49, $75, VIP, VVIP
GRAND SPONSORS
TAJ RANDHAWA
Commercial Realtor-RemaxGold
(for all your Commercial/Business Needs to buy or sell
(LIC # 01495361)
559-259-4247
VOHRA BROTHERS
Fast n Esy Group
(Gas Station/Liquor Stores)
559-213-0462
Gurdas Maan 's name is almost synonymous with Bhangra. No wonder he is known as "Bhangra King"
SPONSORED & SUPPORTED BY:
Dr. Kuldip Thusu
Dr. Hemant Dhingra
Dr. Aftab Naz
Dr. Pedro Eva
Dr. Paramjit Sandhu
Rajiv Malhotra
Paul Dhaliwal
Amrit Dhaliwal
Mickey Sra
Manjit Singh
Dilbag Bunger
Sukhbir Bhandal
MARKETING CONSULTANT
Jai Singh
Saroyan Theatre
700 M Street • Fresno, CA 93721
Saturday August 28, 2010 at 7:30 PM
Fundraiser show for South Asian Seniors Home
For Sponsorship, Tickets and other Info. Call:
Dr. Harmesh Kumar: 408-821-9325, Taj Randhawa: 559-259-4247, Vinay Vohra: 559-213-0462
Dilbag Bunger: 559-940-2500, Sukhi Gill: 559-472-8680, Aditi Khullar: 510-610-0750